Distributed in Toronto, Calgary, Vancouver, Winnipeg and Edmonton and Online Worldwide.

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-7, ਅੰਕ-8, ਅਗਸਤ 2017

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਜੀ. ਐਸ. ਟੀ

## ਸੱਤਾ ਦੇ ਕੇਂਦਰੀਕਰਨ ਵੱਲ ਇਕ ਪੁਲਾਂਘ




ਨਰਭਿੰਦਰ
93544-30211

ਮੋਦੀ ਅਤੇ ਮੋਦੀ ਦੇ ਲੰਪਟ ਲਾਣੇ ਨੂੰ ਪੁਰਾਣਾ ਮਾਲ ਰੰਗ ਰੋਗਣ ਕਰਕੇ ਵੇਚਣ ਦੀ ਮੁਹਾਰਤ ਹੈ ਅਤੇ ਜੁਮਲੇਬਾਜ਼ੀ, ਉਤੇਜਤ ਸ਼ਬਦਾਵਲੀ ਅਤੇ ਢੋਲ ਢਮਕੇ ਨਾਲ ਉਹ 120 ਕਰੋੜ ਲੋਕਾਂ ਦੀਆਂ ਅੱਖਾਂ ਚੁੰਧਿਆ ਲੈਂਦੇ ਹਨ। ਇਸ ਵਾਰੀ ਉਨ੍ਹਾਂ ਨੇ ਦੇਸ਼ ਦੀ ਆਰਥਿਕ ਅਜ਼ਾਦੀ ਦੇ ਨਾਂ ਅਤੇ 15 ਅਗਸਤ 1947 ਦੀ ਤਰਜ਼ ਉਤੇ ਜੀ. ਐਸ. ਟੀ. (ਗੁਡਜ਼ ਐਂਡ ਸਰਵਿਸ ਟੈਕਸ) ਨੂੰ ਲਾਗੂ ਕੀਤਾ। 30 ਜੂਨ ਦੀ ਅੱਧੀ ਰਾਤ ਨੂੰ ਸੰਸਦ ਭਵਨ 'ਚ ਘੰਟਾ ਵਜਾ ਕੇ ਅਤੇ ਜਸ਼ਨ ਮਨਾ ਕੇ ਲਾਗੂ ਕੀਤੇ ਗਏ ਇਸ ਟੈਕਸ ਦੇ ਨਾਲ ਇਕ ਰਾਸ਼ਟਰ ਇਕ ਟੈਕਸ ਦਾ ਨਾਅਰਾ ਵੀ ਉਛਾਲਿਆ ਗਿਆ ਹੈ। ਹਾਕਮਾਂ ਦਾ ਕਹਿਣਾ ਹੈ ਕਿ 1947 ਤੋਂ ਪਿਛੋਂ ਇਹ ਸਭ ਤੋਂ ਵੱਡੀ ਪੁਲਾਂਘ ਹੈ। ਉਦੋਂ ਰਿਆਸਤਾਂ ਨੂੰ ਇਕ ਕਰਨ ਲਈ ਜਿਹੜੀ ਪਹਿਲ ਕਦਮੀ ਪਟੇਲ ਨੇ ਸ਼ੁਰੂ ਕੀਤੀ ਸੀ ਇਹ ਜੀ. ਐਸ. ਟੀ. ਉਸੇ ਦੀ ਅਗਲੀ ਕੜੀ ਹੈ। ਹੁਣ ਤੱਕ ਸੰਵਿਧਾਨ ਵੀ ਇਹ ਮੰਨਦਾ ਆਇਆ ਹੈ ਕਿ ਇਹ ਦੇਸ਼ ਭਿੰਨਤਾਵਾਂ ਵਾਲਾ ਦੇਸ਼ ਹੈ ਪਰ ਇਸ ਟੈਕਸ ਲਾਗੂ ਕਰਨ ਦੇ ਨਾਲ ਹੀ ਇਕ 'ਇਕ ਰਾਸ਼ਟਰ' ਦਾ ਨਾਅਰਾ ਉਛਾਲਿਆ ਜਾ ਰਿਹਾ ਹੈ। ਉਹ ਇਕ ਖਤਰਨਾਕ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ ਅਤੇ 'ਹਿੰਦੂ ਰਾਸ਼ਟਰ' ਦੀ ਸਿਰਜਨਾ ਵੱਲ ਇਕ ਕਦਮ ਹੈ।

ਸੰਖੇਪ 'ਚ ਜ਼ਿਕਰ ਨਾ ਜ਼ਰੂਰੀ ਏ ਕਿ ਇਸ ਟੈਕਸ ਲਈ ਪਹਿਲੀ ਵਾਰ ਵਾਜਪਾਈ ਸਰਕਾਰ ਨੇ 2000 'ਚ ਗੱਲ ਚੁੱਕੀ ਸੀ। ਭਾਵ 17 ਸਾਲ ਦਾ ਸਫ਼ਰ ਹੈ ਇਸ ਦਾ ਮਨਮੋਹਨ ਸਿੰਘ ਵਾਲੀ ਕਾਂਗਰਸ ਸਰਕਾਰ ਨੇ 2010 'ਚ ਇਕ ਖਰੜਾ ਜੀ. ਐਸ. ਟੀ. ਸਬੰਧੀ ਲਿਆਂਦਾ, ਪਰ ਉਦੋਂ ਭਾਜਪਾਈ ਆਗੂਆਂ ਨੇ ਇਹਦਾ ਨਾ ਸਿਰਫ਼ ਵਿਰੋਧ ਕੀਤਾ ਸਗੋਂ ਮਜ਼ਾਕ ਵੀ ਉਡਾਇਆ। ਫਿਰ ਤਿੰਨ ਵਾਰ ਬਦਲ ਬਦਲ ਕੇ ਖਰੜੇ ਆਏ ਪਰ ਭਾਜਪਾ ਅੜੀ ਰਹੀ। ਸੰਸਦੀ ਸਥਾਈ ਕਮੇਟੀ ਦੇ ਚੇਅਰਮੈਨ ਯਸ਼ਵੰਤ ਸਿਨਹਾ ਨੇ ਕਿਹਾ ਸੀ ਕਿ 'ਸਭ ਤੋਂ ਪਹਿਲਾਂ ਕੇਂਦਰੀ ਪੱਧਰ ਉਤੇ ਕੇਂਦਰੀ ਆਬਕਾਰੀ (ਐਕਸਾਈਜ਼) ਅਤੇ ਸੇਵਾ ਟੈਕਸ ਦਾ ਆਪਸ ਵਿਚ ਰਲੇਵਾਂ ਕੀਤਾ ਜਾਵੇ ਤੇ ਫਿਰ ਜੀ. ਐਸ. ਟੀ. ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਜ਼ੋਰ ਇਸ ਗੱਲ 'ਤੇ ਦਿੱਤਾ ਸੀ ਕਿ ਕੇਂਦਰ ਨੂੰ "ਰਾਜਾਂ ਦੇ ਸਾਹਮਣੇ ਇਕ ਆਦਰਸ਼ ਪੇਸ਼ ਕਰਨਾ ਚਾਹੀਦਾ ਹੈ ਕਿ ਅਸੀਂ ਜੀ. ਐਸ. ਟੀ. ਨੂੰ ਇਵੇਂ ਲਾਗੂ ਕਰਦੇ ਹਾਂ ਅਤੇ ਫਿਰ ਰਾਜ ਵੀ ਇਹ ਨੂੰ ਅਪਣਾ ਸਕਦੇ ਹਨ।" ਉਨ੍ਹੀਂ ਦਿਨੀਂ ਗੁਜਰਾਤ ਦਾ ਮੁੱਖ ਮੰਤਰੀ ਨਰਿੰਦਰ ਮੋਦੀ ਸੀ ਜਿਹਨੇ ਇਸ ਦਾ ਡਟਵਾਂ ਵਿਰੋਧ ਕੀਤਾ ਸੀ ਅਤੇ ਰਾਜਾਂ ਦੀ ਨੁੰਮਾਇੰਦਗੀ ਕੀਤੀ ਸੀ ਜਿਹਦਾ ਭਾਵ ਸੀ ਕਿ ਕੇਂਦਰੀ ਟੈਕਸ ਮੂਲ ਵਿਚ ਟੈਕਸਾਂ ਦੇ ਇਕੱਠੇ ਹੋਣ ਨਾਲ ਰਾਜਾਂ ਦੀ ਆਰਥਿਕਤਾ ਪ੍ਰਭਾਵਿਤ ਹੋਵੇਗੀ ਅਤੇ ਕੇਂਦਰ ਦੀ ਮਜ਼ਬੂਤੀ ਪਰ ਹੁਣ ਉਹ 'ਵਾਦੀ ਮਾਂਹ ਮੁਆਫਕ' ਹਨ। ਹੁਣ ਉਲਟੀ ਬਾਜ਼ੀ ਲਾ ਕੇ ਭਾਜਪਾ, ਨਰਿੰਦਰ ਮੋਦੀ ਤੇ ਉਹਦੀ ਸਰਕਾਰ ਢੋਲ ਢੱਮਕੇ ਨਾਲ ਲਾਗੂ ਹੀ ਨਹੀਂ ਕਰ ਰਹੀ ਪਾਗਲ ਵੀ ਹੋਈ ਪਈ ਹੈ। ਜਿਵੇਂ ਉਨ੍ਹਾਂ ਕੋਈ ਬਹੁਤ ਵੱਡਾ ਮਾਅਰਕਾ ਮਾਰਿਆ ਹੋਵੇ।

ਭਾਜਪਾ ਵਿਚ ਟੈਕਸ ਪ੍ਰਣਾਲੀ ਬੜੀ ਗੁੰਝਲਦਾਰ ਹੈ ਆਮ ਆਦਮੀ ਦੇ ਇਹ ਵੱਸ ਦੀ ਗੱਲ ਨਹੀਂ ਕਈ ਤਾਂ ਕਿ ਟੈਕਸ ਕੇਂਦਰ ਅਤੇ ਰਾਜ ਸਰਕਾਰਾਂ ਵਸਤੂਆਂ ਉਤੇ ਲਾਉਂਦੀਆਂ ਹਨ। ਕਈ ਵਾਰ ਇਕ ਹੀ ਕਿਸਮ ਦਾ ਟੈਕਸ ਕੇਂਦਰ ਨੇ ਵੀ ਲਾਇਆ ਹੁੰਦਾ ਹੈ ਉਹੀ ਟੈਕਸ ਰਾਜ ਸਰਕਾਰਾਂ ਨੇ ਵੀ ਲਾਇਆ ਹੁੰਦਾ ਹੈ। ਮਿਸਾਲ ਵਜੋਂ ਪੈਟਰੋਲ ਦੀ ਜਿੰਨੀ ਕੁ ਬਾਜ਼ਾਰੀ ਕੀਮਤ ਹੈ ਇਕ ਖਪਤਕਾਰ ਉਸ ਤੋਂ ਦੁਗਣੀ ਕੀਮਤ ਉਤੇ ਖਰੀਦਦਾ ਹੈ ਭਾਵ ਅੱਧੀ ਰਾਸ਼ੀ ਟੈਕਸ ਦੇ ਰੂਪ ਵਿਚ ਵਸੂਲੀ ਜਾਂਦੀ ਹੈ। ਇਕ ਸਰਲ ਤੇ ਇਕ ਟੈਕਸ ਪ੍ਰਣਾਲੀ ਦੀ ਲੋੜ ਤਾਂ ਸੀ, ਜਿਹੜੀ ਖਪਤਕਾਰ ਉਤੇ ਹੀ ਟੈਕਸਾਂ ਦਾ ਬੋਝ ਨਾ ਪਾਵੇ ਪਰ ਇਹ ਕੰਮ ਤਾਂ ਜੀ. ਐਸ. ਟੀ. ਵੀ ਨਹੀਂ ਕਰਦਾ। ਵੈਸੇ ਵੀ ਭਾਰਤ ਦਾ

(ਬਾਕੀ ਸਫ਼ਾ 12)




4
ਰਾਣਾ ਅਯੂਬ ਦੀ 'ਗੁਜਰਾਤ ਫਾਈਲਾਂ ਅਤੇ ਫਾਸ਼ੀਵਾਦ'



10
ਗਰਮੀ ਦੀ ਛੁੱਟੀਆਂ ਕਿੰਨੀਆਂ ਕੁ ਪਿੱਟੀਆਂ ਤੇ ਕਿੰਨੀਆਂ ਕੁ ਰੁੱਸੀਆਂ



22
ਪੱਛਮੀ ਧੜੇ 'ਚ ਜਾਣ ਕਰਕੇ ਭਾਰਤ ਦੀ ਹਸਤੀ ਮਿਟ ਰਹੀ ਹੈ - ਪ੍ਰੋ. ਤੁਲਸੀ ਰਾਮ



28
ਰਾਸ਼ਟਰੀ ਸਵੈਸੇਵਕ ਸੰਘ ਦੀ ਦੇਸ਼ ਭਗਤੀ ਦਾ ਸੱਚ

SUPER VISA INSURANCE

PUNJAB INSURANCE INC.



Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Sandeep Ahuja
416.660.1010

## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ 'ਗੁਜਰਾਤ ਫਾਈਲਜ਼' ਕਿਤਾਬ ਰਿਲੀਜ਼

# ਪ੍ਰੋ. ਅਜਮੇਰ ਔਲਖ ਅਤੇ ਇਕਬਾਲ ਰਾਮੂਵਾਲੀਆ ਨੂੰ ਸ਼ਰਧਾਂਜਲੀ

**ਕੈਲਗਰੀ/ਮਾ. ਭਜਨ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕੋਸ਼ੋ ਹਾਲ ਵਿਖੇ ਬਹੁ-ਚਰਚਿਤ ਕਿਤਾਬ ਗੁਜਰਾਤ ਫਾਈਲ ਰਿਲੀਜ਼ ਕੀਤੀ ਗਈ। ਡਾ. ਮੁਖਬੈਨ ਸਿੰਘ ਅਤੇ ਹਰੀਪਾਲ ਵਲੋਂ ਪੇਪਰ ਪੜ੍ਹੇ ਗਏ। ਲੋਕਾਂ ਦੇ ਪ੍ਰਸਿਧ ਨਾਟਕਕਾਰ ਪ੍ਰੋ. ਅਜਮੇਰ ਔਲਖ ਅਤੇ ਇਕਬਾਲ ਰਾਮੂਵਾਲੀਆ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ।

ਡਾ. ਮੁਖਬੈਨ ਸਿੰਘ ਨੇ ਦੱਸਿਆ ਕਿ ਰਾਣਾ ਅਯੂਬ ਜੋ ਤਹਿਲਕਾ ਅਖ਼ਬਾਰ ਦੀ ਸੰਪਾਦਕ ਸੀ, ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਅਮਰੀਕਨ ਫਿਲਮ ਮੇਕਰ ਮੈਥਲੀ ਤਿਆਗੀ ਦੇ ਨਾਮ ਹੇਠ ਇਹ ਸੱਚ ਜੱਗ ਜ਼ਾਹਿਰ ਕੀਤਾ। ਇਸ ਖੋਜ ਭਰਪੂਰ ਕਿਤਾਬ ਦੀ ਜਾਣਕਾਰੀ ਖ਼ੁਫ਼ੀਆ ਢੰਗ ਨਾਲ ਪੁਲਿਸ ਅਧਿਕਾਰੀਆਂ ਅਤੇ ਰਾਜਸੀ ਨੇਤਾਵਾਂ ਕੋਲੋਂ ਕਢਵਾਉਣ 'ਚ ਸਫ਼ਲਤਾ ਹਾਸਲ ਕੀਤੀ। ਯਾਦ ਰਹੇ ਕਿ ਅਮਿਤ ਸ਼ਾਹ ਨੂੰ ਜੇਲ੍ਹ ਦੀਆਂ ਸੀਖਾਂ ਪਿਛੇ ਪੁਚਾਉਣ ਵਾਲੀ ਇਹੀ ਪੱਤਰਕਾਰਤਾ ਹੈ। 2002 'ਚ ਸਾਜ਼ਿਸ਼ ਅਧੀਨ ਕਰਵਾਏ ਗੋਧਰਾ ਕਾਂਡ ਤੋਂ ਬਾਅਦ ਮੁਸਲਮਾਨਾਂ ਦੇ ਕਤਲੇਆਮ ਨੂੰ ਯੋਜਨਾਬੱਧ ਢੰਗ ਨਾਲ ਕੀਤਾ ਗਿਆ। ਇਸ ਦੀ ਪੇਸ਼ਕਾਰੀ 'ਗੁਜਰਾਤ ਮਾਡਲ' ਵਜੋਂ ਪ੍ਰਚਾਰਕੇ ਹਿੰਦੁਸਤਾਨ ਦੀ ਹਕੂਮਤ ਨੂੰ ਹਥਿਆਇਆ ਗਿਆ, ਜੋ ਕਿ ਭਾਰਤੀ ਲੋਕਾਂ ਨਾਲ ਬਹੁਤ ਵੱਡਾ ਧੋਖਾ ਹੈ।

ਹਰੀਪਾਲ ਨੇ ਆਪਣੇ ਪੇਪਰ ਵਿਚ ਇਹ ਦੱਸਣ ਦਾ ਯਤਨ ਕੀਤਾ ਕਿ ਰਾਣਾ ਅਯੂਬ ਦੀ ਅੰਗਰੇਜ਼ੀ 'ਚ ਛਪੀ ਕਿਤਾਬ ਦਾ ਪੰਜਾਬੀ ਅਨੁਵਾਦ ਕਰਕੇ ਬੂਟਾ ਸਿੰਘ (ਬਾਬਾ ਬੂਝਾ ਸਿੰਘ ਪ੍ਰਕਾਸ਼ਨ) ਨੇ ਪੰਜਾਬੀ ਪਾਠਕਾਂ ਅੱਗੇ 'ਗੁਜਰਾਤ ਮਾਡਲ' ਦਾ ਸੱਚ ਸਾਹਮਣੇ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਮੋਦੀ-ਅਮ੍ਰਿਤ ਸ਼ਾਹ ਜੋੜੀ ਦਾ ਗੁਜਰਾਤ ਮਾਡਲ ਨੰਗਾ-ਚਿਟਾ ਫਾਸ਼ਿਸਟ ਹਮਲਾ ਹੈ। ਆਰ. ਐਸ. ਐਸ. ਆਪਣੇ ਗੁਰੂ ਹਿਟਲਰ ਤੋਂ ਸੇਧ ਲੈ ਕੇ ਮੁਸਲਮਾਨਾਂ, ਦਲਿਤਾਂ, ਤਰਕਸ਼ੀਲਾਂ, ਵਿਗਿਆਨੀਆਂ ਅਤੇ ਬੁੱਧੀਜੀਵੀਆਂ ਦੇ ਸ਼ਰੇਆਮ ਕਤਲ ਕਰਵਾ ਰਹੀ ਹੈ। ਉਨ੍ਹਾਂ ਸੰਸਾਰ ਪੱਧਰੀ ਫਲਾਸਫਰਾਂ ਦੀਆਂ ਉਦਾਹਰਣਾਂ ਦਿੰਦੇ ਕਿਹਾ ਕਿ ਪੂੰਜੀਵਾਦ ਇਹ ਨੀਤੀਆਂ ਤੋਂ ਬਿਨਾਂ ਜਿੰਦਾ ਨਹੀਂ ਰਹਿ ਸਕਦਾ। ਇਸ ਕਰਕੇ ਸਮਾਜਵਾਦ ਤੋਂ ਸਤਾਉਂਦਾ ਡਰ ਇਸਨੂੰ ਅਜਿਹਾ ਕਰਨ ਲਈ ਮਜਬੂਰ ਕਰਦਾ ਹੈ। ਰਾਣਾ ਅਯੂਬ ਦੀ ਖੋਜ ਭਰਪੂਰ ਲਿਖਤ ਨੇ ਜੋ ਸੱਚ ਲੋਕਾਂ ਦੇ ਸਾਹਮਣੇ ਲਿਆਂਦਾ ਹੈ। ਉਸ ਦਾ ਜਾਹਰੀ ਰੂਪ ਮੋਦੀ ਦੀ ਸਰਕਾਰ ਜ਼ੁਲਮ ਦੇ ਰੂਪ 'ਚ ਲਾਗੂ ਕਰ ਰਹੀ ਹੈ।

ਗੁਰਬਚਨ ਬਰਾੜ ਨੇ ਲੋਕਾਂ ਦੇ ਨਾਟਕਕਾਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਅਜਮੇਰ ਔਲਖ ਨੇ ਸਾਰੀ ਉਮਰ ਲੋਕਾਂ ਦੇ ਲੇਖੇ ਲਾਈ। ਉਨ੍ਹਾਂ ਦੇ ਨਾਟਕ ਪੇਂਡੂ ਲੋਕਾਂ ਦੀਆਂ ਭਾਵਨਾਵਾਂ, ਸਮੱਸਿਆਵਾਂ ਨੂੰ ਸੰਬੋਧਤ ਹਨ। ਉਨ੍ਹਾਂ ਨੇ ਨਾਟਕ ਯੂਨੀਵਰਸਿਟੀਆਂ ਅਤੇ ਬੁੱਧੀਜੀਵੀਆਂ ਦਾ ਦਾਇਰਾ ਤੋੜ ਕੇ ਪੇਂਡੂ ਲੋਕਾਂ 'ਚ ਆਪਣੀ ਛਾਪ ਛੱਡਣ 'ਚ ਕਾਮਯਾਬ ਰਹੇ। ਡਾ. ਹਰਭਜਨ ਢਿੱਲੋਂ ਨੇ ਅਗਾਂਹ-ਵਧੂ ਲੇਖਕ ਇਕਬਾਲ ਰਾਮੂਵਾਲੀਆ ਦੇ ਵਿਛੜਨ ਨਾਲ ਸਾਹਿਤ ਖੇਤਰ ਨੂੰ ਜੋ ਘਾਟਾ ਪਿਆ, ਨੂੰ ਬਾਖ਼ੂਬੀ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਕੈਂਸਰ ਵਰਗੀ ਭਿਆਨਕ ਬੀਮਾਰੀ ਦਾ ਜਿਸ ਤਰ੍ਹਾਂ ਇਕਬਾਲ ਨੇ ਮੁਕਾਬਲਾ ਕੀਤਾ ਉਹ ਬਹੁਤ ਕਮਾਲ ਦਾ ਹੈ।

ਪ੍ਰੋ. ਕਲਾ ਮੰਚ ਟੀਮ ਦੀ ਕਨਵੀਨਰ ਕਮਲਪ੍ਰੀਤ ਪੰਧੇਰ ਨੇ **9 ਸਤੰਬਰ ਸ਼ਨੀਵਾਰ ਨੂੰ ਜੈਨਸਸ ਸੈਂਟਰ ਵਿਖੇ ਹੋ ਰਹੇ 8ਵੇਂ ਸਲਾਨਾ ਨਾਟਕ ਸਮਾਗਮ ਬਾਰੇ ਦੱਸਿਆ ਕਿ ਇਸ ਵਾਰੀ 18 ਸਾਲ ਤੱਕ ਦੇ ਬੱਚਿਆਂ ਵਾਸਤੇ ਕੋਈ ਟਿਕਟ ਨਹੀਂ ਹੋਵੇਗੀ।** ਨਾਟਕ ਤਿਆਰੀ ਕਮੇਟੀ ਵਿਚ ਸੁਖਵੀਰ ਗਰੇਵਾਲ ਅਤੇ ਹਰਚਰਨ ਪਰਹਾਰ ਨੂੰ ਮੀਡੀਆ ਇੰਚਾਰਜ ਅਤੇ ਮਾਸਟਰ ਬਚਿੱਤਰ ਗਿੱਲ ਅਤੇ ਇੰਜ. ਗੁਰਦਿਆਲ ਸਿੰਘ ਖਹਿਰਾ ਨੂੰ ਕਮੇਟੀ ਮੈਂਬਰ ਨਿਯੁਕਤ ਕਰਨ ਬਾਰੇ ਜਾਣਕਾਰੀ ਦਿੱਤੀ। ਅਲਬਰਟਾ ਸਰਕਾਰ ਦੇ ਮੰਤਰੀ ਇਰਫਾਨ ਸਾਬਰ ਅਤੇ ਅਸਜਦ ਬੁਖਾਰੀ ਪਾਕਿਸਤਾਨ-ਕੈਨੇਡਾ ਕਲਚਰਲ ਐਸੋਸੀਏਸ਼ਨ ਨੇ ਵੀ ਵਿਚਾਰ ਪੇਸ਼ ਕੀਤੇ। ਇਕੱਠ ਵਲੋਂ ਮੰਗ ਕੀਤੀ ਕਿ ਜੋਤਸ਼ੀਆਂ, ਪੰਡਤਾਂ ਅਤੇ ਪਾਖੰਡੀ ਲੋਕਾਂ ਵਲੋਂ ਧਰਮ ਦੇ ਨਾਮ 'ਤੇ ਲੋਕਾਂ ਨੂੰ ਗੁੰਮਰਾਹ ਕਰਨ, ਸ਼ੋਸ਼ਣ ਕਰਨ ਤੋਂ ਰੋਕਣ ਲਈ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ। ਸੁਖਵਿੰਦਰ ਤੂਰ, ਹਰਨੇਕ ਬੱਧਨੀ, ਜਸਵੰਤ ਸਿੰਘ ਸੇਖੋਂ, ਜਗਦੇਵ ਸਿੰਘ ਸਿੱਧੂ ਅਤੇ ਮਾਸਟਰ ਬਚਿੱਤਰ ਗਿੱਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਟੇਜ ਸਕੱਤਰ ਮਾ. ਭਜਨ ਨੇ ਦੱਸਿਆ ਕਿ ਅਗਲੀ ਮੀਟਿੰਗ ਅਗਸਤ ਦੇ ਪਹਿਲੇ ਐਤਵਾਰ 6 ਅਗਸਤ ਨੂੰ ਹੋਵੇਗੀ। ਹੋਰ ਜਾਣਕਾਰੀ ਲਈ 403-455-4220 'ਤੇ ਸੰਪਰਕ ਕਰੋ।















**ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 8ਵਾਂ ਸਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ 9 ਸਤੰਬਰ 2017, ਦਿਨ ਸ਼ਨੀਵਾਰ, 1.00 ਤੋਂ 4.00 ਵਜੇ ਤੱਕ ਜੈਨਸਿਸ ਸੈਂਟਰ, ਨਾਰਥ ਈਸਟ ਕੈਲਗਰੀ ਵਿਖੇ ਹੋਵੇਗਾ। ਨਾਟਕ ਦੀ ਤਿਆਰੀ ਲਈ ਪੰਜਾਬ ਤੋਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਡਾਇਰੈਕਟਰ ਸ੍ਰੀ ਹਰਕੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।**







**SARO KARAN DI AWAZ**

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Literary Advisor**
**Gurbachan Singh Brar**
Calgary (NE) Alberta
403-470-2628
brargurbachan@yahoo.ca

**Sports Advisor**
Sukhvir Grewal
403-402-0770
sukhsports@gmail.com

**Advisory Board**

**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg** (Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Randeep Singh (India)**
09855695905
rvs0001@gmail.com

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।












# ਰਾਣਾ ਅਯੂਬ ਦੀ 'ਗੁਜਰਾਤ ਫਾਈਲਾਂ ਅਤੇ ਫਾਸ਼ੀਵਾਦ'



ਹਰੀਪਾਲ
403-714-4816

ਪੂੰਜੀਵਾਦ, ਆਮ ਲੋਕਾਂ ਦੀ ਲੁੱਟ ਤੇ ਆਧਾਰ ਉਤੇ ਸਿਸਟਮ ਹੈ ਜਿਹੜਾ ਜੋਕ ਦੀ ਤਰ੍ਹਾਂ ਲੋਕਾਂ ਦਾ ਖ਼ੂਨ ਚੂਸ ਕੇ ਵਧਦਾ ਫੁਲਦਾ ਹੈ ਜਿਸ ਤਰ੍ਹਾਂ ਕੋਈ ਵੀ ਰਾਜਾ ਥੋੜ੍ਹਾ ਖੜ ਖੜੇ ਆਪ ਦੀ ਗੱਦੀ ਦਾ ਤਿਆਗ ਨਹੀਂ ਕਰ ਰਿਹਾ, ਇਸੇ ਤਰ੍ਹਾਂ ਪੂੰਜੀਵਾਦ ਦੀ ਲੁੱਟ ਤੇ ਆਧਾਰਤ ਸਿਸਟਮ ਨੂੰ ਲੰਬਾ ਕਰਨ ਲਈ ਬਹੁਤ ਹੱਥਕੰਡੇ ਵਰਤਦਾ ਹੈ। ਪੂੰਜੀਵਾਦ ਕਿਰਤ ਦੀ ਲੁੱਟ ਦੇ ਸਿਰ 'ਤੇ ਹੀ ਵਧਦਾ ਫੁਲਦਾ ਹੈ ਅਤੇ ਪੂੰਜੀਵਾਦ ਦੀ ਗਰਦਨ ਨੂੰ ਵੀ ਕਿਰਤੀ ਲੋਕ ਹੀ ਫੜਦੇ ਹਨ। ਇਸ ਕਰਕੇ ਪੂੰਜੀਵਾਦ ਕਦੇ ਵੀ ਨਹੀਂ ਚਾਹੁੰਦਾ ਕਿ ਕਿਰਤੀ ਕੱਠੇ ਹੋਣ ਅਤੇ ਕਿਰਤੀਆਂ ਨੂੰ ਜਾਂ ਮਜ਼ਦੂਰਾਂ ਨੂੰ ਪਾੜ ਕੇ ਰੱਖਣਾ ਹੀ ਪੂੰਜੀਵਾਦ ਦੇ ਹਿੱਤ ਵਿਚ ਜਾਂਦਾ ਹੈ। ਮਜ਼ਦੂਰਾਂ ਦੇ ਏਕੇ ਨੂੰ ਤੋੜਨ ਲਈ ਧਰਮ ਨੂੰ ਵਰਤਿਆ ਜਾਂਦਾ ਹੈ, ਭਾਸ਼ਾ ਨੂੰ ਵਰਤਿਆ ਜਾਂਦਾ ਹੈ ਜਾਂ ਇਲਾਕਾਪ੍ਰਸਤੀ ਵਰਤੀ ਜਾਂਦੀ ਹੈ। ਜੇ ਦੇਖਿਆ ਜਾਵੇ ਤਾਂ ਧਰਮ ਲੋਕਾਂ ਦਾ ਨਿੱਜੀ ਮਾਮਲਾ ਹੈ, ਲੋਕ ਜਿਹੜੇ ਧਰਮ ਨੂੰ ਮੰਨਣ ਜਾਂ ਨਾ ਮੰਨਣ ਇਹ ਉਨ੍ਹਾਂ ਦੀ ਮਰਜ਼ੀ ਹੈ। ਪਰ ਧਰਮ ਨੂੰ ਕਿਸੇ ਤੇ ਠੋਸਣਾ ਜਾਂ ਧਰਮ ਦੀ ਖਾਤਰ ਲੜਾਈਆਂ ਕਰਨੀਆਂ, ਮਨੁੱਖਤਾ ਵਿਰੋਧੀ ਹਨ। ਇਹ ਕਹਿ ਕੇ ਕਿਸੇ ਨੂੰ ਮਾਰਨਾ ਕਿ ਤੂੰ ਸਿੱਖ ਹੈ ਜਾਂ ਤੂੰ ਹਿੰਦੂ ਹੈ ਜਾਂ ਮੁਸਲਮਾਨ ਹੈ, ਅੱਤ ਦੀ ਸ਼ਰਮਨਾਕ ਕਰਤੂਤ ਹੈ। ਡਰ ਨੇ ਧਰਮ ਨੂੰ ਜਨਮ ਦਿੱਤਾ ਹੈ ਤੇ ਧਰਮ ਨੂੰ ਪੂੰਜੀਵਾਦ ਜਮਾਤ ਵੀ ਪਾਲਦੀ ਹੈ ਤਾਂ ਕਿ ਲੋਕਾਂ ਵਿਚ ਡਰ ਦੀ ਭਾਵਨਾ ਭਰੀ ਰਹੇ। ਇਸ ਕਰਕੇ ਪੂੰਜੀਵਾਦ ਇਸ ਨਕਲੀ ਆਸਤਿਕਤਾ ਦਾ ਮੁਦਈ ਹੈ ਅਤੇ ਨਾਸਤਿਕਤਾ ਦਾ ਕੱਟੜ ਵਿਰੋਧੀ ਹੈ। ਇਕ ਸ਼ੈਤਾਨੀ ਦੇਖੋ ਕਿ ਸਰਮਾਏਦਾਰੀ ਖੁਦ ਜਾਂ ਦੁਨੀਆਂ ਦੇ ਲੈਵਲ ਤੇ ਇਕੱਠੀ ਹੋ ਰਹੀ ਹੈ, ਕਾਰਪੋਰੇਸ਼ਨਾਂ ਦੇ ਸ਼ੇਅਰ ਹੋਲਡਰ ਕਿਸੇ ਖਾਸ ਧਰਮ ਦੇ ਨਾਂ ਹੋ ਕੇ ਸਭ ਧਰਮਾਂ, ਕੌਮਾਂ ਜਾਂ ਕੌਮੀਅਤਾਂ ਵਿਚੋਂ ਹਨ ਪਰ ਮਜ਼ਦੂਰਾਂ ਨੂੰ ਪਾੜਨ ਲਈ ਜਾਂ ਪਾੜ ਕੇ ਰੱਖਣ ਲਈ ਸਭ ਤਰ੍ਹਾਂ ਦੇ ਹੱਥ ਕੰਢੇ ਵਰਤੇ ਜਾ ਰਹੇ ਹਨ। ਧਾਰਮਿਕ ਅਦਾਰਿਆਂ ਨੂੰ ਜਾਂ ਧਾਰਮਿਕ ਸਕੂਲਾਂ ਨੂੰ ਗਰਾਂਟਾਂ ਦੇ ਗੱਫੇ ਦਿੱਤੇ ਜਾ ਰਹੇ ਹਨ ਤਾਂ ਕਿ ਵੋਟਾਂ ਪੱਕੀਆਂ ਕੀਤੀਆਂ ਜਾਣ ਅਤੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਪਾੜ ਕੇ ਰੱਖਿਆ ਜਾ ਸਕੇ। ਜਦ ਮਜ਼ਦੂਰ ਇਨ੍ਹਾਂ ਫਿਰਕਾਪ੍ਰਸਤਾਂ ਦੇ ਅੜਿੱਕੇ ਚੜ੍ਹ ਕੇ ਆਪਸ ਵਿਚ ਲੜਦੇ ਹਨ ਤਾਂ ਪੂੰਜੀਵਾਦ ਦੀ ਉਮਰ ਹੋਰ ਲੰਬੀ ਕਰਦੇ ਹਨ। ਹੁਣ ਇਕ ਆਮ ਧਾਰਨਾ ਹੈ ਕਿ ਦੰਗੇ ਜਾਂ ਦੋ ਫਿਰਕਿਆਂ ਦਾ ਟਕਰਾਅ ਕਰਾਉਣ ਵਿਚ ਅਫ਼ਵਾਹਾਂ ਦਾ ਬਹਤੁ ਹੱਥ ਹੁੰਦਾ ਹੈ। ਅਫ਼ਵਾਹਾਂ ਕੌਣ ਫੈਲਾਉਂਦਾ ਹੈ ਇਹ ਮੀਡੀਆ ਹੈ ਅਤੇ ਇਸ ਮੀਡੀਏ ਤੇ ਕਿਸ ਦਾ ਕੰਟਰੋਲ ਹੈ, ਸਰਮਾਏਦਾਰਾਂ ਦਾ ਫਿਰ ਤਾਂ ਅਫਵਾਹਾਂ ਫੈਲਾਉਣ ਵਿਚ ਇਹ ਪੂੰਜੀਵਾਦੀ ਇਹ ਜ਼ਿੰਮੇਵਾਰ ਹੋਏ। ਸਾਡੇ ਸਾਹਮਣੇ ਹੈ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਅੰਬਾਨੀ ਹੈਲੀਕਾਪਟਰ ਦਿੰਦਾ ਹੈ ਅਤੇ 29 ਟੀ.ਵੀ. ਚੈਨਲ ਖਰੀਦ ਕੇ ਭਾਜਪਾ ਦਾ ਪ੍ਰਚਾਰ ਕਰਾਉਂਦਾ ਹੈ। ਕਿਉਂਕਿ ਇੰਡੀਆ ਦੀ ਹਿੰਦੂ ਕਾਰਪੋਰੇਟਸ਼ਾਹੀ ਨੂੰ ਦਿਸਦਾ ਸੀ ਕਿ ਹੁਣ ਕਾਂਗਰਸ ਪੱਤਾ ਨਹੀਂ ਚੱਲਣਾ ਇਸ ਕਰਕੇ ਭਾਜਪਾ ਦਾ ਪੱਤਾ ਚਲਾ ਲਿਆ। ਜਿਹੜੇ ਆਮ ਲੋਕ ਹਨ ਉਨ੍ਹਾਂ ਤੇ ਡਰ ਹੈ ਦਰੋਗੇ ਦਾ ਥਾਣੇਦਾਰ ਦਾ, ਪੋਲੀਟੀਕਲ ਲੀਡਰਾਂ ਦਾ ਤੇ ਇਹ ਡਰ ਸਥਾਪਤੀ ਦੀ ਉਮਰ ਵਧਾਉਂਦਾ ਹੈ।

ਹੁਣ ਰਾਣਾ ਅਯੂਬ ਦੀ ਗੁਜਰਾਤ ਫਾਈਲਾਂ ਦੀ ਗੱਲ ਕਰਦੇ ਹਾਂ। ਗੁਜਰਾਤ ਦੇ ਦੰਗੇ ਕੋਈ ਦੋ ਫਿਰਕਿਆਂ ਦਰਮਿਆਨ ਦੰਗੇ ਨਹੀਂ ਸਗੋਂ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਜੀਅ ਘਾਤ ਸੀ ਕਿਉਂਕਿ ਗੁਜਰਾਤ ਦਾ ਪਾਪੂਲੇਸ਼ਨ ਦੀ ਵੰਡ ਦੇਖੀਏ

| | |
|---|---|
| **ਹਿੰਦੂ** | = 88% |
| **ਮੁਸਲਮਾਨ** | = 10% |
| **ਸਿੱਖ, ਬੋਧੀ, ਇਸਾਈ ਜੈਨੀ** | = 2% |

ਹੁਣ 88% ਹਿੰਦੂ ਪੱਤਾ ਵਰਤਣਾ ਕਿੰਨਾ ਸੌਖਾ ਸੀ ਅਤੇ ਇਹੀ ਹਿੰਦੂ ਪੱਤਾ ਕਾਂਗਰਸ ਨੇ 1984 ਵਿਚ ਵਰਤਕੇ ਬਹੁਮਤ ਹਾਸਲ ਕੀਤਾ ਸੀ। ਜਿਥੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ ਸੀ, ਔਰਤਾਂ ਰੇਪ ਕੀਤੀਆਂ ਗਈਆਂ ਸਨ ਅਤੇ ਨਿੱਕੇ ਨਿੱਕੇ ਬੱਚਿਆਂ ਨੂੰ ਲੱਤਾਂ ਤੋਂ ਫੜ ਫੜ ਕੇ ਕੰਧਾਂ ਵਿਚ ਮਾਰਿਆ ਗਿਆ ਸੀ। ਇਨ੍ਹਾਂ ਦੰਗਿਆਂ ਨੇ ਕਾਂਗਰਸ ਨੂੰ ਬਹੁਤ ਤਕੜੀ ਬਹੁਮਤ ਨਾਲ ਜਿਤਾਇਆ ਅਤੇ ਦਿੱਲੀ ਦੰਗਿਆਂ ਦੀ ਹੈਰਾਨੀ ਦੇਖੋ ਕਿ ਇਸੇ ਕਾਂਗਰਸ ਨੇ ਤੇ ਬਾਅਦ ਵਿਚ ਭਾਜਪਾ ਨੇ ਦੋਸ਼ੀਆਂ ਨੂੰ ਸਜ਼ਾ ਨਹੀਂ ਹੋਣ ਦਿੱਤੀ। ਜੇਕਰ ਦਿੱਲੀ ਦੰਗਿਆਂ ਦੇ ਦੋਸ਼ੀ ਫਾਹੇ ਲਾਏ ਜਾਂਦੇ ਤਾਂ ਕਦੇ ਵੀ ਗੁਜਰਾਤ ਵਿਚ ਦੰਗੇ ਨਹੀਂ ਹੋਣੇ ਸਨ। ਭਾਜਪਾ ਵੀ ਸੱਤਾ 'ਤੇ ਕਬਜ਼ਾ ਕਰਨ ਲਈ ਕਿਸੇ ਅਜਿਹੇ ਮੌਕੇ ਦੀ ਭਾਲ ਵਿਚ ਸੀ ਤੇ ਇਹ ਮੌਕਾ ਉਸ ਨੂੰ ਗੋਧਰਾ ਕਾਂਡ ਨੇ ਦਿੱਤਾ। ਜਿਸ ਤਰ੍ਹਾਂ ਇੰਦਰਾ ਗਾਂਧੀ ਦਾ ਕਤਲ ਸਿੱਖਾਂ ਤੇ ਮੜ੍ਹਕੇ ਸਿੱਖਾਂ ਦਾ ਜੀਆ-ਪਾਤ ਕੀਤਾ ਗਿਆ। ਇਸੇ ਤਰ੍ਹਾਂ ਗੋਧਰਾ ਕਾਂਡ ਮੁਸਲਮਾਨਾਂ ਤੇ ਮੜ੍ਹ ਕੇ ਮੁਸਲਮਾਨਾਂ ਦੀ ਨਸਲਕੁਸ਼ੀ ਕੀਤੀ ਗਈ। ਇਕ ਬੜੀ ਸ਼ਰਮ ਦੀ ਗੱਲ ਹੈ ਕਿ ਗੁਜਰਾਤ ਵਿਚ ਹਿੰਦੂ ਮਿਡਲ ਕਲਾਸ ਨੇ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਲੁੱਟਿਆ, ਬਲਾਤਕਾਰ ਕੀਤੇ ਅਤੇ ਨਿੱਕੇ ਨਿੱਕੇ ਬੱਚਿਆਂ ਤੱਕ ਨੂੰ ਜਿਉਂਦੇ ਜਾਲ ਦਿੱਤਾ ਗਿਆ। ਲੁਟੇਰੇ ਕਾਰਾਂ ਵਿਚ ਆਏ ਅਤੇ ਪੁਲਿਸ ਦੀ ਹਿਫਾਜ਼ਤ ਵਿਚ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਲੁੱਟ ਕੇ ਅਰਾਮ ਨਾਲ ਜਾਂਦੇ ਰਹੇ। ਰਾਣਾ ਅਯੂਬ ਨੇ ਬਹੁਤ ਹੀ ਬਹਾਦਰੀ ਨਾਲ ਅਤੇ ਬਹੁਤ ਹੀ ਚੁਸਤੀ ਅਤੇ ਮਿਹਨਤ ਨਾਲ ਸੱਚ ਪਾਠਕਾਂ ਸਾਹਮਣੇ ਲਿਆਂਦਾ। ਰਾਣਾ ਅਯੂਬ ਦੀ ਹਿੰਮਤ ਨਾਲ ਹੀ ਅਮਿਤ ਸ਼ਾਹ ਨੂੰ ਪੰਜ ਸਾਲ ਦੀ ਸਜ਼ਾ ਹੋਈ, ਬੇਸ਼ੱਕ ਬਾਅਦ ਦੀ ਸਿਆਸਤ ਨੇ ਉਸ ਨੂੰ ਬਰੀ ਕਰ ਦਿੱਤਾ। ਮੁੱਖ ਮੰਤਰੀ ਨਾਲ ਆਮ ਹਿੰਦੂਆਂ ਦੀ ਹਮਦਰਦੀ ਗੂੜ੍ਹੀ ਕਰਨ ਲਈ ਇਕ ਸਾਜ਼ਿਸ਼ ਘੜੀ ਗਈ ਕਿ ਮੁਸਲਮਾਨ ਅੱਤਵਾਦੀਆਂ ਦਾ ਇਕ ਗਰੁੱਪ ਮੁੱਖ ਮੰਤਰੀ ਮੋਦੀ ਨੂੰ ਕਤਲ ਕਰਨ ਜਾ ਰਿਹਾ, ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਸੱਚ ਇਹ ਸੀ ਕਿ ਇਸ਼ਰਤ ਜਹਾਂ ਅਤੇ ਉਸ ਦੇ ਤਿੰਨ ਸਾਥੀਆਂ ਨੂੰ ਜੇਲ੍ਹ ਵਿਚ ਲਿਆ ਕੇ, ਗੋਲੀਆਂ ਮਾਰ ਕੇ ਮੁਕਾਬਲੇ ਵਾਲੀ ਜਗ੍ਹਾ ਸੁੱਟਿਆ ਗਿਆ ਤੇ ਸਰਕਾਰੀ ਤੇ ਵਿਕੇ ਹੋਏ ਗੈਰ ਸਰਕਾਰੀ ਮੀਡੀਏ ਨੇ ਇਸ ਦਾ ਖ਼ੂਬ ਪ੍ਰਚਾਰ ਕੀਤਾ। ਏਨੇ ਵੱਡੇ ਲੀਡਰ ਵਲੋਂ ਲੋਕਾਂ ਦੀ ਹਮਦਰਦੀ ਪ੍ਰਾਪਤ ਕਰਨ ਲਈ ਕਿੰਨੀ ਘਟੀਆ ਖੇਡ ਖੇਡੀ ਗਈ। ਕਹਿੰਦੇ ਹਨ ਕਿ ਜਦ ਫਾਸ਼ੀਵਾਦ ਅਤੇ ਪੂੰਜੀਵਾਦ ਸਮਝੌਤਾ ਕਰਦੇ ਹਨ ਤਾਂ ਮਨੁੱਖਤਾ ਦਾ ਘਾਣ ਹੁੰਦਾ ਹੈ ਪਰ ਅਸਲ ਵਿਚ ਫਾਸ਼ੀਵਾਦ, ਪੂੰਜੀਵਾਦ ਦਾ ਹੀ ਲਾਡਲਾ ਬੱਚਾ ਹੈ। ਇਕ ਮੁਸਲਮਾਨ ਐਮ. ਪੀ. ਅਹਿਸਾਨ ਜਾਫ਼ਰੀ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਉਸਦਾ ਸੈਲ ਫੋਨ ਕਿਸੇ ਕਾਂਗਰਸੀ ਨੇ ਵੀ ਨਹੀਂ ਚੁੱਕਿਆ, ਉਸਦੇ ਬਚਾਅ ਲਈ ਕੋਈ ਨਹੀਂ ਆਇਆ, ਉਸ ਨੂੰਅਤੇ ਉਸਦੀ ਕੋਠੀ ਵਿਚ ਪਨਾਹ ਲੈਣ ਵਾਲੇ ਮੁਸਲਮਾਨਾਂ ਨੂੰ ਕੋਹ-ਕੋਹ ਮਾਰਿਆ ਗਿਆ। ਬਾਅਦ ਵਿਚਰਾਣਾ ਅਯੂਬ ਮੈਥਿਲੀ ਤਿਆਗੀ ਬਣ ਕੇ, ਇਕ ਦਸਤਾਵੇਜ਼ੀ ਫ਼ਿਲਮ ਬਣਾਉਣ ਦੇ ਬਹਾਨੇ ਇੰਟਰਵਿਊਆਂ ਕਰਦੀ ਹੈ ਤਾਂ ਕਿਵੇਂ ਬੇਪ੍ਰਵਾਹ ਹੋ ਕੇ ਲੋਕਾਂ ਦੇ ਕਾਤਲ ਇਕਬਾਲ ਕਰੀ ਜਾਂਦੇ ਹਨ, ਕਿਉਂ; ਕਿਉਂਕਿ ਉਨ੍ਹਾਂ ਨੂੰ ਡਰ ਹੀ ਨਹੀਂ ਹੈ ਤੇ ਉਨ੍ਹਾਂ ਨੂੰ ਪਤਾ ਸੀ ਕਿ ਕੁਝ ਨਹੀਂ ਹੁੰਦਾ।

ਇਹ ਦੰਗੇ ਜਾਂ ਨਸਲ ਕੁਸ਼ੀਆਂ ਵਾਰ ਵਾਰ ਕਿਉਂ ਹੁੰਦੀਆਂ ਹਨ, ਹੁਣ ਤਾਂ ਧਰਤੀ ਤੇ ਮਨੁੱਖ ਨੂੰ ਸਭਿਅਕ ਹੋਏ ਨੂੰ ਵੀ ਸਦੀਆਂ ਬੀਤ ਗਈਆਂ ਹਨ। ਸੰਨ 1943 ਵਿਚ ਅਰਨੈਸਟ ਲੰਡ ਦਾ ਇਕ ਲੇਖ ਛਪਦਾ ਹੈ, ਜਦੋਂ ਹਿਟਲਰ ਯਹੂਦੀਆਂ ਦਾ ਜੀਅ ਘਾਤ ਕਰ ਰਿਹਾ ਸੀ। ਉਸ ਲੇਖ ਦਾ ਹੈਂਡਿੰਗ ਸੀ "Fascism is the Ugly Child of Capitalist Decay" ਕਿ ਫਾਸ਼ਜਿਮ, ਪੂੰਜੀਵਾਦ ਦੀ ਖਰਾਬੀ ਦਾ ਇਕ ਬਦਸੂਰਤ ਬੱਚਾ ਹੈ। ਜਦੋਂ ਵੀ ਸਰਮਾਏਦਾਰੀ ਸੰਕਟ ਵਿਚ ਆਉਂਦੀ ਹੈ ਜਾਂ ਮਜ਼ਦੂਰ ਜਮਾਤ ਦੇ ਏਕੇ ਤੋਂ ਡਰਦੀ ਹੈ ਤਾਂ ਇਹ ਫਾਸਿਜ਼ ਮੁੱਦਾ ਸੱਪ ਕੱਢ ਲੈਂਦੀ ਹੈ ਕਿਉਂਕਿ ਫਾਸ਼ਿਜਮ, ਪੂੰਜੀਵਾਦ ਦੀ ਆਖਰੀ ਛੁਪਣਗਾਹ ਹੈ। ਫਾਸ਼ਿਜਮ, ਪੂੰਜੀਵਾਦ ਦਾ ਪੋਲੀਟੀਕਲ ਚਿਹਰਾ ਹੈ। ਜਦੋਂ ਪੂੰਜੀਵਾਦ ਦਾ ਲਾਲਚ, ਜਨਤਾ 'ਚ ਬੇਰੁਜ਼ਗਾਰੀ, ਗਰੀਬੀ, ਅਸੰਤੋਸ਼ ਤੇ ਬੈਂਕ ਰਪਸੀ ਫੈਲਾਉਂਦਾ ਹੈ ਤਾਂ ਫਾਸ਼ਿਜਮ ਦਾ ਸੱਪ ਕੱਢਿਆ ਜਾਂਦਾ ਹੈ। ਪਾਠਕਾਂ ਨੂੰ ਚੇਤੇ ਹੋਵੇਗਾ ਕਿ 1967 ਜਦ ਇੰਡੀਆ ਵਿਚ ਇਨਕਲਾਬ ਦੀ ਚਿਣਗ ਫੁੱਟੀ ਤਾਂ ਇਹ ਚਿਣਗ ਗੁਜਰਾਤ ਵੀ ਪਹੁੰਚੀ। ਗੁਜਰਾਤ ਵਿਚ ਬਹੁਤ ਫੈਕਟਰੀਆਂ ਹਨ ਤੇ ਉਸ ਸਮੇਂ (1969 ਵਿਚ) ਗੁਜਰਾਤ ਵਿਚ ਬਹੁਤ ਹੀ ਤਕੜੀ ਮਜ਼ਦੂਰ ਯੂਨੀਅਨ ਹੁੰਦੀ ਸੀ ਤੇ ਇਸ ਚਿਣਗ ਨੇ ਗੁਜਰਾਤ ਦੀ ਮਜਦੂਰ ਯੂਨੀਅਨ ਨੂੰ ਵੀ ਪ੍ਰਭਾਵਿਤ ਕੀਤਾ। ਫੈਕਟਰੀ ਮਾਲਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਨ੍ਹਾਂ ਨੇ ਮੌਕਾ ਨਹੀਂ ਖੁੰਝਾਇਆ ਅਤੇ ਸੂਰ ਦੇ ਕੰਮਾਂ ਤੇ ਗਊ ਦੀਆਂ ਪੂਛਾਂ ਵਰਤਕੇ ਗੁਜਰਾਤ 'ਚ ਦੰਗੇ ਕਰਾ ਦਿੱਤੇ। ਇਹੀ ਹਿੰਦੂ, ਮੁਸਲਿਮ, ਮਜ਼ਦੂਰ ਆਪਸ ਵਿਚ ਉਲਝ ਗਏ। ਅਖੀਰ ਵਿਚ ਸਾਢੇ ਚਾਰ ਸੌ ਮੁਸਲਮਾਨ ਅਤੇ ਦੋ ਢਾਈ ਸੌ ਹਿੰਦੂ ਮਾਰੇ ਗਏ ਅਤੇ ਗੁਜਰਾਤ ਦੀ ਮਜਦੂਰ ਯੂਨੀਅਨ ਦੋਫਾੜ ਹੋ ਗਈ। ਇਹੀ ਸਭ ਕੁਝ ਫੈਕਟਰੀਆਂ ਦੇ ਮਾਲਕ ਚਾਹੁੰਦੇ ਸਨ। ਹੁਣ ਜੇਕਰ ਸੋਚੀਏ ਕਿ ਫਾਸ਼ਿਜਮ ਦਾ ਅੰਤ ਕਿਸ ਤਰਾਂ ਹੋਵੇਗਾ ਤਾਂ ਅਰਨੈਸ ਲੰਡ ਕਹਿੰਦਾ ਹੈ ਕਿ ਫਾਸ਼ਿਜਮ ਦਾ ਅੰਤ ਕਰਨਾ ਹੈ ਤਾਂ ਪੂੰਜੀਵਾਦ ਦਾ ਅੰਤ ਕਰਨਾ ਪਵੇਗਾ ਅਤੇ ਫਾਸ਼ਿਜਮ ਆਪਣੇ ਆਪ ਖਤਮ ਹੋ ਜਾਵੇਗਾ। ਫਾਸ਼ੀਵਾਦ ਨੇ ਜਿਥੇ ਕਿਤੇ ਵੀ ਜ਼ੋਰ ਫੜਿਆ ਤਾਂ ਇਸ ਵਿਚ ਇਕ ਖਾਸ ਤਰ੍ਹਾਂ ਦੀ ਸਮਰੂਪਤਾ ਦੇਖੀ ਜਾ ਸਕਦੀ ਹੈ। ਜਦ ਗੁਜਰਾਤ ਵਿਚ ਗੋਧਰਾ ਕਾਂਡ ਵਾਪਰਿਆ ਤਾਂ ਪ੍ਰਵੀਨ ਤੋਂਗੜੀਆ ਭਾਜਪਾ ਦਾ ਗੁਜਰਾਤ ਵਿਚ ਟੌਪ ਦਾ ਲੀਡਰ (ਜਿਸ ਨੇ ਮੋਦੀ ਨੂੰ ਮੁੱਖ ਮੰਤਰੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ) ਲੋਕਾਂ ਦੇ ਇਕੱਠ ਨੂੰ ਕਹਿ ਰਿਹਾ ਹੈ "ਰੇਲ ਗੱਡੀ ਦਾ ਡੱਬਾ ਜਿਸ ਨੂੰ ਅੱਗ ਲਗਾਈ ਗਈ ਸੀ, ਹਨੂਮਾਨ ਦੀ ਪੂਛ ਹੈ" ਇਹ ਕਹਿ ਕੇ ਜਨਤਾ ਨੂੰ ਮੁਖਾਤਿਬ ਹੁੰਦਾ ਹੈ, "ਹਨੂਮਾਨ ਦੀ ਪੂਛ ਨੂੰ ਅੱਗ ਕਿਸ ਨੇ ਲਗਾਈ"

ਜਨਤਾ ਬੋਲੀ ਹੈ "ਰਾਵਣ ਨੇ"

ਤੋਂਗੜੀਆ..."ਹਨੂਮਾਨ ਲੈ ਫਿਰ ਕੀ ਕੀਤਾ ਹੈ?"

"ਜਨਤਾ : "ਹਨੂਮਾਨ ਨੇ ਰਾਵਣ ਵੀ ਅਤੇ ਲੰਕਾ ਵੀ ਸਾੜ ਸੁੱਟੀ।

ਇਹ ਸੀ ਤੋਂਗੜੀਆ ਦਾ ਇਸ਼ਾਰਾ। ਇਸ ਤੋਂ ਬਾਅਦ ਜੋ ਕੁਹਰਾਮ ਮੱਚਿਆ, ਲੋਕਾਂ ਨੂੰ ਜਿੰਦਾ ਸਾੜਿਆ ਗਿਆ, ਨਿੱਕੇ ਨਿੱਕੇ ਬੱਚਿਆਂ ਤੱਕ ਨੂੰ ਬਖਸ਼ਿਆ ਨਹੀਂ ਗਿਆ। ਭੀੜ ਬੇਫ਼ਿਕਰ ਹੋ ਕੇ ਇਹ ਸਭ ਕੁਝ ਕਰਦੀ ਰਹੀ, ਇਸੇ ਤਰ੍ਹਾਂ ਹਿਟਲਰ ਨੇ ਜਿਸ ਤਰ੍ਹਾਂ ਯਹੂਦੀਆਂ ਦੇ ਖਿਲਾਫ਼ ਨਫ਼ਰਤ ਭੜਕਾਈ ਉਸਦੀ ਉਦਾਹਰਣ ਦਿੰਦੇ ਹਾਂ। ਹਿਟਲਰ ਨੇ ਪੰਜ ਦੋਸਤਾਂ ਨੂੰ ਖਾਣੇ 'ਤੇ ਸੱਦਿਆ। ਪੰਜੇ ਆ ਕੇ ਖਾਣੇ ਦੇ ਟੇਬਲ 'ਤੇ ਬੈਠ ਗਏ। ਖਾਣੇ ਵਾਲੇ ਪੰਜੇ ਥਾਲ ਕੱਪੜੇ ਨਾਲ ਢਕੇ ਹੋਏ ਸਨ। ਜਦੋਂ ਪੰਜੇ ਚੰਗੀ ਤਰ੍ਹਾਂ ਸਜ ਗਏ ਤਾਂ ਹਿਟਲਰ ਨੇ ਕਿਹਾ ਕਿ "ਦੋਸਤੋ ਚੱਲੋ ਖਾਣਾ ਸ਼ੁਰੂ ਕਰੀਏ।" ਸਾਰਿਆਂ ਨੇ ਆਪੋ-ਆਪਣੇ ਥਾਲਾਂ ਤੋਂ ਕਵਰ ਚੱਕਿਆ। ਜਦੋਂ ਉਸ ਦੇ ਦੋਸਤਾਂ ਨੇ ਥਾਲਾਂ ਤੋਂ ਕੱਪੜਾ ਚੁੱਕਿਆ ਤਾਂ ਉਹ ਬੜੇ ਹੈਰਾਨ ਹੋਏ ਕਿਉਂਕਿ ਥਾਲ ਤਾਂ ਖਾਲੀ ਸਨ ਉਨ੍ਹਾਂ ਵਿਚ ਕੋਈ ਖਾਣਾ ਨਹੀਂ ਸੀ। ਹਿਟਲਰ ਦੇ ਦੋਸਤ ਬੋਲੇ, "ਤੂੰ ਚੰਗਾ ਬੰਦਾ ਹੈ, ਸਾਡੇ ਨਾਲ ਇੰਨਾ ਭੈੜਾ ਮਖ਼ੌਲ ਕਿਉਂ ਕੀਤਾ ਹੈ?" ਤਦ ਹਿਟਲਰ ਬੋਲਿਆ ਕਿ "ਖਾਣਾ ਤਾਂ ਸਾਰਾ ਯਹੂਦੀ ਲੈ ਗਏ, ਜਰਮਨ ਵੱਲ ਤਾਂ ਖਾਲੀ ਥਾਲ ਹੀ ਰਹਿ ਗਏ ਹਨ।"

ਉਸਦੇ ਮਿੱਤਰ ਸਮਝ ਗਏ ਕਿ ਹਿਟਲਰ ਕੀ ਕਹਿਣਾ ਚਾਹੁੰਦਾ ਹੈ। ਉਨ੍ਹਾਂ ਦੇ ਚਿਹਰੇ ਪੜ੍ਹਕੇ ਹਿਟਲਰ ਫੇਰ ਬੋਲਿਆ, "ਹਰ ਇਕ ਨੇ ਇਹ ਮਖੌਲ ਅੱਗੇ ਕਰਦੇ ਰਹਿਣਾ ਹੈ ਜਦ ਤੱਕ ਸਾਰੇ ਜਰਮਨ ਲੋਕਾਂ ਨੂੰ ਇਹ ਸਮਝ ਨਾ ਆ ਜਾਵੇ ਕਿ ਸਾਡੀ ਸਾਰੀ ਆਰਥਿਕਤਾ ਤੇ ਯਹੂਦੀ ਕਾਬਜ਼ ਹਨ ਤੇ ਜੇਕਰ ਜਰਮਨਾਂ ਨੇ ਰੱਜ ਕੇ ਰੋਟੀ ਖਾਣੀ ਹੈ ਤਾਂ ਯਹੂਦੀਆਂ ਨੂੰ ਭਜਾਉਣਾ ਪਊਗਾ। ਹਿਟਲਰ ਦੀ ਇਸੇ ਗੱਲ ਨੇ ਜੋ ਯਹੂਦੀਆਂ ਦਾ ਹਾਲ ਕੀਤਾ ਉਹ ਸਾਰੀ ਦੁਨੀਆਂ ਜਾਣਦੀ ਹੈ। ਪੰਜਾਬ ਵਿਚ ਵੀ ਬਿਲਕੁਲ ਇਸੇ ਤਰ੍ਹਾਂ ਦੀ ਇਕ ਘਟਨਾ ਵਾਪਰੀ। ਧਰਮ ਯੁੱਧ ਜਾਂ ਕੁਰਸੀ ਯੁੱਧ ਮੋਰਚੇ ਸਮੇਂ ਜਦ ਗੁਰਚਰਨ ਸਿੰਘ ਟੌਹੜਾ ਨੂੰ ਆਲਮਗੀਰ ਦੇ ਗੁਰਦੁਆਰੇ ਕਿਰਪਾਨ ਭੇਟ ਕੀਤੀ ਗਈ ਤਾਂ ਟੌਹੜਾ ਸਾਹਿਬ ਦਾ ਜਵਾਬ ਸੁਣੋ ਜਿਸ ਨੇ ਮੁੰਡਿਆਂ ਨੂੰ ਹੋਰ ਭੜਕਾਇਆ। ਟੌਹੜਾ ਸਾਹਿਬ ਨੇ ਕਿਹਾ, "ਸੰਗਤੇ ਇਹ ਦੇ ਨਾਲ ਤਾਂ ਕੇਲਾ ਵੀ ਵੱਢਿਆ ਨਹੀਂ ਜਾਣਾ, ਹੁਣ ਤਾਂ ਦਿੱਲੀ ਨਾਲ ਯੁੱਧ ਲੱਗਿਆ ਹੈ।"

ਹੁਣ ਇਨ੍ਹਾਂ ਫਾਸ਼ੀਵਾਦੀ ਤਾਕਤਾਂ ਦੀ ਕਮਿਊਨਿਸਟ ਵਿਰੋਧੀ ਭੂਮਿਕਾ ਦੇਖੋ। ਕਿਉਂਕਿ ਕਮਿਊਨਿਸਟਾਂ ਦਾ ਨਾਅਰਾ ਹੈ ਕਿ ਗਰੀਬੀ ਦਾ ਕਾਰਨ ਕੋਈ ਫਿਰਕਾ ਨਹੀਂ, ਸਗੋਂ ਲੁਟੇਰਾ ਸਿਸਟਮ ਹੈ ਜਿਸਨੂੰ ਖਤਮ ਕਰਨਾ ਪੈਣਾ ਹੈ। ਇਸ ਕਰਕੇ ਫਾਸ਼ੀਵਾਦੀ ਤਾਕਤਾਂ ਨੂੰ ਕਮਿਊਨਿਸਟ ਸਭ ਤੋਂ ਵੱਡੇ ਦੁਸ਼ਮਣ ਲੱਗਦੇ ਹਨ। ਇਸ ਕਰਕੇ ਹਿਟਲਰ ਨੇ ਯਹੂਦੀਆਂ ਦੇ ਨਾਲ ਨਾਲ ਸਭ ਤੋਂ ਵੱਧ ਕਮਿਊਨਿਸਟ ਮਾਰੇ, ਭਾਜਪਾ ਅਤੇ ਖਾਲਸਤਾਨੀਆਂ ਨੇ ਕਮਿਊਨਿਸਟਾਂ ਦਾ ਘਾਣ ਕੀਤਾ ਅਤੇ ਭਾਜਪਾ ਤਾਂ ਅਜੇ ਵੀ ਕਰ ਰਹੀ ਹੈ। ਹੁਣ ਸਾਡੇ ਭਾਜਪਾਈ ਸਵਾਸਤਿਕਾ ਦੀ ਪੂਜਾ ਕਰਦੇ ਹਨ ਤੇ ਹਿਟਲਰ ਵੀ ਸਵਾਸਤਿਕਾ ਦਾ ਨਿਸ਼ਾਨ ਬਣਾਉਂਦਾ ਸੀ ਫ਼ਰਕ ਸਿਰਫ਼ ਇੰਨਾ ਸੀ ਕਿ ਹਿਟਲਰ ਦਾ ਸਵਾਸਤਿਕਾ ਟੇਡਾ ਸੀ ਭਾਜਪਾ ਦਾ ਸਿੱਧਾ ਹੈ। ਇਤਿਹਾਸ ਗਵਾਹ ਹੈ ਕਿ ਪੂੰਜੀਵਾਦ ਨੇ ਆਪਦੀ ਉਮਰ ਲੰਮੀ ਕਰਨ ਲਈ ਇਹ ਫ਼ਾਸ਼ੀਵਾਦੀ ਸੱਪ ਹਮੇਸ਼ਾ ਕੱਢਿਆ ਹੈ। ਇਸ ਫਾਸ਼ੀਵਾਦੀ ਸੱਪ ਦਾ ਸਿਰ ਸਿਰਫ਼ ਅਤੇ ਸਿਰਫ਼ ਸਮਾਜਵਾਦੀ ਨਿਜਾਮ ਹੀ ਫੇਹ ਸਕਦਾ ਹੈ। ਅਸੀਂ ਦੇਖਿਆ ਹੈ ਕਿ ਰਾਣਾ ਅਯੂਬ ਦੀ ਗੁਜਰਾਤ ਫਾਈਲਾਂ ਨੇ ਅਹਿਮ ਸ਼ਾਹ ਵਰਗਿਆ ਨੂੰ ਵੀ ਜੇਲ੍ਹ ਪਹੁੰਚਾ ਦਿੱਤਾ ਸੀ, ਜੇਕਰ ਹਿੰਦੁਸਤਾਨ ਵਿਚ ਸਹੀ ਮਾਅਨਿਆਂ ਵਿਚ ਲੋਕਤੰਤਰ ਹੁੰਦਾ ਤਾਂ ਇਹ ਸਾਰੇ ਗੁੰਡੇ ਫਾਹੇ ਲੱਗਣੇ ਚਾਹੀਦੇ ਸਨ ਪਰ ਉਹ ਅੱਜ ਫੇਰ ਸੜਕਾਂ 'ਤੇ ਦਨਦਨਾਉਂਦੇ ਫਿਰਦੇ ਹਨ ਤੇ ਰਾਜ ਸੱਤਾ ਦਾ ਅਨੰਦ ਮਾਣ ਰਹੇ ਹਨ ਪਰ ਕਿਉਂਕਿ ਲੋਕਤੰਤਰ ਨਾਂ ਦੀ ਕੋਈ ਚੀਜ਼ ਨਹੀਂ ਸਗੋਂ ਇਹ ਛੜ ਯੰਤਰ ਹੈ ਇਕ ਭੁਲੇਖਾ ਹੈ, ਜੋ ਜਨਤਾ ਨੂੰ ਹਰ ਪੰਜ ਸਾਲਾਂ ਬਾਅਦ ਪਰੋਸਿਆ ਜਾਂਦਾ ਹੈ।



# ਲੋਕਾਂ ਦੀ ਵਿਗਿਆਨਕ ਸੋਚ 'ਤੇ ਜਿੰਦਰੇ ਮੜ੍ਹਦੇ ਕਾਨੂੰਨ

ਐਨ. ਕੇ. ਜੀਤ

*ਸੁਰਜੀਤ ਗੱਗ 'ਤੇ ਕੇਸ ਦਰਜ ਹੋਣ ਨਾਲ ਧਾਰਾ 295 ਏ ਮੁੜ ਚਰਚਾ 'ਚ ਆ ਗਈ ਹੈ। ਅਕਾਲੀ-ਭਾਜਪਾ ਸਰਕਾਰ ਨੇ ਜਦੋਂ 2010 'ਚ ਪੰਜਾਬ 'ਚ ਲੋਕਾਂ ਦੇ ਸੰਘਰਸ਼ ਕਰਨ ਦੇ ਹੱਕ ਤੇ ਪਾਬੰਦੀਆਂ ਮੜ੍ਹਦੇ ਕਾਲੇ ਕਾਨੂੰਨ ਲਾਗੂ ਕੀਤੇ ਗਏ ਸਨ ਤਾਂ ਉਦੋਂ ਦੋ ਹੋਰ ਕਾਨੂੰਨਾਂ ਦੀਆਂ ਧਾਰਾਵਾਂ 'ਚ ਵੀ ਤਬਦੀਲੀਆਂ ਕੀਤੀਆਂ ਗਈਆਂ ਸਨ। ਇੱਕ ਧਾਰਾ 153-ਏ ਤੇ ਦੂਜੀ ਧਾਰਾ 295-ਏ ਸੀ। ਇਹਨਾਂ ਦੋਹਾਂ ਧਰਾਵਾਂ 'ਚ ਸੋਧਾਂ ਕੀਤੀਆਂ ਗਈਆਂ ਸਨ। ਭਾਵ ਇਹਨਾਂ ਦੇ ਦੰਦ ਹੋਰ ਤਿੱਖੇ ਕੀਤੇ ਗਏ ਸਨ। ਪੰਜਾਬ ਦੇ ਲੋਕਾਂ ਵੱਲੋਂ ਕੀਤੇ ਲੰਮੇ ਸੰਘਰਸ਼ ਕਾਰਨ ਬਾਦਲ ਹਕੂਮਤ ਨੂੰ ਨਵੇਂ ਬਣਾਏ ਦੋ ਕਾਨੂੰਨ ਰੱਦ ਕਰਨੇ ਪੈ ਗਏ ਸਨ ਪਰ ਲੋਕਾਂ ਦੇ ਵਿਚਾਰ ਪ੍ਰਗਟਾਵੇ ਦੀ ਅਜਾਦੀ ਨਾਲ ਸੰਬੰਧਿਤ ਕਾਨੂੰਨਾਂ 'ਚ ਕੀਤੀਆਂ ਤਬਦੀਲੀਆਂ ਰੱਦ ਨਹੀਂ ਕੀਤੀਆਂ ਗਈਆਂ ਸਨ। ਇਹ ਰੱਦ ਕਰਵਾਉਣ ਲਈ ਸੰਘਰਸ਼ ਦਾ ਕਾਰਜ ਅਜੇ ਖੜ੍ਹਾ ਹੈ। ਸੁਰਜੀਤ ਗੱਗ 'ਤੇ ਦਰਜ ਹੋਇਆ ਕੇਸ ਇਹਨਾਂ ਜਾਬਰ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਦੀ ਲੋੜ ਮੁੜ ਯਾਦ ਕਰਵਾਉਂਦਾ ਹੈ ਤੇ ਇਹਦੇ ਖਿਲਾਫ ਲੋਕਾਂ ਦੇ ਸੰਘਰਸ਼ ਦੀ ਜ਼ਰੂਰਤ ਨੂੰ ਉਭਾਰਦਾ ਹੈ। ਹੇਠਾਂ ਉੱਘੇ ਵਕੀਲ ਐਨ.ਕੇ.ਜੀਤ ਦੀ ਇੱਕ ਲੰਮੇ ਭਾਸ਼ਣ ਦਾ ਹਿਸਾ ਦੇ ਰਹੇ ਹਾਂ ਜਿਹਨਾਂ ਉਹਨਾਂ ਨੇ ਅਪ੍ਰੈਲ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਇਹਨਾਂ ਕਾਨੂੰਨਾਂ ਦੇ ਵਿਰੋਧ 'ਚ ਕਰਵਾਈ ਕਨਵੈਨਸ਼ਨ ਦੌਰਾਨ ਦਿੱਤਾ ਸੀ। ਉਹ ਕਨਵੈਨਸ਼ਨ 25 ਦਸੰਬਰ 2010 ਨੂੰ ਟੀਚਰਜ਼ ਹੋਮ ਬਠਿੰਡਾ 'ਚ ਹੋਈ ਸੀ। ਇਹ ਕਨਵੈਨਸ਼ਨ ਫਰੰਟ ਵੱਲੋਂ ਪੰਜਾਬ ਭਰ 'ਚ ਹੋਈਆਂ 5 ਕਨਵੈਨਸ਼ਨਾਂ 'ਚੋਂ ਇੱਕ ਸੀ।*



ਜਿਹੜੇ ਅਗਲੇ ਦੋ ਕਾਨੂੰਨ ਬਣਾਏ, ਉਹ ਦੋਵੇਂ ਕਾਨੂੰਨ ਸਾਡੀ ਬੋਲਣ ਦੀ ਆਜਾਦੀ, ਸਾਡੀ ਵਿਚਾਰ ਪ੍ਰਗਟ ਕਰਾਉਣ ਦੀ ਆਜਾਦੀ, ਨਾਲ ਸਬੰਧਤ ਨੇ। ਉਸ ਅਧਿਕਾਰ ਨਾਲ ਸਬੰਧਤ ਨੇ, ਜੋ ਸੰਵਿਧਾਨ ਸਾਨੂੰ ਦਿੰਦਾ ਹੈ। ਤੇ ਸੰਵਿਧਾਨ ਨੇ ਸਰਕਾਰਾਂ ਦੀ ਇਹ ਡਿਊਟੀ ਲਾਈ ਹੈ ਕਿ ਤੁਸੀਂ ਲੋਕਾਂ ਦੀ ਵਿਗਿਆਨਕ ਸੋਚ ਬਣਾਉਣ ਵਾਸਤੇ ਹਰ ਤਰ੍ਹਾਂ ਦਾ ਯਤਨ ਕਰੋ। ਇਹ ਜਿਹੜੇ ਦੋਵੇਂ ਕਾਨੂੰਨ ਬਣਾਏ, ਉਸ ਅਧਿਕਾਰੀ ਦੀ ਨਿਗੇਸ਼ਨ, ਉਸ ਅਧਿਕਾਰ ਨੂੰ ਮਨਫੀ ਕਰਦੇ ਨੇ, ਸਾਡੇ ਕੋਲੋਂ ਖੋਹਦੇ ਨੇ। ਇਹਨਾਂ ਕਾਨੂੰਨਾਂ ਦੇ ਤਹਿਤ ਇੰਡੀਅਨ ਪੈਨਲ ਕੋਡ (ਭਾਰਤੀ ਦੰਡ ਵਿਧਾਨ) ਦੇ ਦੋ ਜਿਹੜੇ ਜੁਰਮ ਦਰਜ ਕੀਤੇ ਗਏ ਨੇ। ਇੱਕ ਧਾਰਾ 153-ਏ, ਇੱਕ ਧਾਰਾ 295-ਏ ਇਹਨਾਂ ਦੋਨਾਂ ਧਾਰਾਵਾਂ ਦੇ ਵਿੱਚ, ਸੋਧ ਕੀਤੀ ਗਈ ਹੈ। ਧਾਰਾ 153-ਏ ਦੇ ਵਿੱਚ ਇਹ ਗੱਲ ਕਹੀ ਗਈ ਹੈ ਕਿ ਜੇ ਕੋਈ ਵੀ ਬੰਦਾ ਲੋਕਾਂ ਦੇ ਵੱਖ-ਵੱਖ ਹਿੱਸਿਆਂ 'ਚ, ਧਰਮ ਦੇ ਅਧਾਰ 'ਤੇ, ਨਸਲ ਦੇ ਅਧਾਰ 'ਤੇ, ਉਹਨਾਂ ਦੀ ਰਿਹਾਇਸ਼ ਦੇ ਅਧਾਰ 'ਤੇ-ਜਿੱਥੇ ਦੇ ਉਹ ਰਹਿਣ ਵਾਲੇ ਨੇ, ਉਸ ਗੱਲ ਦੇ ਅਧਾਰ 'ਤੇ, ਭਾਸ਼ਾ ਦੇ ਅਧਾਰ 'ਤੇ, ਕਿਸੇ ਤਰ੍ਹਾਂ ਨਾਲ ਵੀ ਕੋਈ ਇਹੋ ਜਿਹਾ ਕੰਮ ਕਰਦਾ ਹੈ, ਕਿ ਉਹਨਾਂ ਨੇ ਵਿਚਾਲੇ ਵਖਰੇਵੇਂ ਪੈਦਾ ਹੁੰਦੇ ਨੇ, ਨਫਰਤ ਪੈਦਾ ਹੁੰਦੀ ਹੈ, ਜਾਂ ਲੋਕਾਂ ਦੇ ਵੱਖ-ਵੱਖ ਹਿੱਸਿਆਂ ਵਿਚਕਾਰ ਕਿਸੇ ਵੀ ਅਧਾਰ 'ਤੇ ਨਫਰਤ ਫੈਲਾਉਂਦਾ ਹੈ ਤਾਂ ਉਹਦੇ ਖਿਲਾਫ 153-ਏ ਧਾਰਾ ਦੇ ਤਹਿਤ ਮੁਕੱਦਮਾ ਦਰਜ ਕੀਤਾ ਜਾ ਸਕਦਾ ਹੈ। ਜੋ ਹੁਣ ਤੱਕ ਕਾਨੂੰਨ ਸੀ, ਉਸ ਦੇ ਵਿੱਚ ਇਹ ਲਿਖਿਆ ਗਿਆ ਸੀ ਕਿ ਧਾਰਾ 153-ਏ ਦੇ ਤਹਿਤ ਕਿਸੇ ਦੇ ਖਿਲਾਫ ਮੁਕੱਦਮਾ ਦਰਜ ਹੁੰਦਾ ਹੈ ਤਾਂ ਉਸਨੂੰ ਤਿੰਨ ਸਾਲ ਤੱਕ ਦੀ ਕੈਦ ਕੀਤੀ ਜਾ ਸਕਦੀ ਹੈ। ਜੁਰਮਾਨਾ ਵੀ ਨਾਲ ਕੀਤਾ ਜਾ ਸਕਦਾ ਹੈ। ਇਸ ਸੋਧ ਰਾਹੀਂ, ਇਹ ਕਰ ਦਿੱਤਾ ਗਿਆ ਕਿ 153-ਏ ਦਾ ਜਿਹੜਾ ਜੁਰਮ ਹੈ, ਉਹਦੇ 'ਚ 10 ਸਾਲ ਤੱਕ ਕੈਦ ਕੀਤੀ ਜਾ ਸਕਦੀ ਹੈ। ਤਿੰਨ ਸਾਲ ਤੋਂ ਵਧਾ ਕੇ ਦਸ ਸਾਲ ਕਰ ਦਿੱਤੀ। ਤੇ ਨਾਲ ਇਹ ਕਰ ਦਿੱਤਾ ਕਿ ਤਿੰਨ ਸਾਲ ਦੀ ਕੈਦ ਤਾਂ ਲਾਜ਼ਮੀ ਕਰਨੀ ਹੈ। ਅਦਾਲਤ ਕੋਲੋਂ ਤਿੰਨ ਸਾਲ ਤੋਂ ਘੱਟ ਕੈਦ ਕਰਨ ਦਾ ਅਧਿਕਾਰ ਤਾਂ ਖੋਹ ਲਿਆ। ਤਿੰਨ ਸਾਲ ਦੀ ਕੈਦ ਤਾਂ ਜ਼ਰੂਰ ਕਰਨੀ ਹੈ, ਉਂਝ ਦਸ ਸਾਲ ਤੱਕ ਉਹਨੂੰ ਕੈਦ ਕੀਤੀ ਜਾ ਸਕਦੀ ਹੈ।

295-ਏ ਦੇ ਵਿੱਚ ਕੋਈ ਬੰਦਾ ਇਹ ਸ਼ਿਕਾਇਤ ਕਰਦਾ ਹੈ ਕਿ ਫਲਾਨੇ ਬੰਦੇ ਨੇ ਫਲਾਨੀ ਗੱਲ ਕਰਕੇ ਮੇਰੇ ਧਾਰਮਿਕ ਵਿਸ਼ਵਾਸ਼ ਨੂੰ ਠੇਸ ਪਹੁੰਚਾਈ ਹੈ, ਜਾਂ ਮੇਰੇ ਧਰਮ ਦੀ ਬੇਇੱਜਤੀ ਕੀਤੀ ਹੈ, ਤਾਂ ਉਸਦੇ ਖਿਲਾਫ ਧਾਰਾ 295-ਏ ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ। ਉਹਦੇ ਤਹਿਤ ਵੀ ਹੁਣ ਤੱਕ ਤਿੰਨ ਸਾਲ ਦੀ ਕੈਦ ਸੀ। ਹੁਣ ਉਹ ਕੈਦ ਵਧਾ ਕੇ ਦਸ ਸਾਲ ਤੱਕ ਦੀ ਕਰ ਦਿੱਤੀ। ਤੇ ਨਾਲ ਸ਼ਰਤ ਲਾਜ਼ਮੀ ਕਰ ਦਿੱਤੀ ਕਿ ਤਿੰਨ ਸਾਲ ਦੀ ਕੈਦ ਤਾਂ ਉਹਨੂੰ ਹਰ ਹਾਲਤ ਵਿੱਚ ਕਰਨੀ ਹੀ ਕਰਨੀ ਹੈ।

ਦੋਸਤੋ, ਸਾਡਾ ਜੋ ਤਜਰਬਾ ਹੈ, ਸਾਡੇ ਇੱਕ ਨਾਟਕਕਾਰ ਬਠਿੰਡੇ ਦੇ ਉਹਨਾਂ ਨੇ ਥਰਮਲ ਦੇ ਵਿੱਚ ਇੱਕ ਨਾਟਕ ਕੀਤਾ- ਰੱਬ ਜੀ ਥੱਲੇ ਆ ਜਾਓ। ਕੀਰਤੀ ਕਿਰਪਾਲ ਹੋਰਾਂ ਨੇ। ਉਹਨਾਂ ਤੇ 295-ਏ ਧਾਰਾ ਦੇ ਤਹਿਤ ਮੁਕੱਦਮਾ ਦਰਜ ਕਰਵਾ ਦਿੱਤਾ। ਇੱਕ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਬੰਦੇ ਨੇ ਸ਼ਿਕਾਇਤ ਕੀਤੀ ਕਿ ਤੁਸੀਂ ਮੇਰੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ। ਉਹ ਨਾ ਸਿਰਫ ਕੀਰਤੀ ਕਿਰਪਾਲ ਬਲਕਿ ਉਸਦੀ ਟੀਮ ਦੇ ਦਸ-ਦਸ ਸਾਲਾਂ ਦੇ ਬੱਚੇ ਵੀ ਉਸ ਕੇਸ ਵਿੱਚ ਲਪੇਟ ਲਏ ਗਏ। ਤਰਕਸ਼ੀਲ ਸੁਸਾਇਟੀ ਵਾਲੇ ਰੱਬ ਕਹਿਣ, ਇਸ 'ਤੇ ਕੋਈ ਵੀ ਕਹਿ ਸਕਦਾ ਹੈ ਕਿ ਇਹਨਾਂ ਨੇ ਇਹ ਗੱਲ ਕਹਿ ਕੇ ਮੇਰੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਦਿੱਤੀ। ਹੁਣ ਤੱਕ ਫਾਜਿਲਕਾ 'ਚ. ਤਪੇ 'ਚ, ਸਾਡੇ ਇੱਥੇ ਬਠਿੰਡੇ 'ਚ, ਹੋਰ ਕਿੰਨੀਆਂ ਥਾਵਾਂ ਦੇ ਉੱਤੇ ਈ, ਜਿਹੜੇ ਕੱਟੜਪੰਥੀ ਲੋਕ ਨੇ, ਉਨ੍ਹਾਂ ਦੇ ਨਾਲ ਬਖੇੜੇ ਖੜ੍ਹੇ ਕੀਤੇ ਨੇ।

ਇਹ ਜਿਹੜੇ ਦੋਵੇਂ ਈ ਕਾਨੂੰਨ ਨੇ, ਇਹ ਸਾਨੂੰ ਅੰਗਰੇਜਾਂ ਤੋਂ ਹੀ ਵਿਰਾਸਤ ਵਿੱਚ ਮਿਲੇ ਨੇ। ਜਦੋਂ ਇਹ ਕੋਡ ਬਣਿਆ ਸੀ, ਇੰਡੀਅਨ ਪੈਨਲ ਕੋਡ, ਉਦੋਂ ਤੋਂ ਈ ਇਹਦੇ ਵਿੱਚ ਸ਼ਾਮਲ ਨੇ। ਫਰਕ ਸਿਰਫ ਏਨਾ ਪਿਆ ਕਿ ਪਹਿਲਾਂ ਇਹਦੇ ਵਿੱਚ ਦੋ ਸਾਲ ਦੀ ਕੈਦ ਸੀ, ਨਵੇਂ ਭਾਰਤੀ ਹਾਕਮਾਂ ਨੇ, ਦੋ ਸਾਲ ਤੋਂ ਤਿੰਨ ਸਾਲ ਦੀ ਕਰ ਦਿੱਤੀ। ਸੁਖਬੀਰ ਬਾਦਲ ਨੇ ਤਿੰਨ ਸਾਲ ਤੋਂ ਦਸ ਸਾਲ ਕਰ ਦਿੱਤੀ । ਇਹੀ ਕਾਨੂੰਨ-ਕਿਉਂਕਿ ਹਿੰਦੋਸਤਾਨ ਅਤੇ ਪਾਕਿਸਤਾਨ ਦੀ ਕਾਨੂੰਨੀ ਵਿਰਾਸਤ ਸਾਂਝੀ ਹੈ-ਪਾਕਿਸਤਾਨ ਦੇ ਵਿੱਚ ਵੀ ਸਿਰਫ ਉਹਨਾਂ ਨੇ ਨਾਂ ਈ ਬਦਲਿਆ ਹੈ, ਇੰਡੀਅਨ ਪੈਨਲ ਕੋਡ ਦੀ ਥਾਂ 'ਤੇ ਪਾਕਿਸਤਾਨੀ ਪੈਨਲ ਕੋਡ ਬਣਾ ਦਿੱਤਾ। ਪਾਕਿਸਤਾਨੀ ਪੈਨਲ ਕੋਡ ਦੇ ਵਿੱਚ 295-ਏ, 295 ਸੈਕਸ਼ਨ ਵਿੱਚ ਸੋਧ ਕਰਕੇ 295-ਸੀ ਇੱਕ ਸੈਕਸ਼ਨ ਸ਼ਾਮਲ ਕਰ ਦਿੱਤਾ। ਜੀਹਦੇ 'ਚ ਇਹ ਲਿਖਿਆ ਗਿਆ ਕਿ ਜੇ ਕੋਈ ਹਜਰਤ ਮੁਹੰਮਦ ਦੀ ਤੌਹੀਨ ਕਰਦਾ ਹੈ ਤਾਂ ਉਸਨੂੰ ਫਾਂਸੀ ਦੀ ਸਜਾ ਦਿੱਤੀ ਜਾ ਸਕਦੀ ਹੈ। ਹੋ ਸਕਦਾ ਹੈ ਸੁਖਬੀਰ ਬਾਦਲ ਜਦੋਂ ਅਜੇ ਡਿਪਟੀ ਚੀਫ ਮਨਿਸਟਰ ਹੈ, ਜਦੋਂ ਚੀਫ ਮਨਿਸਟਰ ਬਣਿਆ ਤਾਂ ਸ਼ਾਇਦ 295-ਸੀ ਪਾਕਿਸਤਾਨੀ ਹਾਕਮਾਂ ਵਾਂਗੂ ਇਹ ਵੀ ਲੈ ਆਵੇ। ਜਿਸ ਦੇ ਵਿੱਚ ਕਿਸੇ ਵੀ ਧਰਮ-ਗੁਰੂ ਦੀ ਤੌਹੀਨ ਵਾਸਤੇ ਫਾਂਸੀ ਦੀ ਸਜਾ ਦਿੱਤੀ ਜਾ ਸਕਦੀ ਹੈ।

ਦੋਸਤੋ, ਇਹ ਕਾਨੂੰਨ ਕਿਸੇ ਧਰਮ ਦੀ ਰਾਖੀ ਵਾਸਤੇ ਨਹੀਂ ਬਣਦੇ। ਇਹ ਕਾਨੂੰਨ ਸਿਰਫ ਆਪਣੇ ਵੋਟ ਬੈਂਕ ਬਚਾਉਣ ਵਾਸਤੇ, ਤੇ ਆਪਣੇ ਆਪ ਨੂੰ ਧਰਮ ਦੇ ਆਲੰਬਦਾਰ ਵਜੋਂ ਪ੍ਰੋਜੈਕਟ ਕਰਨ ਵਾਸਤੇ. ਇਹ ਬਣਦੇ ਨੇ। ਤੇ ਹਮੇਸ਼ਾਂ ਇਹਨਾਂ ਦੀ ਦੁਰਵਰਤੋਂ ਈ ਹੁੰਦੀ ਰਹੀ ਹੈ। ਜਿਹੜੇ ਇਹ ਕਹਿੰਦੇ ਨੇ ਕਿ ਸਾਡੇ ਧਾਰਮਿਕ ਵਿਸ਼ਵਾਸ਼ਾਂ ਨੂੰ ਠੇਸ ਲੱਗੀ, ਉਹਨਾਂ ਦੇ ਅਸਲ ਵਿੱਚ ਕੋਈ ਧਾਰਮਿਕ ਵਿਸ਼ਵਾਸ਼ ਹੁੰਦੇ ਈ ਨਹੀਂ। ਉਹਨਾਂ ਦਾ ਜਾਂ ਤਾਂ ਪੈਸੇ ਵਿੱਚ ਵਿਸ਼ਵਾਸ਼ ਹੁੰਦਾ ਹੈ ਜਾਂ ਕੁਰਸੀ ਦੇ ਵਿੱਚ ਵਿਸ਼ਵਾਸ਼ ਹੁੰਦਾ ਹੈ। ਇਸ ਤੋਂ ਇਲਾਵਾ ਕੋਈ ਵਿਸ਼ਵਾਸ਼ ਨਹੀਂ ਹੁੰਦਾ। ਪਾਕਿਸਤਾਨ ਵਿੱਚ ਕੀ ਹੋਇਆ, ਇੱਕ ਇਸਾਈ ਔਰਤ ਐ, ਆਸੀਆ ਬੀਬੀ, ਇੱਟਾਂਵਾਲੀ ਪਿੰਡ ਹੈ, ਉਥੇ ਰਹਿੰਦੀ ਸੀ ਉਹ, ਆਂਢੀ-ਗੁਆਂਢੀ ਔਰਤਾਂ ਨੇ, ਜਿਹੜੇ ਮੁਸਲਮ ਲੋਕ ਸੀ ਜਿਆਦਾ, ਉਹਨਾਂ ਨੇ ਕਿਹਾ ਕਿ ਤੂੰ ਇਹ ਕੀ ਈਸਾਈ ਧਰਮ ਗ੍ਰਹਿਣ ਕਰੀਂ ਬੈਠੀ ਏਂ, ਤੂੰ ਛੱਡ, ਤੂੰ ਮੁਸਲਮਾਨ ਕਿਉਂ ਨੀਂ ਬਣ ਜਾਂਦੀ। ਉਹਨੇ ਕਿਹਾ ਬਾਈ ਰੱਬ ਅੱਗੇ ਸਾਰੇ ਇੱਕੋ ਜਿਹੇ ਈ ਹੁੰਦੇ ਆ, ਚੱਲੋ ਕੋਈ ਨੀ ਮੈਂ ਇਸਾਈ ਧਰਮ 'ਚ ਹਾਂ, ਇਹਦੇ ਨਾਲ ਕੀ ਫਰਕ ਪੈਂਦਾ ਹੈ, ਤੁਸੀਂ ਆਪਣਾ ਧਰਮ ਮੰਨੀ ਜਾਓ, ਮੈਂ ਆਪਣਾ ਧਰਮ ਮੰਨੀ ਜਾਊਂਗੀ। ਉਹ ਖਾਸਾ ਜੋਰ ਲਾਉਂਦੀਆਂ ਰਹੀਆਂ, ਉਹ ਨਹੀਂ ਮੰਨੀ। ਇੱਕ ਦਿਨ ਉਹ ਜੂਨ-ਜੁਲਾਈ ਜਦੇ ਮਹੀਨੇ ਖੇਤ ਵਿੱਚ ਕੰਮ ਕਰ ਰਹੀਆਂ ਸਨ, ਮੁਸਲਮ ਔਰਤਾਂ ਵੀ ਸੀ, ਉਹ ਪਾਣੀ ਲੈ ਕੇ ਗਈਆਂ ਬਾਲਟੀ। ਉਹਨੂੰ ਤੇਹ ਲੱਗੀ। ਉਹਨੇ, ਉਸ ਬਾਲਟੀ ਦੇ ਵਿੱਚੋਂ ਗਲਾਸ ਪਾਣੀ ਦਾ ਭਰ ਲਿਆ। ਉਹ ਔਰਤਾਂ ਉਹਦੇ ਗਲ ਪੈ ਗਈਆਂ ਕਿ ਤੂੰ ਸਾਡਾ ਪਾਣੀ ਭਿੱਟ ਦਿੱਤਾ। ਅਸੀਂ ਤਾਂ ਹੁਣ ਪੀ ਨਹੀਂ ਸਕਦੀਆਂ। ਉਹ ਕਹਿੰਦੀ ਬਈ ਇਹਦੇ ਨਾਲ ਕੀ ਫਰਕਾ ਪੈ ਗਿਆ। ਚਲੋ ਬਹਿਸ ਚੱਲਦੀ ਚੱਲਦੀ, ਧਰਮ ਦੇ ਉੱਤੇ ਚਲੀ ਗਈ। ਉਹਨੇ ਆਪਣੇ ਧਰਮ ਨੂੰ ਇਹ ਸਿੱਧ ਕਰਨ ਵਾਸਤੇ ਬਈ ਮੇਰਾ ਧਰਮ ਵੀ ਕੋਈ ਘੱਟ ਨਹੀਂ ਹੈ, ਉਹਨੇ ਆਪਣ ਗੱਲ ਦੇ ਉੱਤੇ ਜੋਰ ਦਿੱਤਾ। ਤਾਂ ਬਾਅਦ ਦੇ ਵਿੱਚ ਉਹਦੇ ਖਿਲਾਫ ਇੱਕ ਪਰਚਾ ਦਰਜ ਕਰਵਾ ਦਿੱਤਾ ਗਿਆ ਕਿ ਤੂੰ ਹਜ਼ਰਤ ਮੁਹੰਮਦ ਦੀ ਤੌਹੀਨ ਕੀਤੀ ਹੈ। ਤੂੰ ਕਿਹਾ ਬਾਈ ਕੀ ਤੁਹਾਡਾ ਹਜ਼ਰਤ ਮੁਹੰਮਦ ਕੋਈ ਬਾਹਲਾ ਵੱਡਾ। 18 ਮਹੀਨੇ ਜੇਲ੍ਹ ਦੇ ਵਿੱਚ ਰੱਖਣ ਤੋਂ ਬਾਅਦ ਉਸ ਔਰਤ ਨੂੰ ,ਜਿਹਦੇ ਪੰਜ ਬੱਚੇ ਨੇ। ਉਸ ਔਰਤ ਨੂੰ ਫਾਂਸੀ ਦੀ ਸਜਾ ਇਸੇ ਸਾਲ ਨਵਾਬਰ ਦੇ ਵਿੱਚ ਸੁਣਾ ਦਿੱਤੀ ਗਈ। ਦੂਸਰੀ ਘਟਨਾ, ਜਿਹੜੀ ਏਦੂੰ ਵੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ, ਇੱਕ ਮੈਡੀਕਲ ਰਿਪਰੇਜ਼ੈਂਟੇਟਿਵ, ਦਵਾਈਆਂ ਵੇਚਣ ਵਾਲਾ, ਇਕ ਡਾਕਟਰ ਸਾਹਿਬ ਕੋਲ ਗਿਆ, ਉਹਨੂੰ ਜਾ ਕੇ ਉਹਨੇ ਕੁਝ ਦੱਸਿਆ। ਡਾਕਟਰ ਆਪਣੇ ਕੰਮ ਵਿੱਚ ਰੁਝਿਆ ਹੋਇਆ ਸੀ, ਉਹਨੇ ਕਿਹਾ ਯਾਰ ਤੂੰ ਫਿਰ ਆ ਜਾਈਂ ਕਿਸੇ ਦਿਨ, ਹੁਣ ਮੇਰੇ ਕੋਲ ਟਾਇਮ ਹੈ ਨਹੀਂ, ਮੇਰੇ ਪੇਸ਼ੈਂਟ ਬੈਠੇ ਨੇ ਮੇਰੇ ਕੋਲ। ਮੈਂ ਉਹਨਾਂ ਨੂੰ ਅਟੈਂਡ ਕਰ ਰਿਹਾਂ। ਉਹ ਬਾਹਰ ਆ ਗਿਆ। ਆ ਕੇ ਉਹਨੇ ਉਹਦੇ ਤੇ ਪਰਚਾ ਇਹ ਦਰਜ ਕਰਵਾ ਦਿੱਤਾ ਕਿ ਜੀ ਮੈਂ ਇਹਨਾਂ ਆਪਣਾ ਵਿਜ਼ਿਟਿੰਗ ਕਾਰਡ ਦਿੱਤਾ, ਜੀਹਦੇ ਤੇ ਹਰਜ਼ਤ ਮੁਹੰਮਦ ਦੀ ਬੇਇੱਜਤੀ ਕਰ ਦਿੱਤੀ। ਇਸ ਕਰਕੇ ਇਸ ਤੇ 295-ਸੀ ਦੇ ਤਹਿਤ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਪਾਕਿਸਤਾਨ ਦੇ ਡਾਕਟਰਾਂ ਨੇ ਥੋੜ੍ਹਾ ਧੜੱਲਾ ਦਿਖਾਇਆ, ਉਹਦੇ ਹੱਕ ਦੇ ਵਿੱਚ ਆਏ ਤਾਂ ਉਸਨੂੰ ਕੁਛ ਦਿਨ ਜੇਲ੍ਹ ਵਿੱਚ ਰੱਖਣ ਤੋਂ ਬਾਅਦ ਹੁਣ ਰਿਹਾਆ ਕਰ ਦਿੱਤਾ ਗਿਆ। ਯਾਨੀ 295-ਏ ਅਤੇ 153-ਏ ਵਿੱਚ ਜੋ ਕੁਝ ਵੀ ਹੋ ਰਿਹੈ, ਇਹ ਅਲਟੀਮੇਟਲੀ ਸਾਡੇ ਸਮਾਜ ਨੂੰ ਉਧਰ ਲੈ ਕੇ ਜਾ ਰਹੇ ਨੇ। ਸੰਵਿਧਾਨ ਵਿੱਚ ਲਿਖ ਦਿੱਤਾ ਗਿਆ ਕਿ ਸਾਡਾ ਧਰਮ-ਨਿਰਪੱਖ ਮੁਲਕ ਹੋਵੇਗਾ। ਜਿਹੜਾ ਕੋਈ ਨਾਸਤਿਕ ਵਿਚਾਰ ਰੱਖਦਾ ਹੈ, ਵਿਗਿਆਨਕ ਸੋਚ ਰੱਖਦਾ ਹੈ, ਉਹਦੇ ਲਈ ਪੈਰ ਪੈਰ ਤੇ ਰੋੜੇ ਖੜ੍ਹੇ ਕੀਤੇ ਜਾ ਰਹੇ ਨੇ।

ਦੋਸਤੋ, ਜਿਵੇਂ ਮੈਂ ਪਹਿਲਾਂ ਕਿਹਾ ਹੈ, ਇਹ ਸਾਰਾ ਕੁਝ ਆਪਣੇ ਵੋਟ ਬੈਂਕ ਨੂੰ ਸੁਰੱਖਿਅਤ ਰੱਖਣ ਲਈ ਕੀਤਾ ਜਾ ਰਿਹੈ। ਮੈਂ ਦੋ ਮਿਸਾਲਾਂ ਦੇਵਾਂਗਾ। ਬਾਬਾ ਭਨਿਆਰੇ ਵਾਲੇ ਨੇ ਇੱਕ ਕਿਤਾਬ ਛਾਪੀ, ਗਰੰਥ ਕਹਿ ਰਹੇ ਨੇ ਉਹਨੂੰ। ਉਸ ਗਰੰਥ ਦੇ ਉੱਤੇ ਪੰਜਾਬ ਸਰਕਾਰ ਨੇ ਪਾਬੰਦੀ ਲਾ ਦਿੱਤੀ। ਉਹ ਹਾਈਕੋਰਟ ਵਿੱਚ ਚਲਿਆ ਗਿਆ, ਕਿ ਤੁਸੀਂ ਗਲਤ ਪਾਬੰਦੀ ਲਾਈ ਹੈ, ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਦੋ ਵਿਦਵਾਨ ਤੁਸੀਂ ਦੇ ਦਿਓ, ਦੋ ਵਿਦਵਾਨ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਾਲੇ ਦੇ ਦੇਣ ਤੇ ਇੱਕ ਵਿਦਵਾਨ ਬਾਬਾ ਭਨਿਆਰਾ ਵਾਲੇ ਦੇ ਦੇਵੇ। ਇਹ ਕਮੇਟੀ ਬਹਿ ਕੇ ਫੈਸਲਾ ਕਰ ਲਵੇ ਕਿ ਇਸ ਗਰੰਥ ਦੇ ਵਿੱਚ ਕਿਹੜੀ ਗੱਲ ਇਤਰਾਜ਼ ਯੋਗ ਹੈ। ਲੱਗਭੱਗ ਡੇਢ ਸਾਲ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਕੋਈ ਵਿਦਵਾਨ ਨਹੀਂ ਲੱਭਿਆ ਜਿਹੜਾ ਉਸ ਕਮੇਟੀ ਦਾ ਮੈਂਬਰ ਬਣ ਸਕੇ। ਹੁਣ ਜਦੋਂ ਹਾਈਕੋਰਟ ਨੇ ਕਿਹਾ ਕਿ ਤੁਸੀਂ ਜਾਂ ਤਾਂ ਕਮੇਟੀ ਬਣਾਓ ਜਾਂ ਅਗਲੀ ਵਾਰੀ ਚੀਫ ਸੈਕਟਰੀ ਨੂੰ ਇਥੇ ਪੇਸ਼ ਕਰੋ ਤਾਂ ਕਿ ਉਹਦੇ ਖਿਲਾਫ ਅਸੀਂ ਕਾਰਵਾਈ ਕਰ ਸਕੀਏ। ਹੁਣ ਉਹਨਾਂ ਨੇ, ਅੱਜ ਦੇ ਅਖਬਾਰਾਂ ਵਿੱਚ ਖਬਰ ਛਪੀ ਹੈ ਕਿ ਚਾਰ ਵਿਦਵਾਨ ਲੱਭ ਲਏ। ਉਹਨਾਂ ਦੀ ਉਹ ਕਮੇਟੀ ਬਣ ਗਈ। ਜਿਹਨੂੰ ਕਿਹਾ ਗਿਆ ਹੈ ਕਿ 31 ਮਾਰਚ ਤੱਕ ਆਪਣੀ ਰਿਪੋਰਟ ਦੇਵੇ। ਦੂਸਰਾ ਮਾਮਲਾ ਸੱਚੇ ਸੌਦੇ ਵਾਲੇ ਬਾਬੇ ਦਾ ਹੈ। ਪੰਜਾਬ ਦੇ ਵਿੱਚ ਸੱਚੇ ਸੌਦੇ ਵਾਲੇ ਬਾਬੇ 'ਤੇ ਇੱਕੋ ਪਰਚਾ ਦਰਜ ਹੋਇਆ ਸੀ, 295-ਏ 'ਚ। ਜੀਹਦੇ 'ਚ ਸਲਾਬਤਪੁਰੇ 'ਚ ਜੋ ਉਹਨਾਂ ਨੇ ਪ੍ਰੋਗਰਾਮ ਕੀਤਾ, ਉਹਦੇ ਬਾਰੇ। ਕਿਉਂਕਿ ਉਹਦੇ ਵਿੱਚ ਸਜਾ ਤਿੰਨ ਸਾਲ ਤੱਕ ਦੀ ਸੀ, ਕਾਨੂੰਨ ਇਹ ਕਹਿੰਦਾ ਹੈ ਕਿ ਜੇ ਤਿੰਨ ਸਾਲ ਦੀ ਸਜਾ ਹੈ ਤਾਂ ਤਿੰਨ ਸਾਲ ਦੇ ਵਿੱਚ ਵਿੱਚ ਤੁਸੀਂ ਚਲਾਨ ਪੇਸ਼ ਕਰਨਾ ਹੈ। ਜੇ ਤਿੰਨ ਸਾਲ ਲੰਘ ਗਏ ਤਾਂ ਉਹਦਾ ਚਲਾਨ ਨਹੀਂ ਲਿਆ ਜਾਵੇਗਾ। ਉਹਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਵੇਗੀ। ਜਿੰਨੀ ਦੇਰ ਤੱਕ ਵੋਟਾਂ ਦਾ ਸੌਦਾ ਨਹੀਂ ਹੋਇਆ ਸੀ, ਓਨੀ ਦੇਰ ਤੱਕ ਉਹ ਕੇਸ ਬੜੇ ਜੋਰ ਸ਼ੋਰ ਨਾਲ ਪਰਸਿਊ ਹੁੰਦਾ ਰਿਹਾ, ਹਾਈਕੋਰਟ ਵਿੱਚ ਵੀ, ਇਥੇ ਵੀ, ਸਭ ਥਾਂ ਤੇ ਉਹ ਸਾਰਾ ਕੁਝ ਬਹੁਤ ਜੋਰ ਸ਼ੋਰ ਨਾਲ ਉਹ ਸਾਰਾ ਕੁਝ ਹੋਇਆ-ਜਿੱਦਣ ਵੋਟਾਂ ਦਾ ਸੌਦਾ ਹੋ ਗਿਆ, ਓਦਣ ਉਹਨੂੰ ਠੰਡੇ ਬਸਤੇ ਵਿੱਚ ਪਾ ਕੇ ਰੱਖ ਦਿੱਤਾ ਗਿਆ। ਮਈ 2008 ਦਾ ਕੇਸ ਰਜਿਸਟਰਡ ਹੋਇਆ, ਮਈ 2010 'ਚ ਤਿੰਨ ਸਾਲ ਹੋ ਗਏ, ਖਤਮ ਹੋ ਗਿਆ। ਕਿਉਂਕਿ ਹੁਣ ਸਾਡਾ ਵੋਟਾਂ ਦਾ ਸੌਦਾ ਹੋ ਗਿਆ।

ਯਾਨੀ ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਹੁਣ ਤੱਕ ਜਦੋਂ ਇਸ਼ ਕੇਸ ਵਿੱਚ ਸਿਰਫ ਤਿੰਨ ਸਾਲ ਦੀ ਕੈਦ ਸੀ, ਬੰਦਾ ਬਾਹਲੀ ਪ੍ਰਵਾਹ ਨਹੀਂ ਕਰਦਾ, ਉਦੋਂ ਉਹ ਇਹਨਾਂ ਜੁਰਮਾਂ ਨੂੰ ਆਪਣਾ ਵੋਟ ਬੈਂਕ ਬਣਾਉਣ ਵਾਸਤੇ, ਆਪਣੀਆਂ ਰਾਜਸੀ ਤਿਕੜਮਬਾਜੀਆਂ ਵਾਸਤੇ ਵਰਤਦੇ ਰਹੇ ਨੇ. ਤੇ ਜਦੋਂ ਇਹਦੇ ਵਿੱਚ ਦਸ ਸਾਲ ਦੀ ਕੈਦ ਉਹਨਾਂ ਨੇ ਰੱਖ ਦਿੱਤੀ ਤੇ ਨਾਲ ਇਹ ਕਰ ਦਿੱਤਾ ਕਿ ਇਸ ਕੇਸ ਵਿੱਚ ਜਮਾਨਤ ਨਹੀਂ ਹੋ ਸਕੇਗੀ, ਅਗਾਊਂ ਜਮਾਨਤ ਨਹੀਂ ਹੋ ਸਕੇਗੀ, ਜੇਲ੍ਹ 'ਚ ਰਹਿ ਕੇ ਹੀ ਉਸ ਬੰਦੇ ਨੂੰ ਮੁਕੱਦਮਾ ਭੁਗਤਣਾ ਪਵੇਗਾ। ਉਹਨਾਂ ਹਾਲਤਾਂ ਦੇ ਵਿੱਚ, ਕਿਸੇ ਵੀ ਬੰਦੇ ਵਾਸਤੇ ਇਹ ਬਹੁਤ ਮੁਸ਼ਕਲ ਹੈ ਕਿ ਉਹ, ਜਦੋਂਹੀ ਇਹ ਧਮਕੀ ਮਿਲਦੀ ਹੈ ਕਿ ਤੇਰੇ 'ਤੇ ਆਹ ਕੇਸ ਬਣੇਗਾ ਉਦੋਂ ਡਰ ਜਾਂਦੇ ਅਗਲਾ। ਤੇ ਫਿਰ ਉਹਦੇ ਕੋਲੇ ਕੋਈ ਹੋਰ ਰਾਹ ਨਹੀਂ ਹੁੰਦਾ। ਕਿ ਜੀ ਠੀਕ ਹੈ, ਮੈਂ ਤਾਂ ਮੰਨ ਲੈਨਾ ਈਨ।×

ਤੇ ਇਹ ਗੱਲ ਕੱਲ੍ਹ ਨੂੰ ਜਦੋਂ ਅਸੀਂ ਐਲਾਨੀਆਂ ਤੌਰ 'ਤੇ ਕਹਿੰਦੇ ਹਾਂ ਕਿ ਤੁਹਾਡੀ ਸ਼੍ਰੋਮਣੀ ਕਮੇਟੀ ਦੇ ਹਥਿਆਰਬੰਦ ਦਸਤਿਆਂ ਨੇ ਗੁਰਦਾਸਪੁਰ ਜਿਲ੍ਹੇ ਦੇ ਵਿੱਚ ਜਿਹੜੇ ਮੁਜਾਰੇ ਕਿਸਾਨਾਂ ਦਾ ਕਤਲ ਕੀਤਾ ਐ, ਜੀਹਦੇ ਲਈ ਸ਼੍ਰੋਮਣੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸਿੱਧੇ ਤੌਰ 'ਤੇ ਜੁੰਮੇਵਾਰ ਹੈ, ਉਹ ਸਾਨੂੰ ਵੀ ਇਹ ਕਹਿ ਸਕਦੇ ਨੇ ਕਿ ਐਸ.ਜੀ.ਪੀ.ਸੀ. ਦਾ ਪ੍ਰਧਾਨ ਸਾਡੇ ਲਈ ਪੋਪ ਦੀ ਹੈਸੀਅਤ ਰੱਖਦਾ ਹੈ, ਤੁਸੀਂ ਉਸਦੀ ਬੇਅਦਬੀ ਕਰ ਰਹੇ ਹੋ। ਤੁਹਾਡੇ ਖਿਲਾਫ ਕਿਉਂ ਨਾ ਅਸੀਂ 295-ਏ ਦਾ ਕੇਸ ਦਰਜ ਕਰ ਲਈਏ। .ਇਹ ਸਾਰੀਆਂ ਗੱਲਾਂ ਇਸ ਕੰਮ ਵਾਸਤੇ ਵਰਤੀਆਂ ਜਾਣਗੀਆਂ। ਰਣਧੀਰ ਜੀ ਨੇ ਮੈਨੂੰ ਇੱਕ ਬੜੀ ਦਿਲਚਸਪ ਖਬਰ ਦਿੱਤੀ ਐ, ਜਿਹੜੀ ਤੁਸੀਂ ਸਾਰਿਆਂ ਨੇ ਸ਼ਾਇਦ ਪੜ੍ਹੀ ਹੋਊਗੀ। ਮੱਧ ਪ੍ਰਦੇਸ਼ ਦੇ ਮੁਰੈਨਾ ਜਿਲ੍ਹੇ ਦੇ ਇੱਕ ਪਿੰਡ ਵਿੱਚ ਕਿਸੇ ਦਲਿਤ ਗੁਆਂਢੀ ਨੇ ਆਪਣੇ ਕਿਸੇ ਉੱਚ ਜਾਤੀ ਦੇ ਬੰਦੇ ਦੇ ਕੁੱਤੇ ਨੂੰ ਰੋਟੀ ਪਾ ਦਿੱਤੀ। ਉਹ ਕਹਿੰਦਾ, ਮੇਰਾ ਤਾਂ ਕੁੱਤਾ ਭਿੱਟਿਆ ਗਿਆ। ਤੂੰ ਬਹੁਤ ਗਲਤ ਗੱਲ ਕਰ ਦਿੱਤੀ ਤੇ ਉਹਨੂੰ ਪੰਦਰਾਂ ਹਜਾਰ ਰੁਪਏ ਜੁਰਮਾਨਾ ਕੀਤਾ। ਤੇ ਨਾਲ ਇਹ ਬਈ ਤੇਨੂੰ ਮੌਤ ਦੀ ਸਜਾ ਦਿਆਂਗੇ। ਪਿੰਡਾਂ ਦੀਆਂ ਖਾਪ ਪੰਚਾਇਤਾਂ ਸਾਡੇ ਇਹੋ ਜਿਹੇ ਹੀ ਫੈਸਲੇ ਕਰਦੀਆਂ ਨੇ। ਇਹੋ ਜਿਹਾ ਸਾਰਾ ਕੁੱਝ ਚੱਲਦਾ। ਸਾਡੇ ਨਜ਼ਦੀਕ ਘੁੱਦਾ ਪਿੰਡ ਐ, ਘੁੱਦਾ ਪਿੰਡ 'ਚ ਰੌਲਾ ਸਰਪੰਚੀ ਦੀਆਂ ਵੋਟਾਂ ਦਾ ਐ। ਇੱਕ ਬੰਦੇ ਤੇ ਚਾਰ ਪਰਚੇ 295-ਏ ਦੇ ਦਰਜ ਕਰਵਾਏ। ਅਸੀਂ ਜਾ ਉੱਧਰ ਨੂੰ ਰਹੇ ਹਾਂ। ਪਹਿਲੇ ਦੋ ਕਾਨੂੰਨਾਂ ਰਾਹੀਂ ਸਰਕਾਰ ਦੀ ਜਾਬਰ ਰਾਜ ਮਸ਼ੀਨਰੀ ਨੂੰ ਅਤਿ ਦੇ ਮਾਰੂ ਅਧਿਕਾਰ ਦੇ ਦਿੱਤੇ। ਦੂਜੇ ਦੋ ਕਾਨੂੰਨ ਰਾਹੀਂ ਲੋਕਾਂ ਦੀ ਵਿਗਿਆਨਕ ਸੋਚ ਦੇ ਉੱਤੇ ਜਿੰਦਰੇ ਲਾ ਦਿੱਤੇ। ਜੇ ਉਹ ਕੁਛ ਵੀ ਕਰਦੇ ਨੇ ਯਾਨੀ ਉਹਨਾਂ ਜਾਬਰ ਰਾਜ ਮਸ਼ੀਨਰੀ ਰਾਹੀਂ, ਤੇ ਮੁੜ ਕੇ ਫਿਰ ਆਹ ਧਰਮ ਦੀਆਂ ਗੱਲਾਂ ਰਾਹੀਂ, ਬਈ ਤੁਸੀਂ ਧਰਮ ਦੀ ਬੇਅਦਬੀ ਕਰ ਰਹੇ ਹੋ, ਇਸ ਗੱਲ ਨਾਲ ਉਹਨਾਂ ਨੂੰ ਦਬਾਇਆ ਜਾ ਸਕੇ।

(ਇਸ ਧਾਰਾ ਦਾ ਇੱਕ ਧਿਆਨ ਦੇਣ ਯੋਗ ਪੱਖ ਇਹ ਹੈ ਕਿ ਇਹ ਧਰਮ ਦੀ ਆੜ 'ਚ ਪੇਂਡੂ ਧਨਾਢ ਚੌਧਰੀਆਂ ਵੱਲੋਂ ਦਲਿਤ ਖੇਤ ਮਜ਼ਦੂਰਾਂ 'ਤੇ ਦਬਸ਼ ਪਾਉਣ ਲਈ ਵਰਤੀ ਜਾ ਸਕਦੀ ਹੈ।)

# ਗੌਰਮਿੰਟ ਸਾਇੰਸ ਕਾਲਜ ਜਗਰਾਓਂ ਦੀ ਸਲਾਨਾ ਪਿਕਨਿਕ 9 ਜੁਲਾਈ 2017 ਨੂੰ ਟੈਰਾਕੋਟਾ ਪਾਰਕ ਵਿਚ ਮਨਾਈ ਗਈ। ਪਿਕਨਿਕ ਨਾ ਹੋ ਕੇ ਇਕ ਪਰਿਵਾਰ ਫੰਕਸ਼ਨ ਬਣ ਗਿਆ। ਜਿਸ ਦੀਆਂ ਮੂੰਹ ਬੋਲਦੀਆਂ ਤਸਵੀਰਾਂ।



ਜੇਮਜ਼ ਪੋਟਰ ਕਲੱਬ ਵਲੋਂ ਮਨਾਏ ਗਏ 150ਵੇਂ ਕੈਨੇਡਾ ਦਿਵਸ ਦੀਆਂ ਝਲਕੀਆਂ ਲਈ ਸੋਚਣ ਦੀ ਲੋੜ ਹੈ। ਅਸੀਂ ਵੱਖ-ਵੱਖ ਨਸਲਾਂ, ਖਿੱਤਿਆਂ, ਕਿੱਤਿਆਂ, ਸਭਿਆਚਾਰਾਂ, ਜੁਬਾਨਾਂ ਵਾਲੇ ਅਜਿਹੇ ਮੋੜ 'ਤੇ ਖੜ੍ਹੇ ਹਾਂ ਜਿਥੇ ਅਗਾਂਹ ਵਧਣ ਲਈ ਸਾਨੂੰ ਇਕ ਨਵੇਂ ਰਸਤੇ ਉਪਰ, ਇਕ ਵਿਚਾਰ ਕਾਫ਼ਲਾ ਅਤੇ ਇਕ ਲਹਿਰ ਉਸਾਰਨੀ ਹੋਵੇਗੀ, ਇਤਿਹਾਸ ਸਾਥੋਂ ਜਵਾਬ ਮੰਗਦਾ ਹੈ ਅਸੀਂ ਸੋਚਣਾ ਹੈ ਕਿ ਸਵਾਲਾਂ ਦਾ ਜਵਾਬ ਕਿਸ ਕਦਰ ਦੇ ਕੇ ਹਜ਼ਾਰਾਂ ਸਾਲਾਂ ਦੀ ਸਿਵਲਾਈਜੇਸ਼ਨ ਨੂੰ ਅਗਾਂਹ ਵਿਕਸਿਤ ਕਰ ਸਕਦੇ ਹਾਂ।



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
7 Year Experience In Vancouver Video Production
Video: Video film with single, double & multiple camera system (Broadcast Quality)
Photography: Still Photography (Coloured, black and white) digital enhancement
Music: DJ, Lighting, screen Projector live sound etc.
We can Also Arrange Decoration Party Rentals
We also have crane, track & steady com.
Customer satisfaction is our pride!
835-2762 or 29 DREAM (37326)
Special Packages Available For All Occasions

Punjab Insurance Inc.
Hardeep Atwal
Insurance Advisor
416-209-6363
Call For Free Quote...
• Life Insurance
• Disability Insurance
• Critical Illness Insurance
• RESP (Education Plan)
• RRSP (Retirement Plan)
• Super Visa Insurance
• Visitor Insurance
• Travel Insurance
• Segregated Funds
• TFSA (Tax Saving Account)
• Health and Dental Plans Etc.
Ensuring Your Life Ensuring Your Trust
10-7003 Steeles Ave. West, Etobicoke, ON M9W 0A2
deephsingh@gmail.com www.punjabinsurance.ca

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਮੱਘਰ ਸਿੰਘ ਹੰਸਰਾ ਮੁੜ ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਦੇ ਪ੍ਰਧਾਨ ਨਿਯੁਕਤ

ਬਰੈਂਪਟਨ : ਬੀਤੇ ਦਿਨੀਂ ਇੰਡੀਅਨ ਇੰਟਰਨੈਸ਼ਨ ਸੀਨੀਅਰਜ਼ ਕਲੱਬ ਦੀ ਏ ਜੀ ਐਮ ਹੋਈ। ਏ ਜੀ ਐਮ ਵਿੱਚ 70 ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲਾਂ ਗੱਜਣ ਸਿੰਘ ਗਰੇਵਾਲ ਨੇ ਕਲੱਬ ਦੇ ਪਿਛਲੇ ਸਾਲ ਦੇ ਆਮਦਨ ਅਤੇ ਖਰਚ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਪਰੰਤ ਪ੍ਰਧਾਨ ਮੱਘਰ ਸਿੰਘ ਹੰਸਰਾ ਨੇ ਇੰਡੀਅਨ ਇੰਟਰਨੈਸ਼ਨ ਸੀਨੀਅਰਜ਼ ਕਲੱਬ ਦੇ ਆਰਥਿਕ ਸਥਿਤੀ ਬਾਰੇ ਖੁੱਲ ਕੇ ਚਾਨਣਾ ਪਾਇਆ। ਇਸ ਸਮੇਂ ਹਾਜ਼ਰ ਸਮੂਹ ਮੈਂਬਰਾਂ ਨੇ ਇਸ ਰਿਪੋਰਟ ਨੂੰ ਪ੍ਰਵਾਨਗੀ ਦਿੱਤੀ।





ਇਸ ਮੌਕੇ ਸ੍ਰ. ਪ੍ਰਦੁਮਣ ਸਿੰਘ ਬੋਪਾਰਾਏ ਅਤੇ ਪ੍ਰੈਸ ਸਕੱਤਰ ਜੋਗਿੰਦਰ ਸਿੰਘ ਗਰੇਵਾਲ ਨੇ ਕਲੱਬ ਨੂੰ ਸੰਬੋਧਨ ਕੀਤਾ। ਇਸ ਮੀਟਿੰਗ ਵਿੱਚ ਕਲੱਬ ਦੀ ਨਵੀਂ ਕਾਰਜਕਾਰਨੀ ਚੁਣੀ ਜਾਣ ਦਾ ਪ੍ਰਸਤਾਵ ਰੱਖਣ ਤੇ ਸਾਰੀ ਮੈਂਬਰਸ਼ਿਪ ਨੇ ਪੁਰਾਣੀ ਕਾਰਜਕਾਰਨੀ ਨੂੰ ਹੀ ਅੱਗੇ ਸੇਵਾ ਨਿਭਾਉਣ ਦੀ ਬੇਨਤੀ ਕੀਤੀ। ਸ੍ਰ. ਮੱਘਰ ਸਿੰਘ ਹੰਸਰਾ ਅਤੇ ਉਨ੍ਹਾਂ ਦੀ ਟੀਮ ਦੀ ਲੀਡਰਸ਼ਿਪ ਵਿੱਚ ਭਰੋਸਾ ਜਤਾਉਂਦਿਆਂ ਉਨ੍ਹਾਂ ਨੂੰ ਮੁੜ ਕਾਰਜਕਾਰਨੀ ਪ੍ਰਬੰਧਕ ਨਿਯੁਕਤ ਕਰ ਦਿੱਤਾ ਗਿਆ।

ਸ੍ਰ. ਪ੍ਰਦੁੱਮਣ ਸਿੰਘ ਬੋਪਾਰਾਏ ਚੇਅਰਮੈਨ, ਮੱਘਰ ਸਿੰਘ ਹੰਸਰਾ ਪ੍ਰਧਾਨ, ਮਰਦਾਨ ਸਿੰਘ ਗਰੇਵਾਲ ਉਪ ਪ੍ਰਧਾਨ, ਗੱਜਣ ਸਿੰਘ ਗਰੇਵਾਲ ਸਕੱਤਰ, ਸੋਹਣ ਸਿੰਘ ਪਰਮਾਰ ਜਨਰਲ ਸਕੱਤਰ, ਜੋਗਿੰਦਰ ਸਿੰਘ ਗਰੇਵਾਲ ਪ੍ਰੈੱਸ ਸਕੱਤਰ ਅਤੇ ਗੁਰਦਰਸ਼ਨ ਸਿੰਘ ਸੋਮਲ ਨੂੰ ਖਜਾਨਚੀ ਦੇ ਨਾਲ ਸ਼ਾਮਲ ਹਨ। ਸ੍ਰ. ਲਾਭ ਸਿੰਘ ਗਰਚਾ ਅਤੇ ਮਹਿੰਦਰ ਸਿੰਘ ਗਿੱਲ ਦੀ ਆਡੀਟਰ ਵਜੋਂ ਚੋਣ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਕੁੱਝ ਡਾਇਰੈਕਟਰ ਵੀ ਚੁਣੇ ਗਏ।

ਵਰਨਣਯੋਗ ਹੈ ਕਿ ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਬਰੈਂਪਟਨ ਇਲਾਕੇ ਦੀਆਂ ਵੱਡੀਆਂ ਸੀਨੀਅਰਜ਼ ਕਲੱਬਾਂ ਵਿਚੋਂ ਇੱਕ ਹੈ। ਇਸ ਦੀ ਵਾਂਗਡੋਰ ਸੰਭਾਲਦਿਆਂ ਸ੍ਰ ਮੱਘਰ ਸਿੰਘ ਹੰਸਰਾ ਨੇ ਇਸ ਨੂੰ ਸਾਰਥਕ ਲੀਹਾਂ ਤੇ ਤੋਰਿਆ ਹੋਇਆ ਹੈ। ਹੰਸਰਾ ਅਤੇ ਉਨ੍ਹਾਂ ਦੇ ਸਾਥੀ ਜਿਥੇ ਇਸ ਕਲੱਬ ਵਿੱਚ ਬਜ਼ੁਰਗਾਂ ਦੇ ਮਨੋਰੰਜਨ ਲਈ ਪ੍ਰੋਗ੍ਰਾਮ ਉਲੀਕਦੇ ਰਹਿੰਦੇ ਹਨ ਉਥੇ ਬਜ਼ੁਰਗਾਂ ਦੇ ਲੀਗਲ ਕੰਮ ਵੀ ਸਮੇਂ ਸਿਰ ਨਿਪਟਾਉਂਦੇ ਹਨ।

ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਵਲੋਂ ਪਿਛਲੇ ਇੱਕ ਦਹਾਕੇ ਤੋਂ ਸੀਨੀਅਰਜ਼ ਮੇਲਾ ਕਰਵਾਇਆ ਜਾ ਰਿਹਾ ਹੈ ਜਿਸ ਨੂੰ ਕਮਿਊਨਟੀ ਵ;ਲੋਂ ਬੜਾ ਜਬਰਦਸਤ ਹੁੰਗਾਰਾ ਮਿਲਦਾ ਹੈ।

ਸ੍ਰ. ਮੱਘਰ ਸਿੰਘ ਹੰਸਰਾ, ਪ੍ਰਦੁਮਣ ਸਿੰਘ ਬੋਪਾਰਾਏ, ਜੋਗਿੰਦਰ ਸਿੰਘ ਅਤੇ ਮਰਦਾਨ ਸਿੰਘ ਗਰੇਵਾਲ ਵਰਗੇ ਸੂਝਵਾਨਾਂ ਦੀ ਲੀਡਰਸ਼ਿਪ ਨੇ ਇਸ ਕਲੱਬ ਨੂੰ ਬੁਲੰਦੀਆਂ ਤੇ ਪਹੁੰਚਾਇਆ ਹੋਇਆ ਹੈ।




# ਵੱਖਰੇ ਗੋਰਖਾਲੈਂਡ ਲਈ ਸੰਘਰਸ਼



ਬੂਟਾ ਸਿੰਘ



ਦਾਰਜੀਲਿੰਗ ਦੀਆਂ ਪਹਾੜੀਆਂ ਇਕ ਵਾਰ ਫਿਰ ਗੋਰਖਾ ਸੰਘਰਸ਼ ਨਾਲ ਗੂੰਜ ਉੱਠੀਆਂ ਹਨ। ਸੈਰਸਪਾਟੇ ਲਈ ਮਸ਼ਹੂਰ ਦਾਰਜੀਲਿੰਗ ਮੁੜ ਉੱਥਲ-ਪੁੱਥਲ ਦੀ ਲਪੇਟ ਵਿਚ ਹੈ। ਦੋ ਹਫ਼ਤੇ ਤੋਂ ਲਗਾਤਾਰ ਬੰਦ ਦੇ ਸੱਦੇ ਤਹਿਤ ਵਿਆਪਕ ਮੁਜ਼ਾਹਰੇ ਹੋ ਰਹੇ ਹਨ। ਜੰਤਰ ਮੰਤਰ ਦਿੱਲੀ ਵਿਖੇ ਵੀ ਗੋਰਖਾ ਲੋਕ ਧਰਨਾ ਲਾਈ ਬੈਠੇ ਹਨ। ਇਸ ਦੀ ਫੌਰੀ ਵਜ੍ਹਾ ਪੱਛਮੀ ਬੰਗਾਲ ਸਰਕਾਰ ਦਾ 16 ਮਈ ਦਾ ਫ਼ੈਸਲਾ ਹੈ ਜਿਸ ਤਹਿਤ ਸੂਬੇ ਦੇ ਸਾਰੇ ਸਕੂਲਾਂ ਵਿਚ ਦਸਵੀਂ ਜਮਾਤ ਤਕ ਬੰਗਾਲੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਕਰਾਰ ਦੇ ਦਿੱਤੀ ਗਈ। ਭਾਵੇਂ ਬਾਦ ਵਿਚ ਵਿਆਪਕ ਜਨਤਕ ਵਿਰੋਧ ਨੂੰ ਦੇਖਦਿਆਂ ਸਰਕਾਰ ਨੇ ਇਹ ਸਪਸ਼ਟੀਕਰਨ ਦੇਣਾ ਸ਼ੁਰੂ ਕਰ ਦਿੱਤਾ ਕਿ ਗੋਰਖਾ ਪਹਾੜੀ ਖੇਤਰ ਵਿਚ ਬੰਗਾਲੀ ਭਾਸ਼ਾ ਲਾਜ਼ਮੀ ਨਹੀਂ ਸਿਰਫ਼ ਆਪਸ਼ਨਲ ਚੋਣ (ਮਰਜ਼ੀ ਨਾਲ ਪੜ੍ਹਿਆ ਜਾਣ ਵਾਲਾ ਵਿਸ਼ਾ) ਹੋਵੇਗੀ ਪਰ ਵੱਖਰੇ ਸੂਬੇ ਦੀ ਮੰਗ ਨਾਲ ਭਖੇ ਹੋਏ ਮਾਹੌਲ ਅੰਦਰ ਇਸ ਪੈਂਤੜੇ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਸਰਕਾਰ ਦਾ ਬੰਗਾਲੀ ਸ਼ਾਵਨਵਾਦੀ ਫ਼ੁਰਮਾਨ ਸਿਰਫ਼ ਨੇਪਾਲੀ ਬੋਲਦੇ ਗੋਰਖਾ ਲੋਕਾਂ ਲਈ ਹੀ ਖ਼ਤਰਾ ਨਹੀਂ ਸਗੋਂ ਪੱਛਮੀ ਬੰਗਾਲ ਦੀਆਂ ਸਾਰੀਆਂ ਹੀ ਭਾਸ਼ਾਈ ਘੱਟਗਿਣਤੀਆਂ ਉੱਪਰ ਹਮਲਾ ਹੈ। ਪਿਛਲੇ ਸਮੇਂ ਵਿਚ ਸੰਥਾਲ ਲੋਕਾਂ ਨੇ ਲੰਮਾ ਸੰਘਰਸ਼ ਕਰਕੇ ਸੰਥਾਲ ਭਾਸ਼ਾ ਅਤੇ ਅਲ-ਚਿਕੀ ਲਿੱਪੀ ਵਿਚ ਸਿਖਿਆ ਪ੍ਰਾਪਤ ਕਰਨ ਦਾ ਹੱਕ ਹਾਸਲ ਕੀਤਾ ਸੀ। ਨੇਪਾਲੀ ਨੂੰ ਇਸ ਸੂਬੇ ਵਿਚ 1961 ਤੋਂ ਬਾਕਾਇਦਾ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਹੈ ਅਤੇ ਤ੍ਰਿਣਾਮੂਲ ਸਰਕਾਰ ਦਾ ਇਹ ਫ਼ੈਸਲਾ ਭਾਸ਼ਾਈ ਹੱਕਾਂ ਉੱਪਰ ਇਕ ਸੋਚਿਆ-ਸਮਝਿਆ ਹਮਲਾ ਹੈ। ਇਹ ਤਾਨਾਸ਼ਾਹ ਫ਼ੈਸਲਾ ਸੰਘਰਸ਼ਾਂ ਦੇ ਹਾਸਲ ਉੱਪਰ ਝਪਟ ਮਾਰਨ ਵਾਲਾ ਤਾਂ ਹੈ ਹੀ, ਇਹ ਬੰਗਾਲੀ ਲੋਕਾਂ ਨੂੰ ਗੋਰਖਾ ਸਮਾਜ ਦੀਆਂ ਜਮਹੂਰੀ ਰੀਝਾਂ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਖ਼ਤਰਨਾਕ ਚਾਲ ਵੀ ਹੈ।

ਇਸ ਫ਼ੈਸਲੇ ਵਿਰੁੱਧ ਗੋਰਖਾ ਜਨਮੁਕਤੀ ਮੋਰਚਾ ਅਤੇ ਪਹਾੜੀ ਖੇਤਰ ਦੀਆਂ ਹੋਰ ਸਿਆਸੀ ਤਾਕਤਾਂ ਕਈ ਦਿਨਾਂ ਤੋਂ ਸਰਕਾਰ ਵਿਰੁੱਧ ਤਿੱਖਾ ਅੰਦੋਲਨ ਕਰ ਰਹੀਆਂ ਹਨ। ਬੰਗਾਲੀ ਭਾਸ਼ਾ ਥੋਪੇ ਜਾਣ ਦੇ ਵਿਰੋਧ ਦੇ ਨਾਲ ਨਾਲ ਮੋਰਚੇ ਨੇ ਅੰਦੋਲਨ ਵੱਖਰੇ ਗੋਰਖਾਲੈਂਡ ਦੀ ਪੁਰਾਣੀ ਮੰਗ ਕੇਂਦਰਤ ਕਰ ਦਿੱਤਾ ਹੈ। ਇਤਿਹਾਸਕ ਤੌਰ 'ਤੇ ਇਸ ਖੇਤਰ ਲਈ ਵੱਖਰਾ ਪ੍ਰਸ਼ਾਸਨਿਕ ਢਾਂਚਾ ਬਣਾਏ ਜਾਣ ਦੀ ਮੰਗ ਪਹਿਲੀ ਵਾਰ ਬਸਤੀਵਾਦੀ ਰਾਜ ਦੌਰਾਨ 1907 ਵਿਚ ਕੀਤੀ ਗਈ ਸੀ ਜੋ 1947 ਤੋਂ ਬਾਦ ਦੇ ਅਰਸੇ ਵਿਚ ਮੁਲਕ ਦੀ ਹੁਕਮਰਾਨ ਜਮਾਤ ਦੀਆਂ ਜਾਬਰ ਨੀਤੀਆਂ ਕਾਰਨ ਤਕੜੇ ਅੰਦੋਲਨ ਵਿਚ ਵਟ ਗਈ। ਇਸ ਖੇਤਰ ਵਿਚ ਨੇਪਾਲੀ ਬੋਲਣ ਵਾਲੀ ਚੋਖੀ ਗੋਰਖਾ ਆਬਾਦੀ ਹੈ ਜੋ ਹੁਣ ਪੰਦਰਾਂ ਲੱਖ ਦੇ ਕਰੀਬ ਹੈ, ਉਨ੍ਹਾਂ ਦੀ ਭਾਸ਼ਾ, ਸਭਿਆਚਾਰ, ਰਸਮਾਂ-ਰਿਵਾਜ ਆਦਿ ਬੰਗਾਲੀ ਭਾਈਚਾਰੇ ਤੋਂ ਬਿਲਕੁਲ ਵੱਖਰੇ ਹਨ। ਭਾਸ਼ਾ ਦੇ ਅਧਾਰ 'ਤੇ ਵੱਖਰੇ ਗੋਰਖਾਲੈਂਡ ਦੀ ਮੰਗ ਜਾਇਜ਼ ਜਮਹੂਰੀ ਮੰਗ ਹੈ ਜੋ ਨਾ ਹਿੰਦੂ ਧੌਂਸਬਾਜ਼ ਕੇਂਦਰੀ ਹੁਕਮਰਾਨ ਜਮਾਤ ਨੂੰ ਮਨਜ਼ੂਰ ਹੈ ਨਾ ਬੰਗਾਲੀ ਸ਼ਾਵਨਵਾਦੀ ਖੇਤਰੀ ਹਾਕਮ ਜਮਾਤ ਨੂੰ। ਪਹਿਲਾਂ ਜੋਤੀ ਬਾਸੂ ਦੀ 'ਖੱਬਾ ਮੋਰਚਾ' ਸਰਕਾਰ ਵਲੋਂ ਬੇਤਹਾਸ਼ਾ ਜਬਰ ਢਾਹਕੇ ਗੋਰਖਾ ਲੋਕਾਂ ਦੀ ਜਮਹੂਰੀ ਰੀਝ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ, ਓਦੋਂ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਸੀ। ਹੁਣ ਤ੍ਰਿਣਾਮੂਲ ਸਰਕਾਰ ਉਸੇ ਤਾਨਾਸ਼ਾਹ ਰਾਹ ਤੁਰੀ ਹੋਈ ਹੈ ਅਤੇ ਅੰਦੋਲਨਕਾਰੀਆਂ ਉੱਪਰ ਬੇਤਹਾਸ਼ਾ ਜਬਰ ਕਰ ਰਹੀ ਹੈ। ਜੋਤੀ ਬਾਬੂ ਸਰਕਾਰ ਦੀ ਤਰ੍ਹਾਂ ਮਮਤਾ ਸਰਕਾਰ ਵੀ ਪਹਾੜੀ ਖੇਤਰ ਵਿਚ ਨੀਮ-ਫ਼ੌਜੀ ਦਸਤਿਆਂ ਦੀ ਦਹਿਸ਼ਤਵਾਦੀ ਤਾਇਨਾਤੀ ਨਾਲ ਅਮਨ ਬਹਾਲ ਕਰਨਾ ਚਾਹੁੰਦੀ ਹੈ। ਗੋਰਖਾ ਜਨਮੁਕਤੀ ਮੋਰਚਾ ਦੇ ਦਾਰਜੀਲਿੰਗ ਦਫ਼ਤਰ ਉੱਪਰ ਪੁਲਿਸ ਦਾ ਛਾਪਾ ਅਤੇ ਹਥਿਆਰ ਜ਼ਬਤ ਕਰਨ ਦਾ ਨਾਟਕ ਇਸ ਸਰਕਾਰ ਦੀ ਬੌਖਲਾਹਟ ਨੂੰ ਦਰਸਾਉਂਦਾ ਹੈ। ਇਸ ਦੇ ਗੋਰਖਾ ਲੋਕਾਂ ਉੱਪਰ ਬੰਗਾਲੀ ਸ਼ਾਵਨਵਾਦ ਥੋਪਣ ਅਤੇ ਰਾਜ ਦੀ ਹਥਿਆਰਬੰਦ ਤਾਕਤ ਦੇ ਜ਼ੋਰ ਨਾਲ ਉਨ੍ਹਾਂ ਦੀਆਂ ਜਮਹੂਰੀ ਰੀਝਾਂ ਨੂੰ ਦਬਾਉਣ ਦੇ ਮਨਸੂਬੇ ਕਾਮਯਾਬ ਨਹੀਂ ਹੋਣਗੇ।

ਵੱਖਰੇ ਸੂਬੇ ਅਤੇ ਇਲਾਕਾਈ ਖ਼ੁਦਮੁਖਤਿਆਰੀ ਲਈ ਸੰਘਰਸ਼ਾਂ ਦੇ ਵਾਰ-ਵਾਰ ਉੱਠਣ ਦੇ ਠੋਸ ਕਾਰਨ ਹਨ। ਇਕ ਤਾਂ ਅਸਾਵਾਂ ਵਿਕਾਸ ਭੂਮਿਕਾ ਨਿਭਾਉਂਦਾ ਹੈ, ਜਿਸ ਨਾਲ ਤਿੱਖੇ ਇਲਾਕਾਈ ਅਸੰਤੁਲਨ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨਾਲ ਇਲਾਕਾਈ ਪਛਾਣ ਉੱਭਰ ਆਉਂਦੀ ਹੈ, ਦੂਜੇ ਉੱਭਰ ਰਹੀਆਂ ਕੌਮੀਅਤਾਂ ਦੀਆਂ ਜਮਹੂਰੀ ਰੀਝਾਂ ਨੂੰ ਭਾਰੂ ਹਾਕਮ ਜਮਾਤ ਦਬਾਉਣ ਦੀ ਨੀਤੀ 'ਤੇ ਚੱਲਦੀ ਹੈ। ਲਗਭਗ ਤਿੰਨ ਦਹਾਕੇ ਪਹਿਲਾਂ 1986 ਵਿਚ ਸੁਭਾਸ਼ ਘੀਸਿੰਗ ਦੀ ਅਗਵਾਈ ਹੇਠ ਵੱਖਰੇ ਗੋਰਖਾਲੈਂਡ ਦੀ ਮੰਗ ਨੂੰ ਲੈਕੇ ਪੁਰਜ਼ੋਰ ਅੰਦੋਲਨ ਹੋਇਆ ਸੀ ਜਿਸ ਨੂੰ ਵੱਖਰਾ ਸੂਬਾ ਹਾਸਲ ਕਰਨ ਦੇ ਮੁਕਾਮ 'ਤੇ ਪਹੁੰਚਾਉਣ ਦੀ ਥਾਂ ਦਾਰਜੀਲਿੰਗ ਗੋਰਖਾ ਪਹਾੜੀ ਕੌਂਸਲ ਬਣਾਏ ਜਾਣ ਉੱਪਰ ਸਮਝੌਤਾ ਕਰਕੇ ਵਾਪਸ ਲੈ ਲਿਆ ਗਿਆ ਸੀ। ਇਸ ਅਖਾਉਤੀ 'ਖ਼ੁਦਮੁਖਤਿਆਰ' ਕੌਂਸਲ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਾ ਹੋਕੇ 2007 ਵਿਚ ਬਿਮਲ ਗੁਰੁੰਗ ਦੀ ਅਗਵਾਈ ਹੇਠ ਗੋਰਖਾ ਨੈਸ਼ਨਲ ਫਰੰਟ ਤੋਂ ਵੱਖ ਹੋ ਕੇ ਨਵੀਂ ਜਥੇਬੰਦੀ ਗੋਰਖਾ ਜਨਮੁਕਤੀ ਮੋਰਚਾ (ਜੀ.ਜੇ.ਐੱਮ.) ਬਣਾਈ ਗਈ ਜਿਸ ਦੀ ਅਗਵਾਈ ਹੇਠ ਚੱਲੇ ਅੰਦੋਲਨ ਤੋਂ ਬਾਦ ਇਸਨੇ ਵੀ ਅੰਦੋਲਨ ਨੂੰ ਸਿਰੇ ਲਾਉਣ ਦੀ ਥਾਂ ਜੁਲਾਈ 2011 ਵਿਚ ਇਕ ਹੋਰ ਤਿੰਨ ਧਿਰੀ ਸਮਝੌਤਾ ਕਰ ਲਿਆ ਜਿਸ ਵਿਚ ਜੀ.ਜੇ.ਐੱਮ., ਪੱਛਮੀ ਬੰਗਾਲ ਸਰਕਾਰ ਅਤੇ ਕੇਂਦਰ ਸਰਕਾਰ ਸ਼ਾਮਲ ਸਨ। ਇੰਞ ਅਗਲੇ ਸਾਲ ਅਗਸਤ 2012 ਵਿਚ ਬਾਕਾਇਦਾ ਸੰਵਿਧਾਨਕ ਅਮਲ ਰਾਹੀਂ ਗੋਰਖਾ ਪਹਾੜੀ ਕੌਂਸਲ ਦੀ ਥਾਂ ਗੋਰਖਾਲੈਂਡ ਖੇਤਰੀ ਪ੍ਰਸ਼ਾਸਨ (ਗੋਰਖਾਲੈਂਡ ਟੈਰੀਟੋਰੀਅਲ ਐਡਮਿਨਿਸਟ੍ਰੇਸ਼ਨ, ਸੰਖੇਪ ਵਿਚ ਜੀ.ਟੀ.ਏ.) ਨੇ ਲੈ ਲਈ। ਇਸ ਨਵੇਂ ਪ੍ਰਸ਼ਾਸਨਿਕ ਢਾਂਚੇ ਤਹਿਤ ਹੋਈਆਂ ਚੋਣਾਂ ਰਾਹੀਂ ਗੋਰਖਾ ਜਨਮੁਕਤੀ ਮੋਰਚਾ ਸਥਾਨਕ ਸੱਤਾ ਉੱਪਰ ਕਾਬਜ਼ ਹੋ ਗਿਆ। ਇਹ ਜੀ.ਟੀ.ਏ. ਦਾ ਅਧਿਕਾਰ ਖੇਤਰ, ਵਿਤੀ ਵਸੀਲੇ ਅਤੇ ਇਸ ਖੇਤਰ ਉੱਪਰ ਆਪਣਾ ਕੰਟਰੋਲ ਵਧਾਉਣ ਦਾ ਖਾਹਸ਼ਮੰਦ ਸੀ ਅਤੇ ਤ੍ਰਿਣਾਮੂਲ ਸਰਕਾਰ ਦੇ ਹਿਤ ਇਸਦੇ ਪੂਰੀ ਤਰ੍ਹਾਂ ਉਲਟ ਸਨ। 30 ਜੁਲਾਈ 2013 ਨੂੰ ਕਾਂਗਰਸ ਦੀ ਕੇਂਦਰ ਸਰਕਾਰ ਵਲੋਂ ਵੱਖਰਾ ਤੇਲੰਗਾਨਾ ਸੂਬਾ ਬਣਾਏ ਜਾਣ ਨੂੰ ਸਹਿਮਤੀ ਦਿੱਤੇ ਜਾਣ ਨਾਲ ਵੱਖਰੇ ਗੋਰਖਾਲੈਂਡ ਅਤੇ ਵੱਖਰੇ ਬੋਡੋਲੈਂਡ ਦੀ ਮੰਗ ਮੁੜ ਜ਼ੋਰ ਫੜ ਗਈ। ਇਸੇ ਦਿਨ 30 ਜੁਲਾਈ ਨੂੰ ਬਿਮਲ ਗੁਰੁੰਗ ਨੇ ਪੱਛਮੀ ਬੰਗਾਲ ਸਰਕਾਰ ਉੱਪਰ ਦਖ਼ਲਅੰਦਾਜ਼ੀ ਦਾ ਇਲਜ਼ਾਮ ਲਾਕੇ ਅਤੇ ਗੋਰਖਾਲੈਂਡ ਦੀ ਮੰਗ ਨੂੰ ਮੁੜ-ਸੁਰਜੀਤ ਕਰਦੇ ਹੋਏ ਅਸਤੀਫ਼ਾ ਦੇ ਦਿੱਤਾ ਜਿਸਨੇ ਅਜੇ ਦੋ ਸਾਲ ਪਹਿਲਾਂ ਹੀ ਜੀ.ਟੀ.ਏ. ਨੂੰ ਸਹਿਮਤੀ ਦਿੱਤੀ ਸੀ। ਵੱਖਰੇ ਗੋਰਖਾਲੈਂਡ ਦੀ ਮੰਗ ਮੁੜ ਭਖਵਾਂ ਸਿਆਸੀ ਮੁੱਦਾ ਬਣ ਗਈ।

ਜੁਲਾਈ 2011 ਵਾਲੇ ਸਮਝੌਤੇ ਤੋਂ ਬਾਦ ਤ੍ਰਿਣਾਮੂਲ ਸਰਕਾਰ ਵਲੋਂ ਪਹਾੜੀ ਖੇਤਰ ਵਿਚ ਆਪਣਾ ਸਿਆਸੀ ਅਧਾਰ ਬਣਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਜੀ.ਟੀ.ਏ ਦਾ ਕਾਰਜਕਾਲ ਜੂਨ ਵਿਚ ਖ਼ਤਮ ਹੋ ਰਿਹਾ ਹੈ। ਜੁਲਾਈ ਵਿਚ ਇਸ ਦੀ ਨਵੀਂ ਚੋਣ ਹੋਵੇਗੀ। ਸਰਕਾਰ ਪਹਿਲਾਂ ਐਨੇ ਸਾਲ ਖ਼ਾਮੋਸ਼ ਰਹੀ ਅਤੇ ਚੋਣਾਂ ਤੋਂ ਐਨ ਪਹਿਲਾਂ ਜਨਮੁਕਤੀ ਮੋਰਚਾ ਨੂੰ ਸਿਆਸੀ ਸੱਟ ਮਾਰਨ ਲਈ ਜੀ.ਟੀ.ਏ. ਦੇ ਆਡਿਟ ਦਾ ਹੁਕਮ ਜਾਰੀ ਕਰ ਦਿੱਤਾ ਗਿਆ। ਮੰਤਰੀ ਮੰਡਲ ਦੀ ਮੀਟਿੰਗ ਉਚੇਚੇ ਤੌਰ 'ਤੇ ਦਾਰਜੀਲਿੰਗ ਵਿਚ ਰੱਖੀ ਗਈ। ਸਿਆਸੀ ਦਬਦਬਾ ਬਣਾਉਣ ਦੀ ਮਨਸ਼ਾ ਨਾਲ ਮਮਤਾ ਬੈਨਰਜੀ ਵਲੋਂ ਚੱਲੀਆਂ ਜਾ ਰਹੀਆਂ ਇਨ੍ਹਾਂ ਚਾਲਾਂ ਦੇ ਸਤਾਏ ਗੋਰਖਾ ਆਗੂਆਂ ਨੇ ਵੱਖਰੇ ਗੋਰਖਾਲੈਂਡ ਦੀ ਮੰਗ ਨੂੰ ਲੈਕੇ ਤਿੱਖਾ ਅੰਦੋਲਨ ਸ਼ੁਰੂ ਕਰ ਦਿੱਤਾ। ਜਿਸਦਾ ਸਿਆਸੀ ਲਾਹਾ ਲੈਣ ਲਈ ਹੋਰ ਸਥਾਨਕ ਜਥੇਬੰਦੀਆਂ ਵੀ ਇਸ ਅੰਦੋਲਨ ਦੀ ਹਮਾਇਤ 'ਤੇ ਆ ਗਈਆਂ। ਸੰਘ ਬਰਗੇਡ ਵੀ ਇਹ ਮੌਕਾ ਗਵਾਉਣਾ ਨਹੀਂ ਚਾਹੁੰਦਾ।

ਪਿਛਲੇ ਤਿੰਨ ਸਾਲਾਂ ਤੋਂ ਸੰਘ ਬਰਗੇਡ ਪੱਛਮੀ ਬੰਗਾਲ ਅੰਦਰ ਪੈਰ ਪਸਾਰਨ ਦੀ ਬਹੁਪਰਤੀ ਯੋਜਨਾ ਲੈਕੇ ਕੰਮ ਕਰ ਰਿਹਾ ਹੈ। ਇਸਦਾ ਇਕ ਮੁੱਖ ਨਿਸ਼ਾਨਾ ਸੱਤਾਧਾਰੀ

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ
ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6



HomeLife Liberty Realty Inc.
Brokerage, Independently Owned & Operated
Nachhater Singh Badesha
SALES REPRESENTATIVE
Cell: 647-267-3397
Off: 905-293-9595
Fax: 905-293-9590
nbadesha@yahoo.ca
7895 Tranmere Dr., Unit 22
Mississauga ON L5S 1V9
"The Professional with Integrity"



ROYAL STAR
Realty Inc. Brokerage
"Royal People Deserve Royal Services"
Nahar Aujla
Broker
Dir: 416-728-5686
Avtar Aujla
Sales Representative
Dir: 905-459-5686
E-mail: naharaujla@yahoo.ca
511 Ray Lawson Blvd. Unit 8, Brampton, ON L6Y 0N2
Bus: 905-793-1111 • Fax: 905-793-1455



ਤ੍ਰਿਣਾਮੂਲ ਕਾਂਗਰਸ ਦੇ ਸਿਆਸੀ ਅਧਾਰ ਨੂੰ ਤੋੜਨਾ ਹੈ। ਇਹ ਗ਼ੌਰਤਲਬ ਹੈ ਕਿ ਰਾਸ਼ਟਰਵਾਦ ਦੀ ਵਾਹਦ ਠੇਕੇਦਾਰ ਭਾਜਪਾ ਵੱਖਰੇ ਗੋਰਖਾਲੈਂਡ ਦੀ ਹਮਾਇਤ ਕਰ ਰਹੀ ਹੈ। ਕਿਸਾਨਾਂ ਦੀਆਂ ਆਮ ਮੰਗਾਂ ਤੋਂ ਲੈਕੇ ਮੁਲਕ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਆਮ ਜਮਹੂਰੀ ਵਿਚਾਰ-ਚਰਚਾ ਨੂੰ ਵੀ ਰਾਜ ਸੱਤਾ ਦੀ ਹਥਿਆਰਬੰਦ ਤਾਕਤ ਨਾਲ ਕੁਚਲਣ ਵਾਲੇ ਸੰਘ ਬਰਗੇਡ ਵਲੋਂ ਵੱਖਰੇ ਸੂਬੇ ਦੀ ਜਮਹੂਰੀ ਮੰਗ ਦੀ ਹਮਾਇਤ ਕਰਨ ਪਿੱਛੇ ਡੂੰਘੀ ਗਿਣਤੀ-ਮਿਣਤੀ ਕੰਮ ਕਰਦੀ ਹੈ। ਸੰਸਕ੍ਰਿਤਿਕ ਵੰਨ-ਸੁਵੰਨਤਾ ਦੀ ਘੋਰ ਦੁਸ਼ਮਣ ਭਾਜਪਾ ਦਾ ਮੁੱਖ ਏਜੰਡਾ ਹਿੰਦੂਤਵ, ਹਿੰਦੀ, ਹਿੰਦੂ ਰਾਸ਼ਟਰ ਹੈ। ਤ੍ਰਿਣਾਮੂਲ ਸਰਕਾਰ ਨੂੰ ਘੇਰਨ ਦੇ ਇਸ ਮੌਕੇ ਨੂੰ ਭਾਜਪਾ ਲੀਡਰਸ਼ਿਪ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀ। ਇਹ ਤ੍ਰਿਣਾਮੂਲ ਕਾਂਗਰਸ ਨੂੰ ਪੱਛਮੀ ਬੰਗਾਲ ਦੇ ਮੁੱਖ ਹਿੱਸੇ ਅੰਦਰ ਵੀ ਸਿਲਸਿਲੇਵਾਰ ਖ਼ੋਰਾ ਲਾ ਰਹੀ ਹੈ ਅਤੇ ਪਹਾੜੀ ਖੇਤਰ ਵਿਚ ਵੱਖਰੇ ਗੋਰਖਾਲੈਂਡ ਦੀ ਹਮਾਇਤ ਕਰਕੇ ਇੱਥੇ ਵੀ ਆਪਣੀ ਸਿਆਸੀ ਸਾਖ ਬਣਾ ਰਹੀ ਹੈ। ਖ਼ੁਦਮੁਖਤਿਆਰ ਹੈਸੀਅਤ ਤੋਂ ਵਾਂਝੇ ਨਾਮਨਿਹਾਦ ਛੋਟੇ-ਛੋਟੇ ਕਮਜ਼ੋਰ ਸੂਬੇ ਬਣਾਕੇ ਇਨ੍ਹਾਂ ਨੂੰ ਮਜ਼ਬੂਤ ਕੇਂਦਰ ਰਾਹੀਂ ਦਬਾਕੇ ਰੱਖਣਾ ਸੌਖਾ ਹੈ। ਛੱਤੀਸਗੜ੍ਹ ਹੈ ਜਾਂ ਝਾਰਖੰਡ ਜਾਂ ਉਤਰਾਂਚਲ ਸੰਘ ਬਰਗੇਡ ਨੇ ਇਨ੍ਹਾਂ ਸੂਬਿਆਂ ਵਿਚ ਘੁਸਕੇ ਇੱਥੋਂ ਦੀ ਰਾਜ ਸੱਤਾ ਕਾਮਯਾਬੀ ਨਾਲ ਹਥਿਆਈ ਹੈ। ਹੁਣ ਦੇਖਣਾ ਇਹ ਹੈ ਕਿ ਇਸ ਭਗਵੇਂ ਸਿਆਸੀ ਪੈਂਤੜੇ ਪ੍ਰਤੀ ਬੰਗਾਲੀ 'ਭੱਦਰ ਲੋਕ' ਕੀ ਰਵੱਈਆ ਅਖ਼ਤਿਆਰ ਕਰਦੇ ਹਨ, ਇਹ ਭਾਜਪਾ ਦੇ ਭਵਿੱਖ ਉੱਪਰ ਕਿਸ ਤਰ੍ਹਾਂ ਅਸਰਅੰਦਾਜ਼ ਹੁੰਦਾ ਹੈ।

ਹੋਰ ਕੌਮੀਅਤਾਂ ਦੀ ਤਰ੍ਹਾਂ ਗੋਰਖਾਲੈਂਡ ਲਈ ਸੰਘਰਸ਼ ਦਾ ਇਤਿਹਾਸ ਵੀ ਆਪਣੀਆਂ ਮੰਗਾਂ ਲਈ ਬੇਸ਼ੁਮਾਰ ਕੁਰਬਾਨੀਆਂ ਅਤੇ ਸਥਾਪਤੀ ਦੇ ਵਹਿਸ਼ੀ ਜਬਰ ਦਾ ਡੱਟਕੇ ਮੁਕਾਬਲਾ ਕਰਨ ਦਾ ਇਤਿਹਾਸ ਰਿਹਾ ਹੈ। ਸੰਘਰਸ਼ ਦੇ ਆਗੂ ਬੁਨਿਆਦੀ ਮੰਗ ਦੀ ਪੂਰਤੀ ਤਕ ਅਡੋਲ ਲੜਾਈ ਜਾਰੀ ਨਾ ਰੱਖਕੇ ਸੱਤਾ ਵਿਚ ਹਿੱਸੇਦਾਰੀ ਵਾਲੇ ਸਮਝੌਤੇ ਕਰਦੇ ਰਹੇ ਹਨ। ਇਹ ਇਨ੍ਹਾਂ ਲਹਿਰਾਂ ਦੀ ਮੱਧਵਰਗੀ ਅਤੇ ਬੁਰਜੂਆ ਲੀਡਰਸ਼ਿਪ ਦੀ ਜਮਾਂਦਰੂ ਕਮਜ਼ੋਰੀ ਹੈ, ਹੁਕਮਰਾਨ ਜਮਾਤ ਇਸ ਕਮਜ਼ੋਰੀ ਦਾ ਭਰਪੂਰ ਫ਼ਾਇਦਾ ਉਠਾਉਂਦੀ ਹੈ। ਇਸ ਇਤਿਹਾਸ ਤੋਂ ਸਬਕ ਲਏ ਬਗ਼ੈਰ ਗੋਰਖਾ ਅੰਦੋਲਨ ਆਪਣਾ ਮੁੱਖ ਨਿਸ਼ਾਨਾ ਹਾਸਲ ਨਹੀਂ ਕਰ ਸਕਦਾ। ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਹਕੂਮਤੀ ਜਬਰ ਦਾ ਵਿਰੋਧ ਕਰਨ ਦੇ ਨਾਲ-ਨਾਲ ਇਨ੍ਹਾਂ ਕੌਮੀਅਤ ਸੰਘਰਸ਼ਾਂ ਅੰਦਰ ਇਨਕਲਾਬੀ ਪੈਂਤੜੇ ਤੋਂ ਠੋਸ ਦਖ਼ਲਅੰਦਾਜ਼ੀ ਕਰਦੇ ਹੋਏ ਇਨ੍ਹਾਂ ਵਿਚ ਇਨਕਲਾਬੀ ਜਮਾਤੀ ਭਵਿੱਖਨਕਸ਼ਾ ਸਥਾਪਤ ਕਰਨ ਲਈ ਪਹਿਲਕਦਮੀਂ ਲੈਣੀ ਚਾਹੀਦੀ ਹੈ। ਪੱਛਮੀ ਬੰਗਾਲ ਦੀਆਂ ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਉੱਥੇ ਵੱਖਰੇ ਗੋਰਖਾਲੈਂਡ ਦੇ ਹੱਕ ਵਿਚ ਜਮਹੂਰੀ ਲੋਕ ਰਾਇ ਉਸਾਰਨ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਤ੍ਰਿਣਾਮੂਲ ਕਾਂਗਰਸ ਅਤੇ ਸੰਘ ਬਰਗੇਡ ਦੇ ਖ਼ਤਰਨਾਕ ਮਨਸੂਬਿਆਂ ਨੂੰ ਨੰਗਾ ਕਰਨਾ ਚਾਹੀਦਾ ਹੈ।


PROGRESSIVE CULTURAL ASSOCIATION CALGARY (REGD

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)

presents

8th Rationalist and Cultural (Drama Festival)

8ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ

ਨਾਟਕ ਸਮਾਗਮ

9 ਸਤੰਬਰ, 2017 ਸ਼ਨਿੱਚਰਵਾਰ
2 ਵਜੇ ਤੋਂ 5 ਵਜੇ ਤੱਕ
ਜੈਨੇਸਿਸ ਸੈਂਟਰ
7555 ਫਾਲਕਨਰਿੱਜ ਬੁਲੇਵਾਰਡ ਨਾਰਥ ਈਸਟ ਕੈਲਗਰੀ

Saturday September 9th 2017
2 pm to 5 pm
Genesis Centre
7555 Falconridge Blvd. NE Calgary AB

ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵੱਲੋਂ ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ ਨਾਟਕ ਪਾਉਣ ਪਿੱਤਾਂ ਜੋ ਪਿਰ ਲੇਖਕ ਹਰਕੇਸ਼ ਚੌਧਰੀ ਅਤੇ ਦੂਸਰਾ ਨਾਟਕ, ਕਨੇਡਾ ਬਾਰੇ ਹੋਵੇਗਾ। ਕੋਰਿਓਗ੍ਰਾਫੀ ਕਿਸ ਨੂੰ ਵਤਨ ਕਹੂੰਗਾ ਅਤੇ ਹੋਰ ਉਸਾਰੂ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸਪੌਂਸਰਜ਼ ਵੀਰਾਂ ਨੂੰ ਅਪੀਲ ਹੈ ਕਿ ਉਹ ਆਗੂਆਂ ਨਾਲ ਸੰਪਰਕ ਕਰਨ। ਸਭ ਸਪੌਂਸਰਜ਼ ਦੀ ਐਡ ਪ੍ਰੋਜੈਕਟਰ ਰਾਹੀਂ ਦਿਖਾਈ ਜਾਵੇਗੀ।

Special Thanks

Amar Development
Rani Duhra: 403-612-7881
Manjit Duhra: 403-690-2885

ZyTech Building Systems
Jaspal Bhandal 403-226-7136
Raghbir Bhandal 780-980-9153

Sikh Virsa (Magazine)
Gurdeep K. Parhar
403-250-8898

Reliance Legal Group
Taranjit Aujla
403-285-7070



ਇਸ ਮੌਕੇ 'ਸ਼ਹੀਦ ਭਗਤ ਸਿੰਘ ਲਾਇਬ੍ਰੇਰੀ' ਵਲੋਂ ਸਾਹਿਤਕ, ਅਗਾਂਹਵਧੂ, ਤਰਕਸ਼ੀਲ, ਵਿਗਿਆਨਕ ਸੋਚ ਨੂੰ ਸਮਰਪਿਤ ਕਿਤਾਬਾਂ ਦਾ ਸਟਾਲ ਵੀ ਲਗਾਇਆ ਜਾਵੇਗਾ। ਜਿੱਥੋਂ ਤੁਸੀਂ ਆਪਣੀ ਮਨਪਸੰਦ ਦੀਆਂ ਕਿਤਾਬਾਂ ਵੀ ਖਰੀਦ ਸਕੋਗੇ।

ਪ੍ਰਬੰਧਕ ਕਮੇਟੀ

ਸੋਹਣ ਮਾਨ (ਪ੍ਰਧਾਨ): 403-275-0931
ਮਾ: ਭਜਨ ਸਿੰਘ (ਸਕੱਤਰ): 403-455-4220
ਜੀਤ ਇੰਦਰਪਾਲ (ਵਿੱਤ ਸਕੱਤਰ): 403-248-5842
ਪ੍ਰੋ. ਗੋਪਾਲ ਸਿੰਘ ਕਾਉਂਕੇ (ਡਾਇਰੈਕਟਰ): 403-970-3588
ਕਮਲਪ੍ਰੀਤ ਪੰਧੇਰ (ਐਡੀਟਰ): 403-479-4220
ਗੁਰਬਚਨ ਬਰਾੜ (ਮੈਂਬਰ): 403-470-2628
ਸੁਰਿੰਦਰ (ਟੀਨੂ) ਬਰਾੜ (ਮੈਂਬਰ): 403-808-8400
ਹਰੀਪਾਲ (ਮੈਂਬਰ): 403-714-4816
ਨਵਕਿਰਨ ਢੁੱਡੀਕੇ (ਮੈਂਬਰ): 403-402-0998

ਸਹਿਯੋਗੀ ਅਤੇ ਨਾਟਕ ਤਿਆਰੀ ਕਮੇਟੀ

ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ): 403-681-8689
ਮੀਡੀਆ ਕੋਆਰਡੀਨੇਟਰ
ਸੁਖਬੀਰ ਗਰੇਵਾਲ: 403-402-0770
ਮੀਡੀਆ ਕੋਆਰਡੀਨੇਟਰ
ਐਡਵੋਕੇਟ ਤਰਨਜੀਤ ਸਿੰਘ ਔਜਲਾ: 403-285-7070
ਅਮਰਪ੍ਰੀਤ ਸਿੰਘ: 403-903-8480
ਮਾਸਟਰ ਬਚਿੱਤਰ ਗਿੱਲ: 403-590-2531
ਇੰਜ. ਗੁਰਦਿਆਲ ਸਿੰਘ ਖਹਿਰਾ: 403-590-6257
ਸਨੀ ਖੇਸਾ 403-619-8545



Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2



"Annual picnic of Govt Science College Jagraon will be held on July 9, 2017 at 14452 Winston Churchill Blvd Halton Hills. Area #2

*For more information contact*

**Sukhdev Singh 6472991610**
**Harbans Singh 416 817 7142 or**
**Daljit Singh 905 867 7398"**

# ਗਰਮੀ ਦੀ ਛੁੱਟੀਆਂ ਕਿੰਨੀਆਂ ਕੁ ਪਿੱਟੀਆਂ ਤੇ ਕਿੰਨੀਆਂ ਕੁ ਰੁੱਸੀਆਂ

**ਗੁਰਮੇਲ ਸਿੰਘ ਬੋਡੇ**

ਕਈ ਦਹਾਕਿਆਂ ਤੋਂ ਗਰਮੀ ਦੀਆਂ ਛੁੱਟੀਆਂ ਹੁੰਦੀਆਂ ਆ ਰਹੀਆਂ ਹਨ। ਜਦ ਅਸੀਂ ਪਹਿਲੀ ਤੋਂ ਲੈ ਕੇ ਪੰਜਵੀਂ ਦਸਵੀਂ ਤੱਕ ਪੜ੍ਹਦੇ ਹੁੰਦੇ ਸੀ ਤਾਂ ਪਹਿਲਾਂ ਦਾਈਆਂ ਦੁਕੜੇ ਤੇ ਅੰਦਰ ਬੈਠਕੇ ਬੰਟਿਆਂ ਨਾਲ ਕਲੀ ਜਾਂ ਜੋਟਾ ਖੇਡਦਿਆਂ ਦੀਆਂ-ਜਦੋਂ ਕੁਝ ਵੱਡੇ ਹੋਏ ਤਾਂ ਛੁੱਟੀਆਂ ਦਾ ਕੰਮ ਮੁਕਾ ਕੇ ਨਾਵਲ, ਕਹਾਣੀਆਂ ਪੜ੍ਹਕੇ ਗੁਜ਼ਾਰਦੇ ਸਾਂ। ਕਦੇ ਮਾਸੀ, ਮਾਮੀ, ਭੂਆ ਆਦਿ ਕੋਲ ਨਹੀਂ ਜਾਂਦੇ ਸੀ। ਬੱਸ ਇੰਜ ਹੀ ਇਹ ਗਤੀਵਿਧੀਆਂ ਕਰਦਿਆਂ ਛੁੱਟੀਆਂ ਲੰਘ ਜਾਂਦੀਆਂ ਸਨ।

1967-68 ’ਚ ਪਹਿਨੀ ਦੂਜੀ ਦੇ ਵਿਦਿਆਰਥੀ ਸੀ। ਉਸ ਸਮੇਂ 1966 ਦੀ ਪੰਜਾਬ ਵੰਡ ਤੇ ਸਕੂਲਾਂ ’ਚ ਕੀਤੇ ਮੁਜ਼ਾਹਰਿਆਂ ਦੀ ਯਾਦ ਤਾਂ ਹੈ ਪਰ ਅਖ਼ਬਾਰਾਂ ਵਿਚ ਅੱਖਰ ਜੋੜ ਕੇ ਨਕਸਲਬਾੜੀ ਸ਼ਬਦ ਪੜ੍ਹਕੇ ਜਾਂ ਸਕੂਲ ਦੀਆਂ ਕੰਧਾਂ ’ਤੇ ਸੂਹੇ ਰੰਗ ਨਾਲ ਲਿਖੇ ਨਾਅਰੇ ਦੇਖ ਕੇ ਕੁਝ ਸਹਿਮ ਜਾਂਦੇ ਸਾਂ ਕਿਉਂਕਿ ਉਸ ਸਮੇਂ ਦੀਆਂ ਅਖ਼ਬਾਰਾਂ ਉਨ੍ਹਾਂ ਨੂੰ ਕਾਤਲ, ਡਕੈਤ ਤੇ ਲੁੱਟਾਂ ਖੋਹਾਂ ਵਾਲੇ ਦੱਸਦੇ ਹੁੰਦੇ ਸਨ। ਪਰ ਉਨ੍ਹਾਂ ਦੇ ਡੁੱਲੇ ਲਹੂ ਦੇ ਸੇਕ ਤੋਂ ਬਚਪਨ ਸੱਖਣਾ ਸੀ।

ਜਦ ਸਕੂਲ ਕਾਲਜ ਵਿਚ ਹੋਰ ਸਾਹਿਤ ਪੜ੍ਹਿਆ ਤਾਂ ਗਿਆਨ ਹੋਇਆ ਕਿ ਨਕਸਲਬਾੜੀ ਤਾਂ ਬੰਗਾਲ ਦੇ ਇਕ ਪਿੰਡ ਜਾਂ ਰੇਲਵੇ ਸਟੇਸ਼ਨ ਦਾ ਨਾਂ ਹੈ ਜਿਸ ਨੂੰ ਬਚਪਨ ਵਿਚ ਮਾਪਿਆਂ ਵਲੋਂ “ਮਾਂਊ ਆਜੂ” ਸੁਣ ਕੇ ਇਸ ਸ਼ਬਦ ਤੋਂ ਡਰ ਜਾਂਦੇ ਸਾਂ। ਫਿਰ ਗਿਆਨ ਨੇ ਜਾਣਿਆ ਕਿ ਅਮਰੀਕਾ ਵਿਚ ਸ਼ਿਕਾਗੋ ਵੀ ਇਕ ਅਜਿਹੀ ਹੀ ਵਿਲੱਖਣਤਾ ਰੱਖਣ ਵਾਲਾ ਸ਼ਹਿਰ ਸੀ ਜਿਸ ਤੋਂ ਅਮਰੀਕਾ ਦੇ ਬੱਚੇ ਸਾਡੇ ਵਾਂਗ ਡਰੇ ਨਹੀਂ ਹੋਣੇ।

ਕਾਲਜ ਵਿਚ ਇਨਕਲਾਬੀ ਸਫ਼ਾਂ, ਨਾਟਕਾਂ, ਭਾਸ਼ਣ ਤੇ ਕਵਿਤਾ ਉਚਾਰਨ ਮੁਕਾਬਲਿਆਂ ਵਿਦਿਆਰਥੀ ਸੰਪਾਦਕ ਬਣਨ ਦਾ ਦੌਰ ਕਿਸੇ ਉਪ ਗ੍ਰਹਿ ਦੀ ਮਿਆਦ ਵਾਂਗ ਪੰਜ ਕੁ ਸਾਲਾਂ ਵਿਚ ਖਤਮ ਹੋ ਗਿਆ। ਇਸ ਤੋਂ ਬਾਅਦ ਅਜਿਹਾ ਦੌਰ ਸ਼ੁਰੂ ਹੋਇਆ ਕਿ ਜੂਨ ਮਹੀਨੇ ਵਾਂਗ ਨਵੰਬਰ ਦਸੰਬਰ ਦੀਆਂ ਰਾਤਾਂ ਵੀ ਤਪਣ ਲੱਗੀਆਂ। ਜਦੋਂ 1967-68 ਵਾਂਗ ਝੂਝੇ ਪੁਲਿਸ ਮੁਕਾਬਲਿਆਂ ਅਤੇ ਇਕ ਫਿਰਕੇ ਦੇ ਲੋਕਾਂ ਦੇ ਕਤਲੇਆਮ ਦੇ ਦੌਰ ਨੂੰ ਹੰਢਾਉਂਦੇ ਹੋਏ ਬੀ. ਏ. ਦੀ ਡਿਗਰੀ ਕਰ ਲਈ।

ਇਸ ਤੋਂ ਬਾਅਦ ਤਾਂ ਬੇਰੁਜ਼ਗਾਰੀ ਕਾਰਨ ਲੰਬੀਆਂ ਛੁੱਟੀਆਂ ਸਨ। ਬੱਸ ਘਰੇ ਹੀ ਰਹੀਦਾ ਸੀ। ਅਖ਼ਬਾਰ, ਮੈਗਜ਼ੀਨ ਤੇ ਚੰਗਾ ਸਾਹਿਤ ਦਿਨ ਲੰਘਾਉਣ ਦਾ ਵਸੀਲਾ ਬਣੇ। ਇਹ 1984 ਦਾ ਦੌਰ ਸੀ ਜਦ ਜੂਨ 1984 ਵਿਚ ਪੰਜਾਬ ਦੇਸੀ ਅਬਦਾਲੀਆਂ ਦੇ ਟੈਂਕਾਂ ਦੇ ਗੋਲਿਆਂ ਨਾਲ ਗੂੰਜਿਆ। ਅਕਾਲ ਤਖ਼ਤ ਨੂੰ ਮੁੱਖ ਨਿਸ਼ਾਨਾ ਬਣਾ ਕੇ ਇਤਿਹਾਸਕ-ਵਿਰਾਸਤ ਨੂੰ ਤਾਰ ਤਾਰ ਕਰ ਦਿੱਤਾ। ਕਿਸੇ ਚੁੱਲ੍ਹੇ ਅੱਗ ਨਾ ਬਲੀ ਨਾ ਕਿਸੇ ਖਾਧੀਆਂ ਤੇ ਨਾਂ ਹੀ ਕਿਸੇ ਨੇ ਪਕਾਈਆਂ। ਇਨ੍ਹਾਂ ਹਾਲਤਾਂ ਦੇ ਝੰਬੇ ਲੋਕ ਅਜੇ ਜਿਊਣ ਦਾ ਓਹੜ-ਪੋਹੜ ਕਰ ਰਹੇ ਸਨ ਕਿ ਅਕਤੂਬਰ 1984 ਵਿਚ ਇਕ ਵਾਰ ਫੇਰ ਮੈਂ ਬੀ. ਐਡ ਦਾ ਵਿਦਿਆਰਥੀ ਬਣ ਗਿਆ ਕਿ ਨਵੰਬਰ 1984 ਦੇ ਕਈ ਦਿਨਚੱਲੇ ਜਲ੍ਹਿਆਂਵਾਲੇ ਬਾਗ ਵਰਗੇ ਦੰਗੇ ਜਿਸ ਨੂੰ ਸਦੀ ਦਾ ਵੱਡਾ ਘੱਲੂਘਾਰਾ ਕਹਿ ਸਕਦੇ ਹਾਂ। ਇਸ ਸਮੇਂ ਜੂਨ ਦੀਆਂ ਛੁੱਟੀਆਂ ਦੌਰਾਨ ਮੇਰੀਆਂ ਅੱਖਾਂ ਸਾਹਮਦੇ ਦੋ ਚਿਹਰੇ ਘੁੰਮਦੇ ਹਨ। ਦੋਹਾਂ ਦੇ ਨਾਮ ਮਨਜੀਤ ਸਿੰਘ ਹਨ। ਮੇਰਾ ਇਕ ਅਤਿ ਪਿਆਰਾ ਵੱਡਾ ਵੀਰਾ, ਦੋਸਤ ਜੋ ਕਿ ਬੀ. ਐਡ ਕਾਲਜ ਦੇ ਪ੍ਰਿੰਸੀਪਲ ਹਨ, ਦਾ ਫੋਨ ਆਇਆ “ਗੁਰਮੇਲ ਯਾਰ ਆ ਜਾ, ਅੱਜ ਬੱਦਲਵਾੜੀ ਕਰਕੇ ਮੌਸਮ ਠੰਡਾ ਹੈ। ਗੱਲਾਂ ਕਰਾਂਗੇ।” ਮੈਂ ਵੀ “ਸੱਦੀ ਹੋਈ ਮਿੱਤਰਾਂ ਦੀ ਪੈਰ ਜੁੱਤੀ ਨਾ ਪਾਵਾਂ”, ਦੇ ਅਨੁਸਾਰ ਕੱਪੜੇ ਪਹਿਨੇ ਤੇ ਗੱਡੀ ’ਤੇ ਸਵਾਰ ਹੋ ਗਿਆ। ਅਗਾਂਹ ਮੇਰੇ ਪ੍ਰਿੰਸੀਪਲ ਮਿੱਤਰ ਆਪਣੀ ਗੱਡੀ ਲਈ ਮੇਰੀ ਉਡੀਕ ’ਚ ਖੜ੍ਹੇ ਸਨ। ਮੈਂ ਗੱਡੀ ’ਚੋਂ ਉਤਰ ਕੇ ਉਸਦੀ ਗੱਡੀ ’ਚ ਬਹਿ ਕੇ ਉਸਦੇ ਘਰ ਚਲਾ ਗਿਆ। ਉਸ ਨੇ ਪੰਜਾਬ ਦੇ ਹਲਾਤਾਂ, ਸਕੂਲ ’ਚ ਰੁੱਖਚ ਲਗਾਉਣ ਤੇ ਬੀ. ਐਡ ਕਾਲਜ ਦੇ ਵਿਦਿਆਰਥੀਆਂ ਦੇ ਅਤਿ ਨੀਵੇਂ ਬੌਧਿਕ ਪੱਧਰ ਦੀਆਂ ਗੱਲਾਂ ਕੀਤੀਆਂ। ਮੇਰੀ ਲਿਖਣ ਪ੍ਰਕਿਰਿਆ ਬਾਰੇ ਉਸਨੇ ਗੱਲਾਂ ਕਰਕੇ ਸਾਰੀਆਂ ਰਚਨਾਵਾਂ ਦੇ ਵਿਸ਼ਾ ਵਸਤੂ ਬਾਰੇ “ਦਲਵਾ ਬਲੇ ਸਾਰੀ ਰਾਤ” ਨਾਮ ਦੀ ਇਕੱਤਰਤਾ ਦੀ ਗੱਲ ਕੀਤੀ। ਅਸੀਂ ਚਾਹ ਪੀਤੀ ਤੇ ਡਾ. ਸਾਹਿਬ ਕਹਿਣ ਲੱਗੇ ਕਿ “ਚੱਲ ਗੁਰਮੇਲ ਤੈਨੂੰ ਘੱਲ ਕਲਾਂ ਦਾ ਅਜਾਇਬ ਘਰ ਤੇ ਉਸਦੇ ਰਚਨਹਾਰੇ ਨੂੰ ਮਿਲਾ ਕੇ ਲਿਆਵਾਂ ਜੋ ਪੰਜਾਬ ਦਾ, ਇਤਿਹਾਸ ਦਾ ਨੇਕ ਚੰਦ ਹੈ।” ਉਸ ਗੱਡੀ ਕੱਢੀ ਤੇ ਅਸੀਂ 10-15 ਮਿੰਟਾਂ ਵਿਚ ਘੱਲ ਕਲਾਂ ਪਹੁੰਚ ਗਏ। ਸਾਹਮਣੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤ ਦੇਖਕੇ ਇੰਜ ਲੱਗਾ ਜਿਵੇਂ ਹੁਸੈਨੀਵਾਲੇ ਆ ਗਏ ਹੋਈਏ। ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਬੰਦਾ ਬਹਾਦਰ, ਏ. ਪੀ. ਜੇ. ਕਲਾਮ, ਸ਼ਾਸ਼ਤਰੀ ਮਿਲਖਾ ਸਿੰਘ, ਭਗਤ ਪੂਰਨ ਸਿੰਘ ਦੀਆਂ ਉਸ ਦੀਆਂ ਕਲਾਕ੍ਰਿਤਾਂ ਹਨ। ਇਕ ਕਲਾਕ੍ਰਿਤ ਅਜਿਹੀ ਹੈ ਕਿ ਕਮਜ਼ੋਰ ਦਿਲ ਬੰਦਾ ਜਾਂ ਔਰਤ ਉਸਨੂੰ ਦੇਖਕੇ ਚੀਕ ਮਾਰ ਕੇ ਬੇਹੋਸ਼ ਹੋ ਸਕਦੀ ਹੈ। ਇਹ 1989 ਦੇ ਖ਼ੂਨੀ ਕਾਂਤ ਤੇ ਆਧਾਰਤ ਹੈ। ਇਕ ਸਟਰੇਚਰ ਤੇ ਦੋ ਸੜੀਆਂ ਹੋਈਆਂ ਲਾਸ਼ਾਂ ਪਈਆਂ ਹਨ। ਇਕ ਸੜੀ ਹੋਈ ਲਾਸ਼ ਨੂੰ ਕੁੱਤਾ ਖਾ ਰਿਹਾ ਹੈ। ਇਕ ਤਿੰਨ ਕੁ ਸਾਲ ਦੇ ਬੱਚੇ ਦੇ ਗਲ੍ਹ ਬਲਦਾ ਟਾਇਰ ਪਾ ਕੇ ਸਾੜਿਆ ਜਾ ਰਿਹਾ ਹੈ ਤੇ ਉਹ ਸਹਾਇਤਾ ਲਈ ਪੁਕਾਰ ਰਿਹਾ ਹੈ। ਇਹ ਦ੍ਰਿਸ਼ ਦੇਖ ਕੇ ਮੈਂ ਕਈ ਰਾਤਾਂ ਸੌਂ ਨਹੀਂ ਸਕਿਆ। ਫਿਰ ਉਹ ਰਚੇਤਾ ਆਇਆ ਜੋ ਡਾ. ਸਾਹਿਬ ਦਾ ਵਿਦਿਆਰਥੀ ਸੀ। ਉਸਨੇ ਮੇਰੇ ਨਾਲ ਗੱਲਾਂ ਕੀਤੀਆਂ ਤੇ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ ਡਾਇਰੈਕਟਰ ਪੁਰਾਤਿਤਵ ਵਿਭਾਗ ਚੰਡੀਗੜ੍ਹ ਨੌਕਰੀ ਦੀ ਦਿੱਤੀ ਸੀ। ਉਥੇ ਕਲਾਕਾਰ ਮਨ ਬੰਦਿਸ਼ ਦੀ ਕੈਦ ਸਹਾਰ ਨਾ ਸਕਿਆ ਤੇ ਇਸ ਨੌਕਰੀ ਤੋਂ ਅਸਤੀਫ਼ਾ ਦੇ ਕੇ ਇਸ ਕਲਾ ’ਚ ਰੁਝ ਗਿਆ। ਕਲਾ ਖਾਤਰ ਐਡੀ ਕੁਰਬਾਨੀ ਮੈਂ ਉਸਦੇ ਕਰਤਾਰੀ ਹੱਥਾਂ ਨੂੰ ਮੱਥੇ ਸੰਗ ਛੁਹਾਇਆ ਤੇ ਸੋਚਿਆ ਜੇ ਮੇਰੇ ਸਕੂਲ ਦੇ ਸੰਜੀਦਾ ਵਿਦਿਆਰਥੀ ਇਹ ਅਜਾਇਬ ਘਰ ਦੇਖਣ ਲਈ ਸਹਿਮਤ ਹੋਏ ਤਾਂ ਏਥੇ ਲੈ ਕੇ ਆਵਾਂਗ। ਪਹਿਲੀ ਮਿਲਣੀ ਵਿਚ ਹੀ ਦਿਲ ਦੀਆਂ ਗਹਿਰਾਈਆਂ ਤੱਕ ਉਤਰੇ ਮਨਜਤੀ ਸਿੰਘ ਘੱਲ ਕਲਾਂ ਕੋਲੋਂ














ਵਾਪਸੀ ਦੀ ਇਜਾਜ਼ਤ ਲੈ ਕੇ 10-15 ਮਿੰਟਾਂ 'ਚ ਮੋਗੇ ਆ ਗਏ।

ਮੇਰੇ ਜਿਹਨ ਵਿਚ ਦੂਸਰਾ ਮਨਜੀਤ ਸਿੰਘ ਉਭਰਦਾ ਹੈ। ਜੋ ਮੇਰਾ ਹਮਖਿਆਲ ਹੈ। ਸਾਹਿਤ ਪੜ੍ਹਨ ਦਾ ਰਸੀਆ ਤੇ ਵਧੀਆ ਕਹਾਣੀਕਾਰ ਹੈ। ਇਹ ਵੀ ਇਕ ਰਚਨਾਤਮਿਕ ਪੱਖ ਹੈ। ਸ਼ਬਦਾਂ ਨੂੰ ਲੜੀ 'ਚ ਪਰੋਣਾ ਕੋਈ ਸੌਖਾ ਕੰਮ ਨਹੀਂ। ਇਹ ਕੰਮ ਕਿਸੇ ਬਾਗ ਫੁਲਕਾਰੀ ਦੀ ਕਢਾਈ ਤੋਂ ਘੱਟ ਨਹੀਂ ਹੈ। ਅਸੀਂ ਅਕਸਰ ਮਿਲਦੇ ਰਹਿੰਦੇ ਹਾਂ। ਮੈਂ ਉਸਦੇ ਪਿੰਡ ਪਹਿਲਾਂ ਦਸੰਬਰ 1992 ਤੋਂ ਜੁਲਾਈ 96 ਤੱਕ ਤੇ ਹੁਣ 1 ਜੁਲਾਈ 2010 ਤੋਂ ਫੇਰ ਉਸਦੇ ਪਿੰਡ ਹਾਂ। ਡਾ. ਬਨਵੰਤ ਸਿੰਘ ਪੀ. ਐਚ. ਪੀ. ਪ੍ਰੋ. ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਪ੍ਰੋ. ਅਵਤਾਰ ਸਿੰਘ ਪੀ.ਐਚ. ਡੀ.-ਐਸ. ਡੀ. ਓ. ਜਸਮੇਲ ਸਿੰਘ, ਸੁਤੰਤਰ ਰਾਏ ਸਭ ਸਾਹਿਤਕਾਰ ਬਣੇ ਹਨ ਜੋ ਮੈਨੂੰ ਇਸ ਪ੍ਰਾਪਤੀ ਦਾ ਧੁਰਾ ਮੰਨਦੇ ਹਨ। ਇਹ ਮਨਜੀਤ ਸਿੰਘ ਐਮ. ਐਲ. ਏ. ਹੈ। ਇਸ ਸਾਲ ਮਾਰਚ ਮਹੀਨੇ ਹਲਕੇ ਦਾ ਵਿਧਾਇਕ ਹੈ। ਪੰਜਾਬ ਵਿਚ ਕਾਂਗਰਸ ਸਰਕਾਰ ਹੈ ਤੇ ਉਹ ਵਿਰੋਧੀ ਧਿਰ ਦੀ ਵੱਡੀ ਰਾਜਸੀ ਪਾਰਟੀ ਦਾ ਮੈਂਬਰ ਹੈ। ਇਨ੍ਹਾਂ ਗਰਮੀ ਦੀਆਂ ਛੁੱਟੀਆਂ ਦੌਰਾਨ ਬਜਟ ਸੈਸ਼ਨ ਵਿਚ ਮਨਜੀਤ ਨਾਲ ਜੋ ਵਾਪਰਿਆ ਉਹ ਘੱਲ ਕਲਾਂ ਮੇਰੀਆਂ ਅੱਖਾਂ ਸਾਹਮਣੇ ਹੈ। ਉਹ ਦੇਖ ਕੇ ਮਨ 'ਚ ਬੜਾ ਕੁਝ ਆ ਰਿਹਾ ਹੈ ਕਿ ਜੋ ਵਿਧਾਨ ਸਭਾ ਵਿਚ ਵਾਪਰਿਆ ਹੈ ਉਹ ਕਿਸੇ ਹਮਲਾਵਰ ਨਾਲੋਂ ਘੱਟ ਨਹੀਂ। ਪੰਜਾਬ ਅਜੇ ਵੀ ਹਮਲਾਵਰਾਂ ਦਾ ਸਾਹਮਣਾ ਕਰ ਰਿਹਾ ਹੈ। ਕਿਉਂਕਿ ਇਸ ਸਮੇਂ ਹਮਲਾਵਰ ਵੀ ਦੇਸੀ ਸਨ ਤੇ ਜਨਰਲ ਡਾਇਰ ਵੀ ਦੇਸੀ ਸੀ। ਉਦੋਂ ਮਨ 'ਚ ਰੋਸ ਉਪਜਿਆ, ਸਮਝ ਆਈ ਕਿ ਕੀ ਲੋਕਾਂ ਦਾ ਰਾਜ ਅਜਿਹਾ ਹੁੰਦਾ ਹੈ? ਜਿਥੇ ਮਾਰੇ ਜਾ ਰਹੇ ਫਿਰਕੇ ਦੇ ਬੰਦਿਆਂ ਨਾਲ ਸਬੰਧਤ ਉਸੇ ਫਿਰਕੇ ਦਾ ਤਿੰਨਾਂ ਸੈਨਾਵਾਂ ਦਾ ਮੁਖੀ ਬੈਠਾ ਹੋਵੇ ਤੇ ਦੂਸਰੇ ਪਾਸੇ ਪੁਲਿਸ ਦੇ ਸਾਧਾਰਨ ਸਿਪਾਹੀ ਵੀ ਤਿੰਨਾਂ ਸੈਨਾਵਾਂ ਦੇ ਮੁਖੀ ਨੂੰ ਟੁੱਟ ਕੇ ਡੇਲਾ ਸਮਝ ਕੇ ਸਾਹਮਣੇ ਹੋ ਰਹੇ ਸਿਆਸੀ ਤਾਂਡਵ ਨਾਚ ਜਾਂ ਘਾਣ ਅੱਗੇ ਕੱਛਾ 'ਚ ਹੱਥ ਦੇ ਕੇ ਤਮਾਸ਼ਾ ਦੇਖ ਰਹੇ ਹੋਣ। ਉਨ੍ਹਾਂ ਦਿਨਾਂ 'ਚ ਬੰਦ ਹੋਏ ਕਾਲਜਾਂ ਦੀਆਂ ਛੁੱਟੀਆਂ ਦੌਰਾਨ ਇਹ ਮਹਿਸੂਸ ਕੀਤਾ। ਇਹ ਬਹੁਸੰਮਤੀ ਲੋਕਤੰਤਰ ਦੀ ਹਿਟਲਰ ਵਰਗੀ ਤਾਨਾਸ਼ਾਹੀ ਹੈ। ਇਤਿਹਾਸ ਵਾਚਣ ਤੇ ਪਤਾ ਲੱਗਦਾ ਹੈ ਕਿ ਦੇਸ਼ ਦੇ "ਲੋਕਰਾਜੀ" ਹਾਕਮਾਂ ਨੇ ਲੋਕਾਂ ਦੀਆਂ ਵੱਖ-ਵੱਖ ਲਹਿਰਾਂ ਕੁਚਲਣ ਲਈ ਅਜਿਹੇ ਇਕ ਨਹੀਂ ਅਨੇਕਾਂ ਸ਼ਰਮਨਾਕ ਕਾਰਨਾਮੇ ਕੀਤੇ ਹਨ। ਇਸ ਤੋਂ ਇਕ ਗੱਲ ਸਪਸ਼ਟ ਹੈ ਕਿ ਜਿਵੇਂ ਥਾਣਿਆਂ ਵਿਚ ਵਿਰੋਧੀਅ ਅਵਾਜ਼ਾਂ ਨੂੰ ਬੰਦ ਕੀਤਾ ਜਾਂਦਾ ਹੈ ਉਹ ਵਰਤਾਰਾ ਵਿਧਾਨ ਸਭਾ ਵਿਚ ਵੀ ਹੈ। ਹੋਰ ਤਾਂ ਹੋਰ ਪ੍ਰਾਈਵੇਟ ਬੱਸਾਂ ਦੇ ਕੰਡਕਟਰ ਵੀ ਵੱਧ ਕਿਰਾਇਆ ਵਸੂਲਣ 'ਤੇ ਮੁਸਾਫਿਰ ਦੀ ਹੱਕੀ ਅਵਾਜ਼ ਨੂੰ ਬੱਸ ੦ਚੋਂ ਧੱਕਾ ਦੇ ਕੇ ਜਿਵੇਂ ਬਾਦਲ ਦੀ ਬੱਸ 'ਚੋਂ ਜਾਂ ਦੀਪ ਬੱਸ 'ਚੋਂ ਮੁਸਾਫਿਰ ਧੱਕੇ ਮਾਰਕੇ ਸੁੱਟੇ ਗਏ ਜਾਂ ਮਾਰੇ ਗਏ ਉਹ ਵਰਤਾਰਾ ਪੂੰਜੀਵਾਦੀ ਸਰਕਾਰੀ ਵਿਚ ਹਰ ਥਾਂ ਮੌਜੂਦ ਹੈ।

ਅਧਿਆਪਕ ਬਣਨ ਤੋਂ ਬਾਅਦ ਛੁੱਟੀਆਂ ਦੌਰਾਨ ਮੈਂ ਨਜ਼ਾਰੇ ਲੈਣ ਲਈ ਕਿਤੇ ਨਹੀਂ ਗਿਆ। ਮੇਰੇ ਲਈ ਚੰਗੀਆਂ ਕਿਤਾਬਾਂ ਹੀ ਕਿਸੇ ਟੂਰ ਤੋਂ ਘੱਟ ਨਹੀਂ ਸਨ ਹੁੰਦੀਆਂ। ਦੂਸਰਾ ਕਾਰਨ ਸਰੀਰਕ ਅਪਾਹਜਤਾ ਵੀ ਕਹਿ ਸਕਦੇ ਹਾਂ। ਇਸ ਕਾਰਨ ਛੁੱਟੀਆਂ ਦੌਰਾਨ ਇਹ ਖਾਹਿਸ਼ਾਂ ਵੀ ਰੁੱਸੀਆਂ ਕਹਿ ਸਕਦੇ ਹਾਂ। ਅਧਿਆਪਨ ਕਾਰਜ ਦੇ ਉਨੱਤੀ ਸਾਲਾਂ ਵਿਚ ਉਨੱਤੀ (29) ਜੂਨ ਆਏ ਤੇ ਲੰਘ ਗਏ। ਹੁਣ ਅਧਿਆਪਨ ਕਾਰਜ ਦਾ ਤੀਹਵਾਂ ਸਾਲ ਚੱਲ ਰਿਹਾ ਹੈ ਤੇ ਸਕੂਲਾਂ 'ਚ ਜੂਨ ਮਹੀਨੇ ਦੀਆਂ ਛੁੱਟੀਆਂ ਹਨ। ਚਲੋ ਆਪਣੇ ਨਿੱਜ ਬਾਰੇ ਨਾ ਸਹੀ ਇਸ ਮਹੀਨੇ ਛੁੱਟੀਆਂ ਪਿਈਆਂ (ਆਪੋ ਧਾਪੀ ਮਾਰ ਧਾੜ) ਨੂੰ ਮਹਿਸੂਸ ਕਰਦਿਆਂ ਲੰਘੀਆਂ ਹਨ ਜਿਸ ਦਾ ਦ੍ਰਿਸ਼ ਹਰ ਪੰਜਾਬੀ ਨੇ ਦੇਖਿਆ ਹੈ।

ਫਰਵਰੀ ਮਹੀਨੇ 'ਚ ਮਿੱਠੀਆਂ ਮਾਰਨ ਵਾ ਤੇ ਮਿੱਠੀਆਂ ਗੋਲੀਆਂ ਦੇਣ ਵਾਲਾ ਖੂੰਡੇ ਵਾਲਾ ਬਾਬਾ ਬੈਠਾ ਹੈ। ਜੂਨ ਮਹੀਨੇ ਬਜਟ ਦਾ ਗਰਮ ਦੌਰ ਚੱਲ ਰਿਹਾ ਹੈ। ਖੇਡਾਂ ਖੇਡ ਕੇ ਜੌਕਰਪੁਣਾ ਕਰਨ ਵਾਲਾ ਸਖਸ਼ ਜਿਸਨੂੰ ਜਨਵਰੀ ਫਰਵਰੀ ਵਿਚ ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਦਾ ਬੜਾ ਦਰਦ ਸੀ ਉਹ ਹੁਣ ਕਿਸਾਨਾਂ ਦੇ ਊਠ ਤੋਂ ਛਾਣਨੀ ਲਾਹੁਣ ਵਾਲੀ ਅਖਾਉਤ ਮੁਤਾਬਕ ਕੁਝ ਕੁ ਕਰਜ਼ਾ ਮੁਆਫ਼ੀ ਤੇ ਉਨ੍ਹਾਂ ਦੀ ਕਿਸਾਨ ਮਜ਼ਦੂਰਾਂ ਨੂੰ ਭਿਖਾਰੀ ਦੱਸ ਰਿਹਾ ਹੈ। ਚੋਣਾਂ ਤੋਂ ਪਹਿਲਾਂ ਅਸੀਂ ਪਹਿਲਾਂ ਵੀ ਤਜਰਬੇ ਦੇ ਆਧਾਰ 'ਤੇ ਕਹਿੰਦੇ ਰਹੇ ਹਾਂ ਕਿ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ ਹੁੰਦੇ ਹਨ। ਅੱਜ ਜੋ ਹਮਦਰਦੀ ਦੇ ਫੈਹੇ ਰੱਖ ਰੇ ਹ ਨ ਉਹ ਅਤੀਤ 'ਚ ਜ਼ਖ਼ਮ ਦੇਣ ਵਾਲੇ ਹਨ ਜਿਨ੍ਹਾਂ ਦੇ ਪੱਟੇ ਅਜੇ ਤੱਕ ਤਾਬ ਨਹੀਂ ਆਏ। ਉਹ ਕੱਲ੍ਹ ਦੇ ਸ਼ੀਂਹ ਅੱਜ ਦੇ ਪਛੋਰੇ ਬਣ ਗਏ ਹਨ ਜੋ ਹੁਣ ਦੇ ਜ਼ਖ਼ਮਾਂ ਨੂੰ ਚੱਟ ਰਹੇ ਹਨ।

ਪਿਛਲੇ ਦੌਰ ਦੌਰਾਨ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੀ ਪੁਲਿਸ ਨਾਲ ਹੁੰਦੀ ਹੱਥੋਪਾਈ ਤੇ ਲਾਠੀਚਾਰਜ ਹੁੰਦਾ ਤਾਂ ਦੇਖਿਆ ਸੀ ਪਰ ਲੋਕਤੰਤਰ ਨੂੰ ਚਲਾਉਣ ਵਾਲੇ ਵਿਹੜੇ (ਵਿਧਾਨ ਸਭਾ) ਵਿਚ ਵੀ ਲੋਕਤੰਤਰ ਦੀ ਰਾਖੀ ਲਈ ਰੱਖੀ ਪੁਲਿਸ (ਮਾਰਸ਼ਲ) ਇੰਜ ਗੁੱਥਮ-ਗੁੱਥਾ ਹੋਵੇਗੀ ਇਹ ਇਨ੍ਹਾਂ ਜੂਨ ਮਹੀਨੇ ਦੀਆਂ ਛੁੱਟੀਆਂ ਦਾ ਪਹਿਲਾ ਅਨੁਭਵ ਹੈ ਕਿ ਸੱਤਾ ਖਿਲਾਫ਼ ਉਠਣ ਵਾਲੀ ਅਵਾਜ਼ ਨੂੰ ਆਪਣੀ ਬੀਹੀ 'ਚ ਤਾਂ ਕੁੱਤਾ ਵੀ ਸ਼ੇਰ ਹੁੰਦਾ ਹੈ, ਦੀ ਅਖਾਉਤ ਮੁਤਾਬਕ ਇਹ ਪਹਿਲੀ ਵਾਰ ਦੇਖਿਆ ਹੈ ਜੋ ਇਸ ਲੋਕਤੰਤਰੀ ਕਫ਼ਨ 'ਚ ਪਹਿਲਾ ਕਿੱਲ ਹੈ। ਲੋਕਪੱਖੀ ਤਾਕਤਾਂ ਲਈ ਇਹ ਇਕ ਸ਼ਕਤੀ ਹੈ। ਇਸ ਤੋਂ ਪਹਿਲਾਂ ਲੀਡਰਾਂ ਦਾ ਵਿਕਾਓ ਹੋ ਜਾਣਾ, ਵਾਕਆਊਟ ਕਰ ਜਾਣਾ ਜਾਂ ਮਾਈਕ ਤੋੜ ਦੇਣੇ ਤਾਂ ਸੁਣੇ ਸਨ ਪਰ ਪੰਜਾਬ ਦੀ ਵਿਧਾਨ ਸਭਾ ਪੰਜਾਬ ਪੁਲਿਸ ਦੇ ਕਿਸੇ ਥਾਣੇ ਵਿਚ ਘਸੀਟੇ ਜਾਂਦੇ ਦੋਸ਼ੀਆਂ ਜਾਂ ਨਿਰਦੋਸ਼ਾਂ ਦੀ ਕੁੱਟ ਮਾਰ ਦਾ ਦ੍ਰਿਸ਼ ਪੇਸ਼ ਕਰੇਗੀ ਇਹ ਲੋਕਤੰਤਰ ਤੇ ਇਕ ਸਵਾਲ ਹੈ। ਵੱਡੇ-ਵੱਡੇ ਟਰਾਂਸਪੋਰਟ, ਨਸ਼ਾ ਮਾਫ਼ੀਆ, ਰੇਤਾ ਮਾਫ਼ੀਆ ਅਜੇ ਵੀ ਖੂੰਡੇ ਵਾਲੇ ਦੀ ਬੁੱਕਲ 'ਚ ਬੈਠੇ ਹਨ ਤੇ ਚੰਮ ਦੀਆਂ ਚਲਾ ਰਹੇ ਹਨ। ਕਿਥੇ ਹੈ ਉਹ ਵਾਅਦਾ ਕਿ ਨਸ਼ਾ ਤਸਕਰ ਮਹੀਨੇ ਦੇ ਅੰਦਰ ਅੰਦਰ ਜੇਲ੍ਹਾਂ 'ਚ ਹੋਣਗੇ। ਬਕੌਲ ਸ਼ਾਇਰ "ਵੋਹ ਵਾਅਦਾ ਹੀ ਕਿਆ ਜੋ ਵਫਾ ਹੋ ਗਿਆ।"

ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਇਨ੍ਹਾਂ ਨੂੰ ਪਿੱਟੀਆਂ ਇਸ ਕਰਕੇ ਲਿਖ ਰਿਹਾ ਹਾਂ ਕਿ ਪੁਲਿਸ ਥਾਣੇ ਵਿਚ ਬੇਦਰਦੀ ਨਾਲ ਘਸੀਟੇ ਜਾ ਰਹੇ ਨਿਰਦੋਸ਼ ਵਾਂਗ ਜਿਸਦੀ ਪੱਗ ਰੁਲ ਗਈ ਹੈ। ਕੇਸ ਖਿੱਲਰ ਗਏ ਹਨ ਉਹ ਮੇਰਾ ਅਤਿ ਪਿਆਰਾ ਵਿਦਿਆਰਥੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇ ਚੁਣੇ ਹੋਏ ਵਿਧਾਇਕਾਂ ਦੀ ਪਗੜੀ ਵਿਧਾਨ ਸਭਾ ਵਿਚ ਸੁਰੱਖਿਆ ਨਹੀਂ ਤਾਂ ਆਮ ਕਿਰਤੀ ਕਿਸਾਨ ਦੀ ਪੱਗੜੀ ਬਾਰੇ ਕੀ ਕਹੀਏ? ਚਾਚਾ ਅਜੀਤ ਸਿੰਘ ਨੇ ਤਾਂ ਨਾਅਰਾ ਦਿੱਤਾ ਸੀ ਕਿ ਪੱਗੜੀ ਸੰਭਾਲ ਜੱਟਾ ਪੱਗੜੀ ਸੰਭਾਲ ਓਏ। ਕੀ ਹੁਣ ਇਹ ਕਹੀਏ ਕਿ "ਪੱਗੜੀ ਸੰਭਾਲ ਵਿਧਾਇਕਾ ਪੱਗੜੀ ਸੰਭਾਲ ਓਏ" ਕਿਉਂਕਿ ਜਿਨ੍ਹਾਂ ਨੇ ਕੇਸਾਂ ਤੇ ਪੱਗੜੀ ਨੂੰ ਪੈਰਾਂ ਹੇਠ ਮਧੋਲਿਆ ਹੈ ਉਹ ਵਿਧਾਨਸਭਾ ਦੀ ਅੰਦਰਲੀ ਪੁਲਿਸ (ਮਾਰਸ਼ਲ) ਦਾ ਖੂੰਡਾ ਸੀ। ਕੀ ਇਹ ਵਰਤਾਰਾ ਬਦਲਾਖੋਰੀ ਦੀ ਭਾਵਨਾ ਪੈਦਾ ਨਹੀਂ ਕਰੇਗਾ? ਚਾਹੀਦਾ ਤਾਂ ਇਹ ਹੈ ਕਿ ਚਾਹੇ ਉਹ ਆਮ ਹਨ ਜਾਂ ਖਾਸ ਹਨ ਅਸਤੀਫ਼ੇ ਦੇ ਕੇ ਆਪਣੀ ਪਾਰਟੀ ਦੀ ਕੁੰਜ ਲਾਹ ਕੇ ਸੱਚੇ ਦਿਲੋਂ ਲੋਕ ਘੋਲਾਂ ਦਾ ਅੰਗ ਬਣ ਜਾਣ ਨਾ ਕਿ ਵੋਟਾ ਖੜ੍ਹੀਆਂ ਕਰਨ। ਹੁਣ ਤਾਂ ਇਹੀ ਰਾਹ ਬਚਿਆ ਹੈ। ਇਕ ਸਾਧਾਰਨ ਬੰਦੇ ਦੀ ਜੇ ਕਿਸੇ ਬੀਹੀ 'ਚ ਬੇਇੱਜ਼ਤੀ ਹੋ ਜਾਵੇ ਤਾਂ ਉਸਦੀ ਇੱਜ਼ਤ ਜਾਂ ਜ਼ਮੀਰ ਉਸ ਬੀਹੀ 'ਚ ਵੜਨ ਤੋਂ ਵੀ ਗੁਰੇਜ਼ ਕਰਦੀ ਹੈ। ਜੇ ਐਨੀ ਬੇਇੱਜ਼ਤੀ ਕਰਵਾਕੇ ਵੀ ਇਹ ਵਿਧਾਨ ਸਭਾ ਦੀਆਂ ਸੀਟਾਂ 'ਤੇ ਸੁਸ਼ੋਭਿਤ ਹੁੰਦੇ ਹਨ ਤਾਂ ਸ਼ਬਦਕੋਸ਼ (ਡਿਕਸ਼ਨਰੀ) 'ਚੋਂ ਢੀਠਪੁਣੇ ਤੋਂ ਹੇਠਲਾ ਸ਼ਬਦ ਲੱਭਣਾ ਪਏਗਾ। ਆਪਣੇ ਵਿਦਿਆਰਥੀ ਦੀ ਇਹ ਸਥਿਤੀ ਦੇਖ ਕੇ ਜੂਨ ਮਹੀਨੇ ਦੀਆਂ ਛੁੱਟੀਆਂ ਦੀ ਗਰਮੀ ਕਾਰਨ ਕਾਲਜਾ ਵੀ ਮੱਚਿਆ, ਲੋਕਰਾਜ ਨੂੰ ਪਿੱਟਿਆ ਤੇ ਇਸ ਵਰਤਾਰੇ ਤੇ ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ॥ ਦੇ ਮਹਾਂਵਾਕ ਅਨੁਸਾਰ ਰੁੱਸਿਆ ਵੀ ਹਾਂ। ਮੇਰਾ ਇਹ ਵਿਦਿਆਰਥੀ ਅਗਾਂਹਵਧੂ ਖਿਆਲਾਂ ਵਾਲਾ ਸਾਹਿਤਕਾਰ ਹੈ। ਕਈ ਕਿਤਾਬਾਂ ਲਿਖ ਚੁੱਕਾ ਹੇ। ਪਾਕਿਸਤਾਨੀ ਪੰਜਾਬ ਦੇ ਅਹਿਮ ਅਦੀ ਥਾਂ (ਸਾਹਿਤਕਾਰਾਂ) ਨੇ ਉਸਦਾ ਸਨਮਾਨ ਕੀਤਾ। ਪਰ ਆਪਣੀ ਹੀ ਵਿਧਾਨ ਸਭਾ ਨੇ ਕੀ ਸਲੂਕ ਕੀਤਾ ਉਹ ਸਭ ਦੇ ਸਾਹਮਣੇ ਹੈ। ਉਹ ਪੰਜਾਬ ਦੇ ਅਖ਼ਬਾਰ ਦਾ ਪੱਤਰਕਾਰ ਵੀ ਰਿਹੈ। ਜਿੰਨਾ ਚਿਰ ਸਾਹਿਤਕਾਰ ਤੇ ਪੱਤਰਕਾਰ ਰਿਹਾ ਉਸਦੀ ਪੱਗ ਦਾ ਪੇਚ ਵੀ ਢਿੱਲਾ ਨਹੀਂ ਹੋਇਆ। ਪਰ ਜਦੋਂ ਹਲਕੇ 'ਚੋਂ ਜਿੱਤ ਕੇ ਵਿਧਾਨ ਸਭਾ 'ਚ ਗਿਆ ਤਾਂ ਤਿੰਨ ਮਹੀਨਿਆਂ ਵਿਚ ਸਿਰ ਦੀ ਦਸਤਾਰ ਅਤੇ ਕੇਸ ਵੀ ਵਿਧਾਨ ਸਭਾ ਦੀ ਫਰਸ਼ ਉਤੇ ਰੁਲ ਗਏ। ਲੜਦੇ ਤਾਂ ਕਿਸੇ ਕਦੇ ਕੁੱਤੇ ਵੀ ਨਹੀਂ ਸਲਾਹੇ। ਇਹ ਤਾਂ ਫਿਰ ਵੀ ਚੁਣੇ ਹੋਏ ਵਿਧਾਇਕ ਸਨ। ਜਦੋਂ ਮੇਰਾ ਵਿਦਿਆਰਥੀ ਮਾਰਸ਼ਲਾਂ ਵਲੋਂ ਕੁੱਟਿਆ ਜਾ ਰਿਹਾ ਸੀ ਤਾਂ ਉਸ ਦੇ ਪਿੰਡ ਦਾ ਹੀ ਬਜ਼ੁਰਗ ਤੇ ਸਭਾ ਦਾ ਡਿਪਟੀ ਬੁਲਾਰਾ ਵੀ ਬਚਾਉਣ ਲਈ ਅੱਗੇ ਨਹੀਂ ਆਇਆ। ਇਸ ਨੂੰ ਕਹਿੰਦੇ ਹਨ ਸਭ ਸਾਂਝਾ ਤੋੜ ਕੇ ਤਮਾਸ਼ਾ ਦੇਖਣਾ। ਇਥੇ ਤਾਂ ਉਹ ਉਦਾਹਰਣ ਵੀ ਝੂਠੀ ਪੈ ਗਈ ਕਿ ਪਿੰਡ ਦਾ ਤਾਂ ਕੁੱਤਾ ਵੀ ਮਾਣ ਨਹੀਂ ਹੁੰਦਾ ਉਹ ਤਾਂ ਫਿਰ ਵੀ ਉਸਦੇ ਪਿੰਡ ਦਾ ਵਿਧਾਇਕ ਸੀ। ਇਸ ਨੂੰ ਕਹਿੰਦੇ ਹਨ ਖੂਨ ਦਾ ਸਫੈਦ ਹੋਣਾ। ਇਨ੍ਹਾਂ ਵਿਚ 1984 ਦੇ ਦੰਗਿਆਂ ਦੇ ਸ਼ਿਕਾਰ ਲੋਕਾਂ ਦੇ ਮੁਫ਼ਤ ਕੇਸ ਲੜਨ ਵਾਲਾ ਕਾਨੂੰਨਦਾਨ ਵੀ ਸ਼ਾਮਲਹੈ ਜੋ ਵਾਪਰਿਆ ਹੈ ਇਹ ਨਵੰਬਰ 84 ਦੀ ਬਹੁਸੰਮਤੀ ਲੋਕਤੰਤਰੀ ਤਾਨਾਸ਼ਾਹੀ ਦਾ ਪ੍ਰਤੀਕ ਹੈ ਤੇ ਸਿਆਸੀ ਪਾਰਟੀ ਵੀ ਉਹੀ ਹੈ। ਇਹ ਤਾਨਾਸ਼ਾਹੀ ਕਈ ਵਾਰ ਕਬੱਡੀ ਵਾਲਿਆਂ ਦੇ ਹੋਰਨਾਂ ਟੀਮਾਂ ਦੇ ਤਕੜੇ ਖਿਡਾਰੀ ਆਪਣੀ ਟੀਮ 'ਚ ਪਾ ਕੇ ਖੇਡਣ ਵਾਂਗ ਦੂਸਰੀਆਂ ਪਾਰਟੀਆਂ ਨੂੰ ਸ਼ਾਮਲ ਕਰਕੇ ਵੀ ਬਣਾਈ ਜਾਂਦੀ ਹੈ। ਮੂਰਖਤਾਸਾਡੀ ਹੀ ਹੈ ਜੋ ਸੰਘਰਸ਼ਾਂ ਤੇ ਬਲੀਦਾਨਾਂ ਦਾ ਰਾਹ ਛੱਡ ਕੇ ਪਹਿਲਾਂ ਇਨ੍ਹਾਂ ਹੱਥੋਂ ਪੁਰਾਣੀਆਂ ਖਾਧੀਆਂ ਜੁੱਤੀਆਂ ਨੂੰ ਭੁੱਲ ਕੇ ਫੇਰ ਉਨ੍ਹਾਂ ਜੁੱਤੀਆਂ ਨੂੰ ਚੱਟਣ ਲੱਗ ਪੈਂਦੇ ਹਾਂ ਤੇ ਉਹ ਵੀ ਨਿੱਕੀਆਂ-ਨਿੱਕੀਆਂ ਖੁਦਗਰਜ਼ੀਆਂ ਜਾਂ ਨਿੱਕੀਆਂ-ਨਿੱਕੀਆਂ ਪ੍ਰਾਪਤ ਖਾਤਰ। ਜਿਨ੍ਹਾਂ ਮੁਲਕਾਂ ਨੇ ਆਪਣੇ ਦੇਸ਼ ਨੂੰ ਮਹਾਨ ਬਣਾਇਆ ਹੈ ਜਾਂ ਹੀਰੋਸ਼ੀਮਾ ਨਾਗਾਸਾਕੀ 'ਚੋਂ ਨਿਕਲ ਕੇ ਬੰਬ ਸੁੱਟ ਵਾਲਿਆਂ ਦੀਆਂ ਦੁਨਿਆਵੀ ਬਜ਼ਾਰ 'ਚ ਗੋਡਣੀਆਂ ਲੁਆਈਆਂ ਹਨ ਉਨ੍ਹਾਂ ਨੇ ਵੱਡੀਆਂ ਪ੍ਰਾਪਤੀਆਂ ਖਾਤਰ ਛੋਟੀਆਂ ਪ੍ਰਾਪਤੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਕੀਤੀ ਕੁਰਬਾਨੀ ਦਾ ਸਿੱਟਾ ਹੈ। ਅਸੀਂ ਧੁੰਦ ਦਿਆਂ ਬੱਦਲਾਂ 'ਚੋਂ ਮੀਂਹ ਭਾਲਦੇ ਹਾਂ। ਖੈਰ ਇਹ ਤਾਂ ਪਹਿਲੇ ਸਾਲ ਦੀ ਸ਼ੁਰੂਆਤ ਹੈ। "ਆਗੇ ਆਗੇ ਦੇਖੀਏ ਹੋਤਾ ਹੈ ਕਿਆ" ਕਿਉਂਕਿ ਮਹਿੰਗਾਈ ਵਧ ਰਹੀ ਹੈ, ਖੁਦਕਸ਼ੀਆਂ ਹੋ ਰਹੀਆਂ ਹਨ, ਸਿੱਖਿਆ ਦਾ ਵਪਾਰੀਕਰਨ, ਸਫ਼ਰ ਦਾ ਵਪਾਰੀਕਰਨ, ਸੜਕਾਂ 'ਤੇ ਟੋਲ ਟੈਕਸ ਤੇ ਬੇਰੁਜ਼ਗਾਰੀ ਵਧ ਰਹੀ ਹੈ। ਇਹ ਪੰਜਾਬ ਭਾਰਤ ਦਾ ਨਗ ਕਹਿਣ ਵਾਂਗ ਨਗ ਬਣੇਗਾ ਜਾਂ ਖੂੰਡੇ ਵਾਲੇ ਜੌਹਰੀ ਦੀ ਦੁਕਾਨ ਤੋਂ ਪਰਾਂ ਜਾ ਕੇ ਲੋਕ ਸੰਘਰਸ਼ਾਂ ਦਾ ਨਗ ਬਣਗੇ ਜਾਂ ਕੱਚ ਦਾ ਟੁਕੜਾ ਇਹ ਗੱਲ ਅਸੀਂ ਆਉਣ ਵਾਲੇ ਸਮੇਂ 'ਤੇ ਛੱਡਦੇ ਹਾਂ। ਜਿਵੇਂ ਇਕ ਗੀਤ ਹੈ ਕਿ 'ਵਕਤ ਪਏ ਤੋ ਪਰਖੀ ਜਾਂਦੀ ਯਾਰੀ ਯਾਰਾਂ ਦੀ' ਵਾਂਗ ਲੋਕਾਂ ਨੇ ਤਾਂ ਜੇਹੋ ਜੇਹੀ ਧਾਰੀ ਯਾਰੀ ਨਿਭਾ ਦਿੱਤੀ। ਇਹ ਕਿਵੇਂ ਨਿਭਾਉਂਦੇ ਹਨ ਜਾਂ ਵਿਧਾਨ ਸਭਾ 'ਚ ਲੱਥੀਆਂ ਦਸਤਾਰਾਂ ਤੇ ਕੇਸਾਂ ਨੂੰ ਝੂਠੇ ਪੁਲਿਸ ਮੁਕਾਬਲੇ 'ਚੋਂ ਬਚਕੇ ਨਿਕਲੇ ਕਾਰਕੁੰਨ ਵਾਂਗ ਆਪਣੀ ਦਸਤਾਰ ਤੇ ਕੇਸ ਲੋਕ ਸੰਗਰਾਮਾਂ ਦੇ ਪਿੜ 'ਚ ਲੈ ਕੇ ਕਦੋਂ ਆਉਂਦੇ ਹਨ। ਇਹ ਸਵਾਲ ਵਕਤ ਤੇ ਛੱਡਦੇ ਹਾਂ। ਗਰਮੀ ਦੀਆਂ ਛੁੱਟੀਆਂ ਦਾ ਇਹ ਅਨੁਭਵ ਮਹਿਸੂਸ ਕਰਕੇ ਮੈਂ ਆਪਣੇ ਵਿਦਿਆਰਥੀ ਦੇ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਜਾ ਰਿਹਾ ਹਾਂ।

# Study busts myths about who benefits from $15 minimum wage

## Ont. boomers as likely to get a raise as teens; retail, food & accommodation workers more likely to work in big box stores than in small businesses




OTTAWA—Ontario's commitment to raise the minimum wage to $15 an hour has more to do with raising earnings for the province's most marginalized than the move's potential impacts on teenaged workers or small mom-and-pop shops.

The vast majority of workers who will benefit from a higher minimum wage are over the age of 20 and they work for big companies (those with 500 or more employees), says a new study from the Canadian Centre for Policy Alternatives (CCPA). The study comes as the Ontario government consults the public about its decision to raise the minimum wage to $15 by January 2019.

"Nearly all teenagers will see a raise, but they represent a small proportion of the overall group of low-wage workers who would benefit," says CCPA Senior Economist David Macdonald. "In fact, 15 per cent of workers who are getting a raise are over 55, which means baby boomers are about as likely as teenagers to get a raise from a $15 minimum wage."

Three industries dominate low-wage work: retail, accommodations and food services, and business, building and other support services. They represent 23 per cent of Ontario workers but 57 per cent will benefit from a $15 minimum wage:

55 per cent of retail workers and 71 per cent of accommodation and food workers would see a raise from a $15 minimum wage.

Big companies prevail in the retail and food and accommodation industries. Among those employees who will get a boost in wages in these two industries, 59 per cent work for a company with more than 500 employees.

Only 17 per cent of those who will get a raise in those two industries work for a small business with less than 20 employees.

"In other words, someone getting a raise in retail, food, or accommodation jobs is three-and-a-half times more likely to work for a big box store than for a mom-and-pop shop," says Macdonald. "Overall, a broad and diverse swath of workers will benefit from a $15 minimum wage including contract, seasonal, and casual workers, part-time workers, women, and immigrants."

Ontario Needs A Raise: Who Benefits From a $15 Minimum Wage is available for download on CCPA's website:www.policyalternatives.ca.

# ਜੀ. ਐਸ. ਟੀ. : ਸੱਤਾ ਦੇ ਕੇਂਦਰੀਕਰਨ ਵੱਲ ਇਕ ਪੁਲਾਂਘ

(ਸਫ਼ਾ 1 ਦੀ ਬਾਕੀ)

ਆਕਾਰ ਇਕ ਉਹ ਮਹਾਂਦੀਪ ਦੇ ਦੇਸ਼ਾਂ ਵਰਗਾ ਹੈ ਅਜਿਹੇ ਦੇਸ਼ ਵਿਚ ਜਿਥੇ ਕਈ ਤਰ੍ਹਾਂ ਦੀਆਂ ਆਰਥਿਕ, ਸਮਾਜਿਕ, ਅਣਵਿਕਸਿਤ ਖਿੱਤਿਆਂ ਆਦਿ ਦੀਆਂ ਕਈ ਭਿੰਨਤਾਵਾਂ ਹਨ, ਵਿਚ ਇਕ ਸਾਰ ਟੈਕਸ ਪ੍ਰਣਾਲੀ ਨੂੰ ਕਈ ਪੱਖਾਂ ਤੋਂ ਵਾਚਨ ਦੀ ਲੋੜ ਸੀ ਪਰ ਭਾਜਪਾ ਨੇ ਜਿਵੇਂ ਇਹ ਕਾਹਲੀ 'ਚ ਲਾਗੂ ਕੀਤਾ ਹੈ, ਇਸ ਪਿਛੇ ਉਹਦਾ ਇਕ ਸਿਆਸੀ ਏਜੰਡਾ ਹੈ ਕਿਉਂਕਿ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਉਹ ਆਲ ਜ਼ੰਜਾਲ ਅਜੇ ਵਿਕਸਿਤ ਹੀ ਨਹੀਂ ਸੀ ਹੋਇਆ ਜਿਹੜਾ ਇਸ ਟੈਕਸ ਨੂੰ ਲਾਗੂ ਕਰਨ ਲਈ ਚਾਹੀਦਾ ਸੀ। ਇਹ ਹਕੀਕਤ ਖ਼ੁਦ ਸਰਕਾਰ ਵੀ ਪ੍ਰਵਾਨ ਕਰਦੀ ਹੈ।

ਅੱਗੇ ਜਾਣ ਤੋਂ ਪਹਿਲਾਂ ਅਸੀਂ ਪਹਿਲਾਂ ਹੀ ਇਹ ਸਾਫ਼ ਕਰ ਦੇਈਏ ਕਿ ਕਿਸੇ ਵੀ ਰਾਜ ਨੂੰ ਚਲਾਉਣ ਲਈ ਇਕ ਅਜਿਹੀ ਟੈਕਸ ਪ੍ਰਣਾਲੀ ਦੀ ਲੋੜ ਹੁੰਦੀ ਹੈ, ਜਿਹੜੀ ਲੋਕਾਂ ਤੋਂ ਉਨ੍ਹਾਂ ਦੀ ਕਿਰਤ ਇਕੱਠੀ ਕਰੇ ਅਤੇ ਆਪਣੇ ਰਾਜ ਕਾਜ ਦੇ ਕੰਮ ਚਲਾਉਣ ਲਈ ਇਹਦੀ ਵਰਤੋਂ ਕਰੇ। ਜਗੀਰੂ ਰਾਜ ਪ੍ਰਬੰਧ ਵਿਚ ਜਗੀਰਦਾਰ ਰਾਜੇ ਫਸਲਾਂ 'ਚੋਂ ਵਟਾਈ ਦੇ ਰੂਪ ਵਿਚ ਹਿੱਸਾ ਲੈਂਦੇ ਹਨ ਅਤੇ ਫਿਰ ਆਪਣੀ ਫੌਜ, ਆਲ ਜ਼ੰਜਾਲ ਅਤੇ ਐਸ਼ੋਇਸ਼ਰਤ ਲਈ ਵਰਤਦੇ ਸਨ। ਉਸ ਸਮੇਂ ਜੇ ਕੁਦਰਤੀ ਆਫ਼ਤਾਂ ਦੀ ਮਾਰ ਪੈਂਦੀ ਸੀ ਤਾਂ ਰਾਜ ਦੀ ਆਮਦਨ ਵੀ ਪ੍ਰਭਾਵਤ ਹੁੰਦੀ ਸੀ। ਪੂੰਜੀ ਦੇ ਯੁੱਗ 'ਚ ਆਧੁਨਿਕ ਟੈਕਸ ਪ੍ਰਣਾਲੀ ਆਈ ਜਿਹੜੀ ਕਰੋੜਾਂ ਕਰੋੜ ਲੋਕਾਂ ਦੀ ਕਿਰਤ ਕਮਾਈ 'ਚੋਂ ਵੱਡਾ ਹਿੱਸਾ ਸਰਕਾਰੀ ਆਮਦਨ ਵਿਚ ਪਾਉਂਦੀ ਹੈ। ਜਿਵੇਂ ਜਿਵੇਂ ਪੂੰਜੀਵਾਦ ਵਿਕਾਸ ਕਰਦਾ ਗਿਆ ਉਵੇਂ ਤਿਵੇਂ ਟੈਕਸ ਪ੍ਰਣਾਲੀ ਵੀ ਗੁੰਝਲਦਾਰ ਹੁੰਦੀ ਗਈ। ਮੁਕਦੀ ਗੱਲ ਅੱਜ ਅਸੀਂ ਕਈ ਤਰ੍ਹਾਂ ਦੇ ਪ੍ਰਤੱਖ ਅਤੇ ਅਪ੍ਰਤੱਖ ਟੈਕਸ ਨਿੱਤ ਦਿਨ ਰਾਤ ਅਦਾ ਕਰਦੇ ਹਾਂ। 1920 ਵਿਚ ਪਹਿਲੀ ਵਾਰੀ ਇਹ ਧਾਰਨਾ ਆਈ ਕਿ ਵਸਤੂਆਂ ਅਤੇ ਸੇਵਾਵਾਂ ਦੇ ਉਪਯੋਗ ਲਈ ਇਕ ਟੈਕਸ ਪ੍ਰਣਾਲੀ ਹੋਵੇ। ਇਹ ਸੋਚਣ ਵਾਲਾ ਸਖਸ਼ ਸੀ ਜਰਮਨ ਕਾਰੋਬਾਰੀ ਵਿਲਹੇਮਜ ਫਾਨ ਸਿਏਮੇਨਜ਼ ਅਤੇ ਸਭ ਤੋਂ ਪਹਿਲਾਂ ਇਸ ਨੂੰ 1954 ਵਿਚ ਫਰਾਂਸ 'ਚ ਲਾਗੂ ਕੀਤਾ ਗਿਆ। ਫਿਰ ਜਾਪਾਨ ਦੱਖਣੀ ਕੋਰੀਆ ਯੂ.ਕੇ. ਅਤੇ ਆਸਟ੍ਰੇਲੀਆ 'ਚ ਇਹਨੂੰ ਲਾਗੂ ਕੀਤਾ ਗਿਆ। ਹੁਣ ਤੱਕ 161 ਦੇਸ਼ਾਂ ਵਿਚ ਇਹ ਪ੍ਰਣਾਲੀ ਲਾਗੂ ਹੋ ਚੁੱਕੀ ਹੈ। ਭਾਰਤ 162ਵਾਂ ਦੇਸ਼ ਹੈ। ਪਰ ਕੁਝ ਦੁਨੀਆਂ ਦੇ ਦੇਸ਼ਾਂ ਵਿਚ ਜੀ. ਐਸ. ਟੀ. ਪ੍ਰਣਾਲੀ ਇਕੋ ਤਰ੍ਹਾਂ ਦੀ ਨਹੀਂ। ਇਹਦੇ 40 ਤੋਂ ਜ਼ਿਆਦਾ ਮਾਡਲ ਹਨ। ਇਸ ਟੈਕਸ ਪ੍ਰਣਾਲੀ ਦਾ ਫਾਇਦਾ ਵੱਡੇ ਪੂੰਜੀਪਤੀਆਂ/ਕਾਰੋਬਾਰੀਆਂ ਤੇ ਕਾਰਪੋਰੇਟਾਂ ਨੂੰ ਹੈ ਜਾਂ ਫਿਰ ਕੇਂਦਰੀ ਸਰਕਾਰ ਲਈ ਹੈ। ਇਹ ਨਾ ਰਾਜਾਂ ਲਈ ਤੇ ਨਾ ਹੀ ਆਮ ਲੋਕਾਂ ਲਈ ਫਾਇਦੇਮੰਦ ਹੈ। ਜਦੋਂ ਭਾਰਤ ਵਰਗੇ ਰਾਜ ਵਿਚ ਇਹਨੂੰ ਲਾਗੂ ਕੀਤਾ ਜਾ ਰਿਹਾ ਹੈ ਤਾਂ ਸਾਫ਼ ਹੈ ਰਾਜਾਂ ਵਲੋਂ ਲਾਏ ਟੈਕਸਾਂ ਨੂੰ ਖਤਮ ਕਰਨਾ ਜਾਂ ਘੱਟ ਕਰਨਾ। ਕਾਰਪੋਰੇਟੀ ਪੂੰਜੀ ਦਾ ਇਹ ਉਦੇਸ਼ ਕਿ ਇਸ ਬਾਜ਼ਾਰ 'ਤੇ ਇਕ ਅਰਥ ਵਿਵਸਥਾ ਨੂੰ ਨਿਯਮਤ ਕਰਨਾ ਅਤੇ ਉਸਾਰਨਾ, ਇਹ ਉਨ੍ਹਾਂ ਦੀ ਪੂੰਜੀ 'ਤੇ ਬਾਜ਼ਾਰ ਦੇ ਪਸਾਰੇ ਲਈ ਪਹਿਲੀ ਲੋੜ ਹੈ। ਹੁਣ ਇਕ ਹੋਰ ਮਿਸਾਲ ਕਿ ਇਹ ਕਿੰਨਾ ਕੁ ਠੀਕ ਹੈ, ਯੂਰਪੀਨ ਸੰਘ ਨੇ ਮਿਲ ਕੇ ਇਕ ਸਾਂਝੇਦਾਰੀ ਬਣਾਈ ਜਿਸ 'ਚ ਇਕ ਬਜ਼ਾਰ ਨੂੰ ਵੀ ਸ਼ਕਲ ਦਿੱਤੀ। ਦੁਨੀਆਂ ਦੀ ਪੂੰਜੀਵਾਦੀ ਵਿਵਸਥਾ ਦੇ ਮੁਤਾਬਕ ਇਹ ਸਭ ਤੋਂ ਵੱਡੀ ਪੂੰਜੀਵਾਦੀ ਵਿਵਸਥਾ ਅਤੇ ਸਭ ਤੋਂ ਵੱਡਾ ਸਾਂਝਾ ਬਜ਼ਾਰ ਵਿਕਸਿਤ ਕੀਤਾ ਸੀ। ਕੀ ਉਨ੍ਹਾਂ ਦੇ ਧਿਆਨ 'ਚ ਅਜਿਹੀ ਇਕ ਸਾਰ ਟੈਕਸ ਪ੍ਰਣਾਲੀ ਨਹੀਂ ਆਈ ਹੋਵੇਗੀ। ਕਿਉਂਕਿ ਰਾਜਾਂ ਦੀਆਂ ਸੀਮਾਵਾਂ ਭਾਵ ਦੇਸ਼ ਦੀਆਂ ਹੱਦਾਂ ਦੇ ਦਰਮਿਆਨ ਸਾਡੇ ਬਜ਼ਾਰ ਵਿਚ ਵੱਖ-ਵੱਖ ਟੈਕਸ ਪ੍ਰਣਾਲੀਆਂ ਨਾਲ ਦੋ ਚਾਰ ਹੋਣਾ ਪੈਂਦਾ ਹੈ ਪਰ ਯੂਰਪੀਨ ਸੰਘ ਨੇ ਅਜਿਹਾ ਕਦਮ ਨਹੀਂ ਚੁੱਕਿਆ। ਭਾਰਤ ਨੂੰ ਵੀ ਅਸੀਂ ਸੰਵਿਧਾਨ ਮੁਤਾਬਕ ਸੰਘੀ ਰਾਜ ਹੀ ਪ੍ਰਵਾਨਦੇ ਆਏ ਹਾਂ ਅਤੇ ਇਥੇ ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਮੰਗ ਵੀ ਉਠਦੀ ਰਹੀ ਹੈ ਅਤੇ ਹੁਣ ਵੀ ਅਜਿਹੀਆਂ ਤਾਕਤਾਂ ਬੈਠੀਆਂ ਹਨ ਜਦੋਂ ਉਨ੍ਹਾਂ ਕੋਲੋਂ ਸੱਤਾ ਸੁੱਖ ਖੁੱਸ ਜਾਵੇਗਾ ਤਾਂ ਉਹ ਫਿਰ ਅਜਿਹੀ ਮੰਗ ਉਛਾਲ ਸਕਦੀਆਂ ਹਨ।

ਜਿਥੇ ਏਕਾਤਮਕ ਸਰਕਾਰਾਂ ਹਨ ਭਾਵ ਜਿਹੜੇ ਦੇਸ਼ਾਂ ਵਿਚ ਕੇਂਦਰ ਸਰਕਾਰ ਦੇ ਕੋਲ ਅੰਤਿਮ ਅਤੇ ਸਾਰੀਆਂ ਸ਼ਕਤੀਆਂ ਹੁੰਦੀਆਂ ਹਨ, ਉਥੇ ਵੈਲਯੂ ਏਡਿਡ ਟੈਕਸ ਹੀ ਆਪਣੇ ਆਪ ਵਿਚ ਜੀ. ਐਸ. ਟੀ. ਹੈ। ਜਦੋਂ ਕਿ ਸੰਘੀ ਢਾਂਚੇ ਵਾਲੇ ਦੇਸ਼ਾਂ ਵਿਚ, ਜਿਵੇਂ ਕਿ ਸਾਡਾ ਦੇਸ਼ (ਭਾਰਤ) ਹੈ, ਜਿਥੇ ਕੇਂਦਰ ਅਤੇ ਰਾਜ ਦੋ ਪੱਧਰ ਦੀਆਂ ਸਰਕਾਰਾਂ ਹੁੰਦੀਆਂ ਹਨ, ਵਿਚ ਜੀ. ਐਸ. ਟੀ. ਦਾ ਮਾਡਲ ਹੋਰ ਹੁੰਦਾ ਹੈ ਅਤੇ ਚਾਹੀਦਾ ਹੈ। ਭਾਰਤ ਨੇ ਹੁਣ ਜਿਹੜਾ ਜੀ. ਐਸ. ਟੀ. ਦਾ ਮਾਡਲ ਅਪਣਾਇਆ ਹੈ ਉਹ ਦੋਹਾਂ ਮਾਡਲਾਂ ਦਾ ਸੁਮੇਲ ਕਿਹਾ ਅਤੇ ਦਿਖਾਇਆ ਜਾ ਰਿਹਾ ਹੈ। ਅਜਿਹੇ ਮਾਡਲ ਵਰਗਾ ਜੀ. ਐਸ. ਟੀ. ਸਿਰਫ਼ ਕੈਨੇਡਾ ਨੇ ਅਪਣਾਇਆ ਹੈ (ਜਿਹੜਾ ਇਕੋ ਇਕ ਦੇਸ਼ ਹੈ)। ਭਾਰਤੀ ਮਾਡਲ ਦੀ ਉਸ ਨਾਲੋਂ ਭਿੰਨਤਾ ਵੀ ਹੈ। ਇਹ ਦੇਖਣ ਨੂੰ ਦੋਹਰੇ ਪੱਧਰ ਦਾ ਲਗਦਾ ਹੈ ਪਰ ਇਸ ਵਿਚ ਕੇਂਦਰ ਦੀ ਸਰਕਾਰ ਵਾਲੀ ਤੇ ਨਿਰਣਾਇਕ ਭੂਮਿਕਾ ਹੈ। ਭਾਵ ਇਸ ਨਾਲ ਢਾਂਚੇ ਦਾ ਵਧੇਰੇ ਕੇਂਦਰੀਨ ਹੁੰਦੇ ਜਾਣ ਅਤੇ ਰਾਜਾਂ ਦੇ ਅਧਿਕਾਰਾਂ ਦੇ ਸੁੰਗੜਦੇ ਜਾਣ ਦੀ ਗੁੰਜਾਇਸ਼ ਹੈ। ਗੁੰਜਾਇਸ਼ ਹੀ ਨਹੀਂ ਸਗੋਂ ਕਾਰਪੋਰੇਟੀ ਪੂੰਜੀ ਦੇ ਸ਼ਾਤਿਰ ਦਿਮਾਗਾਂ ਨੇ ਇਸ ਨੂੰ ਸੋਚੀ ਸਮਝੀ ਚਾਲ ਨਾਲ ਡਰਾਫਟ ਕੀਤਾ ਹੈ। ਸੋ ਇਹ ਗੱਲ ਆਉਣ ਵਾਲੇ ਦੌਰ 'ਚ ਹੋਰ ਵਧੇਰੇ ਸਾਫ਼ ਹੁੰਦੀ ਜਾਵੇਗੀ ਕਿ ਕੇਂਦਰ ਤੇ ਰਾਜਾਂ ਦਰਮਿਆਨ ਸਬੰਧ ਜਿਹੜਾ ਰੂਪ ਅਖਤਿਆਰ ਕਰਦੇ ਹਨ। ਭਾਵ ਰਾਜਾਂ 'ਚ ਬੈਠੀ ਪੂੰਜੀਪਤੀਆਂ ਦੀ ਜਮਾਤ ਕੇਂਦਰੀ ਕਾਰਪੋਰੇਟੀ ਪੂੰਜੀ ਨਾਲ ਇਕਮਿਕ ਹੋ ਜਾਂਦੀ ਜਾਂ ਉਸ 'ਤੇ ਨਿਰਭਰ ਹੋ ਜਾਂਦੀ ਹੈ ਤਾਂ ਰਾਜਕੀ ਢਾਂਚੇ ਦੇ ਕੇਂਦਰੀਨ ਹੋਣ ਦੀ ਸੰਭਾਵਨਾ ਵਧ ਜਾਵੇਗੀ। ਵੈਸੇ ਵੀ 1980 ਤੋਂ ਪਿਛੋਂ ਕੇਂਦਰ ਵਿਚਲੀ ਸਰਕਾਰ ਨੇ ਜਿੰਨੀਆਂ ਸ਼ਕਤੀਆਂ ਹਾਸਲ ਕਰ ਲਈਆਂ ਹਨ ਅਤੇ ਜਿਹੜੀਆਂ ਕੂਟਨੀਤਕ ਚਾਲਾਂ ਚਲ ਕੇ ਵਿਵਸਥਾ ਨੂੰ ਇਕਜੁਟ ਰੂਪ ਦੇਣ ਲਈ ਸੰਵਿਧਾਨ ਨੂੰ ਹਥਿਆਰ ਬਣਾ ਕੇ ਰਾਹ ਸਾਫ਼ ਕਰ ਲਿਆ ਹੈ 'ਚੋਂ ਇਹੋ ਲਗਦਾ ਹੈ ਕਿ ਕੇਂਦਰ ਆਪਣੀ ਤਾਕਤ ਨੂੰ ਕੇਂਦਰੀਨ ਕਰ ਰਿਹਾ ਹੈ। ਕਾਰਪੋਰੇਟੀ ਪੂੰਜੀ ਦੀ ਵੀ ਇਹੋ ਤਮੰਨਾ ਹੈ। ਲੋੜ ਹੈ।

**ਕਾਰਪੋਰੇਸ਼ਨ ਪੂੰਜੀ ਦੀ ਬਾਰੀਕ ਬੇਈਮਾਨੀ** : ਨਵੀਂ ਟੈਕਸ ਨੀਤੀ ਭਾਵ ਜੀ. ਐਸ. ਟੀ. ਮੁਤਾਬਕ ਉਤਪਾਦਾਂ (ਵਸਤੂਆਂ) ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਦਰਾਂ ਸਭ ਤੋਂ ਅਹਿਮ ਨੁਕਤਾ ਹੈ। ਇਹ ਆਮ ਤਜਰਬਾ ਰਿਹਾ ਹੈ ਕਿ ਜੀ. ਐਸ. ਟੀ. ਨਾਲ ਮਹਿੰਗਾਈ ਵਧਦੀ ਹੈ ਭਾਵ ਮੁਦਰਾ ਸਫ਼ੀਤੀ ਵਧਦੀ ਹੈ। ਇਕ ਮਿਸਾਲ ਦਿਆਂਗੇ 1994 'ਚ ਸਿੰਘਾਪੁਰ 'ਚ ਜੀ. ਐਸ. ਟੀ. ਲਾਗੂ ਕੀਤਾ ਤਾਂ ਉਥੇ ਮਹਿੰਗਾਈ ਬਹੁਤ ਜ਼ਿਆਦਾ ਵਧੀ। ਭਾਰਤ ਵਿਚ ਕੁੱਲ ਚਾਰ ਤਰ੍ਹਾਂ ਦੇ ਟੈਕਸ ਰੇਟ ਰੱਖੇ ਗਏ ਹਨ। 5 ਫੀਸਦੀ, 12 ਫੀਸਦੀ, 18 ਫੀਸਦੀ ਅਤੇ 28 ਫੀਸਦੀ। ਕਿਹਾ ਗਿਆ ਹੈ ਕਿ ਵਸਤੂਆਂ ਅਤੇ ਸੇਵਾਵਾਂ ਦੀਆਂ ਕੈਟੇਗਿਰੀਆਂ ਦੇ ਹਿਸਾਬ ਇਹ ਚਾਰੇ ਟੈਕਸ ਲਏ ਜਾਣਗੇ ਅਤੇ ਜੀ. ਐਸ. ਟੀ. ਦੀ ਦਰ ਤਹਿ ਕਰਨ ਲੱਗਿਆਂ ਇਹ ਧਿਆਨ 'ਚ ਰੱਖਿਆ ਗਿਆ ਹੈ ਕਿ ਜਿੰਨੀ ਆਮਦਨ ਸਰਕਾਰ ਨੂੰ ਪਹਿਲਾਂ ਹੋ ਰਹੀ ਹੈ ਉਹ ਉਵੇਂ ਹੀ ਬਰਕਰਾਰ ਰਹੇ॥ ਦਿਖਾਵਾ ਤਾਂ ਇਹ ਕੀਤਾ ਗਿਆ ਹੈ ਕਿ ਅਸੀਂ ਇਕ ਟੈਕਸ ਨਾਲ ਲੋਕਾਂ ਤੋਂ ਟੈਕਸਾਂ ਦਾ ਬੋਝ ਘਟਾ ਰਹੇ ਹਾਂ। ਨਿੱਕੇ ਹੁੰਦੇ ਅਸੀਂ ਖੇਡਦੇ ਹੁੰਦੇ ਸਾਂ ਭੰਡਾ ਭੰਡੋਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਸਰੀ ਤਿਆਰ।" ਵਿੱਤ ਮੰਤਰੀ ਦੀ ਖੇਡ ਵਿਚ ਇਹੋ ਹੀ ਹੈ। ਲੋਕਾਂ ਨੂੰ ਟੈਕਸ ਰਾਹਤ ਨਹੀਂ, ਟੈਕਸ ਗ੍ਰਿਫਤ 'ਚ ਲੈ ਆਂਦਾ ਹੈ। ਹੁਣ ਸਰਕਾਰ ਦੀ ਬੇਈਮਾਨੀ ਇਸ ਤੋਂ ਹੀ ਵੇਖੀ ਜਾ ਸਕਦੀ ਹੈ ਕਿ ਪੈਟਰੋਲ ਡੀਜ਼ਲ ਜਿਨ੍ਹਾਂ ਉਤੇ ਪਹਿਲਾਂ ਹੀ ਅਸਲੀ ਕੀਮਤ ਜਿੰਨਾ ਹੀ ਹੋਰ ਟੈਕਸ ਹੈ ਭਾਵ ਦੁਗਣਾ, ਉਨ੍ਹਾਂ ਨੂੰ ਹਾਲ ਦੀ ਘੜੀ ਜੀ. ਐਸ. ਟੀ. ਤੋਂ ਬਾਹਰ ਰੱਖਿਆ ਗਿਆ ਹੈ। ਇਵੇਂ ਹੀ ਸ਼ਰਾਬ ਤੇ ਤੰਬਾਕੂ ਵੀ ਹਨ। ਜੇ ਪੈਟਰੋਲ ਡੀਜ਼ਲ ਵੀ ਜੀ. ਐਸ. ਟੀ. ਦੇ 28 ਫੀਸਦੀ ਘੇਰੇ 'ਚ ਆ ਜਾਂਦੇ ਤਾਂ ਛੋਟੇ ਖਪਤਕਾਰਾਂ ਨੂੰ ਤਾਂ ਕੁਝ ਰਾਹਤ ਮਿਲਦੀ ਪਰ ਸਰਕਾਰ ਬਣੀਆਂ (ਕਾਰਪੋਰੇਟੀ ਪੂੰਜੀ) ਦੀ ਹੈ ਤੇ ਹਨ ਵੀ "ਚਤੁਰ ਨਹੀਂ ਨਿਰਦਈ" ਜਾਂ ਕਸਾਈ ਬਾਣੀਏ। ਬਹੁਤ ਸਾਰੀਆਂ ਵਸਤੂਆਂ ਨੂੰ ਜਿਨ੍ਹਾਂ ਉਤੇ ਪਹਿਲਾਂ ਟੈਕਸ ਨਹੀਂ ਸੀ ਟੈਕਸ ਦੇ ਘੇਰੇ 'ਚ ਲੈ ਆਂਦਾ ਹੈ। ਜਿਨ੍ਹਾਂ ਉਤੇ ਹਾਲ ਦੀ ਘੜੀ ਘੱਟ ਟੈਕਸ ਲਾਏ ਹਨ ਜਾਂ ਜਿਹੜੀਆਂ ਵਸਤੂਆਂ ਹਾਲ ਦੀ ਘੜੀ ਟੈਕਸ ਤੋਂ ਬਾਹਰ ਰੱਖੀਆਂ ਨੇ ਉਨ੍ਹਾਂ ਉਤੇ ਟੈਕਸ ਵੀ ਲਾਏ ਜਾਣਗੇ ਅਤੇ ਜਿਵੇਂ ਹੀ ਲੋਕਾਂ ਦਾ ਧਿਆਨ ਦੂਸਰੇ ਕਿਸੇ ਰਾਜਸੀ ਮਸਲੇ ਵੱਲ ਖਿੱਚਿਆ ਗਿਆ ਵਧਾ ਵੀ ਦਿੱਤੇ ਜਾਣਗੇ ਕਿਉਂਕਿ ਇਹ ਵਾਧਾ ਗੈਸ ਸਬਸਿਡੀ ਵਾਂਗੂੰ ਕੰਪਿਊਟਰਾਈਜ਼ ਪ੍ਰਬੰਧ ਰਾਹੀਂ ਸਹਿਜੇ ਸਹਿਜੇ ਅਤੇ ਅਚਾਨਕ ਹੋਣਾ ਹੈ ਅਤੇ ਇਹਦੀ ਖੁੱਲ੍ਹ ਵੀ ਵਿੱਤੀ ਕੰਟਰੋਲ ਤੇ ਮੰਡੀ ਦੇ ਹੱਥ ਹੋਵੇਗੀ। ਕੋਈ ਜ਼ਿਆਦਾ ਬੋਲ ਵੀ ਨਹੀਂ ਸਕੇਗਾ। ਸਾਫ਼ ਹੈ ਕਿ ਇਹਦੀ ਮਾਰ ਹੇਠ ਆਮ ਲੋਕਾਈ ਜਾਂ ਗਰੀਬ ਤਬਕਾ ਹੀ ਆਵੇਗਾ। ਭਾਰਤ ਤੋਂ ਪਹਿਲਾਂ ਮਲੇਸ਼ੀਆ ਨੇ ਵੀ ਜੀ. ਐਸ. ਟੀ. ਅਪਣਾਈ ਸੀ ਪਰ ਉਹ ਘਰੇਲੂ ਵਪਾਰ ਅਤੇ ਉਪਭੋਗਤਾ ਮਾਮਲਿਆਂ ਦੇ ਮੰਤਰਾਲੇ ਦੇ ਕੰਟਰੋਲ ਰਾਹੀਂ ਕੀਮਤਾਂ ਉਤੇ ਕੰਟਰੋਲ ਕਰਕੇ ਮੁਦਰਾ ਸਫ਼ੀਤੀ (ਮਹਿੰਗਾਈ) ਰੋਕਣ 'ਚ ਕਾਮਯਾਬ ਰਿਹਾ ਸੀ। ਉਹ ਛੋਟਾ ਦੇਸ਼ ਸੀ ਅਤੇ ਉਹਦਾ ਪ੍ਰਬੰਧਨ ਵੀ ਇਕ ਨਿਯਮਬੱਧ ਹੈ ਪਰ ਭਾਰਤ ਦੀ ਗੱਲ ਹੋਰ ਹੈ। ਇਹਦੀ ਵਿਸ਼ਾਲਤਾ ਅਤੇ ਆਨ ਪ੍ਰਬੰਧ ਜਗ ਜ਼ਾਹਿਰ ਹੈ। ਭਾਵ ਸਰਕਾਰ ਦਾ ਪ੍ਰਾਈਸ ਮਾਰਕੀਟ ਮੈਕਾਨਿਜ਼ਮ (ਕੀਮਤਾਂ ਉਤੇ ਨਜ਼ਰ ਰੱਖਣ ਵਾਲਾ ਪ੍ਰਬੰਧ) ਨਾ ਸਿਰਫ਼ ਢਿੱਲਾ ਢਾਲਾ ਹੈ ਸਗੋਂ ਜਵਾਬਦੇਹ ਵੀ ਨਹੀਂ। ਮਨਮਾਨਾਂ ਅਤੇ ਵਿਗੜੀ ਹੋਈ ਅਫ਼ਸਰਸ਼ਾਹੀ ਦੇ ਹੱਥਾਂ 'ਚ ਹੈ ਜਿਹਦੀ ਝਲਕ ਸਦਾ ਵਧਦੀ ਰਹੀ ਹੈ ਤੇ ਹੈ। ਪਿਛਲਾ ਤਜਰਬੇ ਤਾਂ ਇਹੋ ਦਿਖਾਉਂਦਾ ਹੈ ਕਿ ਅਜਿਹਾ ਬੰਦੋਬਸਤ, ਕੀਮਤਾਂ ਉਤੇ ਕੰਟਰੋਲ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ, ਸਗੋਂ ਭ੍ਰਿਸ਼ਟਾਚਾਰ ਦੇ ਪਸਰਨ ਦੀ ਭੂਮੀ ਬਣਿਆ ਹੈ। ਮੋਦੀ ਸਰਕਾਰ, ਬੀ. ਜੇ. ਪੀ. ਜਾਂ ਆਰ. ਐਸ. ਐਸ. ਕੋਲ ਨਾ ਕੋਈ ਅਜਿਹੀ ਗਿੱਦੜ ਸਿੰਘੀ ਹੈ, ਨਾ ਹੀ ਜਾਦੂ ਦਾ ਡੰਡਾ (ਝੁਰਲੂ) ਜਿਹਨੂੰ ਫੇਰਿਆਂ ਸਭ ਠੀਕ ਠਾਕ ਹੋ ਜਾਵੇਗਾ।

ਇਕ ਮਿਸਾਲ ਹੈ ਜੀਵਨ ਰੱਖਿਅਕ ਦਵਾਈਆਂ (ਲਗਭਗ 702) ਉਤੇ ਹੁਣ ਟੈਕਸ 12 ਫੀਸਦੀ ਹੋਵੇਗਾ ਜਿਹੜਾ ਪਹਿਲਾਂ 8-9 ਫੀਸਦੀ ਦੇ ਹਿਸਾਬ ਭਾਵ 2.5 ਫੀਸਦੀ ਵਾਧਾ। ਇਹੋ ਹਾਲ ਖੇਤੀ ਨਾਲ ਸਬੰਧਤ ਰਸਾਇਣਕ ਖਾਦਾਂ, ਕੀੜੇ ਮਾਰ ਦਵਾਈਆਂ, ਬੀਜਾਂ ਆਦਿ ਤੋਂ ਇਲਾਵਾ ਖੇਤੀ ਮਸ਼ੀਨਰੀ-ਟਰੈਕਟਰਾਂ, ਬਿਜਲੀ ਦੀਆਂ ਮੋਟਰਾਂ ਤੇ ਹੋਰ ਸੰਦ ਜਿਹੜੇ ਖੇਤੀ ਵਿਚ ਵਰਤੇ ਜਾਂਦੇ ਹਨ ਵਧ ਜਾਣਗੇ। ਮਿਸਾਲ ਵਜੋਂ ਯੂਰੀਆ ਉਤੇ 140 ਰੁਪਏ ਪ੍ਰਤੀ ਬੋਰੀ ਜੀ. ਐਸ. ਟੀ. ਅਤੇ ਡਾਈ ਉਤੇ 226 ਪ੍ਰਤੀ ਬੋਰੀ ਜੀ. ਐਸ. ਟੀ. ਲੱਗੇਗਾ, ਦੇਸ਼ ਭਰ 'ਚ ਕਿਸਾਨਾਂ ਦੇ ਸੰਘਰਸ਼ਾਂ ਵਿਚ ਮੁੱਖ ਮੰਗ ਇਹ ਸੀ ਕਿ ਖੇਤੀ ਲਾਗਤ ਦਰ ਘਟਾਉਣ ਪ੍ਰਤੀ ਸਰਕਾਰ ਗੰਭੀਰ ਹੋਏ। ਹੋਰ ਤਾਂ ਹੋਰ ਹੁਣ ਰਾਜ ਸਰਕਾਰਾਂ ਵੀ ਵਿਕਰੀ ਕਰ ਉਤੇ ਛੋਟ ਨਹੀਂ ਦੇ ਸਕਣਗੀਆਂ ਨਾ ਹੀ ਸਬਸਿਡੀ ਦੇ ਸਕਣਗੀਆਂ, ਨਾ ਹੀ ਫਸਲਾਂ ਉਤੇ ਬੋਨਸ। ਇਸ ਲਿਹਾਜ਼ ਨਾਲ ਕਿਸਾਨਾਂ ਨੂੰ ਸਭ ਤੋਂ ਵੱਧ ਟੈਕਸ ਦੇਣਾ ਪਵੇਗਾ। ਹੁਣ ਤੱਕ ਸਰਵਿਸ ਟੈਕਸ 15 ਫੀਸਦੀ ਸੀ ਜਿਹੜਾ ਜੀ. ਐਸ. ਟੀ. ਨਾਲ 18 ਫੀ ਸਦੀ ਹੋਇਆ ਹੈ। ਸਵੱਛ ਭਾਰਤ ਸੈਸ ਤੇ ਖੇਤੀ ਕਲਿਆਣ ਸੈਸ ਜੀ. ਐਸ. ਟੀ. ਤੋਂ ਅਲੱਗ ਬਣੇ ਰਹਿਣਗੇ। ਅਰਥ ਵਿਵਸਥਾ ਵਿਚ 70 ਫੀਸਦੀ ਹਿੱਸਾ ਸੇਵਾਵਾਂ ਦਾ ਹੈ। ਬੈਂਕਿੰਗ ਤੋਂ ਲੈ ਕੇ ਟੈਲੀਫੋਨ ਆਵਾਜਾਈ ਤੋਂ ਲੈ ਕੇ ਬਿਜਲੀ ਤੱਕ ਸੈਂਕੜੇ ਸੇਵਾਵਾਂ ਹਨ ਜਿਨ੍ਹਾਂ ਉਤੇ ਅਸੀਂ ਟੈਕਸ ਅਦਾ ਕਰਦੇ ਹਾਂ ਜੋ ਹੁਣ 3 ਫੀਸਦੀ ਵੱਧ ਅਦਾ ਕਰਨਾ ਪਵੇਗਾ। ਹੁਣ ਪਹਿਲੀ ਵੇਰ ਕੱਪੜੇ ਨੂੰ ਵੀ ਟੈਕਸ ਦੇ ਘੇਰੇ 'ਚ ਲੈ ਆਂਦਾ ਹੈ। ਬ੍ਰਾਂਡਿਡ ਕੱਪੜੇ ਤਾਂ ਹੋਰ ਮਹਿੰਗੇ ਹੋਣਗੇ।

ਅਰੁਣ ਜੇਤਲੀ ਵਿੱਤੀ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਜੀ. ਐਸ. ਟੀ. ਦੇ ਲਾਗੂ ਹੋਣ ਨਾਲ ਸ਼ਕਲ ਘਰੇਲੂ ਉਤਪਾਦ ਭਾਵ ਜੀ. ਡੀ. ਪੀ. ਵਚ ਦੋ ਫੀਸਦੀ ਦਾ ਵਾਧਾ ਹੋਵੇਗਾ। ਕਈ ਵਿਦੇਸ਼ੀ ਏਜੰਸੀਆਂ ਤਾਂ ਅਰੁਣ ਜੇਤਲੀ ਦੇ ਦਾਅਵੇ ਤੋਂ ਵੀ ਅਗਾਂਹ ਗਈਆਂ ਹਨ। ਅਮਰੀਕਾ ਦੀ ਫੈਡਰਲ ਰਿਜ਼ਰਵ ਬੈਂਕ (ਫੈਡ) ਨੇ ਅਨੁਮਾਨ ਲਾਇਆ ਹੈ ਕਿ ਜੀ. ਐਸ. ਟੀ. ਦੇ ਭਾਰ ਦੇ 16 ਫੀਸਦੀ ਵਧਣ ਦੇ ਅਨੁਮਾਨ ਦੇ ਆਧਾਰਤ ਇਹ ਕਿਹਾ ਜਾ ਸਕਦਾ ਹੈ ਕਿ ਵਾਸਤਵਿਕ ਜੀ. ਡੀ. ਪੀ. ਉਤੇ ਇਹਦਾ 4.2 ਫੀ ਸਦੀ ਸਾਕਾਰਾਆਤਮਕ ਪ੍ਰਭਾਵ ਪਵੇਗਾ। ਕੌਮਾਂਤਰੀ ਮੁਦਰਾ ਕੋਸ਼ ਦੀ ਭਵਿੱਖਬਾਣੀ ਹੈ ਕਿ ਭਾਰਤ ਦੀ ਜੀ. ਡੀ. ਪੀ. ਨੂੰ 8 ਫੀ ਸਦੀ ਤੱਕ ਲਿਜਾਣ 'ਚ ਮਦਦਗਾਰ ਸਾਬਤ ਹੋਵੇਗਾ। ਵਿਸ਼ਵ ਬੈਂਕ ਦਾ ਅਨੁਮਾਨ ਹੈ ਕਿ ਇਸ ਨਾਲ ਆਰਥਿਕ ਸਰਗਰਮੀਆਂ ਵਿਚ ਤੇਜ਼ੀ ਆਵੇਗੀ ਅਤੇ ਇਹਦੇ ਨਾਲ 2017-18 ਵਿਚ ਜੀ. ਡੀ. ਪੀ. 7.2 ਅਤੇ 2018-19 ਵਿਚ 7.5 ਫੀਸਦੀ ਤੱਕ ਚਲੀ ਜਾਵੇਗੀ। ਐਨ. ਸੀ. ਏ. ਦੀ ਆਰ. ਨੇ ਵੀ ਜੀ. ਐਸ. ਟੀ. ਦੀ ਵਜ੍ਹਾ ਨਾਲ ਜੀ. ਡੀ. ਪੀ. ਵਿਚ ਇਕ ਦੋ ਫੀਸਦੀ ਵਾਧੇ ਦਾ ਅਨੁਮਾਨ ਲਾਇਆ ਹੈ। ਉਨ੍ਹਾਂ ਦੇ ਇਹ ਦਾਅਵੇ ਇਸ ਆਧਾਰਤ ਹਨ ਕਿ ਇਕ ਟੈਕਸ ਪ੍ਰਣਾਲੀ ਨਾਲ ਉਤਪਾਦਨ ਪ੍ਰਕਿਰਿਆ ਦੀਆਂ ਸਮਰਥਾਵਾਂ ਵਧਣਗੀਆਂ ਪਰ ਇਹ ਆਧਾਰ ਥੋਥਾ ਹੈ। ਭਾਰਤੀ ਹਾਲਾਤਾਂ ਦੀਆਂ ਕਈ ਗੁੰਝਲਾਂ ਹਨ। ਨਵੀਂ ਜੀ. ਐਸ. ਟੀ. ਪ੍ਰਣਾਲੀ ਨਾ ਨਵੇਂ ਰੁਜ਼ਗਾਰ ਸਿਰਜਤ ਕਰੇਗੀ ਨਾ ਵਿਕਾਸ ਦੇ ਨਵੇਂ ਮੌਕੇ। ਇਹ ਮਹਿਜ ਕਾਰਪੋਰੇਟੀ ਪੂੰਜੀ ਲਈ ਹੀ ਫਾਇਦੇਮੰਦ ਸਾਬਤ ਹੋਵੇਗੀ। ਜਿਵੇਂ ਪਹਿਲਾਂ ਵੀ ਦਿਖਾਈ ਜਾਂਦੀ ਜੀ. ਡੀ. ਪੀ. ਵਿਚ ਮਾਈਨਿੰਗ ਖੇਤਰ ਨੂੰ ਜੋੜ ਲਿਆ ਜਾਂਦਾ ਹੈ ਅਤੇ ਉਹ ਮਾਈਨਿੰਗ ਖੇਤਰ ਵੀ ਜਿਹਦਾ ਪ੍ਰਬੰਧ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਹੱਥਾਂ 'ਚ ਹੈ। ਇਹ ਨਿਰਾ ਧੋਖਾ ਹੈ ਛਲਾਣਾ ਹੈ। ਦਰਅਸਲ ਅਜੋਕੀ ਪੂੰਜੀਵਾਦੀ ਵਿਵਸਥਾ ਹੈ ਹੀ ਛਲਾਵੇ ਭਰੀ। ਜਦੋਂ ਵਿਸ਼ਵ ਬੈਂਕ ਜਾਂ ਕੌਮਾਂਤਰੀ ਮੁਦਰਾ ਕੋਸ਼ ਜਾਂ ਅਮਰੀਕੀ ਫੈਡਰਲ ਬੈਂਕ ਭਾਰਤੀ ਜੀ. ਡੀ. ਪੀ. ਵਿਚ ਵਿਕਾਸ ਦੇ ਦਾਅਵੇ ਦਿਖਾਉਂਦੇ ਹਨ ਤਾਂ ਇਹ ਸ਼ੱਕੀ ਹੈ। ਸਾਮਰਾਜੀ ਪੂੰਜੀ ਦੇ ਇਹ ਕੇਂਦਰੀਨ ਅਦਾਰੇ ਹੀ ਹਨ ਜਿਨ੍ਹਾਂ ਦੇ ਦਬਾਅ ਹੇਠ ਭਾਰਤੀ ਹਾਕਮਾਂ ਨੇ ਇਸ ਨੂੰ ਲਾਗੂ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਪੂੰਜੀ ਲਾਉਣ ਵਿਚ ਜਿਹੜੀਆਂ ਦਿੱਕਤਾਂ ਆਉਂਦੀਆਂ ਸਨ, ਜੀ. ਐਸ. ਟੀ. ਉਨ੍ਹਾਂ ਨੂੰ ਰੈਲਾ (ਨਰਮ) ਕਰਦਾ ਹੈ।

ਦਰਅਸਲ ਜੀ. ਐਸ. ਟੀ. ਅਮੀਰਾਂ ਨੂੰ ਹੋਰ ਅਮੀਰ ਬਣਾਉਣ ਵਿਚ ਹੀ ਸਹਾਈ ਹੋਵੇਗੀ। ਡਿਜਟਲੀਕਰਨਦੇ ਨਾਂ ਹੇਠ ਸਰਕਾਰ ਸਮੁੱਚੀ ਅਰਥ ਵਿਵਸਥਾ ਨੂੰ ਹੀ ਆਪਣੀ ਪਕੜ 'ਚ ਲੈਣਾ ਚਾਹੁੰਦੀ ਹੈ। ਬੈਂਕਾਂ 'ਚ ਨੋਟਬੰਦੀ 'ਤੇ ਜੀ. ਡੀ. ਪੀ. ਦਾ ਵੀ ਇਕ ਰਿਸ਼ਤਾ ਹੈ। ਸਰਕਾਰ ਸੰਦੇਸ਼ ਇਹ ਦੇ ਰਹੀ ਹੈ ਕਿ ਅਮੀਰਾਂ ਨੂੰ ਹੋਰ ਅਮੀਰ ਬਣਾਏ ਬਿਨਾਂ ਵਿਕਾਸ ਸੰਭਵ ਨਹੀਂ। ਸਰਕਾਰ ਇਸ ਤੋਂ ਵੀ ਬਰੀ ਹੋਣਾ ਚਾਹੁੰਦੀ ਹੈ। ਉਹ ਇਹ ਵੀ ਕਹਿਣਾ ਚਾਹੁੰਦੀ ਹੈ ਕਿ ਟਪਕਨ ਨੀਤੀ (ਟਰਿਕਲ ਡਾਊਨ ਅਪਰੋਚ) ਨਾਲ ਵਿਕਾਸ ਜੇ ਲੋਕਾਂ ਤੱਕ ਨਹੀਂ ਪਹੁੰਚਦਾ ਤਾਂ ਇਸ 'ਚ ਲੋਕਾਂ ਦੀ ਯੋਗਤਾ ਵਿਚ ਕੋਈ ਕਮੀ ਹੈ। ਰਾਜ ਇਸ ਅਯੋਗਤਾ ਨੂੰ ਹਾਈਟੈਕ ਪ੍ਰਬੰਧ ਨਾਲ ਦੂਰ ਕਰਨ ਦੀ ਸੋਚ ਰਹੀ ਹੈ। ਹੁਣ ਤੱਕ ਅਰਥ ਵਿਵਸਥਾ ਦਾ ਆਧਾਰ ਉਤਪਾਦਨ ਰਿਹਾ ਹੈ। ਹੁਣ ਰਾਜ ਕਿਰਾਏ ਉਤੇ ਆਧਾਰਤ ਅਰਥਵਿਵਸਥਾ ਭਾਵ ਅਰਥਵਿਵਸਥਾ ਲਈ ਟੈਕਸ ਸ਼ੁਰੂ ਕਰਨ ਜਾ ਰਹੀ ਹੈ। ਸਾਡੀ ਅਰਥ ਵਿਵਸਥਾ ਵਿਚ ਗੈਰ ਕਮਾਊ ਆਮਦਨ ਦਾ ਹਿੱਸਾ ਵਧ ਗਿਆ ਹੈ ਅਤੇ ਇਸੇ ਦਾ ਦਬਦਬਾ ਹੈ। ਜੀ. ਐਸ. ਟੀ. ਦਰਅਸਲ ਰੁਜ਼ਗਾਰ ਵਹੀਣ ਕਿਰਾਏ ਵਾਲੀ ਅਰਥ ਵਿਵਸਥਾ ਦੀ ਲੋੜ ਹੈ। ਬੈਂਕਾਂ-ਸ਼ੇਅਰ, ਬਾਂਡ ਜਾਂ ਰੀਅਲ ਅਸਟੇਟ ਖ੍ਰੀਦਣ ਲਈ ਪੈਸੇ ਦੇ ਰਹੀਆਂ ਹਨ ਦੇਣਗੀਆਂ ਪਰ ਖੇਤੀ ਜਾਂ ਹੋਰ ਉਤਪਾਦਨ ਦੇ ਖੇਤਰ 'ਚੋਂ ਹੱਥ ਖਿੱਚ ਰਹੀਆਂ ਹਨ। ਉਗਰਾਹੇ ਜਾ ਰਹੇ ਟੈਕਸ 'ਚੋਂ ਵਡੇਰਾ ਹਿੱਸਾ ਸਿੱਖਿਆ ਸਿਹਤ ਅਤੇ ਹੋਰ ਸਮਾਜ ਭਲਾਈ ਦੇ ਕੰਮਾਂ ਉਤੇ ਖਰਚ ਨਹੀਂ ਹੋਵੇਗਾ ਜਾਂ ਤਾਂ ਇਸ ਦਾ ਵੱਡਾ ਹਿੱਸਾ ਬੈਂਕਾਂ ਨੂੰ ਉਸ ਰਾਸ਼ੀ ਵਜੋਂ ਅਦਾ ਕਰ ਦਿੱਤਾ ਜਾਵੇਗਾ, ਜਿਹੜੀ ਰਾਸ਼ੀ ਵੱਡੇ ਪੂੰਜੀਪਤੀ ਘਰਾਣਿਆਂ ਵੱਲ ਕਰਜ਼ੇ ਦੇ ਬਕਾਇਆਂ ਦੇ ਰੂਪ ਵਿਚ ਡੁੱਬੀ ਪਈ ਹੈ ਜਾਂ ਰਾਜ ਆਪਣੀ ਦਿੱਤਾ, ਨਾਲ ਅਜਿਹੇ ਉਚ ਵਰਗੀ ਨੂੰ ਰਿਆਇਤਾਂ ਦੇਵੇਗਾ। ਆਮ ਆਦਮੀ ਲਈ ਇਸ ਇਕੱਠੀ ਕੀਤੀ ਰਾਸ਼ੀ ਦਾ ਕੋਈ ਫਾਇਦਾ ਪਹੁੰਚਣ ਵਾਲਾ ਨਹੀਂ।

ਕੇਂਦਰੀ ਸਰਕਾਰ ਨੇ ਇਕ 55000 ਕਰੋੜ ਰੁਪਈਏ ਦੀ ਰਾਸ਼ੀ ਵੀ ਰੱਖੀ ਹੈ ਜਿਸ ਬਾਰੇ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਜੀ. ਐਸ. ਟੀ. ਨਾਲ ਜਿਹੜੀਆਂ ਸਮੱਸਿਆਵਾਂ ਪੈਦਾ ਹੋਣਗੀਆਂ (ਉਨ੍ਹਾਂ ਨੂੰ ਇਹ ਵਿਸ਼ਵਾਸ ਦੇ ਰਾਹੀਂ ਸ਼ਾਂਤ ਕੀਤਾ ਗਿਆ ਹੈ ਕਿ) ਰਾਜਾਂ ਨੂੰ ਜਿਹੜਾ ਨੁਕਸਾਨ ਹੋਇਆ ਪੰਜਾਂ ਸਾਲਾਂ ਤੱਕ ਉਹਦੀ ਭਰਪਾਈ ਇਸ ਰਾਸ਼ੀ 'ਚੋਂ ਕੀਤੀ ਜਾਵੇਗੀ, ਪਰ ਇਹ ਇਕ ਅਸਥਾਈ ਸਮਝੌਤਾ ਹੈ। ਅੱਖਾਂ ਪੂਝਨ ਵਾਲੀ ਪੇਸ਼ਕਸ਼ ਹੈ। ਪੰਜਾਂ ਸਾਲਾਂ ਪਿਛੋਂ ਰਾਜ ਨੂੰ ਆਪਣੇ ਨੁਕਸਾਨ

ਦੀ ਭਰਪਾਈ ਖੁਦ ਆਪ ਕਰਨੀ ਪਵੇਗੀ। ਭਾਰਤੀ ਰਾਜਕੀ ਪ੍ਰਬੰਧ ਵਿਚ ਰਾਜ ਸਰਕਾਰਾਂ ਹੀ ਹਕੀਕੀ ਰੂਪ ਵਿਚ ਹਕੂਮਤ ਦੇ ਢਾਂਚੇ ਨੂੰ ਵਿਉਂਤਦੀਆਂ ਅਤੇ ਚਲਾਉਂਦੀਆਂ ਹਨ। ਪੁਲਿਸ ਪ੍ਰਸ਼ਾਸਨ, ਸਕੂਲ, ਹਸਪਤਾਲ ਹੋਰ ਸਮਾਜੀ ਜ਼ਿੰਮੇਵਾਰੀਆਂ ਦੇ ਨਾਲ ਨਾਲ ਰਾਜਕੀ ਖੇਤੀ ਖੇਤਰ ਦੀਆਂ ਜ਼ਿੰਮੇਵਾਰੀਆਂ ਵੇਂਹਦੀਆਂ ਹਨ। ਰਾਜ ਸਰਕਾਰਾਂ ਨੂੰ ਟੈਕਸ ਵਧਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਉਹ ਇਹ ਫੈਸਲਾ ਜੀ. ਐਸ. ਟੀ. ਕੌਂਸਲ ਦੇ ਰਾਹੀਂ ਹੀ ਲੈ ਸਕਦੀਆਂ ਹਨ ਅਤੇ ਇਸ ਵਿਚ ਵੀ ਕੇਂਦਰ ਸਰਕਾਰ ਕੋਲ ਸੰਵਿਧਾਨਕ ਅਧਿਕਾਰ ਭਾਵ ਵੀਟੋ ਪਾਵਰ ਹੈ ਉਹਦੀ ਮਰਜ਼ੀ ਅਤੇ ਇੱਛਾ ਉਤੇ ਨਿਰਭਰ ਹੋਵੇਗੀ। ਕਿਸੇ ਵੀ ਸੰਘੀ ਦੇਸ਼ ਵਿਚ ਸੇਵਾਵਾਂ ਮਰਜ਼ੀ ਅਤੇ ਇੱਛਾ ਉਤੇ ਨਿਰਭਰ ਹੋਵੇਗੀ। ਕਿਸੇ ਵੀ ਸੰਘੀ ਦੇਸ਼ ਵਿਚ ਸੇਵਾਵਾਂ ਅਤੇ ਟੈਕਸ ਦੇ ਵਿਚਕਾਰ ਇਹ ਅਸਬੰਧਤਾ/ਦੂਰੀਆਂ ਮਾੜੀਆਂ ਹਨ ਅਤੇ ਭਾਰਤ ਵਿਚ ਤਾਂ ਬਹੁਤੇ ਵਖਰੇਵਿਆਂ ਨੂੰ ਵੇਖਦਿਆਂ ਇਹ ਹਾਲਤ ਹੋਰ ਵੀ ਬਦਤਰ ਹੋ ਸਕਦੀ ਹੈ। ਭਾਵ ਸਮੁੱਚੇ ਦੇਸ਼ ਦਾ ਅਣਸਾਵਾਂ ਵਿਕਾਸ ਹੈ। ਜੀ. ਐਸ. ਟੀ. ਸਾਰੇ ਰਾਜਾਂ ਨੂੰ ਇਕ ਟੈਕਸ ਪ੍ਰਣਾਲੀ ਵਿਚ ਬੰਨ੍ਹ ਦਿੰਦਾ ਹੈ। 'ਇਕ ਟੈਕਸ-ਇਕ ਵੋਟ-ਇਕ ਦੇਸ਼'-ਦੇਖਣ ਨੂੰ ਸੋਹਣਾ ਲੱਗਦਾ ਹੈ, ਪਰ ਭਾਰਤ ਦੀ ਹਕੀਕੀ ਤਸਵੀਰ ਦੇ ਉਲਟ ਹੈ। ਝਾਰਖੰਡ, ਉੜੀਸਾ, ਤ੍ਰਿਪੁਰਾ ਗੁਜਰਾਤ, ਤਾਮਿਲਨਾਡੂ, ਹਰਿਆਣਾ, ਪੰਜਾਬ ਭਾਵ ਕਿਸੇ ਵੀ ਦੋ ਰਾਜਾਂ ਵਿਚ ਇਕ ਸਮਾਨ ਵਿਵਸਥਾ ਨਹੀਂ। ਨਾ ਆਰਥਿਕ, ਨਾ ਸਮਾਜਿਕ। ਸੋ ਇਹੋ ਅੰਦਾਜ਼ੇ ਉਤੇ ਪਹੁੰਚਿਆ ਜਾ ਸਕਦਾ ਹੈ ਕਿ ਟੈਕਸ ਲਾਉਣ ਦੀ ਪ੍ਰਕਿਰਿਆ ਨਾਲ ਰਾਜਾਂ ਨੂੰ ਅਲੱਗ ਟੈਕਸ ਦੇਣਾ ਭਵਿੱਖ ਵਿਚ ਤਬਾਹੀ ਦਾ ਸਬਬ ਬਣ ਸਕਦਾ ਹੈ।

ਇਕ ਵਾਰ ਅਸੀਂ ਫੇਰ ਦੁਹਰਾਉਂਦੇ ਹਾਂ ਜਿਸ ਉਤੇ ਕਈ ਪੂੰਜੀਪਤੀਆਂ ਦੇ ਅਦਾਰਿਆਂ ਨੇ ਉਂਗਲ ਰੱਖੀ ਕਿ ਜੀ. ਐਸ. ਟੀ.ਲਾਗੂ ਕਰਨ ਦੀ ਪੂਰੀ ਤਿਆਰੀ ਨਹੀਂ ਹੋਈ। ਐਸੋਚੈਮ ਨੇ ਕਿਹਾ ਕਿ ਦੋ ਮਹੀਨੇ ਟਾਲ ਦਿਓ। ਇਹਦੇ ਨਾਲ ਅਫਰਾ ਤਫਰੀ ਫੈਲ ਜਾਵੇਗੀ। ਬਹੁਤੇਰੇ ਵਪਾਰੀਆਂ ਨੇ ਜੀ. ਐਸ. ਟੀ. ਨੰਬਰ ਹੀ ਨਹੀਂ ਲਏ। ਦੇਸ਼ ਨੂੰ ਫਿਰ ਕਤਾਰਾਂ 'ਚ ਖਲੋਣਾ ਪਵੇਗਾ। ਖੁਦ ਅਰੁਣ ਜੇਤਲੀ ਨੇ ਸਵੀਕਾਰ ਕੀਤਾ ਕਿ ਈ-ਬਿਲਿੰਗ ਲਈ ਅਜੇ ਤਿਆਰੀਆਂ ਮੁਕੰਮਲ ਨਹੀਂ ਹਨ ਪਰ ਸਰਕਾਰ ਨੂੰ ਵਿਸ਼ੇਸ਼ ਕਰਕੇ ਮੋਦੀ ਨੂੰ ਤਾਂ ਮਾਹਰਕਾ ਮਾਰਨ ਦੀ ਕਾਹਲ ਸੀ ਅਤੇ ਵਿਦੇਸ਼ੀਆਂ ਨੂੰ ਇਹ ਵਿਸ਼ਵਾਸ ਵੀ ਦੁਆਉਣਾ ਸੀ ਕਿ 'ਵੇਖੋ ਅਸੀਂ ਇਕ ਟੈਕਸ ਪ੍ਰਣਾਲੀ' ਲਾਗੂ ਕਰ ਦਿੱਤੀ ਹੈ। ਤੁਹਾਨੂੰ ਵਾਰ ਵਾਰ ਟੈਕਸ ਨਹੀਂ ਦੇਣੇ ਪੈਣਗੇ। ਆਓ ਨਿਵੇਸ਼ ਦੇ ਸੁਨਹਿਰੇ ਮੌਕੇ ਜੀ. ਐਸ. ਟੀ. ਦਾ ਪੂਰਾ ਦਾਰੋਮਦਾਰ ਇਨਫਰਮੇਸ਼ਨ ਟੈਕਨਾਲੋਜੀ ਭਾਵ ਸੂਚਨਾ ਤਕਨੀਕ ਉਤੇ ਨਿਰਭਰ ਹੈ। ਇਕ ਕੇਂਦਰ ਅਜਿਹਾ ਹੋਵੇਗਾ ਜਿਥੇ ਭਾਰਤ ਦੇ ਸਮੁੱਚੇ ਕਾਰੋਬਾਰ ਦਾ ਬਿਊਰਾ (ਰਿਕਾਰਡ) ਮੌਜੂਦਾ ਰਹੇਗਾ। ਇਸ ਲਈ ਇਕ ਜੀ. ਐਸ. ਟੀ. ਨੈਟਵਰਕ ਕੰਪਨੀ ਬਣਾਈ ਗਈ ਹੈ। ਦੇਸ਼ ਭਰ ਦੇ ਛੋਟੇ ਵੱਡੇ ਵਪਾਰੀਆਂ ਦਾ ਵਹੀ ਖਾਤਾ ਅਤੇ ਖ੍ਰੀਦ ਵਿਕਰੀ ਦਾ ਰਿਕਾਰਡ ਇਸੇ ਕੰਪਨੀ ਕੋਲ ਹੋਵੇਗਾ। ਇਸ ਕੰਪਨੀ ਵਿਚ ਸਰਕਾਰ ਹਿੱਸੇਦਾਰੀ ਘੱਟ ਅਤੇ ਨਿੱਜੀ ਕੰਪਨੀਆਂ ਦੀ ਜ਼ਿਆਦਾ ਹੈ। ਜੀ. ਐਸ. ਟੀ. ਐਨ. ਕੰਪਨੀ ਵਿਚ ਸਰਕਾਰ ਹਿੱਸੇਦਾਰੀ (ਕੇਂਦਰ ਅਤੇ ਰਾਜ ਸਰਕਾਰਾਂ ਮਿਲਾ ਕੇ) 49 ਫੀ ਸਦੀ ਅਤੇ ਨਿੱਜੀ ਕੰਪਨੀਆਂ ਦੀ ਹਿੱਸੇਦਾਰੀ (ਜਿਸ 'ਚ ਆਈ. ਸੀ. ਆਈ. ਸੀ. ਆਈ., ਐਚ. ਡੀ. ਐਫ. ਸੀ. ਅਤੇ ਐਨ. ਐਸ. ਈ. ਐਸ. ਆਈ. ਸੀ. ਐਲ.) 51 ਫੀਸਦੀ ਹੈ। ਫੈਸਲਾਕੁੰਨ ਪੁਜੀਸ਼ਨ 51 ਫੀਸਦੀ ਵਾਲਿਆਂ ਦੀ ਹੈ। ਕਹਿਣ ਦਾ ਭਾਵ ਕਿ ਪੂਰਾ ਟੈਕਸ ਦਾ ਢਾਂਚਾ ਨਿੱਜੀ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ 'ਚ ਸੌਂਪ ਦਿੱਤਾ ਗਿਆ ਹੈ ਜਿਨ੍ਹਾਂ 'ਚੋਂ ਜ਼ਿਆਦਾ ਬਹੁਕੌਮੀ ਕਾਰਪੋਰੇਸ਼ਨਾਂ ਭਾਵ ਵਿਦੇਸ਼ੀ ਹਨ। ਸਦਕੇ ਜਾਈਏ 'ਦੇਸ਼ ਭਗਤੀ ਦੀ ਬੂ ਦੁਹਾਈ ਪਾਉਣ ਵਾਲੀ ਸਰਕਾਰ ਦੇ।' ਮੂੰਹ 'ਚ ਰਾਮ ਰਾਮ ਹੱਥ 'ਚ ਛੁਰੀ। ਭਲਾ ਦੇਸ਼ ਧ੍ਰੋਹ ਦੀ ਪ੍ਰੀਭਾਸ਼ਾ ਕੀ ਹੁੰਦੀ ਹੈ?

2010 ਵਿਚ, ਲੰਦਨ ਨਿਲਕੇਣੀ ਜਿਹੜਾ ਨਿੱਜੀ ਸਾਫ਼ਟਵੇਅਰ ਕੰਪਨੀ ਇੰਫੋਸਿਸ ਦਾ ਸਾਬਕਾ ਅਧਿਕਾਰੀ ਸੀ ਅਤੇ ਜਿਹਦੇ ਕੋਲ ਇਸ ਖੇਤਰ ਵਿਚ 8000 ਕਰੋੜ ਦੀ ਸੰਪਤੀ ਹੈ-ਨੇ ਹੀ ਜੀ. ਐਸ. ਟੀ. ਐਸ. ਬਣਾਉਣ ਦਾ ਸੁਝਾਅ ਦਿੱਤਾ ਸੀ ਅਤੇ ਪੂਰਾ ਮਸੌਦਾ ਤਿਆਰ ਕਰਕੇ ਦਿੱਤਾ ਸੀ। ਦੋ ਸਾਲ ਪਿਛੋਂ ਜੀ. ਐਸ. ਟੀ. ਐਨ. ਦੇ ਨੈਟਵਰਕ ਖੜ੍ਹਾ ਕਰਨ ਲਈ 1400 ਕਰੋੜ ਰੁਪਏ ਦਾ ਠੇਕਾ ਇੰਫੋਸਿਸ ਕੰਪਨੀ ਨੂੰ ਦੇ ਦਿੱਤਾ ਗਿਆ ਸੀ। ਭਾਵ ਜਿੰਨੇ ਪੂੰਜੀਪਤੀਆਂ ਦੇ ਫਾਇਦੇ ਦੀ ਗੱਲ ਕਹੀ 'ਸ਼ੱਕਰ ਉਸੇ ਦੇ ਮੂੰਹ ਵਿਚ।'

ਕਿਹਾ ਇਹ ਜਾਂਦਾ ਹੈ ਕਿ ਕਿਸੇ ਵਸਤੂ ਉਤੇ ਵਾਰ ਵਾਰ ਟੈਕਸ ਨਹੀਂ ਲੱਗੇਗਾ। ਕੱਚੇ ਮਾਲ ਵਾਲੇ ਉਤੇ ਲੱਗੇ ਟੈਕਸ ਦੀ ਭਰਪਾਈ ਫੈਕਟੀ ਵਾਲੇ ਨੂੰ ਮਿਲ ਜਾਵੇਗੀ ਅਤੇ ਫੈਕਟਰੀ ਵਾਲੇ ਟੈਕਸ ਦੀ ਡੀਲਰ ਨੂੰ ਵਿਕਣ ਵਾਲੀ ਚੀਜ਼ ਉਤੇ ਦੁਬਾਰਾ ਟੈਕਸ ਦੀ ਗੁੰਜਾਇਸ਼ ਨਹੀਂ ਬਚੇਗੀ। ਇਸ ਨੂੰ ਅਰਥ ਸ਼ਾਸਤਰੀ ਭਾਸ਼ਾ 'ਚ ਇਨਪੁਟ ਕ੍ਰੈਡਿਟ ਸਿਸਟਮ ਕਿਹਾ ਜਾਂਦਾ ਹੈ। ਇਸ ਕੜੀ 'ਚ ਜੇ ਪਹਿਲਾਂ ਵਾਲੇ ਨੇ ਟੇਕਸ ਜਮ੍ਹਾਂ ਨਹੀਂ ਕੀਤਾ ਤਾਂ ਦੂਸਰੇ ਵਾਲੇ ਟੈਕਸ ਦੀ ਭਰਪਾਈ (ਇਨਪੁਟ ਕ੍ਰੈਡਿਟ) ਨਹੀਂ ਮਿਲੇਗੀ। ਰੋਜ਼ਾਨਾ ਕਰੋੜਾਂ ਬਿਲ ਬਣਨਗੇ ਅਤੇ ਉਨ੍ਹਾਂ ਉਤੇ ਆਧਾਰਤ ਅਗਲੇ ਨੂੰ ਇਨਪੁਟ ਕ੍ਰੈਡਿਟ ਮਿਲੇਗਾ। ਇਕ ਵਾਰ ਫੇਰ ਬੈਂਕਾਂ ਤੋਂ ਲੈ ਕੇ ਕੰਪਿਊਟਰ ਕੰਪਨੀਆਂ ਅਤੇ ਪੈਸੇ ਦੇ ਹਿਸਾਬ ਕਿਤਾਬ ਰੱਖਣ ਵਾਲੇ ਚਾਰਟਿਡ ਅਕਾਊਂਟੈਂਟ ਦੀ ਇਕ ਵਿਸ਼ਾਲ ਸਨਅਤ ਖੜ੍ਹੀ ਹੋ ਜਾਵੇਗੀ। ਹਰ ਕਾਰੋਬਾਰੀ ਨੂੰ ਕੰਪਿਊਟਰ ਨਾਲ ਜੁੜੇ ਨੈਟਵਰਕ ਉਤੇ ਰਜਿਸਟਰਡ ਕਰਾਉਣਾ ਪਵੇਗਾ। ਇਹ ਨੈਟਵਰਕ ਸਤ ਸਾਲ ਪਹਿਲਾਂ ਤੱਕ 2010 ਵਿਚ ਹੀ ਬਣ ਗਿਆ ਸੀ ਜਦੋਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਸੀ। ਜੀ. ਐਸ. ਟੀ. ਵਿਚ ਟੈਕਸ ਉਤੇ ਹੀ ਲੱਗੇਗਾ ਜਿਥੇ ਮਾਲ ਦੀ ਖਪਤ ਹੋ ਰਹੀ ਹੈ। ਇਹਨੂੰ ਡੇਸਿਟਨੇਸ਼ਨ ਦੀ ਥਾਂ ਕੰਨਜਪਸ਼ਨ ਬੇਸਡ (ਖਪਤ ਆਧਾਰਿਤ) ਟੈਕਸ ਕਿਹਾ ਜਾਂਦਾ ਹੈ। ਇਸ ਦਾ ਕੁੱਲ ਮਿਲਾ ਕੇ ਫਾਇਦਾ ਪੂੰਜੀਪਤੀਆਂ/ ਸਨਅਤਕਾਰਾਂ ਨੂੰ ਹੀ ਹੋਵੇਗਾ। ਖਪਤਕਾਰ ਨੂੰ ਕੋਈ ਰਿਆਇਤ ਨਹੀਂ ਮਿਲੇਗੀ। ਉਹਨੇ ਟੈਕਸ ਅਦਾ ਕਰਨਾ ਹੀ ਕਰਨਾ ਹੈ।

ਲਾਜ਼ਮੀ ਰੂਪ ਵਿਚ ਜੀ. ਐਸ. ਟੀ. ਨਿਰਮਾਣ (ਮੈਨੂੰਫੈਕਚਰਿੰਗ) ਵਿਚ ਪੂਰਤੀ ਦੀ ਕੜੀ ਨੂੰ ਕਾਰਗਰ ਬਣਾਉਂਦਾ ਹੈ, ਪਰ ਕਿਉਂਕਿ ਇਹ ਟੀਚੇ ਉਤੇ ਵਸੂਲਿਆ ਜਾਣ ਵਾਲਾ ਟੈਕਸ ਹੈ, ਭਾਵ ਇਸ ਟੈਕਸ ਦਾ ਭੁਗਤਾਨ ਇਸ ਉਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ (ਉਸ ਵਸਤੂ ਨੂੰ) ਖਪਤਕਾਰ ਕਿਥੇ ਰਹਿੰਦਾ ਹੈ। ਇਸ ਲਈ ਇਹ ਸੁਭਾਵਿਕ ਤੌਰ 'ਤੇ ਉਨ੍ਹਾਂ ਰਾਜਾਂ ਨੂੰ ਉਤਸ਼ਾਹ ਹੀਣ ਕਰਦਾ ਹੈ ਜਿਹੜੇ ਨਿਰਮਾਣ ਵਿਚ ਲੱਗੇ ਹੋਏ ਹਨ। ਮਿਸਾਲ ਵਜੋਂ ਭਾਰਤ ਦੇ ਨਿਰਮਾਣ ਦੇ ਕੇਂਦਰ ਤਾਮਿਲਨਾਡੂ ਨੇ ਠੀਕ ਇਸੇ ਕਾਰਨ ਕਰਕੇ ਜੀ. ਐਸ. ਟੀ. ਦਾ ਵਿਰੋਧ ਕੀਤਾ ਹੈ, ਕਿਉਂਕਿ ਇਸ ਨੇ ਵੇਖਿਆ ਹੈ ਕਿ ਜੀ. ਐਸ. ਟੀ. ਦੇ ਕਰਕੇ ਉਨ੍ਹਾਂ ਨੂੰ ਲਗਭਗ 9270 ਕਰੋੜ ਦਾ ਨੁਕਸਾਨ ਹੋ ਰਿਹਾ ਹੈ। ਜੇ ਕੋਈ ਰਾਜ ਨਿਰਮਾਣ ਦੇ ਅਸਮਰਥ ਹੋਵੇ ਜਾਂ ਜਿਹਦੀ ਦਿਲਚਸਪੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿਚ ਨਾ ਹੋਵੇ, ਉਹਦੇ ਸੰਦਰਭ ਵਿਚ ਹਿਸਾਬ ਲਾਈਏ ਤਾਂ ਤਾਂ ਉਹਦਾ ਕੁੱਲ ਨੁਕਸਾਨ, ਸੇਵਾਵਾਂ ਨੂੰ ਮੁਹੱਈਆ ਕਰਾਉਣ ਦੀ ਪ੍ਰਕਿਰਿਆ ਦੀਆਂ ਸਮਰਥਾਵਾਂ ਤੋਂ ਜ਼ਿਆਦਾ ਹੋ ਜਾਵੇਗਾ ਅਤੇ ਵੱਡੀ ਆਰਥਿਕ ਤਬਾਹੀ ਦਾ ਕਾਰਨ ਬਣੇਗਾ।

ਭਾਰਤ ਵਿਚ ਤਾਂ ਕਈ ਖੇਤਰ ਅਜਿਹੇ ਹਨ ਜਿਸ ਵਿਚ ਉਤਪਾਦਨ ਦਾ ਸਾਰਾ ਸਿਲਸਿਲਾ ਹੀ ਬਿਨਾਂ ਕਿਸੇ ਟੈਕਸ ਭੁਗਤਾਨ ਦੇ ਪੂਰਾ ਹੁੰਦਾ ਹੈ ਅਤੇ ਇਹ ਵੀ ਜ਼ਰੂਰੀ ਨਹੀਂ ਕਿ ਹਰ ਜਗ੍ਹਾ ਇਸ ਪ੍ਰਕਿਰਿਆ ਵਿਚ ਟੈਕਸ ਭੁਗਤਾਨ ਨਗਦ ਵਿਚ ਹੋਵੇ। ਹੋਰ ਛੱਡੋ ਭਾਰਤ ਭਰ ਦੇ ਸ਼ਹਿਰਾਂ, ਕਸਬਿਆਂ ਵਿਚ ਕਾਰੋਬਾਰ ਬਿਨਾਂ ਕਿਸੇ ਦਸਤਾਵੇਜ਼ੀ ਕਾਰਵਾਈ ਦੇ ਜਾਂ ਕਰਜ਼ ਭੁਗਤਾਨ ਦੇ ਵਧਦਾ ਫੁੱਲਦਾ ਹੈ ਅਤੇ ਕਈ ਖੇਤਰਾਂ ਵਿਚ ਇਹ ਕੰਮ ਵਿਚੋਲੀਏ ਕਰਾਉਂਦੇ ਹਨ। ਮਿਸਾਲ ਲਈ ਅੰਮ੍ਰਿਤਸਰ ਵਿਚ ਜਿਥੇ ਸਾਲਾਂ ਤੋਂ ਸੂਟਾਂ ਦੀ ਕਢਾਈ ਘਰਾਂ 'ਚ ਬੈਠੀਆਂ ਔਰਤਾਂ ਕੋਲੋਂ ਵਿਚੋਲੀਏ ਕਰਵਾ ਲੈਂਦੇ ਹਨ ਜਾਂ ਲੁਧਿਆਣੇ ਜਿਥੇ ਪੀਸ ਦੇ ਹਿਸਾਬ ਹੌਜਰੀ ਦਾ ਕੰਮ ਜਾਂ ਸਾਈਕਲ ਸਪੇਅਰ ਪਾਰਟ ਦਾ ਕੰਮ ਕੀਤਾ ਜਾਂਦਾ ਹੇ ਹੈ। ਜਾਂ ਜਲੰਧਰ ਜਿਥੇ ਪ੍ਰਿੰਟਿੰਗ ਤੋਂ ਲੈ ਬੈਂਡਿੰਗ ਜਾਂ ਖੇਡਾਂ ਦੇ ਸਮਾਨ ਆਦਿ ਵਿਚ ਪੀਸ ਰੇਟ ਦਾ ਹਿਸਾਬ ਚਲਦਾ ਹੈ ਅਤੇ ਰਿਕਾਰਡ ਵੀ ਨਹੀਂ ਹੁੰਦਾ। ਇਸ ਰੁਜ਼ਗਾਰ ਤੇ ਵਪਾਰ ਦੀ ਵਿਲੱਖਣ ਪ੍ਰਕਿਰਿਆ ਨੂੰ ਜੀ. ਐਸ. ਟੀ. ਰਾਹੀਂ ਕਲਾਵੇ 'ਚ ਲਿਆਂਦਾ ਜਾਵੇਗਾ। ਮੰਡੀ ਨੂੰ ਕੰਟਰੋਲ ਵਿਚ ਕਰਨ ਦੀ ਕਾਰਪੋਰੇਟੀ ਪੂੰਜੀ ਦਾ ਇਹੋ ਜੰਜਾਲ ਹੈ। ਇਉਂ ਜੀ. ਐਸ. ਟੀ. ਦੇ ਲਾਗੂ ਹੋਣ ਨਾਲ ਅਜਿਹੇ ਰੁਜ਼ਗਾਰਾਂ ਦੇ ਪ੍ਰਭਾਵਿਤ ਹੋਣ ਦਾ ਵੀ ਖਦਸ਼ਾ ਦਿਖਦਾ ਹੈ।

ਭਾਜਪਾ ਦੀ ਇਕ ਰਾਸ਼ਟਰ ਭਾਵ ਹਿੰਦੂ ਰਾਸ਼ਟਰ ਦੇ ਨਿਰਮਾਣ ਦੀ ਕਾਹਲ ਹੀ ਸੀ ਕਿ ਮਹਿਜ 9 ਮਹੀਨਿਆਂ ਤੋਂ ਵੀ ਘੱਟ ਸਮੇਂ 'ਚ ਇਹਨੂੰ ਲਾਗੂ ਕਰਵਾ ਲਿਆ ਜਦੋਂ ਕਿ ਛੋਟੇ ਜਿਹੇ ਮਲੇਸ਼ੀਆ ਵਰਗੇ ਦੇਸ਼ ਵਿਚ ਵੀ ਅਜਿਹੇ ਨੈਟਵਰਕ ਉਸਾਰਨ ਲਈ 18 ਮਹੀਨਿਆਂ ਦਾ ਸਮਾਂ ਲੱਗਾ ਸੀ। ਇਹ ਸਵਾਲ ਕਿ ਕਈ ਲੱਖ ਕਾਰੋਬਾਰੀ, ਬੈਂਕਿੰਗ ਵਿਵਸਥਾ ਅਤੇ ਜੀ. ਐਸ. ਟੀ. ਲਈ ਲੋੜੀਂਦੇ, ਆਈ. ਟੀ. ਸੈਕਟਰ ਦੀ ਘਾਟ ਦੇ ਬਾਵਜੂਦ ਇਕ ਜੁਲਾਈ (ਭਾਵ 30 ਜੂਨ ਦੀ ਅੱਧੀ ਰਾਤ) ਸੰਸਦ 'ਚ ਘੰਟਾ ਖੜਕਾ ਕੇ ਇਹ ਨੂੰ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਜਿਵੇਂ ਕਾਹਲੀ ਤੇ ਹੋ ਹੱਲੇ ਨਾਲ ਇਹਨੂੰ ਲਾਗੂ ਕਰਨ ਦਾ ਕਦਮ ਚੁੱਕਿਆ ਉਹਨੇ ਮੋਦੀ ਦੇ ਨੋਟਬੰਦੀ ਦੇ ਕਦਮ ਦੀ ਯਾਦ ਤਾਜ਼ਾ ਕਰਵਾ ਦਿੱਤੀ। ਜਿਵੇਂ ਅਸੀਂ ਜ਼ਿਕਰ ਕੀਤਾ ਹੈ ਕਿ ਇਸ ਕਾਹਲੀ ਪਿਛੇ ਭਾਜਪਾ ਦਾ ਇਕ ਵਿਚਾਰਧਾਰਕ ਏਜੰਡਾ ਹੈ। ਜੀ. ਐਸ. ਟੀ. ਉਸ ਵਿਚਾਰਧਾਰਕ ਏਜੰਡੇ ਨੂੰ ਭਾਵ ਭਾਰਤ ਨੂੰ ਇਕ ਸਾਰ ਬਣਾਉਣ ਵਿਚ ਮਦਦ ਕਰਦਾ ਹੈ। ਭਾਵ 'ਇਕ ਰਾਸ਼ਟਰ-ਇਕ ਬਜ਼ਾਰ-ਇਕ ਟੈਕਸ'। ਇਹ ਨਾਅਰਾ ਹਿੰਦੂਤਵ ਵਿਚਾਰਧਾਰਾ ਦਾ ਵੀ ਹੈ ਅਤੇ ਜੀ. ਐਸ. ਟੀ. ਲਾਗੂ ਕਰਵਾਉਣ ਲਈ ਵੀ। ਯਾਦ ਕਰੋ ਜਰਮਨੀ 'ਚ ਹਿਟਲਰ ਨੇ ਜਿਹੜਾ ਨਾਅਰਾ ਦਿੱਤਾ ਸੀ, 'ਇਕ ਰਾਸ਼ਟਰ, ਇਕ ਜਨ, ਇਕ ਨੇਤਾ'। ਕੀ ਇਹ ਉਹਦੀ ਨਕਲ ਨਹੀਂ। ਬੇਸ਼ੱਕ ਹਾਲ ਦੀ ਘੜੀ ਜੀ. ਐਸ. ਟੀ. ਦੇ ਦੋਹਰੇ ਮਾਡਲ ਨੂੰ ਅਪਣਾਇਆ ਗਿਆ ਹੈ ਅਤੇ ਮਜ਼ਬੂਰੀ ਵੱਸ ਟੈਕਸ ਦੀਆਂ ਚਾਰ ਦਰਾਂ ਲਾਗੂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਪਰ ਇਸ ਪਿਛੇ 'ਇਕ ਰਾਸ਼ਟਰ-ਇਕ ਬਜ਼ਾਰ' ਦਾ ਨਾਅਰਾ ਹਿੰਦੂ ਰਾਸ਼ਟਰਵਾਦ ਅਤੇ ਨਵ ਉਦਾਰਵਾਦ (ਬਜ਼ਾਰ) ਦੀ ਸੋਚ ਨੂੰ ਹੀ ਪ੍ਰਗਟ ਕਰਦਾ ਹੈ। ਜੇ ਕਿਹਾ ਜਾਵੇ ਤਾਂ ਜਿਥੇ ਕਾਰਪੋਰੇਟੀ ਪੂੰਜੀ (ਨਵਉਦਾਰਵਾਦ ਦਾ ਸਿਧਾਂਤ) ਰਾਜ ਅੰਦਰ ਤਾਨਾਸ਼ਾਹ ਅੰਸ਼ ਨੂੰ ਮਜ਼ਬੂਤ ਕਰਨ ਅਤੇ ਜਮਹੂਰੀਅਤ ਨੂੰ ਸਹਿਜੇ ਸਹਿਜੇ ਘਟਾਉਣ ਦੀ ਹਾਮੀ ਹੈ ਅਤੇ ਇਸ ਦੇ ਲਾਗੂ ਹੋਣ ਨਾਲ ਉਹਦੇ ਹਿੱਤਾਂ ਦੀ ਪੂਰਤੀ ਹੋਈ ਹੈ। ਉਥੇ ਸੰਘ ਪਰਿਵਾਰ ਦੇ 'ਹਿੰਦੂ ਰਾਸ਼ਟਰ' ਦੇ ਨਿਰਮਾਣ ਵੱਲ ਵੀ ਇਕ ਨਿਗਰ ਕਦਮ ਸਾਬਤ ਹੋ ਸਕਦਾ ਹੈ। ਇਹ ਹਿੰਦੂ ਰਾਸ਼ਟਰ ਦੀ ਉਸਾਰੀ ਵੱਲ ਇਕ ਪੁਲਾਂਘ ਹੈ। ਬੇਸ਼ੱਕ ਇਹ ਕਾਮਯਾਬ ਰਹੇ ਜਾਂ ਨਾ ਰਹੇ। ਮੋਦੀ ਤੇ ਆਰ. ਐਸ. ਐਸ. ਵਿਚ ਇਹ ਕਲਾ ਹੈ, ਕਿ ਉਹ ਆਪਣੀਆਂ ਨਾਕਾਮੀਆਂ ਨੂੰ ਵੀ ਜਮਲੇਬਾਜ਼ੀ, ਲਫਜ਼ੀ ਤੇ ਮਹਾਂ ਸਫ਼ਲਤਾ ਦੇ ਢੋਲ ਢਮੱਕੇ ਹੇਠ ਲੁਕੋ ਸਕਦੇ ਹਨ ਅਤੇ ਆਵਾਮ ਨੂੰ ਮੂਰਖ ਬਣਾ ਸਕਦੇ ਹਨ। ਜਿਵੇਂ ਨੋਟਬੰਦੀ ਸਮੇਂ ਹੋਇਆ ਸੀ।

ਕਾਰਪੋਰੇਟੀ ਪੂੰਜੀ ਲਈ ਇਹ ਲਾਹੇਵੰਦੀ ਟੈਕਸ ਪ੍ਰਣਾਲੀ ਹੈ। ਕੇਂਦਰੀ ਰਾਜ ਸਕੱਤਰ ਅਧਿਆ ਦਾ ਬਿਆਨ ਸੀ ਕਿ "ਜਿਨ੍ਹਾਂ ਵਪਾਰੀਆਂ ਦੀ ਆਮਦਨ 20 ਲੱਖ ਰੁਪਏ ਸਲਾਨਾ ਤੋਂ ਘੱਟ ਹੈ ਉਹ ਜੀ. ਐਸ. ਟੀ. ਹੇਠ ਨਹੀਂ ਆਉਣਗੇ। ਉਨ੍ਹਾਂ ਨੂੰ ਕੋਈ ਸਰਵਿਸ ਟੈਕਸ ਅਦਾ ਨਹੀਂ ਕਰਨਾ ਪਵੇਗਾ। ਹੁਣ ਤੱਕ 10 ਲੱਖ ਰੁਪਏ ਤੋਂ ਵਧ ਦੀ ਆਮਦਨ ਉਤੇ ਸਰਵਿਸ ਟੈਕਸ ਦੇਣਾ ਪੈਂਦਾ ਹੈ (ਸੀ)। ਜੀ. ਐਸ. ਟੀ. ਕੌਂਸਲ ਦਾ ਇਹ ਫੈਸਲਾ ਕਿ 50 ਹਜ਼ਾਰ ਰੁਪਏ ਤੋਂ ਵੱਧ ਕੀਮਤ ਦੇ ਮਾਲ ਦਾ ਬਿੱਲ ਈ ਬਿਲ ਹੀ ਆਵਾਜਾਈ ਦੌਰਾਨ ਹੋਣਾ ਬਹੁਤ ਹੈ। ਇਹਦੇ ਲਈ ਕਾਗਜ਼ੀ ਬਿਲ ਦੀ ਲੋੜ ਨਹੀਂ, ਦੂਸਰੀ ਵੱਡੀ ਛੋਟ ਹੈ। 50 ਹਜ਼ਾਰ ਰੁਪਏ ਤੱਕ ਦੇ ਤੋਹਫਿਆਂ ਉਤੇ ਜੀ. ਐਸ. ਟੀ. ਲਾਗੂ ਨਹੀਂ ਹੋਵੇਗਾ। ਇਹ ਤੀਸਰੀ ਛੋਟ ਹੈ। ਅਮੀਰਾਂ ਲਈ ਕਾਰਪੋਰੇਟ ਪੂੰਜੀ ਲਈ ਤਾਂ ਇਸ 'ਚ ਛੋਟਾਂ ਹੀ ਛੋਟਾਂ ਹਨ। ਇਥੋਂ ਤੱਕ ਕਿ ਜੇ ਦੋ ਕਰੋੜ ਰੁਪਏ ਤੱਕ ਦੀ ਟੈਕਸ ਚੋਰੀ ਕੀਤੀ ਹੈ ਤਾਂ ਤਤਕਾਲ ਜ਼ਮਾਨਤ ਮਿਲ ਜਾਏਗੀ। ਕਹਿਣ ਦਾ ਭਾਵ ਜੀ. ਐਸ. ਟੀ. ਵੱਡੇ ਕਾਰੋਬਾਰੀਆਂ, ਵਪਾਰੀਆਂ ਕਾਰਪੋਰੇਟੀ ਪੂੰਜੀ ਲਈ ਤਾਂ ਫਾਇਦੇ ਵਾਲੀ ਟੈਕਸ ਪ੍ਰਣਾਲੀ ਹੈ ਪਰ ਆਮ ਨਾਗਰਿਕ ਆਮ ਖਪਤਕਾਰ ਲਈ ਕੋਈ ਰਾਹਤ ਦੇਣ ਵਾਲੀ ਨਹੀਂ। ਸਗੋਂ ਉਨ੍ਹਾਂ ਦੀ ਕਿਰਤ ਉਤੇ ਡਾਕੇ ਨੂੰ ਹੋਰ ਸਹਿਜੇ ਸਹਿਜੇ ਵਧਾਉਣ ਵਾਲਾ ਕਸਾਈ ਸੰਦ ਹੈ। ਦਰਅਸਲ ਕਾਰਪੋਰੇਟੀ ਵੱਡੀ ਦੇਸੀ ਅਤੇ ਵਿਦੇਸ਼ੀ ਪੂੰਜੀ ਲਈ ਇਕ ਵਿਸ਼ਾਲ ਬਜ਼ਾਰ ਦੀ ਵਿਵਸਥਾ ਨੂੰ ਸਿਰਜਤ ਤੇ ਨਿਯਮਤ ਕਰਨਾ ਉਨ੍ਹਾਂ ਦੀ ਲੋੜ ਸੀ, ਜਿਸ ਨੂੰ ਬਾਖੂਬੀ ਭਾਜਪਾ ਤੇ ਮੋਦੀ ਸਰਕਾਰ ਨੇ ਢੋਲ ਢਮੱਕੇ ਨਾਲ ਲਾਗੂ ਕੀਤਾ ਹੈ। ਇਸ ਨਾਲ ਰਾਜ ਭਾਵ ਕੇਂਦਰ ਸਰਕਾਰ ਇਕ ਮਜ਼ਬੂਤ ਅਦਾਰਾ ਬਣਨ ਜਾ ਰਹੀ ਹੈ। ਆਰਥਿਕਤਾ ਉਤੇ ਸਟੇਟ ਰਾਹੀਂ ਸਿੱਧਾ ਕਾਰਪੋਰੇਟੀ ਪੂੰਜੀ ਦੀ ਸਰਦਾਰੀ ਸਥਾਪਤ ਕਰਨਾ ਅਤੇ ਰਾਜਕੀ ਤੇ ਪ੍ਰਸ਼ਾਸਨ ਢਾਂਚੇ ਨੂੰ ਇਸ ਦੀ ਵਫਾਦਾਰੀ ਲਈ ਇਕਜੁਟ ਤੇ ਕੇਂਦਰੀਨ ਕਰਨਾ। ਇਹ ਅਪਣਾਏ ਗਏ ਸੰਵਿਧਾਨ ਵਿਚ ਦਿੱਤੀਆਂ ਗਈਆਂ ਜਮਹੂਰੀ ਅਜ਼ਾਦੀਆਂ ਨੂੰ ਮਸਲਣਦਾ ਵੀ ਸਬਬ ਬਣੇਗਾ। ਇਸੇ ਉਚੇ ਵਰਗ ਨੂੰ ਰਾਹਤ ਦੇਣ ਲਈ ਰਾਹ ਸਾਫ਼ ਕਰੇਗਾ। ਜਿਸ ਵਰਗ ਦੇ ਮੁੱਠੀ ਭਰ ਘਰਾਣਿਆਂ ਵੱਲ 9 ਲੱਖ ਕਰੋੜ ਦੇ ਇਨਕਮ ਟੈਕਸ ਦੇ ਏਰੀਅਰ ਬਕਾਏ ਹਨ ਅਤੇ ਜਿਨ੍ਹਾਂ ਵੱਲ ਬੈਂਕਾਂ ਦਾ ਵੀ 9 ਲੱਖ ਕਰੋੜ ਦਾ ਕਰਜ਼ਾ ਡੁੱਬਿਆ ਪਿਆ ਹੈ। ਭਾਵ ਜਿਹੜਾ ਵਰਗ ਦੇਸ਼ ਦੇ ਇਕ ਸਾਲ ਦੇ ਬਜਟ (18 ਲੱਖ ਕਰੋੜ) ਦੇ ਬਰਾਬਰ ਦੀ ਰਾਸ਼ੀ ਭਾਰਤੀ ਲੋਕਾਂ ਦੀ ਕਿਰਤ 'ਚੋਂ ਡਕਾਰੀ ਬੈਠਾ ਹੈ, ਲਈ ਹੀ ਫਾਇਦੇ ਦਾ ਸੌਦਾ ਹੈ। ਜੀ. ਐਸ. ਟੀ. ਲਈ ਦੇਸ਼ ਦਾ ਆਵਾਮ ਉਸ ਪਾਲਤੂ ਤੇ ਸੀਲ ਗਊ ਵਰਗਾ ਹੈ ਜਿਹਨੂੰ ਜਦੋਂ ਮਰਜ਼ੀ ਨਿਆਣਾ ਬੰਨ੍ਹ ਕੇ (ਲੱਤਾਂ ਨੂੰ ਰੱਸੀ ਬੰਨ੍ਹ ਕੇ) ਚੋਇਆ ਜਾ ਸਕਦਾ ਹੈ।




ਸ਼ਹੀਦ ਕਾਮਰੇਡ ਅਵਤਾਰ ਸਿੰਘ ਢੁੱਡੀਕੇ 27 ਜੁਲਾਈ 1983 ਨੂੰ ਕਾਲੀਆਂ ਤਾਕਤਾਂ ਦੇ ਪਾਲੇ ਹੋਏ ਗੁੰਡੇ ਵਲੋਂ ਸ਼ਹੀਦ ਕਰ ਦਿੱਤਾ ਗਿਆ ਸੀ। ਜਿਸ ਦੀ ਸੋਚਣੀ ਅੱਜ ਵੀ ਲੋਕਾਂ ਲਈ ਚਾਨਣਾ ਮੁਨਾਰਾ ਹੈ।




ਸ਼ਹੀਦ ਲਾਲਇੰਦਰ ਕੁਮਾਰ 'ਲਾਲੀ' ਚੋਗਾਵਾਂ (ਮੋਗਾ) 27 ਜੁਲਾਈ 1986 ਨੂੰ ਉਸ ਸਮੇਂ ਦਹਿਸ਼ਤਗਰਦਾਂ ਵਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਜਦੋਂ ਉਹ ਲੋਕਾਂ ਵਿਚ ਲੋਕਪੱਖੀ ਜਾਗਰਤੀ ਪੈਦਾ ਕਰ ਰਿਹਾ ਸੀ।



ਪਾਪ ਤੇ ਵਿਗਿਆਨ

# ਇੰਝ ਹੋਇਆ ਸਮਾਜਵਾਦੀ ਰੂਸ ਵਿੱਚ ਵੇਸ਼ਵਾਗਮਨੀ ਦਾ ਖ਼ਾਤਮਾ



ਗੁਰਮੇਲ ਗਿੱਲ

ਰੂਸੀ ਲੋਕਾਂ ਦੇ ਜੀਵਨ ਦੀ ਮੁੜ ਉਸਾਰੀ ਦਾ ਕੰਮ ਲੈਨਿਨ ਤੇ ਉਸਦੇ ਪੈਰੋਕਾਰਾਂ ਨੇ ਰੂਸੀ ਪੁਰਸ਼ ਤੋਂ ਨਹੀਂ, ਰੂਸੀ ਇਸਤਰੀ ਦੇ ਜੀਵਨ ਤੋਂ ਸ਼ੁਰੂ ਕੀਤਾ। ਸੋਵੀਅਤ ਆਗੂਆਂ ਨੇ ਕਦੇ ਵੀ ਆਪਣੇ ਆਪ ਨੂੰ ਇਸਤਰੀਆਂ ਦਾ ਉਦਾਰਕ ਨਹੀਂ ਐਲਾਨਿਆ। ਉਨਾਂ ਨੇ ਆਪਣੇ ਆਪ ਨੂੰ ਇਸਤਰੀਆਂ ਦੇ ਇਨ੍ਹਾਂ ਘੋਲਾਂ ਤੱਕ ਸੀਮਤ ਨਹੀਂ ਰੱਖਿਆ ਕਿ ਇਸਤਰੀਆਂ ਉੱਚੀ ਜਾਂ ਨੀਵੀਂ ਜਿਵੇਂ ਦੀ ਚਾਹੁਣ ਸਕਰਟ ਪਾ ਸਕਦੀਆਂ ਹਨ, ਚਾਹੁਣ ਤਾਂ ਬਾਜ਼ਾਰ ਵਿੱਚ ਸਿਗਰਟ ਪੀ ਸਕਦੀਆਂ ਹਨ ਕਿ ਕਾਨੂੰਨ ਦੀ ਨਜ਼ਰ ਵਿੱਚ ਉਹ ਪੁਰਸ਼ ਦੇ ਬਰਾਬਰ ਹੀ ਹਨ। ਉਨ੍ਹਾਂ ਨੇ ਪੁਰਸ਼ ਤੇ ਇਸਤਰੀਆਂ ਦੇ ਇਨ੍ਹਾਂ ਹੱਕਾਂ ਦੀ ਭੰਡੀ ਕੀਤੀ ਕਿ ਉਹ ਜਿਸ ਨਾਲ ਚਾਹੁੰਣ ਸਰੀਰਕ ਸਬੰਧ ਬਣਾ ਸਕਦੇ ਹਨ। ਸੋਵੀਅਤ ਰੂਸ ਵਿੱਚ ਇਸਤਰੀਆਂ ਦੀ ਆਜ਼ਾਦੀ ਦਾ ਜੋ ਪ੍ਰੋਗਰਾਮ ਬਣਾਇਆ ਗਿਆ ਉਹ ਸਿਰਫ ਇਸਤਰੀਆਂ ਦੇ ਹਿੱਤ ਦਾ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਦੇ ਹਿੱਤ ਦਾ ਸੀ। ਸੋਵੀਅਤ ਸਰਕਾਰ ਨੇ ਸਾਰੇ ਕਾਨੂੰਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਬਣਾਏ, ਖਾਸ ਕਰਕੇ ਉਹ ਨੇਮ ਤੇ ਕਾਨੂੰਨ ਬਣਾਏ ਗਏ ਜਿਸ ਨਾਲ ਇਸਤਰੀਆਂ ਦੀ ਆਰਥਿਕ ਆਜ਼ਾਦੀ ਦੀ ਗਰੰਟੀ ਹੋਈ।

ਵੇਸ਼ਵਾਗਮਨੀ ਮਨੁੱਖ ਜਾਤੀ ਦੇ ਮੱਥੇ ਤੇ ਇਕ ਇਹੋ ਜਿਹਾ ਕਲੰਕ ਹੈ ਜੋ ਰੂਸੀ ਇਨਕਲਾਬ ਆਉਣ ਤਕ ਸਰਮਾਏਦਾਰੀ ਆਪਣੀ ਲਗਭੱਗ 250 ਸਾਲ ਦੀ ਉਮਰ ਵਿੱਚ ਇਸਨੂੰ ਖਤਮ ਕਰਨਾ ਤਾਂ ਦੂਰ ਦੀ ਗੱਲ ਸਗੋਂ ਇਸ ਵਿੱਚ ਵਾਧੇ ਦਾ ਕਾਰਨ ਹੀ ਬਣੀ। ਇਨਕਲਾਬ ਦੇ ਚਾਰ ਸਾਲ ਬਾਅਦ ਸੰਨ 1921 ਵਿੱਚ ਰੂਸੀ ਅਧਿਕਾਰੀਆਂ ਨੂੰ ਪਤਾ ਲੱਗਿਆ ਕਿ ਵਿਭਚਾਰ ਵਿੱਚ ਨਿਸ਼ਚਿਤ ਵਾਧਾ ਹੋਇਆ ਹੈ। ਇਸ ਦਾ ਕਾਰਨ ਦੇਸ਼ ਦਾ ਅੰਦਰੂਨੀ ਸੰਕਟ ਸੀ ਜੋ ਵਿਦੇਸ਼ੀ ਹਮਲਾਵਰਾਂ ਵਿਰੁੱਧ ਲੰਬੀ ਲੜਾਈ ਦੇ ਫਲਸਰੂਪ ਪੈਦਾ ਹੋ ਗਿਆ ਸੀ। ਇਸ ਤੋਂ ਇਲਾਵਾ, ਆਰਥਿਕ ਉਸਾਰੀ ਦੀਆਂ ਯੋਜਨਾਵਾਂ ਹਾਲੇ ਸ਼ੁਰੂ ਨਹੀਂ ਹੋਈਆਂ ਸਨ। ਬੇਰੁਜ਼ਗਾਰੀ ਬੁਰੀ ਤਰ੍ਹਾਂ ਫੈਲ ਰਹੀ ਸੀ ਤੇ ਬੇਰੁਜ਼ਗਾਰਾਂ ਵਿੱਚ ਦੋ ਤਿਹਾਈ ਗਿਣਤੀ ਔਰਤਾਂ ਦੀ ਸੀ ਜਿਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਸੀ। ਦੋ ਸਾਲ ਤੱਕ ਅਨੈਤਿਕਤਾ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ।

ਸੋਵੀਅਤ ਵਿਗਿਆਨਿਕਾਂ ਨੇ ਦੁਰਾਚਾਰ ਖਿਲਾਫ਼ ਆਮ ਹਮਲਾ ਸੰਨ 1923 ਵਿੱਚ ਬੋਲਿਆ ਜਿਸ ਨੇ ਬੜੀ ਸੁਨਸਨੀ ਪੈਦਾ ਕਰ ਦਿੱਤੀ। ਇਤਿਹਾਸ ਵਿੱਚ ਦੁਰਾਚਾਰ ਨੂੰ ਖਤਮ ਕਰਨ ਲਈ ਪਹਿਲਾਂ ਕਦੇ ਇਹੋ ਜਿਹਾ ਕਦਮ ਨਹੀਂ ਚੁੱਕਿਆ ਗਿਆ ਸੀ। ਇੱਕ ਸਵਾਲਨਾਮਾ ਛਪਵਾ ਕੇ ਇਸਤਰੀਆਂ ਤੇ ਕੁੜੀਆਂ ਵਿੱਚ ਬੜੇ ਗੁਪਤ ਤਰੀਕੇ ਨਾਲ ਵੰਡਿਆ ਗਿਆ। ਇਹ ਸਵਾਲਨਾਮਾ ਡਾਕਟਰਾਂ, ਮਨੋਵਿਗਿਆਨਿਕਾਂ, ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਤੇ ਹੋਰ ਮਾਹਿਰਾਂ ਨੇ ਰੱਲ ਕੇ ਤਿਆਰ ਕੀਤਾ ਸੀ ਜਿਸ ਵਿੱਚ ਅਨੇਕ ਸਵਾਲ ਪੁਛੇ ਗਏ ਸਨ ਜਿਨ੍ਹਾਂ ਦਾ ਉਦੇਸ਼ ਇਹ ਪਤਾ ਲਗਾਉਣਾ ਸੀ ਕਿ ਉਹ ਕਿਹੜੀਆਂ ਹਾਲਤਾਂ ਹਨ ਜਿਨ੍ਹਾਂ ਵਿੱਚ ਔਰਤਾਂ ਆਪਣਾ ਸਰੀਰ ਵੇਚਣ ਲਈ ਤਿਆਰ ਜਾਂ ਕਹੋ ਕਿ ਮਜਬੂਰ ਹੋ ਜਾਂਦੀਆਂ ਹਨ। ਇਹ ਸਵਾਲ ਸਮਾਜ ਦੇ ਹਰ ਪੱਧਰ ਦੀਆਂ, ਹਰ ਉਮਰ ਦੀਆਂ ਅਤੇ ਵੱਖਰੇ 2 ਸੁਭਾਅ ਦੀਆਂ ਔਰਤਾਂ ਤੋਂ ਲਿਖਤੀ ਤੇ ਬੜੇ ਹੀ ਗੁਪਤ ਰੂਪ ਵਿੱਚ ਪੁੱਛੇ ਗਏ। ਸਾਰੀ ਜਾਣਕਾਰੀ ਗੁਪਤ ਰੱਖੀ ਗਈ। ਪੜਤਾਲ ਕਰਨ ਵਾਲਿਆਂ ਨੂੰ ਇਸ ਗੱਲ ਨਾਲ ਬਹੁਤ ਹੈਰਾਨੀ ਹੋਈ ਕਿ ਉੱਤਰ ਬਿਲਕੁਲ ਸਪਸ਼ਟ ਸਨ। ਇਹ ਇਸ ਕਰਕੇ ਹੋਇਆ ਕਿਉਂਕਿ ਜਵਾਬ ਦੇਣ ਵਾਲੀਆਂ ਔਰਤਾਂ ਨੂੰ ਜਾਣਕਾਰੀ ਗੁਪਤ ਰਹਿਣ ਦੀ ਗਰੰਟੀ ਸੀ।

ਸੋਵੀਅਤ ਮਾਹਰਾਂ ਨੇ ਅਨੈਤਿਕਤਾ ਵਿਰੁੱਧ ਅਮਲੀ, ਸਮਾਜਿਕ ਘੋਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਹ ਸਿੱਟਾ ਕਢਿਆ ਕਿ ਅਜਿਹੇ ਸਾਰੇ ਸੈਕਸ ਸਬੰਧ ਅਣਉਚਿੱਤ ਹਨ ਜਿਹੜੇ ਪਿਆਰ ਤੇ ਅਧਾਰਿਤ ਨਹੀਂ ਹਨ ਤੇ ਅਜਿਹੇ ਸਾਰੇ ਸਬੰਧ ਵੀ ਅਣਉਚਿੱਤ ਹਨ ਜਿਨ੍ਹਾਂ ਵਿੱਚ ਪੈਸੇ ਦਾ ਖੁੱਲ੍ਹੇ ਜਾਂ ਲੁੱਕੇ ਰੂਪ ਵਿੱਚ ਲੈਣ ਦੇਣ ਹੁੰਦਾ ਹੈ। ਇਨ੍ਹਾਂ ਗੱਲਾਂ ਨੂੰ ਅਧਾਰ ਬਣਾ ਕੇ ਸੋਵੀਅਤ ਅਧਿਕਾਰੀਆਂ ਨੇ ਵਿੱਭਚਾਰ ਵਿਰੁੱਧ ਵਿਗਿਆਨਿਕ ਢੰਗਾਂ ਨਾਲ ਹੱਲਾ ਬੋਲਿਆ ਜਦੋਂ ਕਿ ਬਾਕੀ ਦੇਸ਼ਾਂ ਵਿੱਚ ਵਿੱਭਚਾਰ ਦੇ ਕਾਰਨਾਂ ਵਾਰੇ ਹੀ ਬੜੀ ਗੈਰ ਵਿਗਿਆਨਿਕ ਤੇ ਕੱਚ ਘਰੜ ਸਮਝ ਸੀ ਇਸ ਲਈ ਇਸ ਨੂੰ ਖਤਮ ਕਰਨ ਲਈ ਜਿੰਨੇ ਵੀ ਉਪਰਾਲੇ ਕੀਤੇ ਗਏ ਉਹ ਸੱਭ ਅਸਫਲ ਰਹੇ ਉਲਟਾ ਵਿਭਚਾਰ ਤੇ ਸੈਕਸ ਰੋਗਾਂ ਵਿੱਚ ਵਾਧਾ ਬੇ ਰੋਕ ਟੋਕ ਜਾਰੀ ਰਿਹਾ।

ਇਸਤਰੀਆਂ ਵਿਭਚਾਰ ਨੂੰ ਆਪਣੀ ਜੀਵਕਾ ਰੋਜ਼ੀ ਦਾ ਸਾਧਨ ਕਿਉਂ ਬਣਾਉਂਦੀਆਂ ਹਨ? ਸੋਵੀਅਤ ਸਵਾਲਨਾਮੇ ਵਿੱਚ ਦਿੱਤੇ ਗਏ ਬਹੁਤੇ ਜਵਾਬ ਇਕੋ ਜਿਹੇ ਸਨ। ਥੋੜ੍ਹੇ ਜਾਂ ਬਹੁਤੇ ਸਮੇਂ ਲਈ ਵਿਭਚਾਰ ਨੂੰ ਆਪਣੀ ਰੋਜੀ ਦਾ ਅਧਾਰ ਇਸਤਰੀਆਂ ਕੰਗਾਲੀ ਤੇ ਆਰਥਿਕ ਔਕੜਾਂ ਕਾਰਨ ਬਣਾਉਂਦੀਆਂ ਹਨ। ਪਰ,ਇਹ ਜਵਾਬ ਸਿਰਫ਼ ਅੱਧਾ ਸੀ। ਦੂਸਰਾ ਅੱਧਾ ਜਵਾਬ ਇਹ ਸੀ ਕਿ ਵਿਭਚਾਰ ਦੇ ਵਪਾਰ ਦੀਆਂ ਸ਼ਿਕਾਰ ਸਿਰਫ਼ ਉਹ ਇਸਤਰੀਆਂ ਬਣੀਆਂ ਜਿਨ੍ਹਾਂ ਨੂੰ ਦੂਸਰੇ ਲੋਕਾਂ ਨੇ ਜਾਣ ਬੁੱਝ ਕੇ ਥਿੜਕਾਇਆ ਸੀ। ਇਹ ਉਹ ਲੋਕ ਨਹੀਂ ਸਨ ਜਿਨ੍ਹਾਂ ਨੇ ਪਹਿਲੀ ਵਾਰ ਉਨ੍ਹਾਂ ਦੇ ਸਰੀਰ ਦਾ ਸੌਦਾ ਕੀਤਾ ਸੀ ਸਗੋਂ ਉਹ ਪੁਰਸ਼-ਇਸਤਰੀਆਂ ਸਨ ਜੋ ਵੇਸ਼ਵਾਗਮਨੀ ਦੇ ਵਪਾਰ ਤੋਂ ਲੰਬੇ ਚੌੜੇ ਮੁਨਾਫੇ ਕਮਾ ਰਹੇ ਸੀ, ਉਹ ਲੋਕ ਜੋ ਵਿਭਚਾਰ ਦੇ ਠੇਕੇ ਜਾਂ ਅੱਡੇ ਚਲਾਉਂਦੇ ਸਨ। ਇਹ ਜ਼ਿਆਦਾਤਰ ਲੋਕ ਮੋਟਰ-ਡਰਾਈਵਰ, ਹੋਟਲਾਂ ਵਿੱਚ ਕੰਮ ਕਰਨ ਵਾਲੇ, ਦਲਾਲ, ਗੁੰਡਾ ਗਰਦੀ ਮਚਾਉਣ ਵਾਲੇ, ਸਸਤੇ ਹੋਟਲਾਂ, ਧਰਮਸ਼ਾਲਾਵਾਂ ਵਗੈਰਾ ਦੇ ਮਾਲਕ ਆਦਿ। ਅੱਜ ਸਾਰੀ ਦੁਨੀਆ ਤੇ ਇੱਕ ਨਜ਼ਰ ਮਾਰਿਆਂ ਸਪਸ਼ਟ ਹੋ ਜਾਵੇਗਾ ਕਿ ਵਿਭਚਾਰ ਇਸ ਲਈ ਕਾਇਮ ਹੈ ਕਿਉਂਕਿ ਅਣਗਿਣਤ ਮਜਬੂਰ ਭੁੱਖੀਆਂ-ਨੰਗੀਆਂ ਲੜਕੀਆਂ ਮੌਜੂਦ ਹਨ ਤੇ ਇਸ ਲਈ ਕਿਉਂਕਿ ਵਿਭਚਾਰ ਦੇ ਵਪਾਰ ਨਾਲ ਕਰਾਰਾ ਮੁਨਾਫ਼ਾ ਹੱਥ ਲਗਦਾ ਹੈ। ਸਰੀਰ ਵੇਚਣ ਵਾਲੀਆਂ ਔਰਤਾਂ ਦੇ ਹੱਥ ਇਸ ਵਿੱਚੋਂ ਬਹੁਤ ਘੱਟ ਮੁਨਾਫ਼ਾ ਆਉਂਦਾ ਹੈ ਤੇ ਉਨ੍ਹਾਂ ਦੇ ਜੀਵਨ ਦੇ ਹਾਲਤ ਬਹੁਤ ਸ਼ਰਮਨਾਕ ਹੁੰਦੇ ਹਨ। ਸਵਾਲਨਾਮੇ ਦੇ ਜਵਾਬ ਵਿੱਚ ਬਹੁਤੀਆਂ ਇਸਤਰੀਆਂ ਦਾ ਕਹਿਣਾ ਸੀ ਕਿ ਜੇਕਰ ਉਨ੍ਹਾਂ ਨੂੰ ਚੰਗਾ ਕੰਮ ਮਿਲਣ ਦੀ ਥੋੜ੍ਹੀ ਜਿਹੀ ਵੀ ਉਮੀਦ ਹੋਈ ਤਾਂ ਉਨ੍ਹਾਂ ਨੂੰ ਆਪਣਾ ਨੈਤਿਕ ਸੁਧਾਰ ਕਰਨ ਦੀ ਆਸ ਬੱਝ ਜਾਵੇਗੀ।

ਬਾਕੀ ਦੇਸ਼ਾਂ ਵਿੱਚ ਬਹੁਤੇ ਲੋਕ ਸੋਚਦੇ ਹਨ ਕਿ ਜੇਕਰ ਬਦਚਲਣ ਲੜਕੀਆਂ ਨੂੰ ਕਿਸੇ ਇਹੋ ਜਿਹੀ ਜਗ੍ਹਾ ਰਖਿਆ ਜਾਵੇ ਜਿਥੇ ਉਸਦੀ ਮਾਨਸਿਕ ਦੇਖਭਾਲ ਕੀਤੀ ਜਾ ਸਕੇ ਤਾਂ ਉਹ ਸਮਾਜ ਦੇ ਲਾਇਕ ਬਣ ਜਾਣਗੀਆਂ। ਇਹ ਗੱਲ ਗ਼ੈਰ-ਵਿਗਿਆਨਿਕ ਤੇ ਬਨਾਵਟੀ ਹੈ। ਇਸ ਸੋਚ ਦੇ ਅਧਾਰ ਤੇ ਹਾਸੋਹੀਣੀਆਂ ਯੋਜਨਾਵਾਂ ਬਣਦੀਆਂ ਹਨ। ਇਹੋ ਜਿਹੀਆਂ ਔਰਤਾਂ ਨੂੰ ਸੁਧਾਰਨ ਲਈ ਸੁਧਾਰ ਆਸ਼ਰਮ ਕਾਇਮ ਹੁੰਦੇ ਹਨ। ਇਕ ਤੋਂ ਇਕ ਨਵੇਂ ਢਕਵੰਜ ਤਿਆਰ ਕੀਤੇ ਜਾਂਦੇ ਹਨ। ਅੱਖਾਂ ਬੰਦ ਕਰ ਲਈਆਂ ਜਾਂਦੀਆਂ ਹਨ ਤਾਂ ਸਿਰਫ਼ ਇਕ ਗੱਲ ਵੱਲ ਜੋ ਵਿਭਚਾਰ ਦਾ ਮੁੱਢਲਾ ਕਾਰਨ ਹੈ, ਜਾਣੀ ਕਿ ਕੰਗਾਲੀ ਵੱਲ ਤੇ ਨਤੀਜਾ ਸਾਡੇ ਸਾਹਮਣੇ ਹੈ ਕਿ ਮਰਜ ਬੜਤਾ ਗਿਆ ਜਿਉਂ 2 ਦਵਾ ਕੀ। ਰੂਸੀ ਔਰਤਾਂ ਨੇ ਜ਼ੋਰ ਦੇ ਕੇ ਇਹ ਕਿਹਾ ਸਾਨੂੰ ਚੰਗਾ ਕੰਮ ਦਿਓ, ਅਸੀਂ ਖੁਦ ਨੂੰ ਸੁਧਾਰ ਲਵਾਂਗੀਆਂ

ਸੋਵੀਅਤ ਅਧਿਕਾਰੀਆਂ ਨੇ ਜਥੇਬੰਦ ਵਿਭਚਾਰ ਨੂੰ ਸਮਾਜਿਕ ਦੋਸ਼ ਮੰਨਿਆ ਜੜ੍ਹਾਂ ਸਾਡੇ ਆਰਥਿਕ, ਰਾਜਨੀਤਕ ਸਿਸਟਮ ਵਿੱਚ ਹਨ। ਉਨ੍ਹਾਂ ਨੇ ਤੈਅ ਕੀਤਾ ਕਿ ਵਿਭਚਾਰ ਵਿਰੋਧੀ ਘੋਲ ਨੂੰ ਵੇਸ਼ਵਾ-ਵਿਰੋਧੀ ਲਹਿਰ ਦਾ ਨਾਮ ਨਾ ਦਿਤਾ ਜਾਵੇ। ਇਸ ਨੀਤੀ ਦਾ ਅਧਾਰ ਗੋਰਕੀ ਦੇ ਇਨ੍ਹਾਂ ਸ਼ਬਦਾਂ ਨੂੰ ਬਣਾਇਆ ਗਿਆ ਸ਼ਾਇਦ ਦੁਨੀਆਂ ਵਿੱਚ ਜਦੋਂ ਕੋਈ ਵੀ ਗੁਲਾਮ ਨਹੀਂ ਰਹਿ ਜਾਵੇਗਾ, ਕੋਈ ਵੀ ਗਰੀਬ ਨਹੀਂ ਰਹਿ ਜਾਵੇਗਾ, ਤਾਂ ਇਨਸਾਨ ਆਦਰਸ਼ ਰੂਪ ਨਾਲ ਚੰਗਾ ਬਣ ਜਾਵੇਗਾ। ਪਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਦੁਨੀਆਂ ਵਿੱਚ ਕੋਈ ਵੀ ਗਰੀਬ ਤੇ ਕੋਈ ਵੀ ਗੁਲਾਮ ਨਾ ਰਹਿ ਜਾਵੇ ਤਾਂ ਸਾਨੂੰ ਉਨ੍ਹਾਂ ਲੋਕਾਂ ਵਿਰੁੱਧ ਸਖਤੀ ਨਾਲ ਲੜਨਾ ਪਵੇਗਾ ਜੋ ਗੁਲਾਮਾਂ ਦੀ ਕਿਰਤ ਤੇ ਮੌਜ ਉਡਾਉਣ ਦੇ ਆਦੀ ਹਨ ਇਨਸਾਨ ਨੂੰ ਆਰਥਿਕ ਤੌਰ ਤੇ ਆਜ਼ਾਦ ਕੀਤੇ ਬਿਨਾਂ ਆਜ਼ਾਦੀ ਬੇ-ਮਾਇਨਾ ਹੈ।

ਸੰਨ 1925 ਵਿੱਚ ਸੋਵੀਅਤ ਸਰਕਾਰ ਨੇ ਆਪਣੇ ਸਿਧਾਂਤਾਂ ਨੂੰ ਅਮਲੀ ਰੂਪ ਦਿਤਾ। ਉਹਨੇ ਵੇਸ਼ਵਾਗਮਨੀ ਵਿਰੁੱਧ ਘੋਲ ਦਾ ਪ੍ਰੋਗਰਾਮ ਨਾਮਕ ਕਾਨੂੰਨ ਪਾਸ ਕੀਤਾ ਤੇ ਇਸ ਸਬੰਧ ਵਿੱਚ ਹੇਠ ਲਿੱਖੇ ਕਦਮ ਚੁੱਕੇ।

1. ਸੱਭ ਤੋਂ ਪਹਿਲ੍ਹਾਂ ਔਰਤਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਕਦਮ ਚੁੱਕੇ ਗਏ। ਇਸ ਸਬੰਧੀ ਸਬੰਧਤ ਸੰਸਥਾਵਾਂ ਨੂੰ ਹੁਕਮ ਦਿੱਤੇ ਗਏ ਕਿ ਔਰਤਾਂ ਦੀ ਹਰ ਹਾਲਤ ਵਿੱਚ ਛਾਂਟੀ ਬੰਦ ਕੀਤੀ ਜਾਵੇ। ਆਤਮ ਨਿਰਭਰ, ਅਣਵਿਆਹੀਆਂ, ਛੋਟੇ ਬੱਚਿਆਂ ਵਾਲੀਆਂ, ਗਰਭਵਤੀ ਤੇ ਘਰ ਤੋਂ ਦੂਰ ਰਹਿਣ ਵਾਲੀਆਂ ਇਸਤਰੀਆਂ ਨੂੰ ਕੰਮ ਤੋਂ ਅਲੱਗ ਨਾ ਕੀਤਾ ਜਾਵੇ। ਸਹਿਕਾਰੀ ਫੈਕਟਰੀਆਂ ਤੇ ਖੇਤਾਂ ਨੂੰ ਜਥੇਬੰਦ ਕਰਕੇ ਭੁੱਖੀਆਂ-ਨੰਗੀਆਂ ਇਸਤਰੀਆਂ ਨੂੰ ਕੰਮ ਦਿਤਾ ਜਾਵੇ। ਮਿਲਾਂ ਵਿੱਚ ਵੀ ਉਨ੍ਹਾਂ ਨੂੰ ਕੰਮ ਦੀ ਪਹਿਲ ਜਾਵੇ। ਅਜਿਹੀਆਂ ਇਸਤਰੀਆਂ, ਜਿਨ੍ਹਾਂ ਦੇ ਰਹਿਣ ਦੀ ਕੋਈ ਨਿਸਚਤ ਥਾਂ ਨਹੀਂ ਹੈ ਤੇ ਪਿੰਡਾਂ ਵਿਚੋਂ ਸ਼ਹਿਰ ਕੰਮ ਕਰਨ ਆਈਆਂ ਔਰਤਾਂ ਨੂੰ ਵਸਾਉਣ ਲਈ ਆਵਾਸ ਅਧਿਕਾਰੀ ਸਹਿਕਾਰੀ ਮਕਾਨਾਂ ਦਾ ਪ੍ਰਬੰਧ ਕਰਨ।

2. ਬੇਘਰੇ ਬੱਚਿਆਂ ਤੇ ਜਵਾਨ ਕੁੜੀਆਂ ਦੀ ਸੁਰੱਖਿਆ ਦੇ ਨਿਯਮ ਸਖ਼ਤੀ ਨਾਲ ਲਾਗੂ ਕੀਤੇ ਜਾਣ।

3.ਵੇਸ਼ਵਾਗਮਨੀ ਤੇ ਸੈਕਸ ਰੋਗਾਂ ਦੇ ਖਤਰੇ ਵਿਰੁੱਧ ਆਮ ਲੋਕਾਂ ਨੂੰ ਜਗਾਉਣ ਲਈ ਅਗਿਆਨ ਤੇ ਹਮਲਾ ਬੋਲਿਆ ਜਾਵੇ। ਅਨੈਤਿਕ ਔਰਤਾਂ ਨੂੰ ਦੋਸ਼ੀ ਨਾ ਗਰਦਾਨਿਆ ਜਾਵੇ ਸਗੋਂ ਇਸ ਨੂੰ ਇਕ ਸਮਾਜਿਕ ਦੋਸ਼ ਮੰਨਿਆ ਜਾਵੇ। ਆਮ ਲੋਕਾਂ ਵਿੱਚ ਇਹ ਭਾਵਨਾ ਜਗਾਈ ਜਾਵੇ ਕਿ ਅਸੀਂ ਆਪਣੇ ਨਵੇਂ ਲੋਕਤੰਤਰ ਵਿੱਚ ਇਨ੍ਹਾਂ ਖਰਾਬੀਆਂ ਦਾ ਨਾਮੋ ਨਿਸ਼ਾਨ ਮਿਟਾ ਕੇ ਰਹਾਂਗੇ।

ਇਹ ਸੱਭ ਆਰੰਭਕ ਹੁਕਮ ਸਨ। ਇਨ੍ਹਾਂ ਦੇ ਉਦੇਸ਼ ਦੇਸ਼ ਦੀਆਂ ਗਰੀਬ ਇਸਤਰੀਆਂ ਤੇ ਲੜਕੀਆਂ ਦੀ ਹਾਲਤ ਨੂੰ ਚੰਗਾ ਬਣਾਉਣਾ ਸੀ। ਇਸ ਤੋਂ ਬਾਅਦ ਵਿਭਚਾਰ ਦੀ ਕਾਈ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਸੋਵੀਅਤ ਅਧਿਕਾਰੀਆਂ ਨੇ ਵਿਭਚਾਰ ਤੇ ਸਿੱਧਾ ਹੱਲਾ ਬੋਲਿਆ ਤੇ ਤਿੰਨ ਹੋਰ ਰਾਜਕੀ ਐਲਾਨ ਜਾਰੀ ਕੀਤੇ ਗਏ।

ਪਹਿਲਾ: ਜ਼ਾਰਸ਼ਾਹੀ ਕਾਨੂੰਨ ਦੇ ਤਹਿਤ ਅਨੈਤਿਕ ਇਸਤਰੀਆਂ ਦੇ ਖਿਲਾਫ਼ ਕਾਰਵਾਈ ਕਰਨ ਦੇ ਅਦਾਲਤਾਂ ਤੇ ਪੁਲਿਸ ਦੇ ਸਾਰੇ ਅਧਿਕਾਰ ਰੱਦ ਕਰ ਦਿੱਤੇ ਗਏ।

ਦੂਜਾ: ਵਿਭਚਾਰ ਤੋਂ ਛੁੱਪਿਆ ਜਾਂ ਖੁੱਲ੍ਹਾ ਮੁਨਾਫ਼ਾ ਕਮਾਉਣ ਵਾਲਿਆਂ ਨੂੰ ਖਤਮ ਕਰਨ ਲਈ ਸਖਤ ਘੋਲ ਵਿੱਢ ਦਿਤਾ ਗਿਆ। ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਨੂੰ ਹੁਕਮ ਦਿੱਤੇ ਗਏ ਕਿ ਇਸ ਵਪਾਰ ਵਿੱਚ ਸ਼ਾਮਿਲ ਹਰ ਤਰ੍ਹਾਂ ਦੇ ਲੋਕਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇ।

ਤੀਸਰਾ: ਸੈਕਸ ਰੋਗਾਂ ਤੋਂ ਪੀੜਤ ਸਾਰੇ ਲੋਕਾਂ ਨੂੰ ਡਾਕਟਰੀ ਤੇ ਦਵਾ-ਦਾਰੂ ਸਬੰਧੀ ਮਦਦ ਮੁਫ਼ਤ ਦਿੱਤੀ ਜਾਵੇ।

ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਲਈ ਅਧਿਕਾਰੀ ਦੱਲ ਨਿਯੁਕਤ ਕਰ ਦਿਤੇ ਗਏ ਪਰ ਸ਼ੁਰੂ ਵਿੱਚ ਹੀ ਰੁਕਾਵਟਾਂ ਸਾਹਮਣੇ ਆਉਣ ਲਗੀਆਂ। ਭਾਵੇਂ ਆਰਥਿਕ ਬੰਦੋਬਸਤ ਦੇ ਲਾਭ ਤਾਂ ਸਾਫ਼ ਦਿਖਾਈ ਦੇਣ ਲੱਗੇ ਪਰ ਇਸ ਅਭਿਆਨ ਵਿੱਚ ਸ਼ਾਮਿਲ ਕੁੱਝ ਲੋਕਾਂ ਦਾ ਰਵਈਆ ਉਹੀ ਪੁਰਾਣਾ ਸੀ। ਉਹ ਲੋਕ ਸਰਕਾਰ ਦੇ ਅਨੈਕੀਤਾ ਪ੍ਰਤੀ ਨਵੇਂ ਰਵਈਏ ਨੂੰ ਅਪਣਾ ਨਹੀਂ ਰਹੇ ਸੀ। ਇਸ ਲਈ ਅਪਰਾਧ-ਕਾਨੂੰਨਾਂ ਵਿੱਚ ਕਈ ਸੁਧਾਰ ਕੀਤੇ ਗਏ। ਹੇਠ ਲਿਖੀਆਂ ਦੋ ਧਾਰਾਵਾਂ ਦੇਖੋ

ਧਾਰਾ 170: ਜੇ ਕੋਈ ਵੀ ਵਿਆਕਿਤਗਤ ਲਾਭ ਜਾਂ ਹੋਰ ਕਾਰਨਾਂ ਕਰਕੇ, ਸਰੀਰਕ ਜਾਂ ਨੈਤਿਕ ਦਬਾਅ ਕਰਕੇ, ਵੇਸ਼ਵਾਗਮਨੀ ਦੇ ਵਾਧੇ ਵਿੱਚ ਮਦਦ ਕਰੇਗਾ ਉਸ ਨੂੰ ਪਹਿਲੇ ਅਪਰਾਧ ਲਈ ਘੱਟ ਤੋਂ ਘੱਟ ਤਿੰਨ ਸਾਲ ਦੀ ਸਜ਼ਾ ਮਿਲੇਗੀ

ਧਾਰਾ 171: ਉਹ ਲੋਕ ਜੋ ਵੇਸ਼ਵਾਗਮਨੀ ਤੋਂ ਮੁਨਾਫ਼ਾ ਕਮਾਉਂਦੇ ਹਨ ਉਨ੍ਹਾਂ ਨੂੰ ਪਹਿਲੇ ਅਪਰਾਧ ਲਈ ਘੱਟ ਤੋਂ ਘੱਟ ਤਿੰਨ ਸਾਲ ਦੀ ਕੈਦ ਦੀ ਸਜ਼ਾ ਮਿਲੇਗੀ ਅਤੇ ਉਨ੍ਹਾਂ ਦੀ ਸਾਰੀ ਨਿੱਜੀ ਸੰਪਤੀ ਜ਼ਬਤ ਕਰ ਲਈ ਜਾਵੇਗੀ। ਜੇਕਰ ਅਪਰਾਧੀ ਦੀ ਦੇਖ ਰੇਖ ਜਾਂ ਨੌਕਰੀ ਵਿੱਚ ਕੋਈ ਵੇਸ਼ਵਾ ਮਿਲੇਗੀ ਅਤੇ ਉਸ ਦੀ ਉਮਰ 21 ਸਾਲ ਤੋਂ ਘੱਟ ਹੋਵੇਗੀ ਤਾਂ ਅਪਰਾਧੀ ਨੂੰ ਘੱਟ ਤੋਂ ਘੱਟ ਪੰਜ ਸਾਲ ਦੀ ਕੈਦ ਦੀ ਸਜ਼ਾ ਮਿਲੇਗੀ

ਇਕ ਹੋਰ ਐਲਾਨ ਕੀਤਾ ਗਿਆ ਜਿਸ ਦਾ ਨਾਮ ਸੀ ਵੇਸ਼ਵਾਗਮਨੀ ਵਿਰੁੱਧ ਘੋਲ ਵਿੱਚ ਨਗਰਿਕ ਫੌਜ(ਮਿਲਸ਼ੀਆ) ਦੇ ਕੰਮ ਦਾ ਐਲਾਨ . ਇਹ ਪਹਿਲਾ ਕਾਨੂੰਨ ਸੀ ਜੋ ਜਥੇਬੰਦ ਵਿਭਚਾਰ ਦੀਆਂ ਸਮਾਜਿਕ ਬੁਨਿਆਦਾਂ ਨੂੰ ਖਤਮ ਕਰਨ ਵਿੱਚ ਕਾਮਯਾਬ ਹੋ ਗਿਆ। ਇਹ ਨੂੰ ਦੋ ਹਿਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1. ਇਸ ਹਿਸੇ ਵਿੱਚ ਮਿਲਸ਼ੀਆ ਨੂੰ ਹਦਾਇਤਾਂ ਦਿਤੀਆਂ ਗਈਆਂ ਕਿ ਵਿਭਚਾਰ ਦੇ ਅੱਡਿਆਂ ਦਾ ਪਤਾ ਲਗਾ ਕੇ ਉਸ ਨੂੰ ਚਲਾਉਣ ਵਾਲਿਆਂ, ਉਸ ਦੇ ਮਾਲਕਾਂ ਜਾਂ ਕਿਰਾਏ ਤੇ ਦੇਣ ਵਾਲਿਆਂ ਜਾਂ ਇਸ ਦੇ ਲਈ ਗਾਹਕ ਜਾਂ ਇਸਤਰੀਆਂ ਲਿਆਉਣ ਵਾਲੇ ਜਾਂ ਹੋਰ ਸਬੰਧਤ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਕਾਨੂੰਨ ਮੁਤਾਬਕ ਸਜ਼ਾ ਦਿਤੀ ਜਾਵੇ। ਇਸ ਨੈਟਵਰਕ ਨੂੰ ਖਤਮ ਕਰਨ ਲਈ ਹਰ ਤਰ੍ਹਾਂ ਦੀ ਸਖਤੀ ਵਰਤਣ ਦੀ ਤਾਕੀਦ ਕੀਤੀ ਗਈ।

2. ਅਨੈਤਿਕ ਇਸਤਰੀਆਂ ਦੇ ਸਬੰਧ ਵਿੱਚ ਮਿਲਸ਼ੀਆ ਤੇ ਇਸ ਲਹਿਰ ਵਿੱਚ ਸ਼ਾਮਲ ਹੋਰ ਲੋਕਾਂ ਨੂੰ ਹਦਾਇਤ ਦਿੱਤੀ ਗਈ ਕਿ ਉਨ੍ਹਾਂ ਖ਼ਿਲਾਫ਼ ਕੋਈ ਸਖ਼ਤੀ ਦਾ ਵਰਤਾਓ ਨਾ ਕੀਤਾ ਜਾਵੇ। ਉਨ੍ਹਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਤੇ ਉਨ੍ਹਾਂ ਨੂੰ ਅਦਾਲਤਾਂ ਵਿੱਚ ਸਿਰਫ਼ ਠੇਕੇਦਾਰਾਂ ਦੇ ਖ਼ਿਲਾਫ਼ ਗਵਾਹੀ ਦੇਣ ਲਈ ਲਿਆਂਦਾ ਜਾਵੇ। ਵਿਭਚਾਰ ਦੇ ਅੱਡਿਆਂ ਤੇ ਛਾਪਾ ਮਾਰਦੇ ਸਮੇਂ ਕਿਵੇਂ ਦਾ ਵਰਤਾਓ ਕਰਨਾ ਹੈ, ਇਹ ਵੀ ਕਾਨੂੰਨ ਵਿੱਚ ਸਾਫ਼ 2 ਦਰਜ ਸੀ। ਛਾਪਾ ਮਾਰਨ ਵਾਲਿਆਂ ਨੂੰ ਸਖਤ ਹਦਾਇਤ ਸੀ ਕਿ ਉਥੋਂ ਦੀਆਂ ਇਸਤਰੀਆਂ ਨੂੰ ਸਮਾਜਿਕ ਰੂਪ ਵਿੱਚ ਬਰਾਬਰ ਸਮਝਿਆ ਜਾਵੇ। ਉਨ੍ਹਾਂ ਨੂੰ ਮਕਾਰ ਠੇਕੇਦਾਰਾਂ ਦੇ ਸ਼ਿਕੰਜਿਆਂ ਵਿੱਚ ਫਸੀਆਂ ਬੇਵੱਸ ਔਰਤਾਂ ਸਮਝਿਆ ਜਾਵੇ। ਭਾਵੇਂ ਕੋਈ ਵੀ ਇਸਤਰੀ ਫੌਜ ਨਾਲ ਸਖਤ ਵਤੀਰਾ ਕਿਉਂ ਨਾ ਅਪਨਾਏ, ਉਸ ਨਾਲ ਆਦਰਯੋਗ ਭਾਸ਼ਾ ਵਿੱਚ ਹੀ ਗੱਲ ਕੀਤੀ ਜਾਵੇ ਤੇ ਉਸਦਾ ਕੋਈ ਅਪਮਾਨ ਨਾ ਕੀਤਾ ਜਾਵੇ। ਅਫ਼ਸਰਾਂ ਨੂੰ ਕਿਸੇ ਅਨੈਤਿਕ ਇਸਤਰੀ ਦਾ ਨਾਮ ਜਾਂ ਪਤਾ ਲੈਣ ਦਾ ਹੱਕ ਨਹੀਂ ਸੀ।

ਬਾਕੀ ਦੇਸ਼ਾਂ ਜਾਂ ਪ੍ਰਚਲਿਤ ਵਿਚਾਰਾਂ ਦੇ ਉਲਟ ਸਮਾਜਵਾਦੀ ਸੋਵੀਅਤ ਦੇਸ਼ ਵਿੱਚ ਵੇਸ਼ਵਾਗਮਨੀ ਦੇ ਧੰਦੇ ਨਾਲ ਜੁੜੀਆਂ ਔਰਤਾਂ ਨੂੰ ਸਮਾਜਿਕ ਹਾਲਤਾਂ ਦਾ ਸ਼ਿਕਾਰ ਬੇਵੱਸ ਔਰਤਾਂ ਸਮਝਿਆ ਗਿਆ ਤੇ ਇਸ ਸਮਾਜਿਕ ਕੋਹੜ ਲਈ ਇਸ ਵਪਾਰ ਵਿਚੋਂ ਮੁਨਾਫ਼ੇ ਕਮਾਉਣ ਵਾਲੇ ਲੋਕਾਂ ਨੂੰ ਹੀ ਪੂਰੀ ਤਰ੍ਹਾਂ ਨਾਲ ਜ਼ਿਮੇਵਾਰ ਠਹਿਰਾਇਆ ਗਿਆ। ਇਸ ਸਚਾਈ ਨੂੰ ਹੌਲੀ 2 ਇਸ ਵਪਾਰ ਨੂੰ ਰੋਕਣ ਲਈ ਜੁੜੇ ਲੋਕ, ਸੰਸਥਾਵਾਂ ਤੇ ਆਮ ਲੋਕਾਂ ਨੇ ਸਵੀਕਾਰ ਕਰ ਲਿਆ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਇਸ ਧੰਦੇ ਨਾਲ ਜੁੜੇ ਲੋਕਾਂ ਨੇ ਚੀਕ ਚਿਹਾੜਾ ਪਾਉਣਾ ਸ਼ੁਰੂ ਕਰ ਦਿੱਤਾ ਪਰ ਫੌਜ ਨੇ ਸਖ਼ਤੀ ਤੇ ਉਸਾਰੂ ਪ੍ਰਚਾਰ ਨਾਲ ਇਸ ਦਾ ਜਵਾਬ ਦਿੱਤਾ ਤੇ ਉਨ੍ਹਾਂ ਲੋਕਾਂ ਨੂੰ ਮੂੰਹ ਦੀ ਖਾਣੀ ਪਈ ਤੇ ਜਲਦੀ ਹੀ ਲੋਕਾਂ ਵਿਚੋਂ ਉਨ੍ਹਾਂ ਨੂੰ ਨਿਖੇੜ ਦਿੱਤਾ ਗਿਆ।

ਇਸ ਤੋਂ ਬਾਅਦ ਸੋਵੀਅਤ ਅਧਿਕਾਰੀਆਂ ਨੇ ਅਗਲਾ ਹੱਲਾ ਵੇਸ਼ਵਾਵਾਂ ਦੇ 'ਗਾਹਕਾਂ' ਤੇ ਬੋਲਿਆ। ਇਹ ਇਕ ਨੈਤਿਕ ਮਸਲਾ ਸੀ। ਉਨ੍ਹਾਂ ਦਾ ਦ੍ਰਿਸ਼ਟੀਕੋਣ ਸੀ ਕਿ ਵੇਸ਼ਵਾਗਮਨੀ ਦਾ ਖਾਤਮਾ ਕਰਨ ਲਈ ਇਹ ਜ਼ਰੂਰੀ ਹੈ ਕਿ ਪੁਰਸ਼ ਭਾਈਚਾਰਾ ਵੀ ਨਵਾਂ ਨੈਤਿਕ ਦ੍ਰਿਸ਼ਟੀਕੋਣ ਅਪਨਾਏ। ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਕੀਤਾ ਗਿਆ ਕਿ ਜੇ ਕਿਸੇ ਆਦਮੀ ਲਈ ਇਸਤਰੀਆਂ ਦੇ ਠੇਕੇ ਚਲਾਉਣਾ ਅਪਰਾਧ ਹੈ ਤਾਂ ਇਸਤਰੀਆਂ ਦੇ ਸਰੀਰ ਨੂੰ ਕੁਝ ਸਮੇਂ ਲਈ ਖਰੀਦਣਾ ਤੇ ਉਨ੍ਹਾਂ ਦਾ ਆਤਮ-ਸਨਮਾਨ ਭੰਗ ਕਰਨਾ ਵੀ ਓਨਾਂ ਹੀ ਵੱਡਾ ਅਪਰਾਧ ਹੈ।

ਸੋਵੀਅਤ ਅਧਿਕਾਰੀ ਵੇਸ਼ਵਾਗਮਨੀ ਨੂੰ ਸਿਰਫ਼ ਨੈਤਿਕ ਦਾਇਰੇ ਦੀ ਚੀਜ ਨਹੀਂ ਸਮਝਦੇ ਸੀ ਸਗੋਂ ਇਸ ਨੂੰ ਅਤਿਅੰਤ ਮਹੱਤਵਪੂਰਨ ਸਿਆਸੀ ਸਵਾਲ ਸਮਝਦੇ ਸੀ। ਸੋਵੀਅਤ ਸੰਘ ਇਕ ਐਸਾ ਦੇਸ਼ ਸੀ ਜਿਸ ਦੀ ਬੁਨਿਆਦ ਹੀ ਲੁੱਟ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਦਾ ਅੰਤ ਕਰਨ ਤੇ ਟਿਕੀ ਹੋਈ ਸੀ ਤੇ ਕਿਸੇ ਇਸਤਰੀ ਦੇ ਸਰੀਰ ਨੂੰ ਕੁਝ ਦੇਰ ਲਈ ਖਰੀਦਣਾ ਤੇ ਉਸ ਦਾ ਆਤਮ-ਸਨਮਾਨ ਭੰਗ ਕਰਨਾ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਸਭ ਤੋਂ ਘਿਨਾਉਣਾ ਤੇ ਕਮੀਨਾ ਰੂਪ ਹੈ ਤੇ ਜੋ ਇਨਸਾਨ ਇਸ ਲੁੱਟ ਨੂੰ ਕਾਇਮ ਰੱਖਣ ਲਈ ਕੋਈ ਰੋਲ ਅਦਾ ਕਰਦਾ ਹੈ ਉਹ ਉਸ ਦੇਸ਼ ਦਾ ਨਾਗਰਿਕ ਕਹਾਉਣ ਦਾ ਹੱਕਦਾਰ ਨਹੀਂ ਹੋ ਸਕਦਾ।

ਇਸ ਸਵਾਲ ਨੂੰ ਹੱਲ ਕਰਨ ਲਈ ਇਕ ਹੈਰਾਨੀਜਨਕ ਕਾਨੂੰਨ ਪਾਸ ਹੋਇਆ। ਇਸ ਅਨੁਸਾਰ ਇਸ ਤੋਂ ਬਾਅਦ ਜਦੋਂ ਵੀ ਅਧਿਕਾਰੀ ਵਿਭਚਾਰ ਦੇ ਅੱਡੇ ਤੇ ਛਾਪਾ ਮਾਰਦੇ ਤਾਂ ਉਥੇ ਮੌਜੂਦ ਸਾਰੇ ਲੋਕਾਂ ਦੇ ਨਾਮ, ਪਤੇ ਤੇ ਨੌਕਰੀ ਵਾਲੀ ਥਾਂ ਨੂੰ ਦਰਜ ਕਰ ਲੈਂਦੇ - ਭਾਵੇਂ ਇਹ ਅੱਡਾ ਮਕਾਨ, ਅਹਾਤੇ ਜਾਂ ਸਿਰਫ਼ ਹਨੇਰੀ ਗਲੀ ਦਾ ਕੋਨਾ ਹੀ ਕਿਉਂ ਨਾ ਹੋਵੇ। ਗਾਹਕਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਂਦਾ, ਹਾਂ ਦੂਸਰੇ ਦਿਨ ਬਾਜ਼ਾਰ ਵਿੱਚ ਇਕ ਤੈਅ ਥਾਂ ਤੇ ਇਕ ਲੰਬੇ ਤਖਤੇ ਤੇ ਇਨ੍ਹਾਂ ਲੋਕਾਂ ਦੇ ਨਾਮ ਤੇ ਪਤੇ ਟੰਗ ਦਿਤੇ ਜਾਂਦੇ। ਇਹ ਤਖਤਾ ਕਈ ਦਿਨਾਂ ਤੱਕ ਉਥੇ ਟੰਗਿਆ ਰਹਿੰਦਾ ਸੀ। ਇਸ ਤਖਤੇ ਉਤੇ ਲਿਖਿਆ ਹੁੰਦਾ ਇਸਤਰੀਆਂ ਦੇ ਸਰੀਰਾਂ ਨੂੰ ਖਰੀਦਣ ਵਾਲੇ। ਇਹ ਤਖਤੇ ਵੱਡੀਆਂ ਬਿਲਡਿੰਗਾਂ ਤੇ ਮਿਲਾਂ ਦੇ ਬਾਹਰ ਲਟਕਦੇ ਰਹਿੰਦੇ। ਬਾਕੀ ਦੇਸ਼ਾਂ ਵਿੱਚ ਪੁਲਿਸ ਨੂੰ ਇਨ੍ਹਾਂ ਲੋਕਾਂ ਦੇ ਨਾਮਾਂ ਨੂੰ ਗੁਪਤ ਰੱਖਣਾ ਪੈਂਦਾ ਹੈ ਤੇ ਜੋ ਵੱਡੇ ਆਦਮੀ ਵਿਭਚਾਰ ਦੇ ਸੰਚਾਲਕ ਹੁੰਦੇ ਹਨ, ਪੁਲਿਸ ਨੂੰ ਧਿਆਨ ਰੱਖਣਾ ਪੈਂਦਾ ਹੈ ਕਿ ਉਨ੍ਹਾਂ ਦੀ ਇਜ਼ਤ ਨੂੰ ਦਾਗ ਨਾ ਲੱਗੇ। ਸੋਵੀਅਤ ਰੂਸ ਦੇ ਇਸ ਨਿਯਮ ਨੇ ਇਸ ਪਖੰਡ ਨੂੰ ਤੋੜ ਕੇ ਇਸ ਬਨਾਵਟੀ ਆਤਮ-ਸਨਮਾਨ ਤੇ ਦਾਗ ਲੱਗਣ ਦੇ ਡਰ ਨੂੰ ਹੀ ਵਿਭਚਾਰ ਵਿਰੁੱਧ ਸ਼ਕਤੀਸ਼ਾਲੀ ਹਥਿਆਰ ਬਣਾ ਲਿਆ। ਉਹਨੇ ਇਸ ਨਿੱਜੀ ਆਤਮ-ਸਨਮਾਨ ਨੂੰ ਲੋਕਾਂ ਸਾਹਮਣੇ ਜਾਂਚ ਪੜਤਾਲ ਲਈ ਪੇਸ਼ ਕਰ ਦਿੱਤਾ। ਇਸ ਤਰ੍ਹਾਂ ਪਾਪ ਦੀ ਸਜ਼ਾ ਦੇਣ ਜਾਂ ਪਾਪੀ ਜੀਵਨ ਵਿਰੁੱਧ ਲੰਬੇ ਚੌੜੇ ਭਾਸ਼ਣ ਦੇਣ ਦੀ ਵਜਾਏ ਸੋਵੀਅਤ ਅਧਿਕਾਰੀਆਂ ਨੇ ਪੁਰਸ਼ ਦੁਆਰਾ ਲੁਕੇ-ਛਿਪੇ ਵਿਭਚਾਰ ਦੀ ਗੁੰਜਾਇਸ਼ ਹੀ ਖਤਮ ਕਰ ਦਿੱਤੀ। ਇਹ ਉਪਾਅ ਉਦੋਂ ਸਹੀ ਸਮੇਂ ਤੇ ਲਾਗੂ ਕੀਤਾ ਗਿਆ ਜਦੋਂ ਕਾਨੂੰਨ ਦੁਆਰਾ ਜਥੇਬੰਦ ਵਿਭਚਾਰ ਦੇ ਆਰਥਿਕ ਤੇ ਦੂਸਰੇ ਰੂਪਾਂ ਨੂੰ ਖਤਮ ਕਰ ਦਿੱਤਾ ਗਿਆ ਸੀ।

ਧਿਆਨ ਦੇਣ ਵਾਲੀ ਖਾਸ ਗੱਲ ਹੈ ਕਿ ਇਸਤਰੀਆਂ ਦਾ ਸਰੀਰ ਖਰੀਦਣ ਤੇ ਨਾਂ ਹੀ ਕਿਸੇ ਤੇ ਕੋਈ ਰੋਕ ਲਗਾਈ ਗਈ ਤੇ ਨਾਂ ਹੀ ਸਜ਼ਾ ਦੇਣ ਦੀ ਕੋਈ ਯੋਜਨਾ ਬਣਾਈ ਗਈ। ਬੱਸ ਇੰਨਾ ਹੀ ਪ੍ਰਚਾਰ ਕੀਤਾ ਗਿਆ ਕਿ ਨਵਾਂ ਸੋਵੀਅਤ ਰਾਜ ਅਜਿਹੇ ਕੰਮ ਨੂੰ ਅਨੈਤਿਕ ਮੰਨਦਾ ਹੈ। ਸਮਾਜ ਵਿੱਚ ਵੱਡੀ ਗਿਣਤੀ ਵਿੱਚ ਲੋਕ ਇਨ੍ਹਾਂ ਬਦਕਿਸਮਤ ਇਸਤਰੀਆਂ ਦੀ ਗਰੀਬੀ ਦਾ ਫਾਇਦਾ ਨਹੀਂ ਉਠਾਉਣਾ ਚਾਹੁੰਦੇ ਸਨ ਤੇ ਉਨ੍ਹਾਂ ਨੂੰ ਜਾਨਣ ਦਾ ਹੱਕ ਸੀ ਕਿ ਉਹ ਕੌਣ ਲੋਕ ਹਨ ਜੋ ਨਿਜੀ ਮਤਲਬ ਲਈ ਇਹ ਲੁੱਟ ਰੱਖਣ ਤੇ ਤੁਲੇ ਹੋਏ ਸਨ।

ਜਿਸ ਸਮੇਂ ਉਪਰ ਦਸੇ ਕਾਨੂੰਨ ਲਾਗੂ ਕੀਤੇ ਜਾ ਰਹੇ ਸਨ ਉਸ ਸਮੇਂ ਦੇਸ਼ ਵਿੱਚ ਲੋਕਾਂ ਨੂੰ ਸਿੱਖਿਅਤ ਕਰਨ ਦੀ ਲਹਿਰ ਪੂਰੇ ਜੋਰਾਂ ਤੇ ਚੱਲ ਰਹੀ ਸੀ। ਇਸ ਸਬੰਧ ਵਿੱਚ ਰੂਸ ਦੇ ਨਾਟਕਘਰਾਂ ਨੇ ਜ਼ਿਕਰਯੋਗ ਰੋਲ ਨਿਭਾਇਆ। ਅਨੈਤਿਕਤਾ ਦੇ ਅਪਰਾਧੀ ਤੇ ਮੁਕੱਦਮੇ ਦਾ ਇਕ ਨਾਟਕ ਤਿਆਰ ਕੀਤਾ ਗਿਆ। ਇਸ ਦਾ ਪਲਾਟ ਕੁਝ ਇਸ ਤਰ੍ਹਾਂ ਸੀ ਕਿ ਫੌਜ ਵਿਭਚਾਰ ਦੇ ਇੱਕ ਅੱਡੇ ਤੇ ਛਾਪਾ ਮਾਰਦੀ ਹੈ ਤੇ ਉਥੋਂ ਮਕਾਨ-ਮਾਲਕ, ਵੇਸ਼ਵਾ ਤੇ ਗਾਹਕ ਨੂੰ ਫੜ ਕੇ ਲੋਕਾਂ ਦੀ ਅਦਾਲਤ ਵਿੱਚ ਲਿਆਉਂਦੀ ਹੈ। ਸਾਰੇ ਸਬੂਤਾਂ ਦੇ ਅਧਾਰ ਤੇ ਮਕਾਨ-ਮਾਲਕ ਨੂੰ ਕੈਦ ਵਿੱਚ ਸੁੱਟ ਦਿੱਤਾ ਜਾਂਦਾ ਹੈ, ਔਰਤ ਨੂੰ ਬਰੀ ਕਰ ਦਿੱਤਾ ਜਾਂਦਾ ਹੈ ਤੇ ਗਾਹਕ ਤੇ ਕਿਸੇ ਇਸਤਰੀ ਦਾ ਮਨ-ਸਨਮਾਨ ਭੰਗ ਕਰਨ ਅਤੇ ਦੇਸ਼ ਦੇ ਨੈਤਿਕ ਗੌਰਵ ਤੇ ਧੱਬਾ ਲਗਾਉਣ ਦਾ ਆਰੋਪ ਲਗਾਇਆ ਜਾਂਦਾ ਹੈ ਤੇ ਉਸ ਦਾ ਨਾਮ ਤਖਤੇ ਤੇ ਲਿਖ ਕਾ ਜਨਤਕ ਥਾਂ ਤੇ ਲਟਕਾ ਹੈ । ਇਸ ਨਾਟਕ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਦਰਸ਼ਕਾਂ ਨੂੰ ਨਾਟਕ ਦੇਖ ਕੇ ਇਸ ਗੱਲ ਦਾ ਚੰਗੀ ਤਰ੍ਹਾਂ ਇਲਮ ਹੋ ਜਾਂਦਾ ਹੈ ਕਿ ਅੱਗੇ ਤੋਂ ਜੋ ਵੀ ਕੋਈ ਕਿਸੇ ਵੇਸ਼ਵਾ ਨਾਲ ਫੜਿਆ ਗਿਆ ਉਸ ਦਾ ਨਾਮ ਇਸਤਰੀਆਂ ਦਾ ਸਰੀਰ ਖਰੀਦਣ ਵਾਲਿਆਂ ਦੀ ਸੂਚੀ ਵਿੱਚ ਟੰਗਿਆ ਮਿਲੇਗਾ।

ਅਨੈਤਿਕਤਾ ਵਿਰੁੱਧ ਘੋਲ ਦੀ ਸਫਲਤਾ ਤੋਂ ਬਾਅਦ ਅਗਲਾ ਹੱਲਾ ਸੈਕਸ-ਰੋਗਾਂ ਵਿਰੁੱਧ ਬੋਲਿਆ ਗਿਆ। ਕਿਉਂਕਿ ਇਹ ਰੋਗ, ਇਸ ਰੋਗ ਤੋਂ ਪੀੜ੍ਹਤ ਕਿਸੇ ਵੀ ਇਸਤਰੀ-ਪੁਰਸ਼ ਵਲੋਂ ਦੂਸਰੇ ਪੁਰਸ਼-ਇਸਤਰੀ ਨਾਲ ਸਰੀਰਕ ਸਬੰਧ ਬਣਾਉਣ ਤੋਂ ਫੈਲਦੇ ਹਨ ਇਸ ਲਈ ਇਕ ਕਾਨੂੰਨ ਪਾਸ ਕੀਤਾ ਗਿਆ ਜਿਸ ਅਨੁਸਾਰ ਸਿਫਲਸ, ਗਿਨੋਰਿਆ ਜਾਂ ਕੋਈ ਹੋਰ ਸੈਕਸ ਰੋਗ ਦੇ ਰੋਗੀ ਵਲੋਂ, ਇਹ ਜਾਣਦੇ ਹੋਏ ਵੀ ਕਿ ਉਹ ਇਹੋ ਜਿਹੇ ਕਿਸੇ ਰੋਗ ਤੋਂ ਪੀੜ੍ਹਤ ਹੈ, ਕਿਸੇ ਨਾਲ ਸਰੀਰਕ ਸਬੰਧ ਬਨਾਉਣ ਨੂੰ ਇਕ ਅਪਰਾਧ ਮੰਨਿਆ ਗਿਆ। ਸੋਵੀਅਤ ਅਧਿਕਾਰੀ ਇਹ ਕਾਨੂੰਨ ਬਣਾ ਕੇ ਚੁੱਪ ਕਰਕੇ ਨਹੀਂ ਬੈਠ ਗਏ। ਉਨ੍ਹਾਂ ਨੇ ਸਾਰੇ ਦੇਸ਼ ਵਿੱਚ ਇਨ੍ਹਾਂ ਰੋਗਾਂ ਦੀ ਜਾਂਚ ਪੜਤਾਲ ਤੇ ਇਲਾਜ ਦੇ ਕੇਂਦਰਾਂ ਦਾ ਪ੍ਰਬੰਧ ਕੀਤਾ। ਸੈਕਸ ਰੋਗਾਂ ਤੋਂ ਪੀੜਿਤਾਂ ਦੇ ਇਲਾਜ ਵਿੱਚ ਇਨ੍ਹਾਂ ਕੇਂਦਰਾਂ ਨੂੰ ਜੋ ਹੈਰਾਨੀਜਨਕ ਸਫਲਤਾ ਮਿਲੀ ਉਹ ਸਰਮਾਏਦਾਰੀ ਮੁਲਕਾਂ ਦੇ ਮੂੰਹ ਤੇ ਇਕ ਕਰਾਰੀ ਚਪੇੜ ਸੀ। ਇਸ ਦਾ ਸਿੱਧਾ ਤੇ ਸਪਸ਼ਟ ਕਾਰਣ ਸੀ ਕਿ ਇਹ ਹਸਪਤਾਲ ਵੀ ਵੇਸ਼ਵਾਗਮਨੀ ਤੇ ਵਿਭਚਾਰ ਵਿਰੁੱਧ ਘੋਲ ਦਾ ਅਨਿੱਖੜਵਾਂ ਅੰਗ ਬਣ ਗਏ।

ਲਹਿਰ ਦੇ ਸ਼ੁਰੂਆਤੀ ਦੌਰ ਵਿੱਚ ਵੱਡੇ-ਵੱਡੇ ਹਸਪਤਾਲਾਂ ਨੇ ਆਪਣਾ ਧਿਆਨ ਵੇਸ਼ਵਾਵਾਂ ਤੇ ਕੇਂਦਰਿਤ ਕੀਤਾ। ਕਿਸੇ ਰੋਗੀ ਔਰਤ ਨੂੰ ਹਸਪਤਾਲ ਭਰਤੀ ਹੋਣ ਲਈ ਮਜਬੂਰ ਨਹੀਂ ਕੀਤਾ ਜਾਂਦਾ ਸੀ ਸਗੋਂ ਨਾਗਰਿਕਾਂ ਦੀ ਇਕ ਕਮੇਟੀ ਉਸ ਨੂੰ ਆਪਣਾ ਇਲਾਜ ਕਰਾਉਣ ਲਈ ਹਸਪਤਾਲ ਵਿੱਚ ਭਰਤੀ ਹੋਣ ਲਈ ਪ੍ਰੇਰਦੀ।

ਅਗਲੀ ਸਮੱਸਿਆ ਜਿਸ ਤੋਂ ਡਾਕਟਰ ਤੇ ਵਿਗਿਆਨਿਕ ਚੰਗੀ ਤਰ੍ਹਾਂ ਵਾਕਫ਼ ਸਨ ਉਹ ਇਹ ਸੀ ਕਿ ਅਜਿਹੀ ਔਰਤ ਦਾ ਇਲਾਜ ਕਰਨ ਦਾ ਹੀ ਕੀ ਫ਼ਾਇਦਾ ਸੀ ਜੋ ਫ਼ਿਰ ਤੋਂ ਉਸ ਪੇਸ਼ੇ ਵਿੱਚ ਲੱਗ ਜਾਵੇ ਤੇ ਰੋਗੀ ਬਣ ਜਾਵੇ। ਇਸ ਸਮੱਸਿਆ ਦਾ ਹੱਲ ਵੀ ਲੱਭ ਲਿਆ ਗਿਆ। ਜਿਨ੍ਹਾਂ ਹਸਪਤਾਲਾਂ ਵਿੱਚ ਇਨ੍ਹਾਂ ਇਸਤਰੀਆਂ ਦਾ ਇਲਾਜ ਹੁੰਦਾ ਸੀ, ਉਸ ਵਿੱਚ ਨਵੇਂ ਬਦਲਾਅ ਕੀਤੇ ਗਏ। ਸੋਵੀਅਤ-ਅਧਿਕਾਰੀਆਂ ਨੇ ਇਨ੍ਹਾਂ ਹਸਪਤਾਲਾਂ ਨੂੰ ਟ੍ਰੇਨਿੰਗ ਸਕੂਲ ਤੇ ਕੰਮ-ਧੰਦੇ ਦਾ ਕੇਂਦਰ ਬਣਾ ਦਿੱਤਾ।

ਇਨ੍ਹਾਂ ਹਸਪਤਾਲਾਂ ਦਾ ਪਹਿਲਾ ਕੰਮ ਸੀ ਕਿ ਜੋ ਵੀ ਉਥੇ ਆਵੇ ਉਸ ਦਾ ਪੂਰਾ-ਪੂਰਾ ਇਲਾਜ ਹੋਵੇ। ਨਾਂ ਹੀ ਭਰਤੀ ਹੋਣ ਲਈ ਕਿਸੇ ਨੂੰ ਮਜਬੂਰ ਕੀਤਾ ਜਾਂਦਾ ਸੀ ਨਾਂ ਹੀ ਦਰਵਾਜਿਆਂ ਤੇ ਪਹਿਰੇਦਾਰ ਬਿਠਾਏ ਜਾਂਦੇ ਸੀ। ਸੱਭ ਤੋਂ ਖਾਸ ਗੱਲ ਇਹ ਸੀ ਕਿ ਹਰ ਮਰੀਜ ਨੂੰ ਸਮਾਜ ਲਈ ਕੋਈ ਨਾ ਕੋਈ ਲਾਭਦਾਇਕ ਧੰਦਾ ਸਿਖਾਇਆ ਜਾਂਦਾ ਸੀ। ਇਲਾਜ ਦੌਰਾਨ ਮਰੀਜ ਕੰਮ-ਧੰਦਾ ਵੀ ਸਿੱਖਦਾ ਸੀ ਤੇ ਪੈਸੇ ਵੀ ਕਮਾਉਂਦਾ ਸੀ। ਇਸ ਦਾ ਅਸਰ ਉਨ੍ਹਾਂ ਦੇ ਦਿਮਾਗ ਤੇ ਕੀ ਪੈਂਦਾ ਸੀ ਸੋਚਣਾ ਮੁਸ਼ਕਲ ਨਹੀਂ। ਇਸਤਰੀਆਂ ਨੂੰ ਨਾਂ ਤਾਂ ਸਰਮਾਏਦਾਰ ਦੇਸ਼ਾਂ ਵਾਂਗ ਸਜ਼ਾ ਦਿਤੀ ਜਾਂਦੀ ਸੀ ਤੇ ਨਾਂ ਹੀ ਧਾਰਮਿਕ ਗੁਰੂਆਂ ਦੀ ਤਰ੍ਹਾਂ ਲੰਬੇ-ਲੰਬੇ ਪ੍ਰਵਚਨ ਸੁਨਾਉਣ ਦਾ ਢੋਂਗ ਕੀਤਾ ਜਾਂਦਾ ਸੀ। ਬਹੁਤ ਸਾਰੇ ਮਰੀਜ ਵੇਸ਼ਵਾਵਾਂ ਨਹੀਂ ਸਨ ਸਗੋਂ ਉਹ ਲੜਕੀਆਂ ਸਨ ਜਿਨ੍ਹਾਂ ਨੂੰ ਜ਼ਾਰਸ਼ਾਹੀ ਜ਼ਮਾਨੇ ਵਿੱਚ ਕੰਮ ਨਹੀਂ ਮਿਲਿਆ ਸੀ।

ਇਨ੍ਹਾਂ ਮਰੀਜਾਂ ਵਿੱਚ ਕਾਫ਼ੀ ਵੱਡੀ ਗਿਣਤੀ ਉਨ੍ਹਾਂ ਔਰਤਾਂ ਦੀ ਸੀ ਜੋ ਰੋਗ ਘੱਟ ਹੋ ਜਾਣ ਤੇ ਰਾਤ ਨੂੰ ਆਪਣੇ ਘਰ ਜਾ ਕੇ ਸੌਂਦੀਆਂ ਸਨ ਤੇ ਦਿਨ ਵੇਲੇ ਹਸਪਤਾਲ ਆ ਕੇ ਦਵਾਈ ਕਰਵਾਉਂਦੀਆਂ ਤੇ ਕੰਮ ਸਿਖਦੀਆਂ ਸਨ। ਚੰਗੀਆਂ ਤੇ 'ਬੁਰੀਆਂ' ਇਸਤਰੀਆਂ ਨੂੰ ਅਲੱਗ-ਅਲੱਗ ਨਹੀਂ ਰੱਖਿਆ ਗਿਆ ਸੀ। ਯਤਨ ਇਹ ਕੀਤਾ ਗਿਆ ਸੀ ਕਿ ਉਹ ਆਪਣੇ ਆਪ ਨੂੰ ਸਮਾਜ ਵਿੱਚ ਹੇਠਲੇ ਦਰਜੇ ਦੀਆਂ ਨਾ ਸਮਝਣ।

ਬਹੁਤ ਜਲਦੀ ਹੀ ਇਹ ਹਸਪਤਾਲ ਬਹੁਤ ਹਰਮਨ ਪਿਆਰੀ ਥਾਂ ਤੇ ਜਥੇਬੰਦ ਵਿਭਚਾਰ ਵਿਰੁੱਧ ਘੋਲ ਦੇ ਕੇਂਦਰ ਬਣ ਗਏ। ਇਨ੍ਹਾਂ ਹਸਪਤਾਲਾਂ ਵਿੱਚ ਲੱਖਾਂ ਰੁਪਿਆਂ ਦਾ ਜਰੂਰਤ ਦਾ ਸਮਾਨ ਤਿਆਰ ਹੋਣ ਲੱਗਿਆ। ਮਹਿਲਾ-ਕਾਰਕੁਨਾਂ ਦੇ ਦੱਲ ਮੁਹੱਲਿਆਂ ਵਿੱਚ ਜਾਂਦੇ ਤੇ ਵੇਸ਼ਵਾਵਾਂ ਨੂੰ ਹਸਪਤਾਲਾਂ ਵਿੱਚ ਭਰਤੀ ਹੋਣ ਲਈ ਪ੍ਰੇਰਦੇ। ਇਸ ਸਬੰਧੀ ਜੋ ਵੀ ਪ੍ਰਚਾਰ ਕੀਤਾ ਗਿਆ ਉਸ ਵਿੱਚ ਵਿਗਿਆਨਿਕ ਵਿਧੀ ਅਪਨਾਈ ਗਈ ਕਿਉਂਕਿ ਉਹ ਸਵਾਲਨਾਮੇ ਦੇ ਜਵਾਬਾਂ ਤੇ ਅਧਾਰਿਤ ਹੋਣ ਕਰਕੇ ਸਚਾਈ ਨਾਲ ਭਰਪੂਰ ਸੀ। ਇਸ ਲਈ ਇਸ ਦਾ ਅਸਰ ਬਹੁਤ ਜਲਦੀ ਹੁੰਦਾ ਤੇ ਸਾਰਥਿਕ ਸਿੱਟੇ ਨਿਕਲਦੇ।

ਕੀ ਇਹ ਹਸਪਤਾਲ ਇਨ੍ਹਾਂ ਰੋਗਾਂ ਨੂੰ ਖਤਮ ਕਰਨ ਵਿੱਚ ਸਫਲ ਹੋਏ? ਬੇਹੱਦ ਸਫ਼ਲ। ਇਸ ਵਾਰੇ ਅੰਕੜੇ ਮੂੰਹੋਂ ਬੋਲਦੇ ਹਨ। ਸੋਵੀਅਤ ਰੂਸ ਵਿੱਚ ਇਹ ਲਹਿਰ 1926 ਵਿੱਚ ਸ਼ੁਰੂ ਹੋਈ ਸੀ ਤੇ ਪੰਜ ਸਾਲ ਬਾਅਦ ਮਰੀਜਾਂ ਦੀ ਕਮੀ ਕਰਕੇ ਹਸਪਤਾਲਾਂ ਦੇ ਦਰਵਾਜੇ ਬੰਦ ਹੋਣ ਲੱਗੇ ਅਤੇ ਹੋਰ ਦੋ ਸਾਲ ਬਾਅਦ ਅੱਧੇ ਤੋਂ ਜ਼ਿਆਦਾ ਸੈਕਸ-ਰੋਗ ਵਿਰੋਧੀ ਕੇਂਦਰਾਂ ਦਾ ਪਤਾ ਟਿਕਾਣਾ ਨਾ ਰਿਹਾ। 1938 ਤੱਕ ਲਾਲ ਫੌਜ ਤੇ ਲਾਲ ਜਹਾਜੀ ਬੇੜੇ 'ਚੋਂ ਸਿਫਲਸ ਤੇ ਗਿਨੋਰੀਆ ਰੋਗ ਇਕਦਮ ਖਤਮ ਕਰ ਦਿੱਤੇ ਗਏ। ਸੋਵੀਅਤ ਨਾਗਰਿਕਾਂ ਵਿੱਚੋਂ ਇਨ੍ਹਾਂ ਰੋਗਾਂ ਨੂੰ ਲਗਭਗ ਬਿਲਕੁਲ ਹੀ ਖਤਮ ਕਰ ਦਿੱਤਾ ਗਿਆ। ਹੁਣ ਇਹ ਇਕ ਮਾਮੂਲੀ ਸਮੱਸਿਆ ਬਣ ਕੇ ਰਹਿ ਗਏ। ਸੈਕਸ-ਰੋਗ ਵਿਰੋਧੀ ਹਸਪਤਾਲ ਸਦਾ ਲਈ ਬੰਦ ਕਰ ਦਿਤੇ ਗਏ। ਵੇਸ਼ਵਾਗਮਨੀ ਦਾ ਨਾਮੋ-ਨਿਸ਼ਾਨ ਤੱਕ ਮਿਟਾ ਦਿੱਤਾ ਗਿਆ।

ਇਸ ਦੇ ਉਲਟ ਅਮਰੀਕਾ ਵਿੱਚ ਸਿਹਤ-ਅਧਿਕਾਰੀਆਂ ਨੇ ਕਾਫ਼ੀ ਮਾਣ ਨਾਲ ਦੱਸਿਆ ਕਿ 1935 ਤੋਂ 1940 ਦੇ ਪੰਜ ਸਾਲਾਂ ਦੇ ਸਮੇਂ ਵਿੱਚ ਉੱਥੇ ਸੈਕਸ-ਰੋਗ ਵਿਰੋਧੀ ਦਵਾਈਆਂ ਦੀ ਵਰਤੋਂ ਦੁਗਣੀ ਹੋ ਗਈ। ਪਰ ਦੋ ਸਾਲ ਬਾਅਦ ਜਦੋਂ ਸੈਕਸ-ਰੋਗ ਵਿਰੋਧੀ ਲਹਿਰ ਹੋਰ ਤੇਜ ਹੋਈ ਤੇ ਇਲਾਜ ਦੇ ਢੰਗਾਂ ਵਿੱਚ ਹੋਰ ਉਨਤੀ ਹੋਈ ਤਾਂ ਇਨ੍ਹਾਂ ਰੋਗਾਂ ਦੇ ਮਰੀਜਾਂ ਦੀ ਸੰਖਿਆ ਹੋਰ ਵੱਧ ਗਈ। ਇਸ ਦਾ ਮੁੱਖ ਕਾਰਨ ਇਹ ਸੀ ਕਿ ਸੋਵੀਅਤ ਰੂਸ ਦੇ ਉਲਟ ਸਰਮਾਏਦਾਰੀ ਦੇਸ਼ਾਂ ਵਿੱਚ ਵਿਭਚਾਰ ਤੇ ਸੈਕਸ-ਰੋਗਾਂ ਨੂੰ ਖਤਮ ਕਰਨ ਲਈ ਨਾ ਤਾਂ ਇਨ੍ਹਾਂ ਦੇਸ਼ਾਂ ਨੇ ਇਸ ਸਮਾਜਿਕ/ਰਾਜਸੀ ਬਿਮਾਰੀ ਦੇ ਕਾਰਨਾਂ ਦੀ ਜੜ੍ਹ ਫੜਨ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਇਸ ਨੂੰ ਦੂਰ ਕਰਨ ਲਈ ਵਿਗਿਆਨਿਕ ਤੌਰ ਤਰੀਕੇ ਅਪਨਾਏ। ਇਸ ਦਾ ਸਿੱਟਾ ਇਹ ਹੈ ਕਿ ਵੇਸ਼ਵਾਗਮਨੀ ਨੂੰ ਜੋ ਮਨੁੱਖਤਾ ਦੇ ਨਾਮ ਤੇ ਇੱਕ ਕਲੰਕ ਹੈ ਸਮਾਜਵਾਦੀ ਰੂਸ ਨੇ ਸਿਰਫ਼ 15 ਸਾਲ ਦੀ ਕੋਸ਼ਿਸ਼ ਬਾਅਦ ਮੁੱਢੋਂ ਹੀ ਖਤਮ ਕਰ ਦਿੱਤਾ ਜਦ ਕਿ ਸਰਮਾਏਦਾਰੀ ਆਪਣੀ ਲਗਭਗ 350 ਸਾਲ ਦੀ ਉਮਰ ਵਿੱਚ ਵੀ ਇਸ ਨੂੰ ਖਤਮ ਨਹੀਂ ਕਰ ਸਕੀ। ਸਿਤਮ-ਜ਼ਰੀਫੀ ਤਾਂ ਇਹ ਹੈ ਕਿ ਇਸ ਸਿਸਟਮ ਵਿੱਚ ਇਹ ਘਟਣ ਦੀ ਵਜਾਏ ਵੱਧ ਰਹੀ ਹੈ। ਇਹ ਇਕ ਸ਼ੀਸ਼ਾ ਹੈ ਜੋ ਉਨ੍ਹਾਂ ਲੋਕਾਂ ਲਈ ਹੈ ਜੋ ਸਮਾਜਵਾਦ ਨੂੰ ਪਾਣੀ ਪੀ-ਪੀ ਕੇ ਕੋਸਦੇ ਹਨ ਤੇ ਸਰਮਾਏਦਾਰੀ ਦੇ ਝੰਡਾ-ਬਰਦਾਰ ਹਨ। ਅਸਲ ਵਿੱਚ ਸਰਮਾਏਦਾਰੀ ਸਿਸਟਮ ਦੀ ਬੁਨਿਆਦ ਹੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਤੇ ਅਧਾਰਿਤ ਹੈ ਤੇ ਵੇਸ਼ਵਾਗਮਨੀ ਵੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਹੀ ਇਕ ਰੂਪ ਹੋਣ ਕਰਕੇ, ਇਹ ਅਲਾਮਤ ਇਸ ਸਿਸਟਮ ਦੀ ਹੀ ਦੇਣ ਹੈ। ਇਸ ਦਾ ਮੂੰਹ ਬੋਲਦਾ ਸਬੂਤ ਸੋਵੀਅਤ ਰੂਸ ਤੇ ਦੂਸਰੇ ਸਮਾਜਵਾਦੀ ਦੇਸ਼ਾਂ ਵਿੱਚ ਸਰਮਾਏਦਾਰੀ ਦੀ ਮੁੜ ਬਹਾਲੀ ਤੋਂ ਬਾਅਦ ਵੇਸ਼ਵਾਗਮਨੀ ਦਾ ਇਨ੍ਹਾਂ ਦੇਸ਼ਾਂ ਵਿੱਚ ਮੁੜ ਪੈਦਾ ਹੋ ਜਾਣਾ ਹੈ।

(ਕੈਨੇਡੀਅਨ ਲੇਖਕ ਡਾਈਸਨ ਕਾਰਟਰ ਦੀ ਕਿਤਾਬ ਪਾਪ ਅਤੇ ਵਿਗਿਆਨ( Sin and Science) ਵਿੱਚੋਂ)

gillgs2007@gmail .com

## ਇਕਬਾਲ ਰਾਮੂਵਾਲੀਆ ਨੂੰ ਦਿੱਤੀ ਸ਼ਰਧਾਂਜਲੀ



ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ (ਪ.ਸ.ਸ.ਵ. ਮੰਚ), ਸਰੀ, ਬੀ.ਸੀ. ਕੈਨੇਡਾ ਦੇ ਪ੍ਰਸਿੱਧ ਸਾਹਿਤਕਾਰ ਅਤੇ ਚਿੰਤਕ ਇਕਬਾਲ ਰਾਮੂਵਾਲੀਆ ਦੀ ਜੂਨ 2017 ਵਿਚ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਜੂਝਦਿਆਂ ਹੋਈ ਮੌਤ 'ਤੇ ਡੂੰਘੇ ਦੁੱਖ ਤੇ ਸ਼ੋਕ ਦਾ ਇਜ਼ਹਾਰ ਕਰਦਾ ਹੈ। ਇਕਬਾਲ ਰਾਮੂਵਾਲੀਆ ਪੰਜਾਬੀ ਸਾਹਿਤ ਜਗਤ ਵਿਚ ਜਾਣਿਆ-ਪਛਾਣਿਆ ਨਾਮ ਹੈ। ਪੰਜਾਬੀ ਸ਼ਾਇਰੀ ਦੇ ਨਾਲ ਨਾਲ ਉਹ ਇਕ ਸਥਾਪਤ ਕਹਾਣੀਕਾਰ, ਨਾਵਲਕਾਰ, ਗੱਦਕਾਰ, ਬੇਬਾਕ ਮੀਡੀਆ ਟਿੱਪਣੀਕਾਰ ਅਤੇ ਪ੍ਰਸਿੱਧ ਕਵਿਸ਼ਰ ਵੀ ਸਨ। ਸਵ. ਕਰਨੈਲ ਸਿੰਘ ਪਾਰਸ ਦੇ ਸਪੁੱਤਰ ਹੋਣ ਕਰਕੇ ਉਹ ਕਵਿਸ਼ਰੀ, ਸੰਗੀਤ ਅਤੇ ਤਰਕਸ਼ੀਲਤਾ ਨੂੰ ਪ੍ਰਣਾਏ ਹੋਏ ਸਨ। ਨੁੱਕਦਾਰ ਮਲਵਈ ਪੰਜਾਬੀ ਵਿਚ ਨਵੀਆਂ ਨਕੋਰ ਤਸ਼ਬੀਹਾਂ ਘੜਨ ਵਿਚ ਉਹ ਉਸਤਾਦ ਸਨ।

ਜਿਥੇ ਉਨ੍ਹਾਂ ਨੇ ਕਵਿਤਾ ਦੇ ਖੇਤਰ ਵਿਚ 'ਸੁਲਗਦੇ ਅਹਿਸਾਸ', 'ਤਿੰਨ-ਕੋਣ', 'ਕੁਝ ਵੀ ਨਹੀਂ', 'ਪਾਣੀ ਦਾ ਪਰਛਾਵਾਂ', 'ਕਵਿਤਾ ਮੈਨੂੰ ਲਿਖਦੀ ਹੈ' ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ, ਉਥੇ ਕਾਵਿ-ਨਾਟ 'ਪਲੰਘ-ਪੰਘੂੜਾ', ਕਹਾਣੀਆਂ 'ਨਿੱਕੀਆਂ ਵੱਡੀਆਂ ਧਰਤੀਆਂ', ਨਾਵਲ : 'ਮੌਤ, ਇਕ ਪਾਸਪੋਰਟ ਦੀ', ਸਵੈਜੀਵਨੀ : 'ਸੜਦੇ ਸਾਜ਼ਾਂ ਦੀ ਸਰਗਮ', 'ਬਰਫ਼ ਵਿਚ ਉਗਦਿਆਂ' ਅਤੇ ਦੋ ਇੰਗਲਿਸ਼ ਨਾਵਲ 'Death of A Passport' ਅਤੇ 'Mid-Air Frown' ਵਰਗੀਆਂ ਸਾਹਿਤਕ ਕਿਰਤਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ।

ਪ.ਸ.ਸ.ਵ. ਮੰਚ ਦੇ ਸੰਚਾਲਕਾਂ ਨਾਲ ਉਨ੍ਹਾਂ ਦਾ ਨਿੱਘਾ ਰਿਸ਼ਤਾ ਸੀ। ਸਤੰਬਰ 2016 ਵਿਚ ਮੰਚ ਵਲੋਂ ਆਯੋਜਿਤ, ਭੁਪਿੰਦਰ ਧਾਲੀਵਾਲ ਦੁਆਰਾ ਸੰਪਾਦਿਤ "ਸੁਰਿੰਦਰ ਧੰਜਲ ਦੀ ਕਵਿਤਾ ਦੀ ਲਾਟ ਦਾ ਜਸ਼ਨ" ਪੁਸਤਕ ਰਿਲੀਜ਼ ਸਮਾਗਮ ਵਿਚ ਉਹ ਉਚੇਚੇ ਮਹਿਮਾਨ ਵਜੋਂ ਸ਼ਾਮਲ ਹੋਏ। ਇਹ ਉਨ੍ਹਾਂ ਦਾ ਬੀ. ਸੀ. ਵਿਚ ਆਖਰੀ ਟਰਿੱਪ ਸੀ।

ਸਭ ਤੋਂ ਅਹਿਮ ਗੱਲ ਕਿ ਉਹ ਉਪਰੋਕਤ ਸਾਹਿਤਕ ਗੁਣਾਂ ਦੇ ਨਾਲ ਨਾਲ ਯਾਰਾਂ ਦੇ ਯਾਰ ਅਤੇ ਨਿਰਮਾਣ ਵਿਅਕਤੀ ਸਨ, ਜਿਸ ਦਾ ਅੰਦਾਜ਼ਾ 29 ਅਗਸਤ 2016 ਨੂੰ ਮੰਚ ਦੇ ਸੰਚਾਲਕਾਂ ਨੂੰ ਭੇਜੇ ਇਸ ਈਮੇਲ ਸੁਨੇਹੇ ਤੋਂ ਲਾਇਆ ਜਾ ਸਕਦਾ ਹੈ : "...ਬੱਸ ਏਨਾ ਹੀ ਕਾਫ਼ੀ ਹੈ ਕਿ ਮੈਂ ਇਕ ਸਾਧਾਰਨ ਕਿਸਾਨੀ ਪਰਿਵਾਰ ਵਿਚ ਜਨਮਿਆਂ, ਦੁਸ਼ਵਾਰੀਆਂ ਵਿਚ ਪਲਿਆ-ਪੜ੍ਹਿਆ, ਅੰਗਰੇਜ਼ੀ ਦੀ ਐਮ. ਏ. ਕਰਕੇ ਪੰਜ ਸਾਲ ਲੈਕਚਰਾਰ ਰਿਹਾ। 75 ਵਿਚ ਕੈਨੇਡਾ ਆ ਗਿਆ। ਏਥੇ ਸਖ਼ਤ ਮਿਹਨਤ ਕੀਤੀ, ਯੂਨੀਵਰਸਿਟੀਆਂ ਵਿਚ ਪੜ੍ਹਿਆ। ਫਿਰ ਵਿਦਿਆਕਾਰ ਬਣ ਗਿਆ ਤੇ 27 ਕੁ ਸਾਲ ਵਿਦਿਆਕਾਰੀ ਕਰਨ ਉਪਰੰਤ ਰਿਟਾਇਰ ਹੋ ਗਿਆ। ਸਵੈ-ਜੀਵਨੀ ਦੇ ਦੋ ਭਾਗ ਲਿਖੇ। ਕੋਈ ਖਾਸ ਗੱਲ ਨਹੀਂ। ਹਰ ਵਿਅਕਤੀ ਆਪਣੀ ਸਮਰੱਥਾ ਅਨੁਸਾਰ ਮਿਹਨਤ ਕਰਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦਾ ਹੈ। ਮੈਂ ਵੀ ਕੀਤੀ।"

ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ, ਸਰੀ ਵਲੋਂ ਅਸੀਂ ਇਸ ਅਜ਼ੀਮ ਪ੍ਰਤਿਭਾ ਵਾਲੇ ਵਿਛੜੇ ਪਰਮ-ਸਨੇਹੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁੱਖ ਵਿਚ ਸ਼ਰੀਕ ਹੁੰਦੇ ਹਾਂ।

# ਭਾਰਤ ਛੱਡੋ ਅੰਦੋਲਨ ਦਾ ਕੱਚ ਸੱਚ




ਪ੍ਰਿਤਪਾਲ

ਅੰਗਰੇਜ਼ਾਂ ਦੇ ਰਾਜ ਸਮੇਂ 1942 ਵਿੱਚ ਮਹਾਤਮਾ ਗਾਂਧੀ ਦੀ ਅਗਵਾਈ ’ਚ ਕਾਂਗਰਸ ਨੇ ‘ਭਾਰਤ ਛੱਡੋ’ ਦਾ ਨਾਹਰਾ ਦਿੱਤਾ। ਸਰਕਾਰੀ ਸ੍ਰੋਤਾਂ ਰਾਹੀਂ ਸਾਨੂੰ ਜਚਾਇਆ ਜਾਂਦਾ ਹੈ ਕਿ ਅੰਗਰੇਜ਼ੀ ਸਾਮਰਾਜ ਨੂੰ ਭਾਰਤ ’ਚੋਂ ਕੱਢਣ ਲਈ 1942 ਦੇ ਅੰਗਰੇਜ਼ੋ ਭਾਰਤ ਛੱਡੋ ਅੰਦੋਲਨ ਦਾ ਪ੍ਰਮੁੱਖ ਰੋਲ ਹੈ। ਪਰ ਕਾਂਗਰਸ ਦੇ ਇਤਿਹਾਸ ਅਤੇ ਇਸ ਦੀਆਂ ਕਾਰਵਾਈ ਰਿਪੋਰਟਾਂ ਨੂੰ ਪੜਤਾਲਦਿਆਂ ਇਸ ਦਾ ਕੱਚ ਸੱਚ ਸਾਹਮਣੇ ਆਉਂਦਾ ਹੈ। ਆਉ ਇਤਿਹਾਸਕ ਤੱਥਾਂ ਤੋਂ ਜਾਣੂ ਹੋਣ ਲਈ ਇਸਤੇ ਨਜ਼ਰ ਮਾਰੀਏ। ਪਹਿਲੇ ਸੰਸਾਰ ਸਾਮਰਾਜੀ ਯੁੱਧ ਸਮੇਂ ਬਰਤਾਨਵੀ ਸਾਮਰਾਜੀਆਂ ਤੋਂ ਕੁੱਝ ਰਿਆਇਤਾਂ ਦੀ ਝਾਕ ਵਿੱਚ ਭਾਰਤ ਦੀ ਬੁਰਜ਼ੂਆ ਜਮਾਤ ਨੇ ਯੁੱਧ ਵਿੱਚ ਤਨੋ ਮਨੋ ਧਨੋ ਉਹਨਾਂ ਦੀ ਹਮਾਇਤ ਕਰਨ ਦੇ ਬਾਵਜੂਦ ਅੰਗਰੇਜ਼ਾਂ ਨੇ ਪੱਲੇ ਕੁੱਝ ਨਾ ਆਇਆ। ਪਰ ਦੂਸਰੇ ਵਿਸ਼ਵ ਯੁੱਧ ਵੇਲੇ ਹਾਲਾਤ ਬਦਲ ਗਏ ਸਨ। ਪਹਿਲੇ ਵਿਸ਼ਵ ਯੁੱਧ ਵਿੱਚ ਰੂਸ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਪਹਿਲਾ ਸਮਾਜਵਾਦੀ ਦੇਸ਼ ਹੋਂਦ ਵਿੱਚ ਆਇਆ ਅਤੇ ਉਸ ਸਮੇਂ ਮਹਾਨ ਲੈਨਿਨ ਦੀ ਅਗਵਾਈ ’ਚ ਬਣੀ ਤੀਜੀ ਕਮਿਊਨਿਸਟ ਇੰਟਰਨੈਸ਼ਨਲ ਦਾ ਮੰਨਣਾ ਸੀ ਕਿ ਇਹ ਯੁੱਧ ਸਾਮਰਾਜੀ ਦੇਸ਼ਾਂ ਵਿੱਚ ਲੋਕਾਂ ਦੀ ਲੁੱਟ ਨੂੰ ਵੰਡਣ ਲਈ ਹੈ ਇਸ ਕਰਕੇ ਇਸ ਯੁੱਧ ਵਿੱਚ ਆਪਣੇ ਦੇਸ਼ ਦੀ ਰਾਖੀ ਦਾ ਅਰਥ ਹੈ ਆਪਣੇ ਦੇਸ਼ ਦੇ ਲੋਟੂਆਂ ਦੀ ਹਮਾਇਤ ਕਰਨੀ। ਇਸਦੇ ਪ੍ਰਭਾਵ ਕਰਕੇ ਭਾਰਤ ਵਿੱਚ ਵੀ ਸਾਮਰਾਜੀ ਵਿਰੋਧੀ ਭਾਵਨਾਵਾਂ ਤੇ ਸਾਮਰਾਜੀ ਜੰਗਾਂ ਦਾ ਵਿਰੋਧ ਉਭਰਨਾ ਸ਼ੁਰੂ ਹੋ ਗਿਆ।

ਅਜਿਹੇ ਮਾਹੌਲ ਦਬਾਅ ਹੇਠ ਕਾਂਗਰਸ ਨੇ 1927 ਵਿੱਚ ਹੋਏ ਮਦਰਾਸ ਸੰਮੇਲਨ ’ਚ ਬਰਤਾਨਵੀਂ ਸਾਮਰਾਜੀਆਂ ਵੱਲੋਂ ਚੀਨੀ ਇਨਕਲਾਬ ਨੂੰ ਦਬਾਉਣ ਲਈ ਭੇਜੀ ਗਈ ਭਾਰਤੀ ਫੌਜ ਦੇ ਵਿਰੋਧ ਵਿੱਚ ਮਤਾ ਪਾਸ ਕੀਤਾ। ਇਸ ਵਿੱਚ ਸਾਮਰਾਜੀ ਜ਼ੰਗ ਦੇ ਵਿਰੋਧ ਅਤੇ ਸਾਮਰਾਜੀ ਵਿਰੋਧੀ ਲੀਗ ਵਿੱਚ ਸ਼ਾਮਲ ਹੋਣ ਦਾ ਫੈਸਲਾ ਵੀ ਕੀਤਾ ਗਿਆ। ਭਾਰਤੀ ਕੌਮੀ ਲਹਿਰ ਵੱਲੋਂ 1937 ਵਿੱਚ ਚੀਨ ਉੱਤੇ ਹੋਏ ਜਾਪਾਨੀ ਹਮਲੇ ਦਾ ਵਿਰੋਧ ਅਤੇ ਚੀਨ ਨਾਲ ਹਮਦਰਦੀ ਜ਼ਾਹਿਰ ਕਰਦੇ ਹੋਏ ਜਾਪਾਨੀ ਮਾਲ ਦੇ ਬਾਈਕਾਟ ਦਾ ਨਾਹਰਾ ਦਿੱਤਾ ਗਿਆ।

3 ਸਤੰਬਰ 1939 ਨੂੰ ਬਰਤਾਨੀਆਂ ਵੱਲੋਂ ਜਰਮਨੀ ਖਿਲਾਫ ਯੁੱਧ ਦੇ ਐਲਾਨ ਹੋਣ ਦੇ ਕੁੱਝ ਘੰਟਿਆਂ ਅੰਦਰ ਹੀ ਵਾਇਸਰਾਏ ਨੇ ਇੱਕ ਐਲਾਨ ਨਾਲ ਭਾਰਤ ਨੂੰ ਯੁੱਧ ਵਿੱਚ ਸ਼ਾਮਲ ਕਰ ਦਿੱਤਾ। ਬਰਤਾਨੀਆਂ ਸੰਸਦ ਨੇ 11 ਮਿੰਟਾਂ ਅੰਦਰ ਭਾਰਤੀ ਸਰਕਾਰ ਸੋਧ ਕਾਨੂੰਨ ਪਾਸ ਕਰਕੇ ਪ੍ਰਾਂਤਾਂ ਵਿੱਚਲੇ ਵਿਧਾਨ ਨੂੰ ਛਿੱਕੇ ’ਤੇ ਟੰਗ ਦੇਣ ਦਾ ਪੂਰਾ ਅਧਿਕਾਰ ਵਾਇਸਰਾਏ ਨੂੰ ਦੇ ਦਿੱਤਾ। ਵਾਇਸਰਾਏ ਨੇ ਭਾਰਤੀ ਸੁਰਖਿਆ ਕਾਨੂੰਨ (ਡੀ.ਆਈ.ਆਰ.) ਲਾਗੂ ਕਰਕੇ ਸਿਰਫ ਫਰਮਾਨਾ ਰਾਹੀ ਰਾਜ ਚਲਾਉਣ, ਬਿਨਾਂ ਵਰੰਟ ਗ੍ਰਿਫਤਾਰ ਕਰਨ, ਬਿਨਾਂ ਮੁਕੱਦਮਾ ਚਲਾਏ ਉਮਰ ਭਰ ਨਜ਼ਰਬੰਦ ਕਰਨ, ਦੇਸ ਨਿਕਾਲਾ ਦੇਣ ਅਤੇ ਮੌਤ ਦੀ ਸਜ਼ਾ ਦੇਣ ਦੇ ਅਧਿਕਾਰ ਪ੍ਰਾਪਤ ਕਰ ਲਏ। ਕੌਮੀ ਲਹਿਰ ਦੇ ਆਗੂਆਂ ਨੇ ਇਹਨਾਂ ਕਦਮਾਂ ਦਾ ਵਿਰੋਧ ਕੀਤਾ ਅਤੇ ਯੁੱਧ ਨੂੰ ਸਾਮਰਾਜੀ ਯੁੱਧ ਗਰਦਾਨਦੇ ਹੋਏ ਕਿਹਾ ਕਿ ਇਸ ਯੁੱਧ ਨਾਲ ਉਹਨਾ ਦਾ ਕੋਈ ਰਿਸ਼ਤਾ ਨਹੀਂ ਹੋ ਸਕਦਾ। ਪਰ ਕਾਂਗਰਸ ਦੇ ਖੱਬੇ ਪੱਖੀ ਅਤੇ ਸੱਜੇ ਪੱਖੀਆਂ ਦੀ ਪਹੁੰਚ ਵਿੱਚ ਸਪੱਸ਼ਟ ਫਰਕ ਦਿਖਾਈ ਦਿੱਤਾ। ਖੱਬੇ ਪੱਖੀ ਸਾਮਰਾਜੀ ਯੁੱਧ ਨੂੰ ਭਾਰਤ ਦੇ ਮੁਕਤੀ ਯੁੱਧ ਵਿੱਚ ਤਬਦੀਲ ਕਰ ਦੇਣਾ ਚਾਹੁੰਦੇ ਸਨ ਪਰ ਸੱਜੇ ਪੱਖੀ ਇਸ ਦਾ ਫਾਇਦਾ ਲੈ ਕੇ, ਦਬਾਅ ਪਾ ਕੇ ਬਰਤਾਨਵੀ ਹਾਕਮਾਂ ਤੋਂ ਕੁੱਝ ਅਧਿਕਾਰ ਪ੍ਰਾਪਤ ਕਰਨ ਚਾਹੁੰਦੇ ਸੀ। ਇਸ ਨਾਲ ਭਾਰਤੀ ਵੱਡੀ ਸਰਮਾਏਦਾਰੀ ਦਾ ਦਲਾਲ ਚਰਿੱਤਰ ਸਾਹਮਣੇ ਆ ਗਿਆ। ਕਾਂਗਰਸ ਦੀ ਕਾਬਜ਼ ਲੀਡਰਸ਼ਿਪ ਨੇ ਦੇਸ਼ ਤੋਂ ਬਸਤੀਵਾਦੀ ਜੂਲਾ ਲਾਹ ਸੁੱਟਣ ਲਈ ਲੋਕਾਂ ਉੱਪਰ ਟੇਕ ਰੱਖਣ ਦੀ ਥਾਂ ਗਰਮ ਨਾਹਰੇ ਤਾਂ ਦਿੰਦੀ ਰਹੀ ਪਰ ਅਮਲ ਵਿੱਚ ਕੁੱਝ ਵੀ ਨਾ ਕਰਨ ਦੀ ਨੀਤੀ ’ਤੇ ਚਲਦੀ ਹੋਈ ਰਾਜ ਭਾਗ ’ਤੇ ਕਾਬਜ਼ ਹੋਣ ਲਈ ਤਾਂਘਦੀ ਰਹੀ।

14 ਸਤੰਬਰ 1939 ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਵਾਰਦਾ ਮੀਟਿੰਗ ਵਿੱਚ ਬਿਆਨ ਜਾਰੀ ਕੀਤਾ ਗਿਆ ਕਿ ਬਰਤਾਨਵੀ ਹਾਕਮਾਂ ਨੇ ਭਾਰਤੀ ਜਨਤਾ ਦੀ ਰਾਏ ਲਏ ਬਗੈਰ ਹੀ ਭਾਰਤ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਹੈ ਜਿਸ ਕਰਕੇ ਭਾਰਤ ਇਸ ਜੰਗ ਵਿੱਚ ਬਰਤਾਨੀਆਂ ਦਾ ਸਾਥ ਨਹੀਂ ਦੇ ਸਕਦਾ। ਬਿਆਨ ’ਚ ਬਰਤਾਨਵੀ ਸਰਕਾਰ ਤੋਂ ਯੁੱਧ ਦੇ ਮੰਤਵਾਂ, ਜਮਹੂਰੀਅਤ ਅਤੇ ਸਾਮਰਾਜ ਬਾਰੇ ਪੁੱਛਿਆ ਗਿਆ ਕਿ ਭਾਰਤ ਦੇ ਸਬੰਧ ’ਚ ਇਹ ਕਿਵੇਂ ਲਾਗੂ ਹੋਣਗੇ। ਜੇ ਯੁੱਧ ਜਮਹੂਰੀਅਤ ਲਈ ਲੜਿਆ ਜਾ ਰਿਹਾ ਹੈ ਤਾਂ ਭਾਰਤ ਨੂੰ ਆਜ਼ਾਦੀ ਤੋਂ ਵਾਂਝੇ ਕਿਉਂ ਰੱਖਿਆ ਜਾ ਰਿਹਾ ਹੈ। ਬਰਤਾਨਵੀ ਸਰਕਾਰ ਨੂੰ ਇਸ ਸਵਾਲ ਦਾ ਜਵਾਬ ਦੇਣ ਲਈ ਪੂਰਾ ਮੌਕਾ ਦੇਣ ਦਾ ਮਤਾ ਪਾਸ ਕੀਤਾ।

ਵਾਇਸਰਾਏ ਨੇ 17 ਅਕਤੂਬਰ ਨੂੰ ਕਿਹਾ ਕਿ ਭਾਵੇਂ ਬਰਤਾਨਵੀ ਨੀਤੀ ਦਾ ਟੀਚਾ ਭਾਰਤ ਨੂੰ ਡੋਮੀਨੀਅਨ ਦਾ ਦਰਜ਼ਾ ਦੇਣਾ ਹੈ ਪ੍ਰੰਤੂ ਫਿਲਹਾਲ ਭਾਰਤ ਸਰਕਾਰ ਦਾ 1935 ਦਾ ਕਾਨੂੰਨ ਹੀ ਲਾਗੂ ਹੋਵੇਗਾ। ਉਸਨੇ ਭਾਰਤ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਅਤੇ ਰਾਜਿਆਂ ਦੇ ਪ੍ਰਤੀਨਿੱਧ ਲੈ ਕੇ ਸਲਾਹਕਾਰ ਕਮੇਟੀ ਬਨਾਉਣ ਦਾ ਪ੍ਰਸਤਾਵ ਰੱਖਿਆ। ਅਸੰਤੁਸ਼ਟ ਕਾਂਗਰਸ ਨੇ ਆਪਣੀ ਵਰਕਿੰਗ ਕਮੇਟੀ ਦੀ 20-22 ਅਕਤੂਬਰ ਦੀ ਵਾਰਧਾ ਮੀਟਿੰਗ ’ਚ ਕਿਹਾ ਕਿ ਕਾਂਗਰਸ ਯੁੱਧ ਵਿੱਚ ਕੋਈ ਸਹਿਯੋਗ ਨਹੀਂ ਦੇ ਸਕਦੀ। ਭਾਰਤ ਦੇ ਸੈਕਟਰੀ ਸਰ ਸੈਮੂਅਲ ਹੋਰ ਅਤੇ ਵਾਇਸਰਾਏ ਨੇ ਪ੍ਰਸਾਸ਼ਨ ’ਚ ਭਾਰਤੀਆਂ ਨੂੰ ਵੱਧ ਅਧਿਕਾਰ ਦੇ ਕੇ ਸਹਿਯੋਗ ਪ੍ਰਾਪਤ ਕਰਨ ਦਾ ਯਤਨ ਕੀਤਾ। 26 ਅਕਤੂਬਰ ਨੂੰ ਵਾਇਸਰਾਏ ਕਾਰਜਕਾਰਨੀ ਕੌਂਸਲ ’ਚ ਵੱਧ ਭਾਰਤੀ ਲੈਣ ਲਈ ਰਾਜ਼ੀ ਹੋ ਗਿਆ। ਵਾਇਸਰਾਏ ਲਾਰਡ ਲਿਨ ਲਿਥਗੋ ਨੇ 19 ਜਨਵਰੀ ? ਨੂੰ ਬੰਬਈ ਈਸਟਰਨ ਕਲੱਬ ਵਿੱਚ ਇੱਕ ਭਾਸ਼ਣ ਦੌਰਾਨ ਕਿਹਾ ਕਿ ਭਾਰਤ ਨੂੰ ਜਲਦੀ ਹੀ ਡੋਮੀਨੀਅਨ ਰੁਤਬਾ ਪ੍ਰਦਾਨ ਕਰਨ ਦੀ ਤਿਆਰੀ ਹੈ ਪਰ ਘੱਟ ਗਿਣਤੀਆਂ ਤੇ ਭਾਰਤੀ ਰਾਜਿਆਂ ਦੇ ਕਾਨੂੰਨੀ ਅਧਿਕਾਰਾਂ ਅਤੇ ਮੰਗਾਂ ਨੂੰ ਪੂਰਾ ਕਰਨ ਦੀ ਗਰੰਟੀ ਦੇਣੀ ਹੋਵੇਗੀ। ਡੋਮੀਨੀਅਨ ਰੁਤਬਾ ਪ੍ਰਦਾਨ ਕਰਨ ਤੋਂ ਬਾਅਦ ਵੀ 30 ਸਾਲ ਸੁਰੱਖਿਆ ਦਾ ਭਾਰ ਬਰਤਾਨੀਆਂ ਕੋਲ ਰਹੇਗਾ। 23 ਅਕਤੂਬਰ ਦੀ ਵਰਕਿੰਗ ਕਮੇਟੀ ਦਾ ਪ੍ਰਸਤਾਵ ਵੱਖ ਪਾਰਟੀਆਂ ਅਤੇ ਫਿਰਕੂ ਸੰਗਠਨਾਂ ਦੇ ਪ੍ਰਤੀਨਿਧਾਂ ਦੀ ਨਹੀਂ ਸਗੋਂ ਜਨਤਾ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਜ਼ੁੰਮੇਵਾਰ ਸਰਕਾਰ ਦੀ ਮੰਗ ਕਰਦਾ ਸੀ। ਵਿਧਾਨ ਨਿਰਮਾਨ ਪ੍ਰੀਸ਼ਦ ਸੰਵਿਧਾਨ ਬਣਾਵੇ।

ਸਤੰਬਰ 1939 ਦੀ ਵਰਕਿੰਗ ਕਮੇਟੀ ਦੀ ਮੰਗ ਸੀ ਕਿ ਬਰਤਾਨੀਆਂ ਨੂੰ ਭਾਰਤ ’ਚ ਪੂਰਨ ਜਮਹੂਰੀਅਤ ਸਥਾਪਤ ਕਰਨੀ ਹੋਵੇਗੀ, ਭਾਰਤ ਨੂੰ ਆਤਮ ਨਿਰਣੇ ਦਾ ਹੱਕ ਅਤੇ ਬਾਹਰੀ ਦਖਲ ਤੋਂ ਬਗੈਰ ਵਿਧਾਨ ਨਿਰਮਾਤਾ ਪ੍ਰੀਸ਼ਦ ਰਾਹੀਂ ਆਪਣਾ ਸੰਵਿਧਾਨ ਬਣਾਉਣ ਦਾ ਹੱਕ ਦੇਣਾ ਹੋਵੇਗਾ। ਕਾਂਗਰਸ ਮਹਾਂਸੰਮਤੀ ਨੇ ਸਪੱਸ਼ਟ ਕੀਤਾ ਕਿ ਭਾਰਤ ਨੂੰ ਖੁਦਮੁਖਤਿਆਰ ਰਾਸ਼ਟਰ ਐਲਾਨਿਆ ਜਾਵੇ ਅਤੇ ਜਿੱਥੋਂ ਤੱਕ ਸੰਭਵ ਹੈ ਉਸ ਨਾਲ ਅਜਿਹਾ ਹੀ ਵਰਤਾਅ ਕੀਤਾ ਜਾਵੇ। ਨਵੰਬਰ, ਦਸੰਬਰ ਦੇ ਮਤਿਆਂ ਵਿੱਚ ਇਸ ਨੂੰ ਦੁਹਰਾਇਆ ਗਿਆ। ਪਟਨਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸਪੱਸ਼ਟ ਕੀਤਾ ਗਿਆ ਕਿ ਭਾਰਤ ਦੀ ਆਜ਼ਾਦੀ ਦਾ ਕੋਈ ਵੀ ਵਜੂਦ ਸਾਮਰਾਜੀ ਦਾਇਰੇ ਅੰਦਰ ਨਹੀਂ ਹੋ ਸਕਦਾ। ਮਤੇ ਵਿੱਚ ਇੱਕ ਵਾਰ ਫਿਰ ਸਪੱਸ਼ਟ ਕੀਤਾ ਗਿਆ ਕਿ ਭਾਰਤੀ ਜਮਹੂਰੀਅਤ ਦਾ ਆਧਾਰ ਖੁਦਮੁਖਤਿਆਰੀ, ਜਮਹੂਰੀਅਤ ਅਤੇ ਰਾਸ਼ਟਰੀ ਏਕਤਾ ਹੋਵੇਗਾ ਹੋਰ ਕੁਝ ਵੀ ਨਹੀਂ।

ਇਹਨਾ ਮਤਿਆਂ ਦੇ ਬਾਵਜੂਦ ਰਾਮਗੜ ਸੰਮੇਲਨ 19 ਮਾਰਚ 1940 ਤੋਂ ਪਹਿਲਾਂ ਸਾਮਰਾਜੀ ਯੁੱਧ ਵਿਰੁੱਧ ਉਠਾਏ ਅਮਲੀ ਕਦਮਾਂ ਉੱਪਰ ਵੀ ਝਾਤ ਮਾਰਨੀ ਜਰੂਰੀ ਹੈ। ਯੁੱਧ ਦੇ ਐਲਾਨ ਤੋਂ ਪਹਿਲਾਂ ਅਗਸਤ 1939 ’ਚ ਕਾਂਗਰਸ ਨੇ ਗਰਮੀ ਰੁੱਤ ਦੇ ਕੇਂਦਰੀ ਵਿਧਾਨ ਸਭਾ ਦੇ ਸਮਾਗਮ ’ਚ ਕਾਂਗਰਸੀ ਪ੍ਰਤੀਨਿਧਾਂ ਨੂੰ ਗੈਰ ਹਾਜ਼ਰ ਰਹਿਣ ਦਾ ਆਦੇਸ਼ ਦਿੱਤਾ। ਅਕਤੂਬਰ 1939 ਦੀ ਬੈਠਕ ’ਚ ਸਾਰੀਆਂ ਕਾਂਗਰਸੀ ਸਰਕਾਰਾਂ ਨੂੰ 27 ਅਕਤੂਬਰ ਤੋਂ 15 ਨਵੰਬਰ ਤੱਕ ਅਸਤੀਫੇ ਦੇਣ ਦਾ ਫਰਮਾਨ ਜਾਰੀ ਕੀਤਾ। ਇਸੇ ਮੀਟਿੰਗ ਵਿੱਚ ਪਹਿਲੀ ਵਾਰੀ ਪੂਰਨ ਸੱਤਿਆਗ੍ਰਹਿ ਅੰਦੋਲਨ ਦੀ ਗੱਲ ਕੀਤੀ। ਕਾਂਗਰਸ ਨੇ ਆਪਣੇ ਕਾਰਕੁਨਾਂ ਨੂੰ ਚਿਤਾਵਨੀ ਦਿੱਤੀ ਕਿ ਸੰਪੂਰਨ ਸੱਤਿਆਗ੍ਰਹਿ, ਰਾਜਨੀਤਕ ਹੜਤਾਲ ਵਰਗਾ ਕੋਈ ਵੀ ਕੰਮ ਜਲਦਬਾਜ਼ੀ ਵਿੱਚ ਨਾ ਕਰਨ। ਨਵੰਬਰ 1939 ਦੀ ਮੀਟਿੰਗ ਵਿੱਚ ਖੁਸ਼ੀ ਜਾਹਿਰ ਕੀਤੀ ਕਿ ਕਾਗਰਸੀ ਕਾਰਕੁਨ ਸੰਪੂਰਨ ਸੱਤਿਆਗ੍ਰਹਿ ਲਈ ਪੂਰੀ ਤਰ੍ਹਾਂ ਤਿਆਰ ਹਨ, ਅਤੇ ਚੇਤੇ ਕਰਵਾਇਆ ਗਿਆ ਸਖਤ ਅਨੁਸਾਸ਼ਨ ਅਤੇ ਗਾਂਧੀ ਜੀ ਦਾ ਚਾਰ ਸੂਤਰੀ (6 ਮਹੀਨੇ ਚਰਖਾ ਕੱਤਣਾ, ਆਪਣੇ ਪਹਿਨਣ ਦਾ ਸੂਤ ਖੁਦ ਕੱਤਣਾ ਅਤੇ ਪਹਿਨਣਾ) ਰਚਨਾਤਮਕ ਪ੍ਰੋਗਰਾਮ ਮੰਨ ਕੇ ਚਲਣਾ ਉੱਪਰਲੀ ਕਾਰਵਾਈ ਦੀ ਪਹਿਲੀ ਸ਼ਰਤ ਹੈ। ਕਾਂਗਰਸੀ ਕਮੇਟੀਆਂ ਅਤੇ ਕਾਂਗਰਸੀ ਕਾਰਕੁਨ ਰਚਨਾਤਮਿਕ ਪ੍ਰੋਗਰਾਮ ਤੋਂ ਅਗਾਂਹ ਆਪਣੇ ਆਪ ਨੂੰ ਅਗਲੀ ਕਾਰਵਾਈ ਲਈ ਤਿਆਰ ਕਰਨ। ਪਟਨਾ ਵਰਕਿੰਗ ਕਮੇਟੀ ਦੀ ਮੀਟਿੰਗ ਦੇ ਮਤੇ ਵਿੱਚ ਕਿਹਾ ਗਿਆ ਕਿ ਕਾਂਗਰਸ ਬੇਝਿਜਕ ਆਪਣਾ ਸੱਤਿਆਗ੍ਰਹਿ ਸ਼ੁਰੂ ਕਰ ਦੇਵੇਗੀ ਜਦੋਂ ਉਸਨੂੰ ਲੱਗਿਆ ਕਿ ਕਾਂਗਰਸ ਜਥੇਬੰਦੀ ਉਸ ਲਈ ਬੇਹੱਦ ਤਿਆਰ ਹੈ ਜਾਂ ਹਾਲਾਤ ਸੰਕਟਮਈ ਹਨ। ਫਿਰ ਵੀ ਕਾਂਗਰਸੀਆਂ ਨੂੰ ਸਲਾਹ ਦਿੱਤੀ ਗਈ ਕਿ ਉਹ ਗਾਂਧੀ ਦੀ ਅਗਵਾਈ ਵਿੱਚ ਪੂਰਨ ਵਿਸ਼ਵਾਸ ਰੱਖਣ ਅਤੇ ਰਚਨਾਤਮਿਕ ਪ੍ਰੋਗਰਾਮ ਨੂੰ ਪੂਰਾ ਕਰਕੇ ਆਪਣੇ ਆਪ ਨੂੰ ਸੱਤਿਆਗ੍ਰਹਿ ਦੇ ਕਾਬਲ ਬਣਾਉਣ।

ਜਿੱਥੇ ਇਸ ਮੌਕੇ ਕਰੋੜਾਂ ਭਾਰਤੀ ਗਾਂਧੀ ਦੀ ਆਵਾਜ਼ ’ਤੇ ਆਜ਼ਾਦੀ ਸੰਘਰਸ਼ ’ਚ ਕੁੱਦਣ ਲਈ ਤਿਆਰ ਸਨ ਉੱਥੇ ਸੱਜੇ ਪੱਖੀ ਕਾਂਗਰਸੀ ਆਗੂਆਂ ਦੀ ਯੁੱਧ ਸ਼ੁਰੂ ਹੋਣ ਸਮੇਂ ਸਭ ਤੋਂ ਪਹਿਲਾ ਪ੍ਰਤੀਕਰਮ ਸੀ ਕਿ ਭਾਰਤ ਦੀ ਪੂਰੀ ਹਮਦਰਦੀ ਇੰਗਲੈਂਡ ਅਤੇ ਫਰਾਂਸ ਨਾਲ ਹੋਣੀ ਚਾਹੀਦੀ ਹੈ। 4 ਸਤੰਬਰ ਨੂੰ ਵਾਇਸਰਾਏ ਨਾਲ ਹੋਈ ਮੁਲਾਕਾਤ ਦਾ ਵਰਨਣ ਕਰਦੇ ਹੋਏ 5 ਸਤੰਬਰ ਨੂੰ ਗਾਂਧੀ ਨੇ ਦੱਸਿਆ ਕਿ, “ਮੈਂ ਮਹਾਮਹਿਮ ਨੂੰ ਕਿਹਾ ਕਿ ਮਾਨਵੀ ਪੱਖ ਤੋਂ ਮੇਰੀ ਪੂਰੀ ਹਮਦਰਦੀ ਇੰਗਲੈਂਡ ਅਤੇ ਫਰਾਂਸ ਨਾਲ ਹੈ।”

ਬਿਨਾਂ ਸ਼ਰਤ ਬਰਤਾਨਵੀਆਂ ਦੀ ਹਮਾਇਤ ਕਰਨ ਲਈ ਤਿਆਰ ਗਾਂਧੀ ਨੇ 14 ਸਤੰਬਰ 1939 ਦੇ ਕਾਂਗਰਸੀ ਬਿਆਨ ਅਤੇ ਮੌਕੇ ਦੇ ਦਬਾਅ ਕਾਰਨ ਉਸਨੇ ਮਤੇ ਦੀ ਹਮਾਇਤ ਕਰਨੀ ਵਾਜਿਬ ਸਮਝੀ ਪਰ 15 ਸਤੰਬਰ ਨੂੰ ਉਸਨੇ ਕਿਹਾ ਕਿ ਅਫਸੋਸ ਹੈ ਕਿ ਇਕੱਲਾ ਮੈਂ ਹੀ ਹਾਂ ਜਿਹੜਾ ਸੋਚਦਾ ਹਾਂ ਕਿ ਇਸ ਘੜੀ ਅੰਗਰੇਜ਼ਾਂ ਨੂੰ ਬਿਨਾਂ ਸ਼ਰਤ ਹਮਾਇਤ ਦੇਣੀ ਚਾਹੀਦੀ ਹੈ। ਪਰ ਜਦੋਂ ਬਰਤਾਨਵੀ ਹਾਕਮ ਭਾਰਤੀਆਂ ਨੂੰ ਕੁੱਝ ਵੀ ਦੇਣ ਲਈ ਤਿਆਰ ਨਹੀਂ ਸਨ ਅਤੇ ਯੁੱਧ ਤੋਂ ਬਾਅਦ ਵੀ ਕੋਈ ਵਾਅਦਾ ਕਰਦੇ ਨਜ਼ਰ ਨਾ ਆਏ ਤਾਂ ਉਸ ਨੂੰ ਸਖਤ ਰੁਖ ਧਾਰਨ ਕਰਨਾ ਪਿਆ। ਉਸਨੇ 17 ਅਕਤੂਬਰ ਦੇ ਵਾਇਸਰਾਏ ਦੇ ਬਿਆਨ ਦੀ ਨਿੰਦਾ ਕਰਕੇ ਦੋ ਦਿਨ ਬਾਅਦ ਕਿਹਾ ਕਿ ਵਾਇਸਰਾਏ ਦਾ ਇਹ ਲੰਬਾ ਬਿਆਨ ਸਿਰਫ਼ ਇਹ ਦਰਸਾਉਂਦਾ ਹੈ ਕਿ ‘ਪਾੜੋ ਤੇ ਰਾਜ ਕਰੋ’ ਦੀ ਪੁਰਾਣੀ ਨੀਤੀ ਜਾਰੀ ਰਹੇਗੀ। ਮੈਂ ਸਮਝਦਾ ਹਾਂ ਕਿ ਨਾ ਤਾਂ ਕਾਂਗਰਸ ਇਸ ਵਿੱਚ ਸ਼ਾਮਲ ਹੋ ਸਕਦੀ ਹੈ ਅਤੇ ਨਾ ਹੀ ਕਾਂਗਰਸੀ ਵਿਚਾਰ ਵਾਲਾ ਕੋਈ ਭਾਰਤੀ।

ਇਸ ਸਮੇਂ ਕਾਂਗਰਸ ਵਿੱਚ ਖੱਬੇ ਪੱਖੀ ਅਤੇ ਰਾਸ਼ਟਰਵਾਦੀ ਲੋਕਾਂ ਨੇ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਕਿ ਸੱਜੇ ਪੱਖੀ ਆਗੂ ਧੜਾ ਬਰਤਾਨਵੀ ਹਾਕਮਾਂ ਨਾਲ ਸੌਦੇ ਬਾਜ਼ੀ ਕਰ ਰਿਹਾ ਹੈ। ਸਿੱਟੇ ਵਜੋਂ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਅਕਤੂਬਰ ਮਤੇ ਵਿੱਚ ਸੱਤਿਆਗ੍ਰਹਿ ਦੀ ਗੱਲ ਕੀਤੀ ਅਤੇ ਖੁਦ ਗਾਂਧੀ ਨੇ ਵੀ ਆਪਣੀਆਂ ਲਿਖਤਾਂ ’ਚ ਸੱਤਿਆਗ੍ਰਹਿ ਦੀਆ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਅਰੰਭ ’ਚ ਉਸਨੇ ਵੱਡੀ ਪੱਧਰ ’ਤੇ ਸੱਤਿਆਗ੍ਰਹਿ ਸ਼ੁਰੂ ਕਰਨ ਦਾ ਵਿਰੋਧ ਕੀਤਾ। 24 ਅਕਤੂਬਰ ਨੂੰ ਉਸਨੇ ਕਿਹਾ ਕਿ ਵੱਡੀ ਪੱਧਰ ’ਤੇ ਸੱਤਿਆਗ੍ਰਹਿ ਦੀ ਕੋਈ ਸੰਭਾਵਨਾ ਨਹੀਂ ਜਦੋਂ ਤੱਕ ਕਾਂਗਰਸ ਪੂਰਾ ਅਨੁਸਾਸ਼ਨ ਨਹੀਂ ਦਿਖਾਉਂਦੀ ਅਤੇ ਅਹਿੰਸਾ ਤੇ ਸੱਚ ਪ੍ਰਤੀ ਜਿੰਨਾ ਸਨਮਾਨ ਹਾਲੇ ਤੱਕ ਉਸਨੇ ਜ਼ਾਹਰ ਕੀਤਾ ਹੈ ਉਸ ਤੋਂ ਵੱਧ ਜ਼ਾਹਰ ਨਹੀਂ ਕਰਦੀ। ਕਿਸੇ ਵੀ ਸੱਤਿਆਗ੍ਰਹਿ ਦੀ ਲੋੜ ਨਹੀਂ ਹੋਵੇਗੀ ਜੇ ਅਧਿਕਾਰੀ ਸਾਨੂੰ ਅਜਿਹਾ ਕਰਨ ਲਈ ਮਜ਼ਬੂਰ ਨਹੀਂ ਕਰ ਦਿੰਦੇ।

ਇਸੇ ਮੌਕੇ ਉਸਨੇ ਫਿਰ ਬਰਤਾਨਵੀ ਸਾਮਰਾਜੀਆਂ ਪ੍ਰਤੀ ਸਦਭਾਵਨਾ ਜ਼ਾਹਰ ਕੀਤੀ ਤੇ ਲਿਖਿਆ ਜੇ ਭਾਰਤ ਮਿੱਤਰ ਰਾਸ਼ਟਰਾਂ ਦੀ ਮੱਦਦ ਨਹੀਂ ਕਰ ਸਕਦਾ ਤਾਂ ਉਹਨਾਂ ਦੇ ਸਰਬਨਾਸ਼ ਦੀ ਕਾਮਨਾ ਵੀ ਨਹੀਂ ਕਰਦਾ। ਜੇ ਬਰਤਾਨਵੀ ਸਰਕਾਰ ਨੇ ਕਾਂਗਰਸੀ ਉਮੀਦਾਂ ’ਤੇ ਬੁਰੀ ਤਰ੍ਹਾਂ ਪਾਣੀ ਫੇਰਿਆ ਹੈ ਤਾਂ ਉਹਨਾਂ ਨੂੰ ਪ੍ਰੇਸ਼ਾਨ ਕਰਨ ਦਾ ਵੀ ਕੋਈ ਫਾਇਦਾ ਨਹੀਂ। ਗਾਂਧੀ ਨੇ ਵਾਰ ਵਾਰ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਨੇ ਯੁੱਧ ਵਿੱਚ ਕਾਂਗਰਸੀ ਹਮਾਇਤ ਅਸੰਭਵ ਬਣਾ ਦਿੱਤੀ ਹੈ ਪਰ ਫਿਰ ਵੀ ਸਰਕਾਰ ਨੂੰ ਪ੍ਰੇਸ਼ਾਨ ਨਾ ਕਰੋ। 5 ਨਵੰਬਰ ਵਾਇਸਰਾਏ ਨਾਲ ਹੋਈ ਮੁਲਾਕਾਤ ਤੋਂ ਬਾਅਦ 8 ਨਵੰਬਰ ਨੂੰ ਗਾਂਧੀ ਨੇ ਕਿਹਾ ਕਿ ਕਾਂਗਰਸ ਵੱਲੋਂ ਉਦੋਂ ਤੱਕ ਕੋਈ ਸੱਤਿਆਗ੍ਰਹਿ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਵਾਇਸਰਾਏ ਸਮਝੌਤੇ ਦਾ ਰਸਤਾ ਖੋਜ ਰਹੇ ਹਨ, ਮੁਸਲਿਮ ਲੀਗ ਰਸਤਾ ਰੋਕ ਰਹੀ ਹੈ ਅਤੇ ਕਾਂਗਰਸੀ ਕਤਾਰਾਂ ’ਚ ਅਨੁਸਾਸ਼ਨ ਤੇ ਏਕਤਾ ਦੀ ਘਾਟ ਹੈ। 19 ਨਵੰਬਰ ਨੂੰ ਫਿਰ ਦੁਹਰਾਇਆ ਗਿਆ ਕਿ ਭਾਰਤ ਦੀਆਂ ਬਾਹਰਮੁਖੀ ਸਮੱਸਿਆਵਾਂ ਦਾ ਇੱਕ ਮਾਤਰ ਹੱਲ ਵਿਧਾਨ ਨਿਰਮਾਨ ਪ੍ਰੀਸ਼ਦ ਹੈ, ਸਿੱਧੀ ਕਾਰਵਾਈ ਤੋਂ ਪਹਿਲਾਂ ਇਸ ਪ੍ਰੀਸ਼ਦ ਦੀ ਪ੍ਰਾਪਤੀ ਲਈ ਹਰ ਕਿਸਮ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਬਰਤਾਨਵੀ ਹਾਕਮਾਂ ਵੱਲੋਂ ਸਮਝੌਤੇ ਲਈ ਕੋਈ ਅਨੁਕੂਲ ਰਸਤਾ ਅਪਣਾਏ ਜਾਣ ਦੀ ਆਸ ਛੱਡ ਕੇ 5 ਫਰਵਰੀ ਦੇ ਸਮਾਚਾਰ ਪੱਤਰਾਂ ’ਚ ਕਿਹਾ ਕਿ ਕਾਂਗਰਸ ਦੀ ਰਾਏ ਹੈ ਕਿ ਸੱਚੀ ਆਜ਼ਾਦੀ ਦੀ ਕਸੌਟੀ ਇਸ ਗੱਲ ’ਚ ਹੈ ਕਿ ਭਾਰਤੀ ਲੋਕ ਕਿਸੇ ਬਾਹਰੀ ਪਭਾਵ ਤੋਂ ਬਿਨਾਂ ਆਪਣਾ ਨਿਜੀ ਫੈਸਲਾ ਕਰਨ। ਗਾਂਧੀ ਨੇ ਕਿਹਾ ਕਿ ਇੰਗਲੈਂਡ ਅਤੇ ਭਾਰਤ ਵਿੱਚਕਾਰ ਸ਼ਾਂਤੀਪੂਰਨ ਅਤੇ ਸਨਮਾਨਯੋਗ ਸਮਝੌਤਾ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਮਹੱਤਵਪੂਰਨ ਮੱਤਭੇਦ ਦੂਰ ਨਹੀਂ ਹੋ ਜਾਂਦੇ

ਅਤੇ ਇੰਗਲੈਂਡ ਸਹੀ ਰਾਹ 'ਤੇ ਨਹੀਂ ਆ ਜਾਂਦਾ। 7 ਫਰਵਰੀ ਨੂੰ ਗਾਂਧੀ ਨੇ 'ਨੈਸ਼ਨਲ ਹੇਰਾਲਡ' ਨੂੰ ਤਾਰ ਭੇਜ ਕੇ ਬਰਤਾਨਵੀਂ ਸਾਮਰਾਜੀਆਂ ਨੂੰ ਨੈਤਿਕ ਸਿੱਖਿਆ ਦੇਣ ਦਾ ਯਤਨ ਕਰਦੇ ਹੋਏ ਕਿਹਾ ਕਿ ਜੇ ਬਰਤਾਨਵੀਂ ਇਹ ਅਨੈਤਿਕ ਕਬਜ਼ਾ ਛੱਡ ਦੇਣ ਅਤੇ ਭਾਰਤ ਨੂੰ ਖੁਦਮੁਖਤਿਆਰ ਕਰ ਦੇਣ ਤਾਂ ਉਹਨਾਂ ਦੀ ਨੈਤਿਕ ਜਿੱਤ ਹੋਵੇਗੀ ਅਤੇ ਯੁੱਧ ਵਿੱਚ ਵੀ ਉਸਦੀ ਉਵੇਂ ਜਿੱਤ ਹੋਵੇਗੀ ਜਿਵੇਂ ਰਾਤ ਬਾਅਦ ਦਿਨ ਹੁੰਦਾ ਹੈ।

ਇਸ ਸੰਕਟ ਮਈ ਹਾਲਤ 'ਚ ਸੱਜੇ ਪੱਖੀਆਂ ਦੇ ਪ੍ਰਮੁੱਖ ਵਕਤਾ ਤੇ ਪ੍ਰਚਾਰਕ ਬਲਭ ਭਾਈ ਪਟੇਲ ਅਤੇ ਭੂਲਾ ਭਾਈ ਦੇਸਾਈ ਖੱਬੇਪੱਖੀਆਂ ਦੀ ਜਨਸੰਗਰਾਮ ਦੀ ਮੰਗ ਅਤੇ ਪ੍ਰਚਾਰ ਖਿਲਾਫ ਸੱਜੇ ਪੱਖੀਆਂ ਦਾ ਮੋਰਚਾ ਸੰਭਾਲ ਰਹੇ ਸਨ। ਪਟਨਾ ਵਰਕਿੰਗ ਕਮੇਟੀ ਦੇ ਪ੍ਰਸਤਾਵ ਦੀ ਵਿਆਖਿਆ ਕਰਦੇ ਹੋਏ ਭੂਲਾ ਭਾਈ ਦੇਸਾਈ ਨੇ 10 ਮਾਰਚ 1940 ਨੂੰ ਪ੍ਰੈੱਸ ਬਿਆਨ 'ਚ ਕਿਹਾ ਕਿ ਕਾਂਗਰਸ ਚਾਹੁੰਦੀ ਹੈ ਕਿ ਬਰਤਾਨੀਆਂ ਸਰਕਾਰ ਯੁੱਧ ਦੇ ਮੰਤਵਾਂ ਦਾ ਐਲਾਨ ਕਰੇ ਅਤੇ ਉਸਦੀਆਂ ਸੀਮਾਵਾਂ ਦੇ ਅੰਦਰ ਸੰਵਿਧਾਨ ਬਣਾਉਣ ਦਾ ਅਧਿਕਾਰ ਮੰਨ ਲਵੇ। ਜੇ ਲੋੜ ਪਵੇ ਤਾਂ ਰੱਖਿਆ ਵਰਗੇ ਕੁੱਝ ਵਿਸ਼ਿਆਂ ਦਾ ਸਵਾਲ ਯੁੱਧ ਦੇ ਅੰਤ ਤੱਕ ਰੋਕ ਲਿਆ ਜਾਵੇ। ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ 1940 'ਚ ਕਾਂਗਰਸੀ ਪ੍ਰਧਾਨ ਬਣਨ ਤੋਂ ਬਾਅਦ ਕਿਹਾ ਕਿ ਜੇ ਨੇੜੇ ਦੇ ਭਵਿੱਖ ਕਾਂਗਰਸ ਅਤੇ ਬ੍ਰਿਟਿਸ਼ ਸਰਕਾਰ ਵਿਚਕਾਰ ਕੋਈ ਸਮਝੌਤਾ ਨਾ ਹੋਇਆ ਤਾਂ ਰਾਮਗੜ੍ਹ ਸੰਮੇਲਨ ਤੋਂ ਬਾਅਦ ਸੱਤਿਆਗ੍ਰਹਿ ਬਹੁਤਾ ਦੇਰ ਰੋਕਿਆ ਨਹੀਂ ਜਾ ਸਕਦਾ।

ਜਵਾਹਰ ਲਾਲ ਨਹਿਰੂ ਨੇ 9 ਸਤੰਬਰ 1939 ਨੂੰ ਚੀਨ ਤੋਂ ਵਾਪਸ ਆਕੇ ਕਿਹਾ ਕਿ ਅਸੀਂ ਇਸ ਸਮੱਸਿਆ 'ਤੇ ਵਿਚਾਰ ਬਰਤਾਨੀਆਂ ਦੀਆਂ ਮੁਸ਼ਕਲਾਂ ਦਾ ਫਾਇਦਾ ਉਠਾਉਣ ਲਈ ਨਹੀਂ ਕਰ ਰਹੇ। ... ... ਜਮਹੂਰੀਅਤ ਤੇ ਆਜ਼ਾਦੀ ਅਤੇ ਫਾਸ਼ੀਵਾਦ ਤੇ ਹਮਲਾਵਰਾਂ ਵਿਚਕਾਰ ਸੰਘਰਸ਼ ਸਮੇਂ ਲਾਜ਼ਮੀ ਸਾਡੀ ਹਮਦਰਦੀ ਜਮਹੂਰੀਅਤ ਦੇ ਹੱਕ ਵਿੱਚ ਹੋਵੇਗੀ। ਮੈਂ ਚਾਹੂੰਗਾ ਕਿ ਨਵੀਂ ਵਿਵਸਥਾ ਦੀ ਸਥਾਪਤੀ ਲਈ ਭਾਰਤ ਆਪਣੀ ਪੂਰੀ ਭੂਮਿਕਾ ਅਦਾ ਕਰੇ ਅਤੇ ਆਪਣੇ ਸਾਰੇ ਸਾਧਨ ਜੁਟਾ ਦੇਵੇ। ਇਉਂ ਸਾਮਰਾਜ ਵਿਰੋਧੀ ਲੀਗ ਦੇ ਏਜੰਡੇ ਦੀ ਹਮਾਇਤ ਕਰਨ ਵਾਲੇ ਬਰਤਾਨਵੀ ਅਤੇ ਫਰਾਂਸੀਸੀ ਸਾਮਰਾਜ ਨੂੰ ਅੱਖੋਂ ਉਹਲੇ ਕਰ ਗਏ। ਉਹਨਾਂ ਯੁੱਧ ਦੇ ਚਰਿੱਤਰ ਉੱਪਰ ਪਰਦਾ ਪਾ ਦਿੱਤਾ। ਸੰਖੇਪ ਵਿੱਚ ਕਾਂਗਰਸੀ ਯੁੱਧ ਦਾ ਵਿਰੋਧ ਇਸ ਦੇ ਸਾਮਰਾਜੀ ਚਰਿੱਤਰ ਭਾਵ ਲੁੱਟ ਲਈ ਦੁਨੀਆਂ ਦੇ ਬਟਵਾਰੇ ਲਈ ਹੋਣ ਕਰਕੇ ਨਹੀਂ ਕਰ ਰਹੇ ਸਨ ਸਗੋਂ ਉਹ ਬਰਤਾਨਵੀ ਬਸਤੀਵਾਦੀਆਂ ਦੀ ਪੂਰੀ ਹਮਾਇਤ ਕਰਨ ਲਈ ਤੱਤਪਰ ਸਨ ਬਸ਼ਰਤੇ ਬਰਤਾਨਵੀ ਸਾਮਰਾਜ ਭਾਰਤੀ ਰਾਜ ਸੱਤਾ ਚੋਂ ਕੁੱਝ ਅੰਸ਼ ਉਹਨਾਂ ਨੂੰ ਦੇਣ ਦਾ ਵਾਅਦਾ ਕਰੇ। ਭਾਵੇਂ ਲੋਕਾਂ, ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਰਾਜ ਸੱਤਾ ਖੋਹਣ ਦਾ ਇਹ ਸੁਨਿਹਰੀ ਮੌਕਾ ਸੀ ਜਿਹੜਾ ਕਮਿਊਨਿਸਟਾਂ ਅਤੇ ਰਾਸ਼ਟਰਵਾਦੀਆਂ, ਸੋਸ਼ਲਿਸਟਾਂ, ਫਾਰਵਰਡ ਬਲਾਕ ਨੇ ਅਪਨਾਇਆ ਹੋਇਆ ਸੀ ਪਰ ਲੋਕਾਂ ਨੂੰ ਉਹਨਾਂ ਦੀ ਤਾਕਤ ਦਾ ਅਹਿਸਾਸ ਹੋਣ ਦੇ ਡਰੋਂ ਕਾਂਗਰਸ ਦੀ ਲੀਡਰਸ਼ਿਪ ਡਰਦੀ ਸੀ ਅਤੇ ਉਹ ਦਬਾ ਪਾਕੇ ਸਮਝੌਤੇ ਰਾਹੀਂ ਕਿਸੇ ਤਰ੍ਹਾਂ ਸੱਤਾ 'ਚ ਹਿੱਸੇਦਾਰ ਬਣਨਾ ਚਾਹੁੰਦੀ ਸੀ।

ਵਿਅਕਤੀਗਤ ਸੱਤਿਆਗ੍ਰਹਿ ਬਨਾਮ ਜਨ ਸੰਗਰਾਮ: ਕਾਂਗਰਸ ਦੇ ਕਈ ਮਤੇ ਸਾਫ ਕਹਿੰਦੇ ਸਨ ਕਿ ਭਾਰਤ ਅਜਿਹੇ ਯੁੱਧ ਵਿੱਚ ਭਾਈਵਾਲ ਨਹੀਂ ਹੋ ਸਕਦਾ ਅਤੇ ਬਰਤਾਨਵੀ ਸਾਮਰਾਜ ਦੇ ਸਵਾਰਥ ਲਈ ਆਪਣੀ ਜਨਸ਼ਕਤੀ ਅਤੇ ਸ੍ਰੋਤਾਂ ਦੀ ਵਰਤੋਂ ਦਾ ਦੁਰਉਪਯੋਗ ਦੀ ਇਜ਼ਾਜਤ ਨਹੀਂ ਦੇ ਸਕਦਾ। ਜੇ ਭਾਰਤ ਨੂੰ ਯੁੱਧ ਵਿੱਚ ਸ਼ਾਮਲ ਕਰਨ ਦਾ ਯਤਨ ਕੀਤਾ ਗਿਆ ਤਾਂ ਇਸ ਦਾ ਮੁਕਾਬਲਾ ਕੀਤਾ ਜਾਵੇਗਾ। ਪਰ ਇਹ ਮਤਾ ਸੱਜੇ ਪੱਖੀਆਂ 'ਤੇ ਲਾਗੂ ਨਹੀਂ ਕੀਤਾ ਗਿਆ। ਉਹਨਾਂ ਨੂੰ ਅਸਤੀਫੇ ਦੇਣ ਲਈ ਬਾਅਦ ਵਿੱਚ ਕਿਹਾ ਕਿਹਾ ਗਿਆ। ਹਮਾਇਤ ਨਾ ਕਰਨਾ ਅਤੇ ਵਿਰੋਧ ਕਰਨਾ ਇੱਕੋ ਗੱਲ ਨਹੀਂ ਹੈ। ਜਨਸ਼ਕਤੀ ਅਤੇ ਸਾਧਨਾਂ ਦੀ ਦੁਰਵਰਤੋਂ ਰੋਕਣਾ ਤਾਂ ਦੂਰ ਰਿਹਾ, ਕਾਂਗਰਸ ਨੇ ਜਲੂਸ ਰੈਲੀਆਂ ਅਤੇ ਧਰਨੇ ਆਦਿ ਲਾਉਣ ਦਾ ਵੀ ਸੱਦਾ ਨਹੀਂ ਦਿੱਤਾ। ਕਾਂਗਰਸੀਆਂ ਨੂੰ ਸੰਪੂਰਨ ਸੱਤਿਆਗ੍ਰਹਿ, ਰਾਜਨੀਤਕ ਹੜਤਾਲ ਬਗੈਰਾ ਦੇ ਰੂਪ ਵਿੱਚ ਜ਼ਲਦਬਾਜ਼ੀ ਦੇ ਕੰਮ ਦੇ ਖਿਲਾਫ ਚਿਤਾਵਨੀ ਦਿੱਤੀ ਗਈ। ਗਾਂਧੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਜਦੋਂ ਤੱਕ ਸਰਕਾਰ ਪ੍ਰੇਸ਼ਾਨ ਨਹੀਂ ਕਰਦੀ ਅਤੇ ਰਚਨਾਤਮਿਕ ਪ੍ਰੋਗਰਾਮ ਅਸੰਭਵ ਨਹੀਂ ਬਣਾ ਦਿੰਦੀ ਤਾਂ ਸੰਪੂਰਨ ਸਤਿਆਗ੍ਰਹਿ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। 23 ਅਕਤੂਬਰ ਨੂੰ ਰਾਜਗੋਪਾਲ ਆਚਾਰੀਆ ਨੇ ਬਿਆਨ ਦਿੱਤਾ ਕਿ ਜੇ ਬਰਤਾਨਵੀ ਸਰਕਾਰ ਯੁੱਧ ਦੇ ਅੰਤ ਵਿੱਚ ਉਹ ਸਭ ਕੁਝ ਦੇਣ ਲਈ ਤਿਆਰ ਹੋਵੇ ਜਿਸ ਉੱਪਰ ਭਾਰਤ ਦਾ ਬਹੁਮੱਤ ਹੀ ਨਹੀਂ ਸਗੋਂ ਸਾਰੀਆਂ ਮਹੱਤਵਪੂਰਨ ਘੱਟ-ਗਿਣਤੀਆਂ ਦੀ ਰਜ਼ਾਮੰਦੀ ਹੋਵੇ ਅਤੇ ਕੇਂਦਰ 'ਚ ਜ਼ੁੰਮੇਵਾਰੀ ਸੌਂਪੀ ਜਾਵੇ ਤਾਂ ਕਾਂਗਰਸ ਯੁੱਧ ਵਿੱਚ ਬਰਤਾਨੀਆਂ ਦਾ ਸਾਥ ਦੇਵੇਗੀ। ਇਸ ਕਰਕੇ ਮਤਿਆਂ ਉੱਪਰ ਕੋਈ ਅਮਲ ਨਾ ਕਰਕੇ ਸਮਝੌਤੇ ਦਾ ਦਰਵਾਜ਼ਾ ਖੁੱਲ੍ਹਾ ਰੱਖਿਆ ਸੀ।

ਭਾਵੇਂ ਬਰਤਾਨਵੀ ਸਾਮਰਾਜੀਆਂ ਵਿਰੁੱਧ ਰਾਜਨੀਤਕ ਖੇਤਰ ਬਿਆਨਬਾਜ਼ੀ ਹੋ ਰਹੀ ਸੀ ਪਰ ਆਰਥਿਕ ਖੇਤਰ ਵਿੱਚ ਨਹੀਂ। ਰਾਸ਼ਟਰੀ ਬੁਰਜੂਆਜ਼ੀ ਫੌਜੀ ਸਾਮਾਨ ਦੇ ਠੇਕੇ ਲੈ ਕੇ ਅਤੇ ਲੜਾਈ ਦਾ ਸਾਮਾਨ ਬਰਤਾਨਵੀਆਂ ਨੂੰ ਸਪਲਾਈ ਕਰਕੇ ਮੁਨਾਫੇ ਬਟੋਰ ਰਹੀ ਸੀ। ਇਸ ਕਰਕੇ ਕੱਪੜੇ ਦੀ ਪੈਦਾਵਾਰ 1940 'ਚ 401.20 ਕਰੋੜ ਗਜ਼ ਤੋਂ ਵੱਧ ਕੇ 1942 ਵਿੱਚ 449.30 ਕਰੋੜ ਗਜ਼ ਹੋ ਗਈ। ਟਾਟਾ ਵਰਗੇ ਪੂੰਜੀਪਤੀ ਇਸਪਾਤ ਅਤੇ ਲੋਹੇ ਦੀ ਸਪਲਾਈ ਕਰਕੇ ਮਾਲੋਮਾਲ ਹੋ ਗਏ। ਕਾਗਰਸ ਲੀਡਰਸ਼ਿਪ ਸਮਝੌਤੇ ਲਈ ਬਹੁਤ ਅੱਗੇ ਵਧਕੇ ਯੁੱਧ ਦੌਰਾਨ ਬਰਤਾਨਵੀ ਹਾਕਮਾਂ ਦੁਆਰਾ ਨਿਯੁਕਤ ਵਾਇਸਰਾਏ ਨੂੰ ਵੀ ਪ੍ਰਮੁੱਖ ਸ਼ਾਸਕ ਰੱਖਣ ਲਈ ਤਿਆਰ ਸਨ ਅਤੇ 1935 ਦੇ ਸੰਵਿਧਾਨ ਵਿੱਚ ਵੀ ਕੋਈ ਤਬਦੀਲੀ ਨਹੀਂ ਚਾਹੁੰਦੇ ਸਨ। ਉਹ ਸਿਰਫ ਚਾਹੁੰਦੇ ਸਨ ਕਿ ਭਾਰਤੀਆਂ ਨੂੰ ਲੈ ਕੇ ਵਿਧਾਨ ਸਭਾ ਪ੍ਰਤੀ ਜ਼ਿੰਮੇਵਾਰ ਸਰਕਾਰ ਬਣਾਈ ਜਾਵੇ ਅਤੇ ਯੁੱਧ ਤੋਂ ਬਾਅਦ ਭਾਰਤ ਨੂੰ ਖੁਦਮੁਖਤਿਆਰੀ ਦੇਣ ਦਾ ਵਾਅਦਾ ਕੀਤਾ ਜਾਵੇ।

ਗੱਲਬਾਤ 'ਚ ਇਸ ਖੜੋਤ ਦੌਰਾਨ ਹੀ ਕਾਂਗਰਸ ਦਾ ਰਾਮਗੜ੍ਹ ਸੰਮੇਲਨ ਹੋਇਆ। ਇਸ ਸਮੇਂ ਕਾਂਗਰਸ ਉੱਪਰ ਚਾਰੇ ਪਾਸਿਓਂ ਬਰਤਾਨਵੀ ਹਾਕਮਾਂ ਨਾਲ ਸਮਝੌਤੇ ਦੇ ਦੋਸ਼ ਲੱਗ ਰਹੇ ਸਨ। ਉਸ ਸਮੇਂ ਸੁਭਾਸ਼ ਦੀ ਅਗਵਾਈ ਵਿੱਚ ਸਾਮਰਾਜ ਨਾਲ ਸਮਝੌਤਾ ਵਿਰੋਧੀ ਸੰਮੇਲਨ ਵੀ ਹੋ ਰਿਹਾ ਸੀ। ਉਂਝ ਕਾਂਗਰਸ ਲੀਡਰਸ਼ਿਪ ਹਰੀਪੁਰਾ ਸੰਮੇਲਨ ਦੇ ਪ੍ਰਸਤਾਵ ਵੀ ਲਾਗੂ ਨਹੀਂ ਕਰਨਾ ਚਾਹੁੰਦੀ ਸੀ ਅਤੇ ਬਰਤਾਨਵੀ ਹਾਕਮਾਂ ਵਿਰੁੱਧ ਕੋਈ ਅੰਦੋਲਨ ਵੀ ਚਲਾਉਣਾ ਨਹੀਂ ਚਾਹੁੰਦੀ ਸੀ। ਪਰ ਹਾਲਤਾਂ ਦੇ ਦਬਾਅ ਕਾਰਨ ਕਾਂਗਰਸ ਨੂੰ ਕੁੱਝ ਗਰਮ ਗਰਮ ਗੱਲਾਂ ਕਰਨੀਆਂ ਪਈਆਂ ਅਤੇ ਕੁੱਝ ਮਤੇ ਵੀ ਪਾਸ ਕੀਤੇ। ਐਲਾਨ ਕੀਤਾ ਗਿਆ ਕਿ ਭਾਰਤੀ ਜਨਤਾ ਆਪਣਾ ਨਿੱਜੀ ਸੰਵਿਧਾਨ ਖੁਦ ਤਿਆਰ ਕਰ ਸਕਦੀ ਹੈ ਅਤੇ ਉਸਨੂੰ ਸੰਪੂਰਨ ਆਜ਼ਾਦੀ ਤੋਂ ਘੱਟ ਕੁੱਝ ਵੀ ਪ੍ਰਵਾਨ ਨਹੀਂ। ਧਮਕੀ ਵੀ ਦਿੱਤੀ ਕਿ ਜ਼ੁੰਮੇਵਾਰ ਸਰਕਾਰ ਨਾ ਬਣਾਈ ਗਈ ਤਾਂ ਕਾਂਗਰਸ ਸੰਪੂਰਨ ਸੱਤਿਆਗ੍ਰਹਿ ਚਲਾਵੇਗੀ। ਇਸ ਪ੍ਰਸਤਾਵਤ ਅੰਦੋਲਨ ਦਾ ਨੇਤਾ ਗਾਂਧੀ ਨੂੰ ਬਣਾਇਆ ਗਿਆ। ਗਾਂਧੀ ਇਸ ਅੰਦੋਲਨ ਦੀ ਰੂਪ ਰੇਖਾ ਘੜਨਗੇ ਕਿ ਇਹ ਅੰਦੋਲਨ ਕਦੋਂ ਅਤੇ ਕਿਵੇਂ ਸ਼ੁਰੂ ਹੋਵੇਗਾ? ਪਰ ਅੰਦੋਲਨ ਨਹੀਂ ਚਲਾਇਆ ਗਿਆ।

ਜਦੋਂ 1941 ਦੀਆਂ ਗਰਮੀਆਂ 'ਚ ਨਾਜ਼ੀਆਂ ਨੇ ਅੱਗੇ ਵੱਧਕੇ ਡੈਨਮਾਰਕ, ਬੈਲਜੀਅਮ, ਹਾਲੈਂਡ ਅਤੇ ਫਰਾਂਸ ਨੂੰ ਦਰੜ ਦਿੱਤਾ ਅਤੇ ਬਰਤਾਨੀਆਂ ਉੱਪਰ ਹਮਲੇ ਦਾ ਖਤਰਾ ਬਣ ਗਿਆ ਤਾਂ ਅਨੁਕੂਲ ਮੌਕੇ ਦਾ ਫਾਇਦਾ ਉਠਾਉਣ ਲਈ ਕਾਂਗਰਸ ਦੀ ਪੂਨੇ ਵਿੱਚ ਜੁਲਾਈ 1940 ਦੀ ਮਹਾਂਸੰਮਤੀ ਬੈਠਕ ਵਿੱਚ ਮਤਾ ਪਾਸ ਕੀਤਾ ਗਿਆ ਕਿ ਜੇਕਰ ਬਰਤਾਨੀਆਂ ਸਰਕਾਰ ਯੁੱਧ ਬਾਅਦ ਭਾਰਤ ਨੂੰ ਪੂਰਨ ਆਜ਼ਾਦੀ ਦੇਣ ਦਾ ਐਲਾਨ ਕਰੇ, ਕੇਂਦਰ 'ਚ ਅਸਥਾਈ ਰਾਸ਼ਟਰੀ ਸਰਕਾਰ ਕਾਇਮ ਕਰੇ ਜਿਸ ਨੂੰ ਕੇਂਦਰ ਦੇ ਸਾਰੇ ਚੁਣੇ ਮੈਂਬਰਾਂ ਦਾ ਵਿਸ਼ਵਾਸ਼ ਪ੍ਰਾਪਤ ਹੋਵੇ ਤਾਂ ਕਾਂਗਰਸ ਸੁਰੱਖਿਆ ਲਈ ਪੂਰੀ ਤਾਕਤ ਲਾਉਣ ਲਈ ਤਿਆਰ ਹੈ। ਵਾਇਸਰਾਏ ਨੇ 8 ਅਗਸਤ 1940 ਨੂੰ ਕਾਂਗਰਸ ਦੀਆਂ ਮੰਗਾਂ ਨਾਮਨਜ਼ੂਰ ਕਰਦੇ ਹੋਏ ਕਿਹਾ ਕਿ ਬਰਤਾਨਵੀ ਸਰਕਾਰ ਭਾਰਤ ਦੇ ਕਲਿਆਣ ਅਤੇ ਸ਼ਾਂਤੀ ਲਈ ਆਪਣੀ ਜ਼ੁੰਮੇਵਾਰੀ ਕਿਸੇ ਅਜਿਹੀ ਸਰਕਾਰ ਦੇ ਹੱਥ ਦੇਣ ਬਾਰੇ ਸੋਚ ਵੀ ਨਹੀਂ ਸਕਦੀ ਜਿਸ ਦੇ ਅਧਿਕਾਰ ਨੂੰ ਭਾਰਤ ਦੇ ਰਾਸ਼ਟਰੀ ਜੀਵਨ ਦੇ ਵੱਡੇ ਅਤੇ ਸ਼ਕਤੀਸ਼ਾਲੀ ਤੱਤ ਭਾਵ ਰਾਜੇ ਨਵਾਬ ਅਤੇ ਮੁਸਲਿਮ ਲੀਗ ਨਾਮਨਜ਼ੂਰ ਕਰਦੇ ਹੋਣ। ਉਹਨਾਂ ਨੇ ਬਦਲੇ ਵਿੱਚ ਪ੍ਰਸਤਾਵ ਰੱਖਿਆ ਕਿ ਪਹਿਲਾਂ ਯੁੱਧ ਤੋਂ ਬਾਅਦ ਸੰਵਿਧਾਨ ਦਾ ਨਵਾਂ ਢਾਂਚਾ ਤਹਿ ਕਰਨ ਲਈ ਭਾਰਤ ਦੇ ਰਾਸ਼ਟਰੀ ਜੀਵਨ ਦੇ ਵੱਡੇ ਤੱਤਾਂ ਦੇ ਪ੍ਰਤੀਨਿਧਾਂ ਦੀ ਸੰਸਥਾ ਬਣਾਈ ਜਾਵੇਗੀ। ਦੂਜਾ ਭਾਰਤੀਆਂ ਨੂੰ ਸ਼ਾਮਲ ਕਰਕੇ ਵਾਇਸਰਾਏ ਦੀ ਕਾਰਜਕਾਰਨੀ ਕੌਂਸਲ ਦਾ ਆਕਾਰ ਵੱਡਾ ਕਰ ਦਿੱਤਾ ਜਾਵੇਗਾ। ਤੀਜਾ ਦੇਸੀ ਰਿਆਸਤਾਂ ਅਤੇ ਹੋਰ ਭਾਰਤੀ ਪ੍ਰਤੀਨਿਧੀਆਂ ਦੀ ਯੁੱਧ ਸਲਾਹਕਾਰ ਕੌਂਸਲ ਨਿਯੁਕਤ ਕੀਤੀ ਜਾਵੇਗੀ।

ਸੱਜੇ ਪੱਖੀਆਂ ਕਾਂਗਰਸੀ ਲੀਡਰਸ਼ਿਪ ਨੇ ਅਨੇਕਾਂ ਵਾਰ ਖੁੱਲ੍ਹ ਕੇ ਕਿਹਾ ਕਿ ਮੁਸੀਬਤ 'ਚ ਫਸੇ ਬਰਤਾਨਵੀ ਸਾਮਰਾਜੀਆਂ ਦੇ ਖ਼ਿਲਾਫ਼ ਕੋਈ ਅੰਦੋਲਨ ਕਰਨਾ ਹਿੰਸਾ ਅਤੇ ਭਾਰਤੀ ਮਰਿਆਦਾ ਦੇ ਵਿਰੁੱਧ ਸਮਝਦੀ ਸੀ। ਬਰਤਾਨਵੀ ਸਾਮਰਾਜ ਦੀ ਤਬਾਹੀ ਉਹ ਬਰਤਾਨੀਆਂ ਦੀ ਤਬਾਹੀ ਸਮਝਦੇ ਸਨ ਜਿਹੜੀ ਉਹ ਨਹੀਂ ਚਾਹੁੰਦੇ ਸਨ। ਅਜਿਹੇ ਹਾਲਾਤਾਂ ਵਿੱਚ ਇੱਕ ਪਾਸੇ ਬਰਤਾਨਵੀ ਹਾਕਮਾਂ ਦਾ ਇਹ ਰੁੱਖ ਅਤੇ ਦੂਜੇ ਪਾਸੇ ਭਾਰਤੀ ਜਨਤਾ ਦੀ ਵਧਦੀ ਬੇਚੈਨੀ ਤੇ ਖੱਬੇ ਪੱਖੀਆਂ, ਰਾਸ਼ਟਰਵਾਦੀਆਂ ਦੇ ਦਬਾਅ ਸਦਕਾ ਕਾਂਗਰਸ ਨੂੰ ਆਪਣੀ ਇੱਜ਼ਤ ਬਚਾਉਣ ਲਈ ਕੁੱਝ ਕਰਨ ਲਈ ਮਜ਼ਬੂਰ ਕੀਤਾ। ਗਾਂਧੀ ਨੇ ਅਜਿਹੇ ਸੰਕਟ ਵਿੱਚ ਅਮਲੀ ਕਾਰਵਾਈ ਤੋ ਬਚਣ ਦਾ ਰਾਹ ਕੱਢ ਲਿਆ। ਉਸਨੇ ਮਰਦਾਂ ਅਤੇ ਔਰਤਾਂ ਵੱਲੋਂ ਭਾਰਤੀਆਂ ਨੂੰ ਯੁੱਧ 'ਚ ਘਸੀਟਣ ਵਿਰੁੱਧ ਵਿਅਕਤੀਗਤ ਵਿਰੋਧ ਕਰਦੇ ਹੋਏ ਆਪਣੇ ਆਪ ਨੂੰ ਜੰਗੀ ਕਾਰਵਾਈਆਂ ਤੋਂ ਬਿਲਕੁਲ ਅਲੱਗ ਕਰਨ ਅਤੇ ਗ੍ਰਿਫਤਾਰ ਹੋਣ ਦਾ ਪ੍ਰਸਤਾਵ ਰੱਖਿਆ। ਗਾਂਧੀ ਦੇ ਨਿਯਮ ਮੁਤਾਬਿਕ ਕੇਵਲ ਉਹੀ ਵਿਅਕਤੀ ਸੱਤਿਆਗ੍ਰਹਿ ਕਰੇਗਾ ਜਿਸਨੂੰ ਗਾਂਧੀ ਦੀ ਇਜਾਜ਼ਤ ਹੋਵੇਗੀ। ਚੁਣਿਆ ਹੋਇਆ ਵਿਅਕਤੀ ਮਿਥੇ ਦਿਨ ਤੋਂ ਇੱਕ ਹਫਤਾ ਪਹਿਲਾਂ ਸਥਾਨਕ ਮਜਿਸਟਰੇਟ ਨੂੰ ਨੋਟਿਸ ਦੇਵੇਗਾ। ਗ੍ਰਿਫਤਾਰੀ ਤੋਂ ਬਚ ਜਾਣ ਦੀ ਸੂਰਤ 'ਚ ਉਹ ਮਿਥੇ ਦਿਨ ਮਿਥੀ ਜਗ੍ਹਾ 'ਤੇ ਝੰਡਾ ਲੈ ਕੇ ਜਾਵੇਗਾ ਅਤੇ ਜਿੱਥੇ ਵੱਧ ਤੋਂ ਵੱਧ ਚਾਰ ਆਦਮੀ ਹੋਣਗੇ ਉਹ ਤਿੰਨ ਵਾਰ ਇਹ ਨਾਅਰਾ ਲਾਵੇਗਾ ਕਿ ਇਸ ਯੁੱਧ ਨਾਲ ਸਾਡਾ ਕੋਈ ਰਿਸ਼ਤਾ ਨਹੀਂ। ਜੇ ਗ੍ਰਿਫਤਾਰੀ ਤੋਂ ਬਚ ਗਿਆ ਤਾਂ ਦੁਵਾਰਾ ਆਪਣੀ ਵਾਰੀ ਦੀ ਉਡੀਕ ਕਰੇਗਾ। ਇਹ ਵਿਅਕਤੀਗਤ ਸੱਤਿਆਗ੍ਰਹਿ 17 ਅਕਤੂਬਰ 1940 ਨੂੰ ਸ਼ੁਰੂ ਹੋਇਆ ਅਤੇ ਇਸ ਸੱਤਿਆਗ੍ਰਹਿ ਵਿੱਚ 20000 ਹਜ਼ਾਰ ਵਿਅਕਤੀ ਗ੍ਰਿਫਤਾਰ ਹੋਏ। ਕਿਉਂਕਿ ਇਹ ਅੰਦੋਲਨ ਪੱਕੇ ਗਾਂਧੀਵਾਦੀਆਂ ਤੱਕ ਸੀਮਤ ਰਿਹਾ ਇਸ ਕਰਕੇ ਜਨਤਾ ਦਾ ਉਤਸ਼ਾਹ ਜਲਦੀ ਮੱਠਾ ਪੈ ਗਿਆ ਅਤੇ ਅੰਦੋਲਨ ਅਸਫ਼ਲ ਹੋ ਗਿਆ। ਜਦੋਂ ਸੱਜੇ ਪੱਖੀ ਅਜਿਹੇ ਪਾਖੰਡਾਂ ਵਿੱਚ ਰੁੱਝੇ ਹੋਏ ਸਨ ਤਾਂ ਕਮਿਊਨਿਸਟ ਅਤੇ ਰਾਸ਼ਟਰਵਾਦੀ ਇਸ ਯੁੱਧ ਨੂੰ ਮੁਕਤੀ ਯੁੱਧ ਵਿੱਚ ਬਦਲਣ ਲਈ ਹੜਤਾਲਾਂ ਅਤੇ ਹੋਰ ਖਾੜਕੂ ਸੰਘਰਸ਼ ਚਲਾ ਰਹੇ ਸਨ ਅਤੇ ਲੋਕਾਂ ਨੂੰ ਜਥੇਬੰਦ ਕਰ ਰਹੇ ਸਨ।

22 ਜੂਨ 1942 ਨੂੰ ਜਰਮਨੀ ਨੇ ਸੋਵੀਅਤ ਰੂਸ ਉੱਪਰ ਹਮਲਾ ਵਿੱਢ ਦਿੱਤਾ ਅਤੇ ਦਸੰਬਰ 1942 'ਚ ਜਾਪਾਨ ਵੱਲੋਂ ਪਰਲ ਹਾਰਬਰ ਉੱਪਰ ਬੰਬਾਰੀ ਕੀਤੇ ਜਾਣ ਪਿੱਛੋਂ ਅਮਰੀਕਾ ਵੀ ਯੁੱਧ ਵਿੱਚ ਸ਼ਾਮਲ ਹੋ ਗਿਆ। ਕਮਿਊਨਿਸਟ ਪਾਰਟੀ ਨੇ ਤੀਜੀ ਇੰਟਰਨੈਸ਼ਨਲ ਦੀ ਅਗਵਾਈ ਵਿੱਚ ਫਾਸ਼ੀਵਾਦੀਆਂ ਨੂੰ ਹਰਾਉਣ ਲਈ ਬਰਤਾਨਵੀ ਪੱਖ ਦੀ ਸਹਾਇਤਾ ਸ਼ੁਰੂ ਕਰ ਦਿੱਤੀ ਤਾਂ ਬਰਤਾਨਵੀ ਹਕੂਮਤ ਨੇ ਅੰਦੋਲਨਕਾਰੀ ਰਿਹਾ ਕਰਨੇ ਸ਼ੁਰੂ ਕਰ ਦਿੱਤੇ ਅਤੇ ਸਭ ਤੋਂ ਪਹਿਲਾਂ ਨਹਿਰੂ ਅਤੇ ਆਜ਼ਾਦ ਨੂੰ ਰਿਹਾ ਕੀਤਾ। ਰਿਹਾ ਹੁੰਦੇ ਹੀ ਪ੍ਰੈੱਸ ਕਾਨਫਰੰਸ 'ਚ ਜਾਪਾਨੀ ਹਮਲੇ ਦੇ ਹੋਣ ਦੀ ਸੂਰਤ ਵਿੱਚ ਸਵਾਲ ਦੇ ਜਵਾਬ 'ਚ ਆਜ਼ਾਦ ਨੇ ਕਿਹਾ ਕਿ ਸਾਰੇ ਭਾਰਤੀ ਦੇਸ਼ ਦੀ ਰੱਖਿਆ ਲਈ ਆਪਣੇ ਹੱਥ 'ਚ ਤਲਵਾਰਾਂ ਲੈ ਲੈਣਗੇ। ਪਰ ਹੱਥੀਂ ਹੱਥਕੜੀਆਂ ਅਤੇ ਪੈਰੀ ਬੇੜੀਆਂ ਨਾਲ ਅਸੀਂ ਕਿਵੇਂ ਲੜ ਸਕਦੇ ਹਾਂ?

ਜਦੋਂ ਦਸੰਬਰ 1941 'ਚ ਕਾਂਗਰਸੀ ਨੇਤਾ ਰਿਹਾ ਕਰ ਦਿੱਤੇ ਗਏ ਤਾਂ ਸਰਕਾਰ ਦਾ ਰੁੱਖ ਬਦਲਣ ਦੀ ਉਮੀਦ 'ਚ ਕਾਂਗਰਸ ਵਰਕਿੰਗ ਕਮੇਟੀ ਦੀ ਬਰਦੌਲੀ ਵਿਖੇ ਹੋਈ ਦਸੰਬਰ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ, 'ਜੇ ਬਰਤਾਨੀਆਂ ਦੀ ਭਾਰਤ ਪ੍ਰਤੀ ਨੀਤੀ 'ਚ ਕੋਈ ਬਦਲਾਅ ਨਹੀ ਤਾਂ ਵੀ ਸਾਰੀ ਦੁਨੀਆਂ ਦੀ ਬਦਲੀ ਹੋਈ ਹਾਲਾਤ 'ਤੇ ਵਿਚਾਰ ਕਰਨਯੋਗ ਹੈ। ਜਿਹੜੀਆਂ ਜੰਗ ਦੀਆਂ ਘਟਨਾਵਾਂ ਅਤੇ ਜੰਗ ਦੇ ਭਾਰਤ ਦੀਆਂ ਬਰੂਹਾਂ 'ਤੇ ਪਹੁੰਚਣ ਕਾਰਨ ਪੈਦਾ ਹੋਈ ਹੈ। ਕਾਂਗਰਸ ਦੀ ਹਮਦਰਦੀ ਲਾਜ਼ਮੀ ਹੀ ਉਨ੍ਹਾਂ ਕੌਮਾਂ ਨਾਲ ਹੈ ਜਿਹੜੀਆਂ ਹਮਲੇ ਦਾ ਸ਼ਿਕਾਰ ਹਨ ਅਤੇ ਆਪਣੀ ਆਜ਼ਾਦੀ ਲਈ ਲੜ ਰਹੀਆਂ ਹਨ। ਪ੍ਰੰਤੂ ਕੇਵਲ ਆਜ਼ਾਦ ਅਤੇ ਖੁਦਮੁਖਤਿਆਰ ਭਾਰਤ ਹੀ ਕੌਮੀ ਆਧਾਰ 'ਤੇ ਦੇਸ਼ ਦੀ ਰੱਖਿਆ ਕਰਨ ਦੀ ਜ਼ੁੰਮੇਵਾਰੀ ਲੈਣ ਦੀ ਹਾਲਤ 'ਚ ਹੋ ਸਕਦਾ ਹੈ। ਬਰਤਾਨੀਆਂ ਪੱਖੀ ਮੁੱਖ ਪੱਤਰਾਂ ਜਿਵੇਂ 'ਟਾਈਮਜ਼ ਆਫ਼ ਇੰਡੀਆ' ਨੇ ਵੀ ਸਵੀਕਾਰ ਕੀਤਾ ਕਿ ਇਹ ਬਰਤਾਨਵੀ ਸਰਕਾਰ ਨਾਲ ਸਮਝੌਤੇ ਲਈ ਰਾਹ ਖੋਲ੍ਹਦਾ ਹੈ।

ਫਰਵਰੀ 1942 ਵਿੱਚ ਚੀਨ ਦਾ ਰਾਸ਼ਟਰਪਤੀ ਜਨਰਲ ਚਿਆਂਗਕਾਈ ਸ਼ੇਕ ਭਾਰਤ ਆਇਆ ਭਾਵੇਂ ਪਰ ਉਸਨੇ ਬਰਤਾਨਵੀ ਸਰਕਾਰ ਅਤੇ ਭਾਰਤੀਆਂ ਦੋਵਾਂ ਨੂੰ ਅਪੀਲ ਕੀਤੀ ਉਸਨੇ ਭਾਰਤੀ ਆਗੂਆਂ ਨੂੰ ਕਿਹਾ ਕਿ ਹਮਲਾਵਰ ਅਤੇ ਹਮਲਾ ਨਾਂ ਕਰਨ ਵਾਲਿਆਂ ਵਿਚਕਾਰ ਕੋਈ ਸਬੰਧ ਨਹੀਂ ਹੋ ਸਕਦਾ। ਬਰਤਾਨੀਆਂ ਜਿੰਨੀ ਜਲਦੀ ਹੋ ਸਕੇ ਭਾਰਤੀਆਂ ਨੂੰ ਸਿਆਸੀ ਸਤਾ ਦੇ ਦੇਵੇ ਤਾਂ ਕਿ ਭਾਰਤੀ ਯੁੱਧ 'ਚ ਆਪਣੀ ਪੂਰੀ ਤਾਕਤ ਲਾ ਸਕਣ। ਚੀਨੀ ਰਾਸ਼ਟਰਪਤੀ ਦੇ ਸਵਾਲ ਦਾ ਜਵਾਬ ਦਿੰਦਿਆਂ ਆਜ਼ਾਦ ਨੇ ਕਿਹਾ ਜੇ ਸਾਰੀਆਂ ਰੁਕਾਵਟਾਂ ਦੂਰ ਕਰ ਦਿੱਤੀਆਂ ਜਾਂਦੀਆਂ ਹਨ ਤਾਂ ਭਾਰਤ ਨੂੰ ਜਮਹੂਰੀ ਖੇਮੇ ਵਿੱਚ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਜੇ ਯੁੱਧ ਦੌਰਾਨ ਬਰਤਾਨਵੀ ਸਰਕਾਰ ਭਾਰਤ ਨੂੰ ਡੋਮੀਨੀਅਨ ਰੁਤਬਾ ਦੇ ਦੇਵੇ ਅਤੇ ਸਹਿਮਤ ਹੋ ਜਾਵੇ ਕਿ ਭਾਰਤੀ ਪ੍ਰਤੀਨਿਧੀ ਆਜ਼ਾਦੀ ਅਤੇ ਜਵਾਬਦੇਹੀ ਦੀ ਭਾਵਨਾ ਨਾਲ ਕੰਮ ਕਰ ਸਕਣਗੇ ਤਾਂ ਕਾਂਗਰਸ ਅਸਵੀਕਾਰ ਨਹੀਂ ਕਰੇਗੀ। ਜਨਰਲ ਦਾ ਵਿਚਾਰ ਸੀ ਕਿ ਯੁੱਧ ਦੀ ਪੂਰੀ ਜ਼ੁੰਮੇਵਾਰੀ ਬਰਤਾਨੀਆਂ ਸਰਕਾਰ ਕੋਲ ਹੀ ਹੋਣੀ ਚਾਹੀਦੀ ਹੈ। ਇਹ ਉਮੀਦ ਕਰਨੀ ਵਾਜਬ ਨਹੀਂ ਹੋਵੇਗੀ ਕਿ ਯੁੱਧ ਦੌਰਾਨ ਪੂਰੀ ਜ਼ੁੰਮੇਦਾਰੀ ਭਾਰਤੀਆਂ ਨੂੰ ਦੇ ਦਿੱਤੀ ਜਾਵੇ। ਇਸ ਦੇ ਪ੍ਰਤੀ ਕਰਮ 'ਚ ਆਜ਼ਾਦ ਦਾ ਕਹਿਣਾ ਸੀ ਕਿ ਕੋਈ ਸਕੀਮ ਬਣਾਈ ਜਾ ਸਕਦੀ ਹੈ ਜਿਸ ਨੂੰ ਦੋਵੇਂ ਧਿਰਾਂ ਮਨਜ਼ੂਰ ਕਰ ਲੈਣ। ਜੇ ਬਰਤਾਨਵੀ ਸਰਕਾਰ ਸਾਨੂੰ ਇਹ ਵਿਸ਼ਵਾਸ਼ ਦੇ ਦੇਵੇ ਕਿ ਯੁੱਧ ਤੋਂ ਬਾਅਦ ਭਾਰਤ ਨੂੰ ਆਜ਼ਾਦੀ ਦੇ ਦਿੱਤੀ ਜਾਵੇਗੀ ਤਾਂ ਅਸੀਂ ਮਨਜ਼ੂਰ ਕਰ ਸਕਦੇ ਹਾਂ।

27 ਫਰਵਰੀ ਨੂੰ ਆਸਟਰੇਲੀਆ ਦੇ ਵਿਦੇਸ਼ ਮੰਤਰੀ ਨੇ ਆਪਣੀ ਪਾਰਲੀਮੈਂਟ 'ਚ ਭਾਸ਼ਣ 'ਚ ਕਿਹਾ ਕਿ ਉਹ ਭਾਰਤ ਦੇ ਜਮਹੂਰੀ ਅਤੇ ਖੁਦਮੁਖਤਿਆਰ ਰਾਸ਼ਟਰ ਬਣਨ ਦੀਆਂ ਉਮੀਦਾਂ ਉਮੰਗਾਂ ਨਾਲ ਹਮਦਰਦੀ ਰੱਖਦਾ ਹੈ। ਅਸੀਂ ਮਿੱਤਰ ਦੇਸ਼ਾਂ ਦੀ ਰੱਖਿਆ ਦੇ ਪੱਖ 'ਚ ਉਸ ਦੇ ਖੁਦਮੁਖਤਿਆਰ ਰਾਸ਼ਟਰ ਵਜੋਂ ਹਿੱਸਾ ਲੈਣ ਦੀਆਂ ਉਮੀਦਾਂ ਨਾਲ ਹਮਦਰਦੀ ਕਰਦੇ ਹਾਂ। ਅਗਸਤ 1941 'ਚ ਐਟਲਾਂਟਿਕ ਚਾਰਟਰ ਪ੍ਰਕਾਸ਼ਤ ਕੀਤਾ ਗਿਆ ਜਿਹੜਾ ਅਮਰੀਕਾ ਅਤੇ ਬਰਤਾਨੀਆਂ ਵੱਲੋਂ ਸਵੀਕਾਰ ਕੀਤੇ ਜਾਣ ਮਗਰੋਂ ਸੰਯੁਕਤ ਰਾਸ਼ਟਰ ਨੇ ਵੀ ਸਵੀਕਾਰ ਕਰ ਲਿਆ। ਸਾਰੀਆਂ ਕੌਮਾਂ ਨੂੰ ਪ੍ਰਸ਼ਾਸ਼ਨ ਦਾ ਰੂਪ ਜਿਸ ਤਹਿਤ ਉਹ ਰਹਿਣਗੀਆਂ ਆਪ ਤਹਿ ਕਰਨ ਦਾ ਅਧਿਕਾਰ ਹੋਵੇਗਾ ਉਹਨਾਂ ਨੂੰ ਮੁਕੰਮਲ ਆਜ਼ਾਦੀ ਅਤੇ ਖੁਦਮੁਖਤਿਆਰੀ ਦਿੱਤੀ ਜਾਵੇ ਜਿਹੜੀ ਉਹਨਾਂ ਤੋਂ ਖੋਹੀ ਗਈ ਹੈ। ਪਰ ਬਰਤਾਨੀਆ ਨੇ ਕਿਹਾ ਕਿ ਇਹ ਚਾਰਟਰ ਭਾਰਤ, ਬਰਮਾ ਅਤੇ ਬਰਤਾਨਵੀ ਸਾਮਰਾਜ ਅਧੀਨ ਹੋਰ ਬਸਤੀਆਂ ਉੱਪਰ ਲਾਗੂ ਨਹੀਂ ਹੋਵੇਗਾ। ਇਹ ਉਹਨਾਂ ਰਾਸ਼ਟਰਾਂ 'ਤੇ ਹੀ ਲਾਗੂ ਹੋਵੇਗਾ ਜਿਹਨਾਂ ਉੱਪਰ ਨਾਜ਼ੀਆਂ ਨੇ ਕਬਜ਼ਾ ਕੀਤਾ ਹੈ। 22 ਫਰਵਰੀ 1943 ਨੂੰ ਅਮਰੀਕੀ ਰਾਸ਼ਟਰਪਤੀ ਰੂਜ਼ਵੈਲਟ ਨੇ ਆਪਣੀਆਂ ਨਵਬਸਤੀਵਾਦੀ ਨੀਤੀਆਂ ਤਹਿਤ ਬਰਤਾਨੀਆਂ ਉੱਪਰ ਦਬਾਅ ਪਾਉਣ ਲਈ ਬਿਆਨ ਦਿੱਤਾ ਕਿ ਐਟਲਾਂਟਿਕ ਚਾਰਟਰ ਕੇਵਲ ਐਟਲਾਟਿਕ ਸਾਗਰ ਦੇ ਕੰਢੇ ਬਸਦੇ ਦੇਸ਼ਾਂ 'ਤੇ ਹੀ ਲਾਗੂ ਨਹੀਂ ਹੋਵੇਗੀ ਸਗੋਂ ਇਹ ਸਾਰੀ ਦੁਨੀਆਂ ਉੱਪਰ ਲਾਗੂ ਹੋਵੇਗਾ। ਉਸ ਵੇਲੇ ਅਮਰੀਕਾ ਵੱਲੋਂ ਬਰਤਾਨਵੀ ਸਾਮਰਾਜੀਆਂ ਉੱਪਰ ਗੁਪਤ ਦਬਾਅ ਪਾਉਣ ਦੇ ਤੱਥਾਂ ਦਾ ਬਾਅਦ 'ਚ ਰਾਜ ਸਕੱਤਰ ਸਮਨਰ ਵੇਲਜ਼ ਨੇ ਜੂਨ 1946 ਵਿੱਚ ਖੁਲਾਸਾ ਕੀਤਾ। ਉਸ ਵੇਲੇ ਜਦੋਂ ਜਾਪਾਨੀ ਖਤਰਾ ਬਹੁਤ ਵਧ ਗਿਆ ਸੀ ਅਤੇ ਭਾਰਤ 'ਚ ਬਹੁਤ ਬੇਚੈਨੀ ਫੈਲ ਰਹੀ ਸੀ ਤਾਂ ਰਾਸ਼ਟਰਪਤੀ ਰੂਜ਼ਵੈਲਟ ਨੇ ਪ੍ਰਧਾਨ ਮੰਤਰੀ ਚਰਚਿਲ ਨੂੰ ਕਿਹਾ ਕਿ ਭਾਰਤ ਨੂੰ ਸਵੈਧੀਨ ਕਰ ਦੇਣਾ ਚਾਹੀਦਾ ਹੈ।

ਭਾਰਤੀ ਰਾਸ਼ਟਰੀ ਅੰਦੋਲਨ ਦਾ ਪਲੜਾ ਜਿਸ ਤਰ੍ਹਾਂ ਭਾਰੀ ਹੁੰਦਾ ਜਾ ਰਿਹਾ ਸੀ ਤਾਂ ਉਸ ਦੀ ਹਮਾਇਤ ਬਰਤਾਨੀਆਂ ਦੇ ਪੱਕੇ ਦੋਸਤ ਵੀ ਕਰਨ ਲੱਗੇ ਸਨ। 8 ਮਾਰਚ ਨੂੰ ਜਾਪਾਨ ਦਾ ਰੰਗੂਨ ਉੱਪਰ ਕਬਜ਼ਾ ਹੋ ਗਿਆ। ਚਰਚਿਲ ਬਗੈਰਾ ਤੁਰੰਤ ਭਾਰਤੀਆਂ ਦੀਆਂ ਕੁੱਝ ਮੰਗਾਂ ਮੰਨਣ ਲਈ ਮਜ਼ਬੂਰ ਹੋ ਗਏ ਉਨ੍ਹਾਂ ਨੇ ਤੁਰੰਤ 11 ਮਾਰਚ 1942 ਨੂੰ ਤਿੰਨ ਮੈਂਬਰ ਕ੍ਰਿਪਸ ਮਿਸ਼ਨ ਭਾਰਤ ਭੇਜਣ ਦਾ ਐਲਾਨ ਕੀਤਾ । ਇਸ ਦਾ ਮੁਖੀ ਸਰਸਟੇਫਰਡ ਸੀ। ਕਾਂਗਰਸੀਆਂ ਨਾਲ ਬੈਠਕ 'ਚ ਮਿਸ਼ਨ ਨੇ ਪ੍ਰਸਤਾਵ ਰੱਖਿਆ ਕਿ ਮੌਜੂਦਾ ਸਾਰੇ ਮੈਂਬਰ ਅਸਤੀਫਾ ਦੇਣਗੇ ਫਿਰ ਕਾਂਗਰਸੀ ਅਤੇ ਦੂਸਰੇ ਪ੍ਰਤੀਨਿਧੀ ਸੰਗਠਨਾਂ ਦੇ ਨਾਮਜ਼ਦ ਮੈਂਬਰਾਂ ਦੀ ਨਵੀਂ ਕਾਰਜਕਾਰਨੀ

ਬਣਾਈ ਜਾਵੇਗੀ ਜਿਹੜੀ ਯੁੱਧ ਦੇ ਅੰਤ ਤੱਕ ਚਲੇਗੀ। ਯੁੱਧ ਦੀ ਸਮਾਪਤੀ ਤੋਂ ਬਾਅਦ ਬਰਤਾਨਵੀ ਸਰਕਾਰ ਭਾਰਤ ਨੂੰ ਸਵੈਧੀਨਤਾ ਦੇਣ ਦੇ ਸਵਾਲ 'ਤੇ ਵਿਚਾਰ ਕਰੇਗੀ। ਜਿਹੜੀ ਕਾਰਜਕਾਰਨੀ ਵਿੱਚ ਹੁਣ ਤੱਕ ਅੰਗਰੇਜ਼ਾਂ ਦਾ ਬਹੁੱਮਤ ਸੀ ਉਸਦੇ ਸਾਰੇ ਮੈਂਬਰ ਭਾਰਤੀ ਹੋਣਗੇ। ਬਰਤਾਨਵੀ ਅਫਸਰ ਕੌਂਸਲ ਦੇ ਸਕੱਤਰਾਂ ਦੇ ਰੂਪ 'ਚ ਰਹਿਣਗੇ। ਪ੍ਰਸਾਸ਼ਨ ਵਿਵਸਥਾ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਇਸ ਵਿੱਚ ਕੁੱਝ ਵੀ ਨਵਾਂ ਨਾ ਹੋਣ ਦੇ ਬਾਵਜੂਦ ਇਸ ਦੌਰਾਨ ਕਾਂਗਰਸ ਦੇ ਮੁੱਖ ਬੁਲਾਰੇ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਲਿਖਿਆ ਕਿ ਮੇਰੀ ਕੋਸ਼ਿਸ਼ ਸੀ ਕਿ ਪ੍ਰਸਤਾਵ ਨੂੰ ਇਸੇ ਰੂਪ 'ਚ ਸਵੀਕਾਰ ਕਰ ਸਕੀਏ। ਅਜਿਹੀ ਪ੍ਰਥਾ ਚਲਾ ਦਿੱਤੀ ਜਾਵੇ ਕਿ ਇਹ ਕੌਂਸਲ ਮੰਤਰੀ ਮੰਡਲ ਦੀ ਸ਼ਕਲ 'ਚ ਕੰਮ ਕਰੇ ਅਤੇ ਵਾਇਸਰਾਏ ਸੰਵਿਧਾਨਕ ਮੁਖੀ ਵਜੋਂ। ਜੇ ਅਸੀਂ ਇਸ ਨਾਲ ਸੁਤੰਸ਼ਟ ਹੋ ਜਾਈਏ, ਪ੍ਰਸਤਾਵ ਮੰਨ ਲਈਏ ਅਤੇ ਜੰਗ ਦੇ ਅਖੀਰ 'ਚ ਸਤਾ ਦੇ ਵਿਧੀਪੂਰਬਕ ਤਬਦੀਲੀ ਦੀ ਜਿੱਦ ਨਾ ਕਰੀਏ। ਪਰ ਕ੍ਰਿਪਸ ਮਿਸ਼ਨ ਦੀ ਯੋਜਨਾ ਭਾਰਤ ਨੂੰ ਟੁਕੜੇ ਟੁਕੜੇ ਕਰਨ ਦੀ ਸੀ ਜਿਸ ਕਰਕੇ ਗੱਲਬਾਤ ਟੁੱਟ ਗਈ।

ਯੁੱਧ ਦੀ ਹੋਰ ਸੰਗੀਨ ਹੋਈ ਹਾਲਤ ਸਮੇਂ ਗਾਂਧੀ ਸਮੇਤ ਰਾਸਟਰੀ ਨੇਤਾਵਾਂ ਨੂੰ ਧੁਰੀ ਰਾਸ਼ਟਰਾਂ ਦੀ ਜਿੱਤ ਹੁੰਦੀ ਦਿਖਾਈ ਦੇਣ ਲੱਗੀ। ਭਾਰਤ ਉੱਪਰ ਹਮਲੇ ਦਾ ਖਤਰਾ ਵਧ ਗਿਆ। ਭਾਰਤੀ ਬੁਰਜੂਆਜ਼ੀ ਨੂੰ ਆਪਣੇ ਕਾਰਖਾਨੇ ਤਬਾਹ ਹੁੰਦੇ ਪ੍ਰਤੀਤ ਹੋਏ ਜਿਹੜੇ ਜਾਪਾਨੀ ਹਮਲੇ ਨਾਲ ਜਾਂ ਅੰਗਰੇਜ਼ਾਂ ਵੱਲੋਂ ਪਿੱਛੇ ਹਟਦੇ ਸਮੇਂ ਕਾਰਖਾਨੇ, ਸੜਕਾਂ, ਰੇਲ ਪਟੜੀਆਂ ਅਤੇ ਟੈਲੀਫੋਨ ਦੀਆ ਤਾਰਾਂ ਨੂੰ ਨਕਾਰਾ ਕਰਨ ਨਾਲ ਤਬਾਹ ਹੋ ਜਾਣੇ ਸਨ ਅੰਗਰੇਜ਼ ਇਹ ਮੰਨ ਕੇ ਚੱਲ ਰਹੇ ਸਨ ਜਾਪਾਨੀ ਭਾਰਤ ਉੱਪਰ ਨਾ ਸਹੀ ਪਰ ਬੰਗਾਲ ਉੱਪਰ ਕਬਜ਼ੇ ਦਾ ਯਤਨ ਜ਼ਰੂਰ ਕਰਨਗੇ। ਗਾਂਧੀ ਨੇ ਸਪੱਸ਼ਟ ਕਿਹਾ ਕਿ ਕਾਰਖਾਨੇ ਜਾਪਾਨੀਆਂ ਦੇ ਹੱਥ ਆ ਗਏ ਤਾਂ ਵੀ ਭਾਰਤੀਆਂ ਦਾ ਨੁਕਸਾਨ ਨਹੀਂ ਹੋਵੇਗਾ। ਭਾਰਤੀ ਬੁਰਜੂਆਜ਼ੀ ਇਸ ਸਮੇਂ ਤਿੰਨ ਮੁਸ਼ਕਲਾਂ ਸਨ ਇੱਕ ਜੰਗ ਦੌਰਾਨ ਹੋਣ ਵਾਲੇ ਮੁਨਾਫੇ ਦੀ ਰੱਖਿਆ, ਦੂਜਾ ਉਨ੍ਹਾਂ ਦੇ ਕਲ-ਕਾਰਖਾਨਿਆਂ ਦੀ ਰੱਖਿਆ ਅਤੇ ਤੀਸਰਾ ਰਾਸ਼ਟਰੀ ਸਰਕਾਰ ਦੀ ਸਥਾਪਨਾ। ਇਸ ਵਰਗ ਦਾ ਬਹੁਤ ਛੋਟਾ ਹਿੱਸਾ ਜਾਪਾਨੀਆਂ ਨੂੰ ਆਪਣੇ ਮੁਕਤੀ ਦਾਤਾਵਾਂ ਵਜੋਂ ਕਿਆਸਦਾ ਸੀ। ਜਦੋਂ ਇਹ ਵਿਚਾਰ ਕੁਲ ਹਿੰਦ ਕਾਂਗਰਸ ਕਮੇਟੀ ਸਾਹਮਣੇ ਆਏ ਤਾਂ ਆਜ਼ਾਦ ਨੇ ਕਿਹਾ ਕਿ ਰਾਸ਼ਟਰੀ ਸਨਮਾਨ ਮੰਗ ਕਰਦਾ ਹੈ ਕਿ ਮਾਲਕਾਂ ਦੀ ਤਬਦੀਲੀ ਬਾਰੇ ਨਾ ਸੋਚੋ ਸਗੋਂ ਅੰਗਰੇਜ਼ਾਂ ਨਾਲ ਮੱਤਭੇਦ ਦੇ ਬਾਵਜੂਦ ਜਾਪਾਨੀ ਹਮਲਾਵਰਾਂ ਦਾ ਸਿੱਧਾ ਅਸਿੱਧਾ ਕਿਸੇ ਤਰ੍ਹਾਂ ਵੀ ਸਵਾਗਤ ਨਹੀਂ ਹੋਣਾ ਚਾਹੀਦਾ। ਭਾਰਤ ਦਾ ਸਾਸ਼ਨ ਆਪਣੇ ਹੱਥਾਂ 'ਚ ਲੈਣ ਬਾਰੇ ਵੀ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਵੀ ਇੱਕ ਮੱਤ ਨਹੀਂ ਸਨ। ਰਾਜਗੋਪਾਲਚਾਰੀ ਨੇ ਸ਼ਰ੍ਹੇਆਮ ਕਿਹਾ ਕਿ ਕਾਂਗਰਸ ਅਤੇ ਮੁਸਲਿਮ ਲੀਗ ਦੇ ਮੱਤਭੇਦਾਂ ਕਾਰਨ ਰਾਸ਼ਟਰੀ ਸਰਕਾਰ ਨਹੀਂ ਬਣ ਰਹੀ। ਲੀਗ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਉਸਨੇ ਮਦਰਾਸ ਵਿਧਾਨ ਸਭਾ 'ਚ ਪਾਸ ਕਰਵਾਏ ਉਸ ਮਤੇ ਦੇ ਰਸਤੇ ਅੱਗੇ ਵਧਣ ਲਈ ਆਖਿਆ ਜਿਸ ਅਨੁਸਾਰ ਮੁਸਲਿਮ ਲੀਗ ਦੀ ਜਿੱਦ ਮੁਤਾਬਕ ਸੰਯੁਕਤ ਭਾਰਤ ਦੇ ਖੇਤਰਾਂ ਨੂੰ ਉੱਥੋਂ ਦੇ ਲੋਕਾਂ ਦੀ ਇੱਛਾ ਅਨੁਸਾਰ ਅਲੱਗ ਹੋ ਜਾਣ ਦਾ ਅਧਿਕਾਰ ਦੇ ਦੇਣਾ ਚਾਹੀਦਾ ਹੈ। ਰਾਸ਼ਟਰੀ ਸਰਮਾਏਦਾਰੀ ਦਾ ਵੱਡਾ ਹਿੱਸਾ ਇਸ ਨੂੰ ਪ੍ਰਵਾਨ ਕਰਨ ਲਈ ਤਿਆਰ ਨਾ ਹੋਇਆ ਅਤੇ ਰਾਜਗੋਪਾਲਚਾਰੀ ਨੇ ਅਸਤੀਫਾ ਦੇ ਦਿੱਤਾ।

ਆਜ਼ਾਦ ਦੀ ਰਾਸ਼ਟਰੀ ਸਰਕਾਰ ਬਣਾਉਣ ਦੀ ਇੱਕ ਤਜ਼ਵੀਜ ਇਹ ਵੀ ਸੀ ਕਿ ਜਾਪਾਨੀ ਹਮਲੇ ਦੇ ਸਾਹਮਣੇ ਜਦੋਂ ਬਰਤਾਨਵੀ ਪਿੱਛੇ ਹਟਣਗੇ ਤਾਂ ਰਾਸ਼ਟਰੀ ਸਰਕਾਰ ਬਣਾ ਕੇ ਜਾਪਾਨੀਆਂ ਦਾ ਮੁਕਾਬਲਾ ਕੀਤਾ ਜਾਵੇ। ਉਸਨੇ ਜਾਪਾਨੀਆਂ ਦੇ ਮੁਕਾਬਲੇ ਲਈ ਜਨਤਕ ਟਾਕਰੇ ਦੇ ਸੰਗਠਨਾਂ ਲਈ ਪ੍ਰਚਾਰ ਦਾ ਆਦੇਸ਼ ਦਿੱਤਾ (ਜਿਸਨੂੰ ਗਾਂਧੀ ਹਿੰਸਾ ਸਮਝਦਾ ਸੀ ਅਤੇ ਜਿਹੜੇ ਪਹਿਲਾਂ ਹੀ ਕਮਿਊਨਿਸਟਾਂ ਵੱਲੋਂ ਤਿਆਰ ਕੀਤੇ ਜਾ ਰਹੇ ਸਨ।) 5 ਜੁਲਾਈ ਦੀ ਮੀਟਿੰਗ ਵਿੱਚ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਕਾਂਗਰਸ ਮੰਗ ਕਰੇ ਕਿ 'ਅੰਗਰੇਜ਼ੋ ਭਾਰਤ ਛੱਡੋ'। ਉਹਨਾਂ ਦਾ ਕਿਹਾ ਸੀ ਕਿ ਜਾਪਾਨੀ ਫੌਜਾਂ ਭਾਰਤ ਦੀਆਂ ਬਰੂਹਾਂ ਉੱਪਰ ਆਉਣ ਨਾਲ ਹਮਲੇ ਦਾ ਖਤਰਾ ਹੈ, ਅੰਗਰੇਜ਼ ਸੰਕਟ 'ਚ ਹਨ ਜੇ ਅਸੀਂ ਵੱਡੇ ਅੰਦੋਲਨ ਦੀ ਗੱਲ ਕਰੀਏ ਤਾਂ ਬਰਤਾਨਵੀ ਹਾਕਮਾਂ 'ਤੇ ਦਬਾਅ ਪਵੇਗਾ ਤਾਂ ਕਿਸੇ ਸਮਝੌਤੇ ਰਾਹੀ ਰਾਸ਼ਟਰੀ ਸਰਕਾਰ ਬਣਾਈ ਜਾ ਸਕਦੀ ਹੈ। ਜਦੋਂ ਰਾਸ਼ਟਰੀ ਸਰਕਾਰ ਬਣ ਗਈ ਤਾਂ ਜਾਪਾਨੀ ਹਮਲਾ ਨਹੀਂ ਕਰਨਗੇ। ਗਾਂਧੀ ਮੁਤਾਬਕ ਜਾਪਾਨੀ ਭਾਰਤੀਆਂ ਦੇ ਨਹੀਂ ਸਗੋਂ ਅੰਗਰੇਜ਼ਾਂ ਦੇ ਦੁਸ਼ਮਣਾਂ ਦੇ ਰੂਪ 'ਚ ਆਉਣਗੇ। ਅਜਿਹਾ ਹੀ ਵਿਚਾਰ ਪਟੇਲ ਦਾ ਵੀ ਸੀ। ਹਾਲਾਂਕਿ ਜਾਪਾਨ ਦੁਆਰਾ ਚੀਨ ਉੱਪਰ ਕਬਜ਼ਾ ਕਰਨ ਲਈ ਕੀਤਾ ਗਿਆ ਹਮਲਾ ਇਸ ਸਮਝ ਦਾ ਜਲੂਸ ਕੱਢ ਰਿਹਾ ਸੀ। ਆਜ਼ਾਦ ਤੇ ਜਵਾਹਰ ਲਾਲ ਨਹਿਰੂ ਨੂੰ ਛੱਡ ਕੇ (ਉਹਨਾਂ ਨੂੰ ਇਹ ਸਕੀਮ ਅਮਲਯੋਗ ਨਹੀਂ ਲੱਗਦੀ ਸੀ) ਬਾਕੀ ਸਾਰੇ ਇਸ ਨਾਲ ਸਹਿਮਤ ਹੋ ਗਏ। ਆਜ਼ਾਦ ਦਾ ਖਿਆਲ ਸੀ ਸ਼ਾਸਕ ਝੁਕਣਗੇ ਨਹੀਂ ਸਗੋਂ ਆਗੂਆਂ ਨੂੰ ਗ੍ਰਿਫ਼ਤਾਰ ਕਰ ਲੈਣਗੇ। ਅਜਿਹੀ ਹਾਲਤ 'ਚ ਜੰਤਾ ਆਪ ਮੁਹਾਰੇ ਹਿੰਸਾ 'ਤੇ ਉੱਤਰ ਆਵੇਗੀ। 7 ਜੁਲਾਈ ਤੱਕ ਇਸ ਸਬੰਧੀ ਚੱਲੀ ਬਹਿਸ ਤੋਂ ਬਾਅਦ 14 ਜੁਲਾਈ ਨੂੰ ਇਹ ਮਤਾ ਪਾਸ ਹੋ ਗਿਆ। ਸਰਕਾਰ ਅਤੇ ਜਨਤਾ ਦੇ ਨਾਮ ਮੰਗ ਕੀਤੀ ਗਈ ਕਿ ਬਰਤਾਨਵੀ ਹਕੂਮਤ ਭਾਰਤ ਛੱਡ ਕੇ ਚਲੀ ਜਾਵੇ ਅਤੇ ਭਾਰਤ ਨੂੰ ਭਾਰਤੀਆਂ ਹੱਥ ਛੱਡ ਦੇਵੇ। ਵਰਕਿੰਗ ਕਮੇਟੀ ਨੇ ਫੈਸਲਾ ਕੀਤਾ ਕਿ ਸਰਕਾਰ ਦੇ ਪ੍ਰਤੀਕਰਮ ਦੀ ਕੁੱਝ ਦਿਨ ਉਡੀਕ ਕੀਤੀ ਜਾਵੇ। ਅੰਦੋਲਨ ਗਾਂਧੀ ਦੀ ਅਗਵਾਈ ਵਿੱਚ ਚਲਾਇਆ ਜਾਵੇਗਾ। 15 ਜੁਲਾਈ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਗਾਧੀ ਨੇ ਕਿਹਾ ਕਿ ਜੇ ਅੰਦੋਲਨ ਹੋਇਆ ਤਾਂ ਬਰਤਾਨਵੀ ਹਕੂਮਤ ਖਿਲਾਫ਼ ਅਹਿੰਸਕ ਕਰਾਂਤੀ ਹੋਵੇਗੀ। 14 ਜੁਲਾਈ ਨੂੰ ਕਾਂਗਰਸੀਆਂ ਨੇ ਮਿਸ ਸਲੇਡ ਨੂੰ ਵਾਇਸਰਾਏ ਨੂੰ ਇਸ ਤੋਂ ਜਾਣੂ ਕਰਵਾਉਣ ਲਈ ਭੇਜਿਆ ਪਰ ਵਾਇਸਰਾਏ ਨੇ ਕੋਈ ਧਿਆਨ ਨਾ ਦਿੱਤਾ। ਵਾਇਸਰਾਏ ਨੇ ਕਿਹਾ ਕਿ ਯੁੱਧ ਦੌਰਾਨ ਹਿੰਸਾ ਬਰਦਾਸ਼ਤ ਨਹੀ ਕੀਤੀ ਜਾਵੇਗੀ। 5 ਅਗਸਤ ਤੱਕ ਦੇਸ਼ ਦੇ ਵੱਖ ਵੱਖ ਹਿੱਸਿਆਂ ਦੇ ਕਾਂਗਰਸੀ ਨੇਤਾਵਾਂ ਨੂੰ ਬੈਠਕਾਂ ਕਰ ਕੇ ਅੰਦੋਲਨ ਦਾ ਰੂਪ ਸਮਝਾਇਆ ਗਿਆ।

ਜੇ ਸਰਕਾਰ ਮੰਨ ਜਾਦੀ ਹੈ ਜਾਂ ਘੱਟੋ ਘੱਟ ਸਾਨੂੰ ਕੰਮ ਕਰਨ ਦਿੰਦੀ ਹੈ ਤਾਂ ਅੰਦੋਲਨ ਬਿਲਕੁਲ ਗਾਂਧੀ ਦੇ ਆਦੇਸ਼ਾਂ ਮੁਤਾਬਕ ਚਲੇਗਾ। ਜੇ ਸਰਕਾਰ ਗਾਂਧੀ ਅਤੇ ਦੂਸਰੇ ਨੇਤਾਵਾਂ ਨੂੰ ਗ੍ਰਿਫਤਾਰ ਕਰ ਲੈਂਦੀ ਹੈ ਤਾਂ ਸਰਕਾਰ ਦੀ ਹਰ ਹਿੰਸਾ ਦਾ ਮੁਕਾਬਲਾ ਕਰਨ ਲਈ ਹਰ ਸੰਭਵ ਉਪਾਏ ਨਾਲ ਲੋਕਾਂ ਨੂੰ ਅਹਿੰਸਕ ਜਾਂ ਹਿੰਸਕ ਕਿਸੇ ਵੀ ਢੰਗ ਨਾਲ ਮੁਕਾਬਲਾ ਕਰਨ ਦੀ ਖੁੱਲ ਹੋਵੇਗੀ। ਪਰ ਅਜਿਹੇ ਮੌਕੇ ਨੇਤਾਵਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਨਿਕਲਣ ਵਾਲੇ ਸਾਰੇ ਸਿੱਟਿਆਂ ਦੀ ਪੂਰੀ ਜ਼ੁੰਮੇਵਾਰੀ ਸਰਕਾਰ ਦੀ ਹੋਵੇਗੀ। ਪਰ ਗ੍ਰਿਫਤਾਰੀਆਂ ਤੋਂ ਬਾਅਦ ਕਾਂਗਰਸੀ ਆਗੂਆਂ ਨੇ ਜਨਤਾ ਦੀ ਅਗਵਾਈ ਕਰਨ ਦਾ ਕੋਈ ਵੀ ਠੋਸ ਜਥੇਬੰਦ ਪ੍ਰੋਗਰਾਮ ਨਹੀਂ ਦਿੱਤਾ।

ਪ੍ਰਸਤਾਵ ਦਾ ਪਹਿਲਾਂ ਭਾਗ ਕਹਿੰਦਾ ਹੈ ਕਿ ਭਾਰਤ ਦੀ ਭਲਾਈ ਮਿੱਤਰ ਰਾਸ਼ਟਰਾਂ ਦੇ ਪੱਖ ਦੀ ਸਫਲਤਾ ਹੈ। ਭਾਰਤ 'ਚ ਬਰਤਾਨਵੀ ਹਕੂਮਤ ਦਾ ਖਾਤਮਾ ਨਿਹਾਇਤ ਜ਼ਰੂਰੀ ਹੈ। ਭਾਰਤ ਅਤੇ ਮਿੱਤਰ ਰਾਸ਼ਟਰਾਂ ਵਿਚਕਾਰ ਹੋਣ ਵਾਲੇ ਸਾਰੇ ਸਬੰਧ ਪ੍ਰਤੀਨਿਧੀਆਂ ਦੁਆਰਾ ਤਹਿ ਕੀਤੇ ਜਾਣਗੇ। ਕਮੇਟੀ ਨੂੰ ਫਿਕਰ ਹੈ ਕਿ ਚੀਨ ਜਾਂ ਰੂਸ ਦੀ ਆਜ਼ਾਦੀ ਤੇ ਲਾਜ਼ਮੀ ਸੁਰੱਖਿਆ ਵਿਵਸਥਾ ਵਿੱਚ ਕੋਈ ਅੜਿੱਕਾ ਨਾ ਖੜਾ ਕੀਤਾ ਜਾਵੇ। ਮਿੱਤਰ ਰਾਸ਼ਟਰਾਂ ਦੀ ਸੁਰੱਖਿਆ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ।

... .. .. ਅੰਤ 'ਚ ਕਮੇਟੀ ਐਲਾਨ ਕਰਦੀ ਹੈ ਕਿ ਆਜ਼ਾਦੀ ਅਤੇ ਖੁਦਮੁਖਤਿਆਰੀ ਦੇ ਉੱਚ ਅਧਿਕਾਰ ਦੀ ਰਾਖੀ ਲਈ ਵੱਡੀ ਪੱਧਰ 'ਤੇ ਅਹਿੰਸਕ ਅੰਦੋਲਨ ਚਲਾਇਆ ਜਾਵੇ ਤਾਂ ਕਿ ਸਾਰੇ ਦੇਸ਼ ਦੀ ਅਹਿੰਸਕ ਸ਼ਕਤੀ ਦੀ ਵਰਤੋਂ ਕੀਤੀ ਜਾ ਸਕੇ ਜਿਹੜੀ ਅਮਨ ਮਈ ਢੰਗ ਨਾਲ ਸੰਘਰਸ਼ ਕਰਨ ਵਾਸਤੇ ਉਹਨੇ ਪਿਛਲੇ 22 ਸਾਲ ਦੀ ਜਮਾਂ ਕੀਤੀ ਹੋਈ ਹੈ। ਇਹ ਵਿਸ਼ਾਲ ਸੰਘਰਸ਼ ਗਾਂਧੀ ਦੀ ਅਗਵਾਈ ਹੇਠ ਚਲੇਗਾ ਕਮੇਟੀ ਦੀ ਗਾਂਧੀ ਨੂੰ ਅਪੀਲ ਹੈ ਕਿ ਜੋ ਕਦਮ ਜ਼ਰੂਰੀ ਹਨ ਉਹ ਅਪਣਾਉਣ ਅਤੇ ਰਾਸ਼ਟਰ ਦੀ ਅਗਵਾਈ ਕਰਨ।

ਇਸ ਮੌਕੇ ਘੱਟ ਗਿਣਤੀ ਮੈਂਬਰਾਂ ਦਾ ਸਾਂਝੇ ਮੋਰਚੇ ਦੇ ਆਧਾਰ 'ਤੇ ਸਾਰੇ ਹਿੱਸਿਆਂ ਨੂੰ ਲੈ ਕੇ ਇੱਕ ਸਮਝੌਤੇ ਲਈ ਸਰਕਾਰ ਉੱਪਰ ਦਬਾ ਪਾਉਣ, ਰਾਸ਼ਟਰੀ ਸਰਕਾਰ ਬਣਾਉਣ ਦੀ ਪੁਰਜ਼ੋਰ ਮੰਗ ਅਤੇ ਰਾਸ਼ਟਰੀ ਅੰਦੋਲਨ ਦੌਰਾਨ ਜਨਤਾ ਨੂੰ ਲਾਮਬੰਦ ਕਰਨ ਦੀ ਮੰਗ ਕਰਦਾ ਪ੍ਰਸਤਾਵ ਠੁਕਰਾ ਦਿੱਤਾ ਗਿਆ।

9 ਅਗਸਤ ਨੂੰ ਕਾਂਗਰਸ ਵਰਕਿੰਗ ਕਮੇਟੀ ਦੇ ਸਾਰੇ ਮੈਂਬਰ ਅਤੇ ਅਨੇਕਾਂ ਕਾਂਗਰਸੀ ਨੇਤਾ ਗ੍ਰਿਫਤਾਰ ਕਰ ਲਏ ਗਏ। ਕਾਂਗਰਸ ਗੈਰਕਾਨੂੰਨੀ ਐਲਾਨ ਦਿੱਤੀ ਗਈ। ਸਿੱਟੇ ਵਜੋਂ ਲੋਕਾਂ ਨੇ ਆਪ ਮੁਹਾਰੇ ਗੁੱਸੇ ਵਿੱਚ ਆਕੇ ਰੇਲ ਪਟੜੀਆਂ ਤੇ ਸੜਕਾਂ ਪੱਟ ਦਿੱਤੀਆਂ, ਟੈਲੀਫੋਨ ਦੀਆਂ ਤਾਰਾਂ ਕੱਟ ਦਿੱਤੀਆਂ, ਸਰਕਾਰੀ ਇਮਾਰਤਾਂ, ਥਾਣੇ, ਡਾਕਘਰਾਂ ਅੱਗਾਂ ਲਾਈਆਂ ਅਤੇ ਜੋ ਵੀ ਸਰਕਾਰੀ ਦਿਸਦਾ ਨੂੰ ਨਸ਼ਟ ਕਰਨ ਦਾ ਯਤਨ ਕੀਤਾ। ਬਰਤਾਨਵੀ ਸਾਮਰਾਜੀਆਂ ਵਿਰੁੱਧ ਭਾਰਤੀ ਲੋਕਾਂ ਦੀ ਬਗਾਵਤ ਦੀ ਜਿੰਨੀ ਦਾਦ ਦਿੱਤੀ ਜਾ ਸਕੇ ਘੱਟ ਹੈ। ਸਰਕਾਰ ਵੱਲੋਂ ਵੱਡੀ ਪੱਧਰ 'ਤੇ ਗ੍ਰਿਫਤਾਰੀਆਂ ਕੀਤੀਆਂ ਗਈਆਂ ਅਤੇ ਸਾਰੇ ਦੇਸ਼ 'ਚ ਭਾਰਤੀ ਸੁਰੱਖਿਆ ਕਾਨੂੰਨ ਲਾਗੂ ਕਰ ਦਿੱਤਾ ਜਿਸ ਅਧੀਨ ਦੇਖਦਿਆਂ ਗੋਲੀ ਮਾਰਨ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਲਗਭਗ ਸਾਰੀਆਂ ਯੂਨੀਵਰਸਿਟੀਆਂ ਬੰਦ ਕਰ ਦਿੱਤੀਆਂ।

ਪਰ 'ਅੰਗਰੇਜ਼ੋ ਭਾਰਤ ਛੱਡੋ' ਦੇ ਡਿਕਟੇਟਰ ਗਾਂਧੀ ਦਾ ਅੰਦੋਲਨ ਨੂੰ ਸ਼ੁਰੂ ਕਰਨ ਅਤੇ ਚਲਾਉਣ ਦਾ ਕੋਈ ਪ੍ਰੋਗਰਾਮ ਨਹੀ ਸੀ। ਓਹ ਪਹਿਲਾਂ ਰੂਜਵੈਲਟ ਅਤੇ ਚਿਆਂਗ ਕਾਈ ਸ਼ੇਕ ਨੂੰ ਪੱਤਰ ਲਿਖਣ ਵਾਲਾ ਸੀ, ਸਰਕਾਰ ਨੂੰ ਤਿੰਨ ਮਹੀਨੇ ਦਾ ਸਮਾਂ ਦੇਣ ਵਾਲਾ ਸੀ। ਜਿਹੜਾ ਸਰਕੂਲਰ ਤਿਆਰ ਕਰਕੇ ਕਾਂਗਰਸ ਕਮੇਟੀਆਂ ਕੋਲ ਭੇਜਿਆ ਜਾ ਰਿਹਾ ਸੀ ਉਸਦਾ ਵਿਸ਼ਾ ਇਹ ਸੀ ਕਿ, "ਜਦੋਂ ਤੱਕ ਗਾਂਧੀ ਤਹਿ ਨਾ ਕਰਨ ਉਦੋਂ ਤੱਕ ਅੰਦੋਲਨ ਸ਼ੁਰੂ ਨਾ ਕੀਤਾ ਜਾਵੇ। ਨਾ ਹੀ ਕੋਈ ਹੋਰ ਕੰਮ ਕੀਤਾ ਜਾਵੇ। ਹੋ ਸਕਦਾ ਹੈ ਗਾਂਧੀ ਜੀ ਕਿਸੇ ਹੋਰ ਢੰਗ ਨਾਲ ਤਹਿ ਕਰਨ, ਫਿਰ ਆਪ ਅਣਚਾਹੀ ਗਲਤੀ ਲਈ ਜ਼ੁੰਮੇਵਾਰ ਹੋਵੋਂਗੇ। ਤਿਆਰ ਹੋ ਜਾਓ, ਤੁਰੰਤ ਜਥੇਬੰਦ ਹੋ ਜਾਓ, ਹੁਸ਼ਿਆਰ ਹੋ ਜਾਓ ਪਰ ਆਪਣੇ ਆਪ ਕੋਈ ਕੰਮ ਨਾ ਕਰੋ। ਸਰਕੂਲਰ ਪੂਰਾ ਲਿਖੇ ਜਾਣ ਤੋਂ ਪਹਿਲਾਂ ਹੀ ਗਾਂਧੀ ਗ੍ਰਿਫਤਾਰ ਹੋ ਗਿਆ। 15 ਜੁਲਾਈ 1943 ਨੂੰ ਗਾਂਧੀ ਨੇ ਗ੍ਰਹਿ ਵਿਭਾਗ ਨੂੰ ਲਿਖੇ ਆਪਣੇ ਖਤ ਵਿੱਚ ਇਸਦਾ ਹਵਾਲਾ ਦਿੱਤਾ ਹੈ ਕਿ ਕਾਂਗਰਸ ਨੇ ਕੋਈ ਅੰਦੋਲਨ ਨਹੀਂ ਸ਼ੁਰੂ ਕੀਤਾ। ਜਵਾਹਰ ਲਾਲ ਨਹਿਰੂ, ਪਟੇਲ ਅਤੇ ਗੋਬਿੰਦ ਬਲਭ ਪੰਤ ਨੇ 21 ਦਸੰਬਰ 1945 ਦੇ ਸਾਂਝੇ ਬਿਆਨ 'ਚ ਕਿਹਾ ਕਿ ਕੋਈ ਵੀ ਅੰਦੋਲਨ ਆਲ ਇੰਡੀਆਂ ਕਾਂਗਰਸ ਕਮੇਟੀ ਜਾਂ ਗਾਂਧੀ ਜੀ ਵੱਲੋਂ ਸ਼ੁਰੂ ਨਹੀਂ ਕੀਤਾ ਗਿਆ। ਗਾਂਧੀ ਨੇ 23 ਸਤੰਬਰ 1942 ਨੂੰ ਵਾਇਸਰਾਏ ਨੂੰ ਲਿਖਿਆ ਕਿ ਕਾਂਗਰਸ ਦੀਆਂ ਇੱਕਤਰਫੀ ਗ੍ਰਿਫਤਾਰੀਆਂ ਨੇ ਜਨਤਾ ਨੂੰ ਪਾਗਲ ਬਣਾ ਦਿੱਤਾ, ਉਹ ਆਪਣੇ ਆਪ ਨੂੰ ਕਾਬੂ 'ਚ ਨਾ ਰੱਖ ਸਕੇ। ਜਿਹੜੀ ਤੋੜ ਫੋੜ ਹੋਈ ਹੈ ਉਸ ਲਈ ਸਰਕਾਰ ਜ਼ੁੰਮੇਵਾਰ ਹੈ ਕਾਂਗਰਸ ਨਹੀਂ।

ਬਾਅਦ 'ਚ ਅਗਸਤ 1942 ਦੀਆਂ ਇਹਨਾਂ ਘਟਨਾਵਾਂ ਨੂੰ ਕਾਂਗਰਸੀਆਂ ਨੇ ਅਗਸਤ ਕਰਾਂਤੀ ਦਾ ਨਾਮ ਦਿੱਤਾ। ਉਹਨਾਂ ਦੇ ਅਹਿੰਸਾ ਦੇ ਸਿਧਾਂਤ ਦੇ ਉਲਟ ਹਿੰਸਾਂ ਦੀਆਂ ਆਮ ਘਟਨਾਵਾਂ, ਆਪਮੁਹਾਰਤਾ ਤੇ ਹਿੰਸਾ ਨੂੰ ਕਾਂਗਰਸੀ ਕਾਰਵਾਈ ਕਿਹਾ। ਅਗਸਤ ਪ੍ਰਸਤਾਵ ਦੇ ਬਿਲਕੁਲ ਉਲਟ ਮਿੱਤਰ ਰਾਸ਼ਟਰਾਂ ਦੇ ਖਿਲਾਫ ਅਤੇ ਜਾਪਾਨੀ ਫਾਸ਼ੀਵਾਦੀਆਂ ਤੇ ਸੁਭਾਸ਼ ਦੀ ਪ੍ਰਸੰਸਾ ਦੇ ਪ੍ਰਚਾਰ ਨੂੰ ਕਾਂਗਰਸੀ ਪ੍ਰਚਾਰ ਕਿਹਾ। ਉਹਨਾਂ ਇੱਥੋਂ ਤੱਕ ਕਹਿ ਦਿੱਤਾ ਕਿ ਜਿਸ ਨੇ ਇਸ ਅੰਦੋਲਨ 'ਚ ਹਿੱਸਾ ਨਹੀਂ ਲਿਆ ਉਸਨੇ ਕਾਂਗਰਸ ਦਾ ਅਨੁਸਾਸ਼ਨ ਭੰਗ ਕੀਤਾ ਹੈ। ਦੇਸ਼ ਨਾਲ ਧ੍ਰੋਹ ਕੀਤਾ ਹੈ। ਜੇ ਇਸ ਤਰ੍ਹਾਂ ਦੇਸ਼ ਧ੍ਰੋਹ ਹੈ ਤਾਂ ਸਭ ਤੋਂ ਵੱਡੇ ਦੇਸ਼ ਧ੍ਰੋਹੀ ਉਹ ਕਾਂਗਰਸੀ ਆਗੂ ਸਨ ਜਿਹੜੇ ਲਿਖਤੀ ਇਹ ਬਿਆਨ ਜਾਰੀ ਕਰਦੇ ਰਹੇ ਕਿ ਇਹ ਕਾਂਗਰਸੀ ਅੰਦੋਲਨ ਨਹੀਂ ਹੈ।

6 ਮਈ 1944 ਨੂੰ ਗਾਂਧੀ ਨੇ ਰਿਹਾ ਹੋਣ ਵੇਲੇ ਕਿਹਾ ਕਿ ਸੰਪੂਰਨ ਸੱਤਿਆਗ੍ਰਹਿ ਆਪਣੇ ਆਪ ਰੱਦ ਹੋ ਜਾਂਦਾ ਹੈ ਕਿਉਂਕਿ ਹੁਣ 1942 ਵਾਲੇ ਹਾਲਾਤ ਨਹੀਂ ਹਨ ਅਤੇ ਗੱਲਬਾਤ ਦਾ ਦੌਰ ਦੁਆਰਾ ਆਰੰਭ ਹੋ ਗਿਆ। ਇਹ ਸੀ ਕਾਂਗਰਸ ਦੁਆਰਾ ਚਲਾਏ ਗਏ ਭਾਰਤ ਛੱਡੋ ਅੰਦੋਲਨ ਦੀ ਅਸਲੀਅਤ ਜਿਸਨੂੰ ਸਰਕਾਰੀ ਇਤਿਹਾਸਕਾਰ ਛੁਪਾ ਰਹੇ ਹਨ। ਇਸ ਤੋਂ ਇਲਾਵਾ ਆਪਣੇ ਆਪ ਨੂੰ ਦੇਸ਼ ਭਗਤ ਕਹਾਉਣ ਦਾ ਸ਼ੋਰ-ਸ਼ਰਾਬਾ ਕਰਨ ਵਾਲੇ ਸੰਘੀਆਂ ਨੇ ਵੀ ਕਾਂਗਰਸ ਵੱਲੋਂ 1942 'ਚ ਰਾਜ ਸਰਕਾਰਾਂ ਚੋਂ ਅਸਤੀਫੇ ਦੇਣ ਸਮੇਂ ਮੁਸਲਮ ਲੀਗ ਨਾਲ ਮਿਲਕੇ ਸਰਕਾਰਾਂ ਬਣਾਈਆਂ, ਲੋਕਾਂ ਵੱਲੋਂ ਬਰਤਾਨਵੀ ਬਸਤੀਵਾਦੀਆਂ ਵਿਰੁੱਧ ਕੀਤੀ ਬਗਾਵਤ ਦੇ ਆਗੂਆਂ ਦੀ ਮੁਖਬਰੀ ਕਰਕੇ ਅਤੇ ਲੋਕਾਂ ਵਿੱਚ ਫ਼ਿਰਕੂ ਵੰਡੀਆਂ ਪਾਕੇ ਆਪਣੀ "ਦੇਸ਼ ਭਗਤੀ" ਨੂੰ ਚਾਰ ਚੰਨ ਲਾਏ।

# ਅਜਮੇਰ ਸਿੰਘ ਔਲਖ ਨੂੰ ਦਿੱਤੀ ਸ਼ਰਧਾਂਜਲੀ



ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ (ਪ.ਸ.ਸ.ਵ. ਮੰਚ), ਸਰੀ, ਬੀ.ਸੀ. ਪ੍ਰਗਤੀਸ਼ੀਲ ਪੰਜਾਬੀ ਨਾਟਕ ਤੇ ਪੇਂਡੂ ਰੰਗ-ਮੰਚ ਲਈ ਪ੍ਰਤੀਬੱਧ ਪ੍ਰੋਡਿਊਸਰ, ਨਿਰਦੇਸ਼ਕ ਅਤੇ ਸਮਰੱਥ ਲੋਕ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦੀ ਜੂਨ 2017 ਵਿਚ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਕਈ ਸਾਲ ਜੂਝਦਿਆਂ ਹੋਈ ਮੌਤ 'ਤੇ ਡੂੰਘੇ ਦੁੱਖ ਅਤੇ ਸੋਗ ਦਾ ਇਜ਼ਹਾਰ ਕਰਦਾ ਹੈ। ਪ੍ਰੋ. ਔਲਖ 1965 ਤੋਂ 2000 ਤੱਕ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਚ ਪੰਜਾਬੀ ਦੇ ਲੈਕਚਰਾਰ ਰਹੇ। 1976 ਵਿਚ ਸਥਾਪਤ ਕੀਤੇ ਲੋਕ ਕਲਾ ਮੰਚ ਦੇ ਉਹ ਬਾਨੀ ਸਨ। ਆਪਣੀ ਉਮਰ ਦੇ ਪੰਜਾਹ ਸਾਲ ਉਨ੍ਹਾਂ ਨੇ ਪੰਜਾਬ ਦੀ ਥੁੜੀ-ਟੁੱਟੀ, ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਠੇਠ ਮਲਵਈ ਪੇਂਡੂ ਮੁਹਾਵਰੇ ਵਿਚ ਲਿਖੇ ਆਪਣੇ ਨਾਟਕਾਂ ਰਾਹੀਂ ਰੰਗ ਮੰਚਣ ਦੇ ਲੇਖੇ ਲਾਏ। ਉਨ੍ਹਾਂ ਦਾ ਸਮੁੱਚਾ ਪਰਿਵਾਰ, ਪਤਨੀ ਮਨਜੀਤ ਕੌਰ ਅਤੇ ਤਿੰਨੇ ਧੀਆਂ ਸੁਪਨਦੀਪ, ਅਜਮੀਤ ਤੇ ਸੁਹਜਦੀਪ ਆਪਣੀ ਅਦਾਕਾਰੀ ਅਤੇ ਰੰਗ-ਮੰਚ ਦੀਆਂ ਬਹੁਪੱਖੀ ਸਰਗਰਮੀਆਂ ਸਮੇਤ ਪੰਜਾਬੀ ਰੰਗ-ਮੰਚ ਨਾਲ ਪੂਰੀ ਪ੍ਰਤੀਬੱਧਤਾ ਨਾਲ ਜੁੜੇ ਹੋਏ ਹਨ।

ਪ੍ਰੋ. ਔਲਖ ਨੇ ਤਿੰਨ ਦਰਜਨ ਤੋਂ ਵੱਧ ਨਾਟਕ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। 'ਸੱਤ ਬਿਗਾਨੇ', 'ਕਿਹਰ ਸਿੰਘ ਦੀ ਮੌਤ', 'ਸਲਵਾਨ', 'ਇਕ ਸੀ ਦਰਿਆ', 'ਭੱਜੀਆਂ ਬਾਹਾਂ', 'ਨਿਊਂ ਜੜ੍ਹ', 'ਅਰਬਦ ਨਰਬਦ ਧੁੰਦੂਕਾਰਾ', 'ਬਿਗਾਨੇ ਬੋਹੜ ਦੀ ਛਾਂ, 'ਇਕ ਰਮਾਇਣ ਹੋਰ', 'ਅੰਨ੍ਹੇ ਨਿਸ਼ਾਨਚੀ', 'ਤੂੜੀ ਵਾਲਾ ਕੋਠਾ', 'ਆਪਣਾ-ਆਪਣਾ ਹਿੱਸਾ' ਅਤੇ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਵਰਗੇ ਬਹੁ-ਚਰਚਿਤ ਨਾਟਕ ਉਨ੍ਹਾਂ ਦੁਆਰਾ ਅਤੇ ਹੋਰ ਨਾਟਕ ਟੀਮਾਂ ਵਲੋਂ ਪੰਜਾਬ ਦੇ ਅਨੇਕਾਂ ਪਿੰਡਾਂ, ਸ਼ਹਿਰਾਂ ਤੋਂ ਲੈ ਕੇ ਪੰਜਾਬ ਤੋਂ ਬਾਹਰਲੇ ਸੂਬਿਆਂ ਅਤੇ ਕੈਨੇਡਾ, ਅਮਰੀਕਾ ਵਿਚ ਭਾਰੀ ਸਫ਼ਲਤਾ ਨਾਲ ਮੰਚਿਤ ਕੀਤੇ ਜਾ ਚੁੱਕੇ ਹਨ।

ਪ੍ਰੋ. ਔਲਖ ਨੂੰ ਭਾਰਤੀ ਸਾਹਿਤ ਅਕੈਡਮੀ ਐਵਾਰਡ, ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਐਵਾਰਡ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਨਾਟਕਕਾਰ ਐਵਾਰਡ, ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਐਵਾਰਡ ਆਦਿ ਅਨੇਕਾਂ ਇਨਾਮਾਂ ਸਨਮਾਨਾਂ ਨਾਲ ਨਿਵਾਜਿਆ ਗਿਆ। 2014 ਵਿਚ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਡੀ. ਲਿਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਭਾਰਤੀ ਸਾਹਿਤ ਅਕੈਡਮੀ ਵਲੋਂ 'ਇਸ਼ਕ ਬਾਟ ਨਮਾਜ਼ ਦਾ ਹੱਜ ਨਾਹੀ' ਨਾਟਕ ਨੂੰ ਮਿਲੇ ਐਵਾਰਡ ਨੂੰ ਪੰਜਾਬ ਵਿਚ ਅਸਹਿਣਸ਼ੀਲਤਾ ਅਤੇ ਆਨਰ ਕੀਲਿੰਗ ਦੇ ਨਾਮ ਥੱਲੇ ਧੀਆਂ ਦੇ ਹੁੰਦੇ ਕਤਲਾਂ ਵਿਰੁੱਧ ਰੋਸ ਵਜੋਂ ਵਾਪਸ ਕਰ ਦਿੱਤਾ ਸੀ। 8 ਮਾਰਚ 2015 ਨੂੰ ਬਰਨਾਲੇ ਵਿਖੇ 20,000 ਲੋਕਾਂ ਦੇ ਇਕੱਠ ਵਿਚ ਉਨ੍ਹਾਂ ਦਾ ਲੋਕ ਸਨਮਾਨ ਕੀਤਾ ਗਿਆ। ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ, ਸਰੀ, ਬੀ.ਸੀ. ਵਲੋਂ ਅਸੀਂ ਲੋਕਾਸ਼ਾਹੀ ਅਤੇ ਪ੍ਰਗਤੀਸ਼ੀਲ ਪੰਜਾਬੀ ਨਾਟਕ ਲਈ ਪ੍ਰਤੀਬੱਧ ਇਸ ਉਘੇ ਨਾਟਕਾਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁੱਖ ਵਿਚ ਸ਼ਰੀਕ ਹੁੰਦੇ ਹਾਂ।

# ਰੇਡੀਓ ਟੈਲੀਵੀਜ਼ਨ ਇੰਟਰਵਿਊਜ਼ ਵੀ ਸ੍ਰੋਤਿਆਂ 'ਤੇ ਵਧੀਆ ਪ੍ਰਭਾਵ ਛੱਡਦੀਆਂ ਮਹਿਸੂਸ ਹੋਈਆਂ

ਕੈਨੇਡਾ ਬਹੁਤ ਹੀ ਸ਼ਾਨਦਾਰ ਦੇਸ਼ ਹੈ, ਮੈਂ ਪਿਆਰ ਸਤਕਾਰ ਨਾਲ ਆਸ ਕਰਦਾ ਹਾਂ ਕਿ ਸਾਡੇ ਪੰਜਾਬੀ/ਭਾਰਤੀ ਮੂਲ ਦੇ ਮਾਈਗਰੈਂਟ ਲੋਕ ਇਸ ਦੇਸ਼ ਨੂੰ ਕੈਨੇਡਾ ਵਰਗਾ ਹੀ ਬਣਾਈ ਰੱਖਣ ਵਿੱਚ ਸਹਾਈ ਹੋਣਗੇ, ਨਾਂ ਕਿ ਇਸ ਨੂੰ ਸਾਡੇ ਪਿਛਲੇ ਪੰਜਾਬ/ਭਾਰਤ ਵਰਗਾ ਹੀ ਬਣਾ ਦੇਣ। ਕੱਲ ਨੂੰ ਟਰੰਟੋ ਨੂੰ ਅਲਵਿਦਾ ਕਹਿ ਕੈਲਗਿਰੀ ਐਡਮੌਨਟਨ ਪਹੁੰਚਾਂਗੇ।

ਸ਼ਨਿਚਰਵਾਰ "ਨੌਰਥ ਅਮੈਰੀਕਨ ਤਰਕਸ਼ੀਲ ਸੁਸਾਇਟੀ ਕੈਨੇਡਾ" ਵੱਲੋਂ Royal Banquet Hall ਵਿੱਚ "ਜੋਤਿਸ਼ ਝੂੱਠ ਬੋਲਦਾ ਹੈ" ਤੇ ਵਧੀਆ ਲੈਕਚਰ ਦਾ ਪ੍ਰਬੰਧ ਸੀ, ਬਹੁਤ ਹੀ ਵਧੀਆ ਵਿਸਥਾਰ ਨਾਲ ਖੁੱਲੇ ਸੁਆਲਾਂ ਦੇ ਤਸੱਲੀਬਖਸ਼ ਜੁਆਬ ਦਿੱਤੇ ਗਏ। ਢੇਰ ਸਾਰਾ ...ਅੰਧਵਿਸ਼ਵਾਸ ਦੂਰ ਹੋਇਆ। ਤਰਕਸ਼ੀਲ ਸੁਸਾਇਟੀ ਨੇ ਸਨਮਾਨ ਚਿੰਨ ਵੀ ਭੇਟ ਕੀਤਾ।

ਉਸੇ ਸ਼ਾਮ ਮੇਰੇ ਪਿੰਡ ਘੁਢਾਣੀ ਕਲਾਂ ਦੇ ਬਰੈਮਟਨ ਵਸਦੇ ਪਤਵੰਤੇ ਮਿੱਤਰਾਂ ਨੇ ਮੇਰੇ ਪਿੰਡ ਦਾ ਨਾਂ ਰੌਸ਼ਨ ਕਰਨ ਲਈ ਵਧੀਆ ਰੂਹਬਰੂ ਡਿਨਰ ਪਾਰਟੀ ਅਤੇ ਸਨਮਾਨ ਚਿੰਨ੍ਹ ਝੋਲੀ ਪਾਇਆ। ਇਸ ਇਕੱਤਰਤਾ ਵਿੱਚ ਸਾਨੂੰ ਸਭ ਨੂੰ ਬਹੁਤ ਖ਼ੁਸ਼ੀ ਹੋਈ। ਕਿੰਨੇ ਸੱਜਣਾਂ ਨੂੰ ਮੈਂ 30 ਸਾਲ ਬਾਅਦ ਮਿਲਿਆ ਸੀ। ਅਨੇਕਾਂ ਯਾਦਾਂ ਤਾਜ਼ੀਆਂ ਹੋਈਆਂ।

ਅਗਲੇ ਦਿਨ "ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟਰੰਟੋ" ਵੱਲੋਂ ਬਹੁਤ ਪ੍ਰਭਾਵਸ਼ਾਲੀ ਪ੍ਰੋਗਰਾਮ ਰੱਚਿਆ ਗਿਆ। ਇਥੋ ਦੇ ਨਾਮਵਾਰ ਲੇਖਕਾਂ ਦੀਆਂ ਕਿਰਤਾਂ ਦਾ ਅਨੰਦ ਮਾਣਿਆਂ ਅਤੇ ਅਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਕਿੰਨੇ ਲੋਕਲ ਲਿਖਾਰੀ ਤਰਕਸ਼ੀਲਤਾ/ਵਿਗਿਆਨਕ ਸੋਚ ਵਾਰੇ ਡੂੰਘਾਈ ਵਿੱਚ ਜਾਨਣ ਲਈ ਉਤਾਵਲੇ ਸਨ। ਮੇਰੇ ਤਸੱਲੀਬਖਸ਼ ਵਿਸ਼ਲੇਸ਼ਣਾਂ ਨੇ ਉਨ੍ਹਾਂ ਸਭ ਦਾ ਮਨ ਕੀਲਿਆ। ਪਿਆਰ ਸਤਕਾਰ ਦੀ ਨਿਸ਼ਾਨੀ "ਲੋਈ" ਨਾਲ ਸਨਮਾਨਤ ਕੀਤਾ ਗਿਆ। ਮੈਂ ਇਹਨਾਂ ਪੰਜਾਬੀ ਅਤੇ ਪੰਜਾਬੀਅਤ ਦੇ ਬਰਖ਼ੁਰਦਾਰਾਂ ਦਾ ਤਹਿ ਦਿੱਲੋ ਸਦਾ ਰਿਣੀ ਰਹਾਂਗਾ। ਰੇਡੀਉਜ਼ ਟੈਲੀਵੀਜ਼ਨ ਇੰਟਰਵਿਉਜ਼ ਵੀ ਸ੍ਰੋਤਿਆਂ ਉੱਪਰ ਵਧੀਆ ਪ੍ਰਭਾਵ ਛੱਡਦੀਆਂ ਮਹਿਸੂਸ ਹੋਈਆ। ਸੱਦਕੇ ਤੁਹਾਡੇ ਕੈਨੇਡੀਅਨ ਪੰਜਾਬੀਓ! ਮੇਰਾ ਤੁਹਾਨੂੰ ਪ੍ਰਣਾਮ !!! **- ਮਨਜੀਤ ਬੋਪਾਰਾਏ ਰਾਏ**








# AKAL OPTICAL

Family Eye Care Centres

We take Care of Your Vision
And Help You to Stay in Style

• Eye Glasses • Contact Lenses • Sun Glasses • Safety Eye Wear

We have 19 Locations to Serve You :

| | | |
|---|---|---|
| Brampton | 10095 Bramalea Rd Unit 108, Brampton On, L6R 0K1 | Tel. 905-792-7242 |
| | 120-499 Main street S.Brampton, OnN, L6Y 1N7 | Tel. 905-459-9978 |
| | 4525 Ebenezer Rd Unit 18, Brampton, ON L6P 2K8 | Tel. 905-794-8200 |
| | 80 Celementine Dr, Unit 9, Brampton, ON, L67 0L8 | Tel. 905-457-5656 |
| | 15 Ashby Field Road, Unit 10, Brampton ON, L6X 3B7 | Tel.905-456-0700 |
| Milton : | 15 Martin St Milton, ON L9T 2R1 | Tel. 905-876-0556 |
| Mississauga: | 2901 Eglinton Ave. W. Unit 10, Mississauga ON L5M 6J3 | Tel. 905-607-7000 |
| | 5380 Terry Fox Way, Unit 11, Mississauga ON, L5V 0A5 | Tel. 905-858-0080 |
| | 719 Central Parkway West, Unit 204, Mississauga, ON, L5B 4L1 | Tel. 905-949-2520 |
| Markham : | 6001-14th Ave Markham Unit B, On L3S 0A2 | Tel. 905-294-4900 |
| Orangeville: | 235 Centennial Rd Orangeville, ON, L9W 5K9 | Tel. 519-941-0188 |
| Toronto: | 1058 Albion Rd Tronto, ON, M9V 1A7 | Tel. 416-745-7242 |






Our mission is to provide customers with high quality vision care and personalized service at affordable prices by Akal Optical, owned by Avninder Singh, has developed a large clientele in the past several years due to the excellent vision care. At Akal Optical, Eye Exam's are done by Canandian Qualified Optometerists at all our location's using latest equipment. Eye Exam are covered by OHIP once a year under the age of 20 & over the age of 65. Diabatic, Cataract and few other condition are also covered by OHIP regardless of age. Call one of Akal Optical location to book your Eye Exam appointment at your convenience.

380 Bovaird Dr. Unit # 27,
Brampton ON, L6Z 2S8
Ph. : 905-846-8400 Fax : 905-846-4143

60 Lacoste Blvd., Unit 107
Brampton, ON L6P 4B5
Ph. : 905-794-6300 Fax : 905-794-6308

www.akaloptical.com Email : info@akaloptical.com



# Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com



HMP ਐਚ. ਐਮ. ਪੀ. ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

HMP Professional Construction Ltd.

- ਗੈਰਾਜ ਡੋਰ ਰਿਪੇਅਰ - ਰੂਫਿੰਗ - ਫੈਂਸ
- ਨਵੇਂ ਘਰਾਂ ਦੀ ਫਰੇਮਿੰਗ - ਡੇਕ
- ਪੁਰਾਣੇ ਘਰ ਐਕਸਟੈਂਸ਼ਨ ਦੇ ਮਾਹਿਰ
- ਨਵੇਂ ਗੈਰਾਜ - ਬੇਸਮੈਂਟ

Free Estimate Best Prices!

Paul Sekhon
403 701 4947

www.hmphome.com

# 150'ਵੇਂ 'ਕੈਨੇਡਾ-ਡੇਅ' ਦੇ ਜਸ਼ਨਾਂ ਮੌਕੇ 'ਪੰਜਾਬੀ ਭਵਨ ਟੋਰਾਂਟੋ' ਦੇ ਸ਼ੁਭ-ਉਦਘਾਟਨ ਨੇ ਕੀਤਾ ਇਸ ਵਿੱਚ ਹੋਰ ਵਾਧਾ

## ਪ੍ਰਮੁੱਖ ਰਾਜਸੀ, ਸਮਾਜਿਕ ਤੇ ਸਾਹਿਤਕ ਸ਼ਖਸੀਅਤਾਂ ਨੇ ਕੀਤੀ ਸ਼ਿਰਕਤ



ਬਰੈਂਪਟਨ, (ਡਾ. ਸੁਖਦੇਵ ਸਿੰਘ ਝੰਡ) -ਕੈਨੇਡਾ ਦੇ 150ਵੇਂ ਜਨਮ-ਦਿਵਸ ਦੀਆਂ ਖ਼ੁਸ਼ੀਆਂ ਵਿਚ ਹੋਰ ਵਾਧਾ ਕਰਦਿਆਂ ਹੋਇਆਂ ਬੀਤੇ ਸ਼ਨੀਵਾਰ ਨੂੰ ਪੰਜਾਬੀ ਕਮਿਊਨਿਟੀ ਦੀ ਭਰਵੀਂ ਹਾਜ਼ਰੀ ਵਿਚ ਟੋਰਾਂਟੋ ਏਰੀਏ ਵਿਚ ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਲਈ 'ਪੰਜਾਬੀ ਭਵਨ ਟੋਰਾਂਟੋ' ਨਾਮਕ ਸੰਸਥਾ ਦਾ ਪਹਿਲੀ ਜੁਲਾਈ ਨੂੰ ਕੀਤਾ ਗਿਆ। ਸਵੇਰੇ 10.00 ਵਜੇ ਤੋਂ 12.00 ਵਜੇ ਤੱਕ ਚੱਲੇ ਇਸ ਸਮਾਗ਼ਮ ਵਿਚ ਪ੍ਰਮੁੱਖ ਰਾਜਸੀ, ਸਮਾਜਿਕ ਅਤੇ ਸਾਹਿਤਕ ਸਖ਼ਸ਼ੀਅਤਾਂ ਨੇ ਇਸ ਸਮਾਰੋਹ ਵਿਚ ਸ਼ਾਮਲ ਹੋ ਕੇ ਇਸ ਸਮਾਰੋਹ ਦੀ ਰੌਣਕ ਵਿਚ ਵਾਧਾ ਕੀਤਾ ਜਿਨ੍ਹਾਂ ਵਿਚ ਪਾਰਲੀਮੈਂਟ ਦੇ ਮੈਂਬਰ ਰੂਬੀ ਸਹੋਤਾ, ਸੋਨੀਆ ਸਿੱਧੂ ਤੇ ਰਮੇਸ਼ ਸੰਘਾ, ਐੱਮ.ਪੀ.ਪੀ. ਹਰਿੰਦਰ ਮੱਲ੍ਹੀ, ਸਿਟੀ ਕਾਊਂਸਲਰ ਗੁਰਪ੍ਰੀਤ ਢਿੱਲੋਂ ਤੇ ਸਕੂਲ-ਟਰੱਸਟੀ ਹਰਕੀਰਤ ਸਿੰਘ ਅਤੇ ਕਈ ਹੋਰ ਸ਼ਾਮਲ ਸਨ।

ਇਸ ਮੌਕੇ ਆਏ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਇਸ ਸੰਸਥਾ ਦੇ ਬਾਨੀ ਤੇ ਪ੍ਰਧਾਨ ਵਿਪਨਦੀਪ ਮਰੋਕ ਨੇ ਕਿਹਾ ਕਿ ਇੱਥੇ ਕੈਨੇਡਾ ਵਿੱਚ ਇੰਮੀਗਰੈਂਟਾਂ ਦੇ ਤੌਰ 'ਤੇ ਸੈੱਟ ਹੋਣ ਤੋਂ ਬਾਅਦ ਅਸੀਂ ਅਕਸਰ ਆਪਣੀ ਪੰਜਾਬੀ ਬੋਲੀ, ਕਲਾ ਤੇ ਸੱਭਿਆਚਾਰ ਨੂੰ ਆਪਣੀ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਫ਼ਿਕਰਮੰਦ ਰਹਿੰਦੇ ਹਾਂ। ਪੰਜਾਬੀ ਹੋਣ ਦੇ ਨਾਤੇ ਇੱਥੋਂ ਦੇ ਨੌਜੁਆਨਾਂ ਅਤੇ ਪੰਜਾਬੀ ਪਰਵਾਸੀਆਂ ਦੇ ਵਿਚਕਾਰ ਗੁੰਮ ਹੋਈ ਕੜੀ ਨੂੰ ਮੁੜ ਤੋਂ ਜੋੜਨ ਲਈ ਇਹ ਸੰਸਥਾ 'ਪੰਜਾਬੀ ਭਵਨ ਟੋਰਾਂਟੋ' (ਪੀ.ਬੀ.ਟੀ.) ਕਾਇਮ ਕਰਨ ਦੀ ਇਹ ਕੋਸ਼ਿਸ਼ ਕੀਤੀ ਗਈ ਹੈ। ਅਸੀਂ ਸੋਚਿਆ ਕਿ 'ਕੈਨੇਡਾ ਡੇਅ' ਦੀ 150'ਵੀ ਵਰ੍ਹੇ-ਗੰਢ ਇਸ ਸੰਸਥਾ ਦੀ ਸ਼ੁਰੂਆਤ ਲਈ ਸੱਭ ਤੋਂ ਵਧੀਆ ਮੌਕਾ ਹੈ।

ਇਸ ਮੰਤਵ ਲਈ ਕਮਿਊਨਿਟੀ ਮੈਂਬਰਾਂ ਦੀ ਸਹੂਲਤ ਲਈ ਇੱਕ ਲਾਇਬ੍ਰੇਰੀ ਕਾਇਮ ਕੀਤੀ ਗਈ ਹੈ ਤਾਂ ਜੋ ਉਹ ਇੱਥੇ ਆ ਕੇ ਇਸ ਦੇ ਖੁੱਲ੍ਹੇ ਰਹਿਣ ਦੇ ਸਮੇਂ ਦੌਰਾਨ ਪੁਸਤਕਾਂ ਅਤੇ ਹੋਰ ਸਿੱਖਿਆਦਾਇਕ ਪੜ੍ਹਨ-ਸਮੱਗਰੀ ਦਾ ਯੋਗ ਲਾਭ ਉਠਾ ਸਕਣ। ਪੰਜਾਬ ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸੇਵਾ-ਮੁਕਤ ਡਿਪਟੀ ਲਾਇਬ੍ਰੇਰੀਅਨ ਡਾ. ਸੁਖਦੇਵ ਸਿੰਘ ਝੰਡ ਇਸ ਲਾਇਬ੍ਰੇਰੀ ਦਾ ਪ੍ਰਬੰਧ ਸੰਭਾਲ ਰਹੇ ਹਨ। ਇਸ ਵਿਚ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਕਲਾ ਨਾਲ ਸਬੰਧਿਤ ਸੀਮਤ ਵੱਡਮੁੱਲੀਆਂ ਪੁਸਤਕਾਂ ਤੋਂ ਇਲਾਵਾ ਅੰਗਰੇਜ਼ੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਦੀਆਂ ਵੀ ਕੁਝ ਪੁਸਤਕਾਂ ਸ਼ਾਮਲ ਹਨ। ਲਾਇਬ੍ਰੇਰੀ ਦਾ ਸਮਾਂ ਫ਼ਿਲਹਾਲ ਕੰਮ ਵਾਲੇ ਦਿਨਾਂ ਸੋਮਵਾਰ ਤੋਂ ਸ਼ੁੱਕਰਵਾਰ 11.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਰੱਖਿਆ ਗਿਆ ਹੈ। ਨੇੜ-ਭਵਿੱਖ ਵਿਚ ਇਸ ਵਿਚ ਯੋਗ ਵਾਧਾ ਕੀਤਾ ਜਾਵੇਗਾ।

ਸੰਸਥਾ ਦੇ ਇਸ ਆਰੰਭਿਕ ਸਮਾਗ਼ਮ ਦਾ ਸੰਚਾਲਨ ਕਰਦਿਆਂ ਇਸ ਸੰਸਥਾ ਦੇ ਸਪੋਕਸ-ਪਰਸਨ ਤੇ ਮੀਡੀਆ ਡਾਇਰੈਕਟਰ ਸ਼ਮੀਲ ਜਸਵੀਰ ਨੇ ਇਸ ਭਵਨ ਨੂੰ ਬਨਾਉਣ ਦੀ ਲੋੜ, ਇਸ ਦੇ ਉਦੇਸ਼ਾਂ ਅਤੇ ਇਸ ਦੀ ਭਵਿੱਖਮਈ ਰੂਪ-ਰੇਖਾ ਬਾਰੇ ਦੱਸਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਨਵੀਂ ਪੀੜ੍ਹੀ ਨੂੰ ਪੰਜਾਬੀ ਬੋਲੀ, ਕਲਾ, ਸਾਹਿਤ ਤੇ ਸੱਭਿਆਚਾਰ ਨਾਲ ਜੋੜੀ ਰੱਖਣ ਅਤੇ ਅਜੋਕੀ ਪੀੜ੍ਹੀ ਤੇ ਨਵੀਂ ਪੀੜ੍ਹੀ ਵਿਚਲੇ ਗੈਪ ਨੂੰ ਭਰਨ ਲਈ ਨਵੇਂ ਯਤਨਾਂ ਦੀ ਜ਼ਰੂਰਤ ਹੈ ਅਤੇ ਇਹ 'ਉਪਰਾਲਾ' ਇਸ ਦਿਸ਼ਾ ਵਿਚ ਅਹਿਮ ਕੜੀ ਸਾਬਤ ਹੋਵੇਗਾ। ਉਨ੍ਹਾਂ ਭਵਿੱਖ ਵਿਚ ਇਸ 'ਭਵਨ' ਵੱਲੋਂ ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਸਬੰਧੀ ਖੋਜ ਕਰ ਰਹੀਆਂ ਯੂਨੀਵਰਸਿਟੀਆਂ ਤੇ ਹੋਰ ਖੋਜ-ਅਦਾਰਿਆਂ ਨਾਲ ਮਿਲ ਕੇ ਕੰਮ ਕਰਨ ਦੀ ਵੀ ਗੱਲ ਕੀਤੀ ਤਾਂ ਜੋ ਉਨ੍ਹਾਂ ਵਿਚ ਕੀਤੀ ਜਾ ਰਹੀ ਖੋਜ ਨੂੰ ਕੈਨੇਡਾ ਵਿਚ ਪਸਾਰਿਆ ਜਾ ਸਕੇ। ਇਸ ਟੀਮ ਦੀ ਮੈਂਬਰ ਲਵੀਨ ਗਿੱਲ ਜੋ ਕਿ ਇਸ ਸੰਸਥਾ ਦੀ ਓਪਰੇਸ਼ਨ ਡਾਇਰੈਕਟਰ ਹੈ, ਦਾ ਕਹਿਣਾ ਸੀ ਕਿ ਆਉਂਦੇ ਇੱਕ-ਦੋ ਸਾਲ ਇਸ ਸੰਸਥਾ ਲਈ ਉਤਸ਼ਾਹ-ਜਨਕ ਹੋਣਗੇ ਕਿਉਂਕਿ ਇਨ੍ਹਾਂ ਵਿਚ ਨੌਜੁਆਨ ਪੀੜ੍ਹੀ ਨੂੰ ਇਸ ਦੇ ਨਾਲ ਜੋੜਨ ਦੀ ਪੂਰੀ ਕੋਸ਼ਿਸ਼ ਕੀਤੀ ਜਾਏਗੀ। ਉੱਘੇ ਸਮਾਜਿਕ ਹੈੱਲਥ ਵਰਕਰ ਬਲਦੇਵ ਮੁੱਤਾ ਨੇ ਇਸ ਭਵਨ ਨੂੰ ਭਵਿੱਖ ਵਿਚ ਇੱਕ ਸਮਾਜਿਕ ਖੋਜ ਸੈਂਟਰ ਵੱਲੋਂ ਉਭਾਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਹੋਇਆਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਸੋਨੀਆ ਸਿੱਧੂ ਤੇ ਰਮੇਸ਼ ਸੰਘਾ, ਐੱਮ.ਪੀ.ਪੀ. ਹਰਿੰਦਰ ਮੱਲ੍ਹੀ, ਸਿਟੀ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਤੇ ਸਕੂਲ-ਟਰੱਸਟੀ ਹਰਕੀਰਤ ਸਿੰਘ ਨੇ ਕੈਨੇਡਾ ਦੇ 150'ਵੇਂ ਜਨਮ-ਦਿਵਸ 'ਤੇ ਵਧਾਈ ਦਿੱਤੀ ਅਤੇ ਵਿਪਨ ਮਰੋਕ ਅਤੇ ਉਨ੍ਹਾਂ ਦੀ ਟੀਮ ਦੇ ਇਸ ਉੱਦਮ ਦੀ ਭਰਪੂਰ ਸਰਾਹਨਾ ਕੀਤੀ। ਉੱਘੇ ਪੰਜਾਬੀ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਇਸ ਭਵਨ ਨੂੰ ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇਸ ਉਪਰਾਲੇ ਨੂੰ 'ਸ਼ੁਭ-ਸ਼ੁਰੂਆਤ' ਕਿਹਾ। ਹੋਰ ਬੁਲਾਰਿਆਂ ਵਿਚ ਪੰਜਾਬ ਤੋਂ ਡਾ. ਗੁਰਚਰਨ ਕੌਰ ਕੋਛੜ, ਇੰਗਲੈਂਡ ਤੋਂ ਦਲਵੀਰ ਕੌਰ, ਪੀਲ ਐਜੂਕੇਸ਼ਨ ਬੋਰਡ ਵਿਚ ਅਹਿਮ ਸੇਵਾ ਨਿਭਾ ਰਹੇ ਰਛਪਾਲ ਕੌਰ ਗਿੱਲ, ਪੰਜਾਬੀ ਅਧਿਆਪਕਾ ਮਨਜੋਤ ਗਿੱਲ, ਕਵਿੱਤਰੀ ਸੁਰਜੀਤ ਕੌਰ, 'ਸਿੱਖ ਸਪੋਕਸਮੈਨ' ਤੋਂ ਡਾ. ਸੁਖਦੇਵ ਸਿੰਘ ਝੰਡ ਅਤੇ 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ ਸ਼ਾਮਲ ਸਨ।

ਚੱਲਦੇ ਸਮਾਗ਼ਮ ਦੌਰਾਨ ਹਾਜ਼ਰੀਨ ਦੀ ਗਿਣਤੀ ਏਨੀ ਹੋ ਗਈ ਕਿ ਹਾਲ ਛੋਟਾ ਪੈ ਗਿਆ ਅਤੇ ਕਈਆਂ ਨੂੰ ਖਲੋ ਕੇ ਹੀ ਇਸ ਵਿਚ ਆਪਣੀ ਹਾਜ਼ਰੀ ਲਵਾਉਣੀ ਪਈ। 'ਚੈਨਲ ਪੰਜਾਬੀ' ਤੇ 'ਗਲੋਬਲ ਪੰਜਾਬ' ਟੀ.ਵੀ. ਵੱਲੋਂ ਪ੍ਰੋਗਰਾਮ ਦੀ ਕੱਵਰੇਜ ਕੀਤੀ ਗਈ ਅਤੇ ਆਸਿਫ਼ ਮਿਨਹਾਸ ਤੇ 'ਸਰੋਕਾਰਾਂ ਦੀ ਆਵਾਜ਼' ਦੇ ਕੈਮਰਾਮੈਨ ਦਵਿੰਦਰ ਤੂਰ ਵੱਲੋਂ ਇਸ ਦੀ ਸਟਿੱਲ ਫ਼ੋਟੋਗ੍ਰਾਫੀ ਕੀਤੀ ਗਈ। ਇਸ ਮੌਕੇ ਮਰੋਕ ਸਾਹਿਬ ਵੱਲੋਂ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ।

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
Services Available in Punjabi, Hindi, Urdu & English
- Complete Eye Exam
- Ocular Health Assessment
- Contact Lenses
403-274-4514
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
deerfootvision@yahoo.ca
Jaswinder S Bains, Ph.D., OD.

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION Applications for Family Class and APPEALS, Skilled Workers, Investors, Refugee Claims
REAL ESTATE Buying and Selling Commercial and Residential Land Development Condominium Projects WILLS & ESTATE CRIMINAL LAW
SMALL BUSINESS Buying and Selling Franchises, Shareholder Agreements and Incorporations FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
RESIDENTIAL
BUSINESS
LAND
COMMERCIAL
INDUSTRIAL
INVESTMENT
403-470-2628
gsbrar@gsbrar.com
www.gsbrar.com
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com













– ਯੰਗਸਤਾਨ ਸਮਰ ਕੈਂਪ –

# ਬੱਚਿਆਂ ਦੇ ਚੰਗੇ ਭਵਿੱਖ ਲਈ ਯੰਗਸਤਾਨ ਵਰਗੇ ਸਮਰ ਕੈਂਪ ਸਮੇਂ ਦੀ ਲੋੜ : ਪਰੀਤ ਬੈਦਵਾਨ





ਕੈਲਗਰੀ : ਖਾਲਸਾ ਸਕੂਲ ਕੈਲਗਰੀ ਵਿੱਚ ਲਗਾਏ ਗਏ ਸੱਤ ਰੋਜ਼ਾ ਯੰਗਸਤਾਨ ਸਮਰ ਕੈਂਪ ਦੇ ਸਮਾਪਤੀ ਸਮਾਗਮ ਦੇ ਮੁੱਖ ਮਹਿਮਾਨ ਵਾਰਡ ਨੰਬਰ-5 ਤੋਂ ਕੌਂਸਲਰ ਉਮੀਦਵਾਰ ਪਰੀਤ ਬੈਦਵਾਨ ਨੇ ਕਿਹਾ ਕਿ ਕੈਨੇਡਾ ਦੀ ਨਵੀਂ ਪੀੜ੍ਹੀ ਨੂੰ ਸਹੀ ਪਾਸੇ ਤੋਰਨ ਲਈ ਇਸ ਨੂੰ ਵਿਹਲੇ ਸਮੇਂ ਵਿੱਚ ਖੇਡਾਂ ਅਤੇ ਕਲਾਤਮਿਕ ਰੁਚੀਆਂ ਵੱਲ ਪ੍ਰੇਰਿਤ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਗਰਮੀਆਂ ਦੀਆਂ ਛੁੱਟੀਆਂ ਵਿੱਚ ਸਮਰ ਕੈਂਪ ਲਗਾ ਕੇ ਬੱਚਿਆਂ ਨੂੰ ਘਰੋਂ ਬਾਹਰ ਨਿਕਲਣ ਦਾ ਮੌਕਾ ਤਾਂ ਮਿਲਦਾ ਹੀ ਹੈ ਸਗੋਂ ਉਹਨਾਂ ਦੀ ਪ੍ਰਤਿਭਾ ਨੂੰ ਨਿਖਰਨ ਦਾ ਮੌਕਾ ਵੀ ਮਿਲਦਾ ਹੈ। ਸ੍ਰੀ ਬੈਦਵਾਨ ਨੇ ਇਹ ਵੀ ਆਖਿਆ ਕਿ ਉਹਨਾਂ ਨੇ ਜੈਨਸਿਸ ਪਾਰਕ ਦਾ ਮੁੱਦਾ ਵੀ ਇਸੇ ਕਰਕੇ ਉਠਾਇਆ ਸੀ ਤਾਂ ਕਿ ਉਸ ਜਗ੍ਹਾ ਨੂੰ ਘਰ ਬਣਾਉਣ ਦੀ ਬਜਾਏ ਬੱਚਿਆਂ ਨੂੰ ਖੇਡਾਂ ਅਤੇ ਕਲਾਤਮਿਕ ਵਰਗੇ ਵਰਗੀਆਂ ਉਸਾਰੂ ਰੁਚੀਆਂ ਵਾਲ਼ੇ ਪਾਸੇ ਲਗਾਇਆ ਜਾਵੇ। ਅਖੀਰ ਵਿੱਚ ਉਹਨਾਂ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਰ ਵਾਰਡ ਨੰਬਰ-5 ਤੋਂ ਉਹਨਾਂ ਨੂੰ ਜਿਤਾ ਕੇ ਕੈਲਗਰੀ ਸਿਟੀ ਕੌਂਸਿਲ ਵਿੱਚ ਭੇਜਣ ਤਾਂ ਕਿ ਨਾਰਥ-ਈਸਟ ਦੇ ਇਸ ਵਾਰਡ ਨੂੰ ਹੋਰ ਆਧਨਿਕ ਬਣਾਇਆ ਜਾਵੇ।

ਸਮਾਪਤੀ ਸਮਾਗਮ ਦੇ ਵਿਸ਼ੇਸ਼ ਮਹਿਮਾਨ ਸਮਾਜ ਸੇਵੀ ਜੰਗ ਬਹਾਦਰ ਸਿੰਘ ਸਿੱਧੂ ਨੇ ਕਿਹਾ ਕਿ ਬੱਚਿਆਂ ਦੀ ਸ਼ਖ਼ਸੀਅਤ ਨਿਖਾਰਨ ਲਈ ਇਸ ਕੈਂਪ ਵਿੱਚ ਜੋ ਵੀ ਕਰਵਾਇਆ ਗਿਆ ਉਹ ਕਾਬਲੇ-ਤਾਰੀਫ ਹੈ। ਪੰਜਾਬ ਇੰਸ਼ੋਰੈਂਸ ਤੋਂ ਹਰਪਿੰਦਰ ਸਿੱਧੂ ਨੇ ਵੀ ਕੈਂਪ ਵਿੱਚ ਸ਼ਾਮਲ ਕੀਤੀਆਂ ਵੱਖ-ਵੱਖ ਵੰਨਗੀਆਂ ਦੀ ਭਰਵੀਂ ਤਾਰੀਫ ਕੀਤੀ। ਦਸ਼ਮੇਸ਼ ਕਲਚਰਲ ਸੈਂਟਰ (ਗੁਰੂਘਰ ਪ੍ਰਬੰਧਕੀ ਕਮੇਟੀ) ਦੇ ਪ੍ਰਧਾਨ ਪਰਮੀਤ ਸਿੰਘ ਨੇ ਕੈਂਪ ਦੀ ਵਲੰਟੀਅਰ ਟੀਮ ਦੀ ਭਰਵੀਂ ਤਾਰੀਫ ਕੀਤੀ। ਇਸ ਕੈਂਪ ਵਿੱਚ 106 ਬੱਚਿਆਂ ਨੇ ਭਾਗ ਲਿਆ। ਇਹ ਪਹਿਲੀ ਵਾਰ ਹੋਇਆ ਕਿ ਪੰਜਾਬੀ ਭਾਈਚਾਰੇ ਵਿੱਚ ਬੱਚਿਆਂ ਦਾ ਕੋਈ ਸਮਾਗਮ ਲਗਾਤਾਰ 7 ਦਿਨ ਚੱਲਿਆ ਹੋਵੇ ਅਤੇ ਇਸ ਵਿੱਚ ਮੰਨੋਰੰਜਨ ਦੇ ਨਾਲ਼-ਨਾਲ਼ ਬੱਚਿਆਂ ਨੂੰ ਕੁਝ ਸਿੱਖਣ ਦਾ ਵੀ ਮੌਕਾ ਮਿਲਿਆ ਹੋਵੇ। ਇਸ ਕੈਂਪ ਵਿੱਚ ਮੈਡੀਟੇਸ਼ਨ, ਭੰਗੜਾ, ਆਰਟ ਐਂਡ ਕਰਾਫਟ, ਫੀਲਡ ਹਾਕੀ, ਸੌਕਰ ਅਤੇ ਬਾਸਕਟਬਾਟ ਦੀਆਂ ਗਤੀਵਿਧੀਆਂ ਤੋਂ ਇਲਾਵਾ ਹੋਰ ਕਈ ਗਤੀਵਿਧੀਆਂ ਵਿੱਚ ਬੱਚਿਆਂ ਨੇ ਬੇਹੱਦ ਰੁਚੀ ਦਿਖਾਈ ਮੈਡੀਟੇਸ਼ਨ ਦੀ ਕਲਾਸ ਹਰਚਰਨ ਸਿੰਘ ਪਰਹਾਰ ਦੀ ਨਿਗਰਾਨ ਹੇਠ ਸਫਲਤਾਪੂਰਵਕ ਚੱਲਦੀ ਰਹੀ। ਚਰਨਜੀਤ ਸਿੰਘ ਨੇ ਵੀ ਇਸ ਲਈ ਸਹਿਯੋਗ ਦਿੱਤਾ।

ਭੰਗੜਾ ਫਲੇਮਜ਼ ਦੀ ਕਮਾਨ ਹੇਠ ਭੰਗੜਾ ਕਲਾਸ ਸਭ ਤੋਂ ਵੱਧ ਰੌਚਿਕ ਸਾਬਿਤ ਹੋਈ। ਸਤਿੰਦਰਪਾਲ ਸਿੰਘ ਧਾਲੀਵਾਲ, ਅਮਨ ਰੰਧਾਵਾ, ਗੁਰਪ੍ਰੀਤ ਸਿੰਘ ਨੇ ਪੂਰੀ ਤਨਦੇਹੀ ਨਾਲ਼ ਬੱਚਿਆਂ ਨੂੰ ਭੰਗੜੇ ਦੇ ਗੁਰ ਸਿਖਾਏ। ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਫੀਲਡ ਹਾਕੀ ਦੀ ਕਲਾਸ ਲਗਾਤਾਰ ਚੱਲਦੀ ਰਹੀ। ਮਾਪਿਆਂ ਅਤੇ ਬੱਚਿਆਂ ਵਲੋਂ ਜਾਗਰੂਕਤਾ ਸ਼ੈਸ਼ਨ ਨੂੰ ਬੇਹੱਦ ਪਸੰਦ ਕੀਤਾ ਗਿਆ। ਇਸ ਸ਼ੈਸ਼ਨ ਵਿੱਚ ਹਰ ਦਿਨ ਇੱਕ ਵਿਸ਼ੇ ਨੂੰ ਲੈ ਕੇ ਇੱਕ ਮਾਹਿਰ ਨੂੰ ਬੁਲਾਇਆ ਗਿਆ। ਪਹਿਲੇ ਦਿਨ ਡਾ. ਰਮਨ ਗਿੱਲ ਨੇ ਜ਼ਿੰਦਗੀ ਵਿੱਚ ਟੀਚੇ ਮਿੱਥ ਕੇ ਉਹਨਾਂ ਨੂੰ ਸਰ ਕਰਨ ਦੇ ਸਮਾਰਟ ਤਰੀਕਿਆਂ ਦੀ ਬੱਚਿਆਂ ਨਾਲ਼ ਸਾਂਝ ਪਾਈ। ਦੰਦਾਂ ਦੇ ਮਾਹਿਰ ਲੰਡਨ ਡੈਂਟਲ ਤੋਂ ਡਾ. ਖਟੜਾ ਦੀ ਟੀਮ ਨੇ ਬੱਚਿਆਂ ਨੂੰ ਦੰਦਾਂ ਦੀ ਸਿਹਤ ਬਾਰੇ ਬਹੁਤ ਚੰਗੇ ਨੁਕਤੇ ਦੱਸੇ। ਅੱਖਾਂ ਦੇ ਮਾਹਿਰ ਆਈ. ਸੀ. ਯੂ. ਔਪਟੀਮੈਟਰੀ ਤੋਂ ਡਾ.ਧਾਲੀਵਾਲ ਦੀ ਟੀਮ ਨੇ ਅੱਖਾਂ ਦੀ ਨਜ਼ਰ ਕਮਜ਼ੋਰ ਹੋਣ ਦੇ ਕਾਰਨਾਂ ਅਤੇ ਪਰਹੇਜ਼ ਬਾਰੇ ਦੱਸਿਆ। ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਤੋਂ ਮਨੋਵਿਗਿਆਨੀ ਰੁਪਿੰਦਰ ਹੇਅਰ ਅਤੇ ਕਿਰਨ ਨੇ ਸਾਈਬਰ ਸੰਸਾਰ ਨਾਲ਼ ਜੁੜੀਆਂ ਸਮੱਸਿਆਵਾਂ ਤੋਂ ਬਚਣ ਲਈ ਬੱਚਿਆਂ ਨੂੰ ਸੁਝਾਅ ਦਿੱਤੇ। ਰੈਡ ਐਫ ਐਮ ਤੋਂ ਰਿਸ਼ੀ ਨਾਗਰ ਨੇ ਬੱਚਿਆਂ ਨਾਲ਼ ਹੱਸਦੇ ਖੇਡਦੇ ਆਮ ਜ਼ਿੰਦਗੀ ਦੀਆਂ ਕੁਝ ਗੱਲਾਂ ਦੱਸੀਆਂ। ਦਿਲ ਦੇ ਰੋਗਾਂ ਦੇ ਮਾਹਿਰ ਡਾ. ਅਨਮੋਲ ਕਪੂਰ ਨੇ ਰੋਜ਼ਾਨਾ ਜ਼ਿੰਦਗੀ ਵਿੱਚ ਸਰੀਰ ਨੂੰ ਐਕਟਿਵ ਰੱਖਣ ਦੇ ਫਾਇਦੇ ਦੱਸ ਕੇ ਸਹੀ ਖੁਰਾਕ ਖਾਣ ਦੀ ਸਲਾਹ ਦਿੱਤੀ। ਹੈਲਥੀ ਲਾਈਫ ਨਾਲਿਜ ਫਾਊਂਡੇਸ਼ਨ ਤੋਂ ਸੁਖਵਿੰਦਰ ਬਰਾੜ ਨੇ ਅਜੋਕੇ ਭੋਜਨ ਵਿੱਚ ਪਾਏ ਗਲਤ ਤੱਤਾਂ ਬਾਰੇ ਮਾਪਿਆਂ ਅਤੇ ਬੱਚਿਆਂ ਨੂੰ ਸੁਚੇਤ ਕੀਤਾ। ਇਸ ਕੈਂਪ ਵਿੱਚ ਬੱਚੇ ਲੰਚ ਆਪਣੇ ਘਰੋਂ ਲੈ ਕੇ ਆਉਂਦੇ ਰਹੇ ਪਰ ਕੁਝ ਮਾਪਿਆਂ ਨੇ ਬੱਚਿਆਂ ਨੂੰ ਪੀਜ਼ਾ ਅਤੇ ਹੋਰ ਵਸਤਾਂ ਦੇ ਕੇ ਚੰਗੀ ਪ੍ਰਸ਼ੰਸ਼ਾ ਖੱਟੀ।

ਕੈਂਪ ਦੇ ਆਖਰੀ ਦਿਨ ਬੱਚਿਆਂ ਨੇ ਆਪਣਾ ਟੇਲੈਂਟ ਨੂੰ ਮੰਚ ਤੋਂ ਪੇਸ਼ ਕੀਤਾ। ਪੰਜਾਬੀ ਕਵਿਤਾਵਾਂ, ਨਾਚ, ਗਿਟਾਰ, ਵਾਇਲਨ, ਜਿਮਨਾਸਟਿਕ, ਗੀਤ ਸੰਗੀਤ ਤੋਂ ਇਲਾਵਾ ਭੰਗੜਾ ਫਲੇਮਜ਼ ਅਤੇ ਹੈਰੀਟੇਜ ਗਿੱਧਾ ਐਂਡ ਡਾਂਸ ਅਕੈਡਮੀ ਕੈਲਗਰੀ ਦੀਆਂ ਟੀਮਾਂ ਦੀ ਪੇਸ਼ਕਾਰੀ ਨਾਲ਼ ਸਮਾਗਮ ਕਾਫੀ ਰੌਚਿਕਤਾ ਨਾਲ਼ ਸਮਾਪਤ ਹੋ ਗਿਆ। ਕੈਂਪ ਦੇ ਇੱਕ ਕਰਵਾਇਆ ਗਿਆ ਜਾਦੂਗਰ ਦਾ ਸ਼ੋਅ ਛੋਟੇ ਬੱਚਿਆਂ ਦੇ ਮਨਾਂ ਉਪਰ ਡੂੰਘੀ ਛਾਪ ਛੱਡ ਗਿਆ। ਦਸ਼ਮੇਸ਼ ਗੱਤਕਾ ਅਖਾੜਾ ਨੇ ਭਾਈ ਜਸਵਿੰਦਰ ਸਿੰਘ ਦੀ ਆਗਵਾਈ ਹੇਠ ਇੱਕ ਦਿਨ ਗੱਤਕੇ ਦੇ ਜੌਹਰ ਦਿਖਾਏ। ਕੈਂਪ ਵਿੱਚ ਵਲੰਟੀਅਰ ਕਰਨ ਵਾਲ਼ਿਆਂ ਵਿੱਚ, ਸੰਦੀਪ ਕੌਰ, ਮਲਕੀਤ ਸਿੰਘ, ਰਘਬੀਰ ਢੁੱਡੀਕੇ, ਰੁਪਿੰਦਰ ਕੌਰ, ਗੁਰਿੰਦਰ ਕੌਰ, ਸਤਵਿੰਦਰ ਕੌਰ, ਜਸਪ੍ਰਿਆ ਜੌਹਲ, ਮਨਦੀਪ ਤੂਰ ਨੂੰ ਸਨਮਾਨਿਤ ਕੀਤਾ ਗਿਆ।

ਮੁਲਾਕਾਤੀ
ਡਾ. ਅਮਿਤ ਕੁਮਾਰ ਵਿਸ਼ਵਾਸ

# ਪੱਛਮੀ ਧੜੇ 'ਚ ਜਾਣ ਕਰਕੇ ਭਾਰਤ ਦੀ ਹਸਤੀ ਮਿਟ ਰਹੀ ਹੈ - ਪ੍ਰੋ. ਤੁਲਸੀ ਰਾਮ






ਅਨੁਵਾਦ - ਕੇਹਰ ਸ਼ਰੀਫ਼

ਜਵਾਹਰ ਲਾਲ ਨਹਿਰੂ ਵਿਸ਼ਵ ਵਿਦਿਆਲੇ (JNU) ਨਵੀਂ ਦਿੱਲੀ ਦੇ ਸਕੂਲ ਆਫ ਇੰਟਰਨੈਸ਼ਨਲ ਸਟੱਡੀਜ਼ ਦੇ ਸੈਂਟਰ ਫਾਰ ਰਸ਼ੀਅਨ ਐਂਡ ਸੈਂਟਰਲ ਏਸ਼ੀਅਨ ਸਟੱਡੀਜ਼ ਵਿਖੇ ਪ੍ਰੋਫੇਸਰ ਦੇ ਅਹੁਦੇ 'ਤੇ ਪਹੁੰਚੇ ਪ੍ਰੋ. ਤੁਲਸੀ ਰਾਮ ਦੁਨੀਆਂ ਦੀ ਕਮਿਊਨਿਸਟ ਲਹਿਰ ਅਤੇ ਰੂਸੀ ਮਾਮਲਿਆਂ ਦੇ ਮਾਹਿਰ ਸਨ। ਨਾਲ ਹੀ ਅੰਤਰਰਾਸ਼ਟਰੀ ਬੋਧੀ ਅੰਦੋਲਨ, ਦਲਿਤ ਅੰਦੋਲਨ ਅਤੇ ਹਿੰਦੀ ਸਾਹਿਤ ਬਾਰੇ ਵੀ ਉਨ੍ਹਾਂ ਦੀ ਡੂੰਘੀ ਪਕੜ ਸੀ। ਕਾਰਲ ਮਾਰਕਸ, ਮਹਾਤਮਾ ਬੁੱਧ ਅਤੇ ਡਾਕਟਰ ਅੰਬੇਦਕਰ ਨੂੰ ਆਪਣੇ ਰਾਹਦਸੇਰਾ ਵਿਚਾਰਵਾਨ ਮੰਨਣ ਵਾਲੇ ਤੁਲਸੀ ਰਾਮ ਨੇ ਹਿੰਦੀ ਅਤੇ ਅੰਗਰੇਜ਼ੀ ਵਿਚ ਬਹੁਤ ਸਾਰਾ ਲਿਖਿਆ। 'ਮੁਰਦਹਿਆ' ਅਤੇ 'ਮਣੀਕਰਣਿਕਾ' ਦੇ ਨਾਂ ਨਾਲ ਛਪੀ ਉਨ੍ਹਾਂ ਦੀ ਸਵੈਜੀਵਨੀ ਦੇ ਦੋਵੇਂ ਭਾਗਾਂ ਨੂੰ ਹਿੰਦੀ ਸਾਹਿਤ ਦੇ ਅਮੁੱਲ ਖ਼ਜ਼ਾਨੇ ਵਜੋਂ ਮਾਨਤਾ ਹੈ। ਮਣੀਕਰਣਿਕਾ' ਬਨਾਰਸ ਦਾ ਉਹ ਘਾਟ ਹੈ ਜਿੱਥੇ ਮੁਰਦੇ ਨੂੰ ਬੰਨ੍ਹ ਕੇ ਅੰਤਮ ਸਸਕਾਰ ਦੇ ਲਈ ਇਸ ਆਸ ਨਾਲ ਲਿਆਇਆ ਜਾਂਦਾ ਹੈ ਕਿ ਇੱਥੋਂ ਸਿੱਧੇ ਹੀ ਉਸਨੂੰ ਸਵਰਗ ਵਿਚ ਥਾਂ ਮਿਲੇਗਾ। ਉਂਜ ਬਨਾਰਸ ਬਾਰੇ ਇਕ ਹੋਰ ਧਾਰਨਾ ਵੀ ਪ੍ਰਚਲਿਤ ਹੈ ਕਿ ਕਿ ਇੱਥੇ ਕੋਈ ਭੁੱਖਾ ਨਹੀਂ ਰਹਿੰਦਾ, ਪਰ - ਇੱਥੇ ਆਉਂਦੇ ਹੀ ਤੁਲਸੀ ਰਾਮ ਨੂੰ ਇਹ ਧਾਰਨਾ (ਮਿੱਥ) ਝੂਠੀ ਲੱਗੀ। ਉਹ ਖੁਦ ਹੀ ਲਿਖਦੇ ਹਨ ਕਿ ਉਨ੍ਹਾਂ ਨੂੰ ਇੱਥੇ ਸਿਰਫ ਇਕ ਦੋ ਦਿਨ ਹੀ ਨਹੀਂ ਸਗੋਂ ਪੂਰੇ 9 ਦਿਨ ਤੱਕ ਭੁੱਖੇ ਰਹਿਣ ਲਈ ਮਜਬੂਰ ਹੋਣਾ ਪਿਆ। 'ਗੰਗਾ ਦੇ ਘਾਟ' 'ਤੇ ਭੁੱਖਿਆਂ ਦੀ ਲੰਬੀ ਲੰਬੀ ਕਤਾਰ ਦੇਖਕੇ ਉਨ੍ਹਾਂ ਦੇ ਮਨ ਵਿਚੋਂ ਆਵਾਜ਼ ਆਈ ਗੰਗਾ ਪਾਪੀ ਦਾ ਪਾਪ ਤਾਂ ਧੋ ਸਕਦੀ ਹੈ ਪਰ ਭੁੱਖ ਨਹੀਂ ਮਿਟਾ ਸਕਦੀ'। ਪ੍ਰੋ. ਤੁਲਸੀ ਰਾਮ ਦੀ ਸਵੈਜੀਵਨੀ ਵਿਚ ਉਨ੍ਹਾਂ ਵਲੋਂ ਪੇਸ਼ ਕੀਤਾ ਮੈਂ' ਕੋਈ ਵਿਅਕਤੀ ਨਹੀਂ ਸਗੋਂ ਹਰ ਪਲ ਬੁੱਧ ਦੇ ਦਰਸ਼ਣ ਤੋਂ ਪੂਰਨ ਪ੍ਰਭਾਵਿਤ ਇਕ ਅੰਬੇਦਕਰਵਾਦੀ ਹੈ ਜਿਸਦੇ ਹਰ ਫੈਸਲੇ ਅਤੇ ਕਾਰਜ ਦੀ ਪਿੱਠਭੂਮੀ (ਪਿਛੋਕੜ) ਇਸੇ ਦਰਸ਼ਨ ਤੋਂ ਪ੍ਰਭਾਵਿਤ ਹੈ। ਇਹ ਕਿਤਾਬ ਹੋਰ ਸਵੈਜੀਵਨੀਆਂ ਵਰਗੀ ਸਿਰਫ ਵਿਅਕਤੀਗਤ ਦੁੱਖ/ਪੀੜ ਨਹੀਂ ਬਲਕਿ ਵਰਤਮਾਨ ਸਮਾਜ ਦੀ ਪੀੜ ਦਾ ਸਮੁੱਚਾ ਬ੍ਰਿਤਾਂਤ ਹੈ। ਦਰਅਸਲ ਇਹ ਹਿੰਦੂ ਸਮਾਜ ਦੀਆਂ ਤ੍ਰਾਸਦੀਆਂ ਨੂੰ ਸਾਹਮਣੇ ਲਿਆਉਣ ਵਾਲਾ ਦਸਤਾਵੇਜ਼ ਹੈ ਜਿਸ ਵਿਚ ਇਕ ਪਾਸੇ ਦਲਿਤਾਂ ਦਾ ਔਕੜਾਂ ਭਰਪੂਰ ਭੂਤਕਾਲ (ਬੀਤਿਆ ਕੱਲ੍ਹ) ਹੈ ਅਤੇ ਦੂਜੇ ਪਾਸੇ ਹਿੰਦੂ ਸਮਾਜ ਦੀ ਨੰਗੀ ਤਸਵੀਰ ਹੈ। ਇਹ ਸਵੈਜੀਵਨੀ ਵਾਰ ਵਾਰ ਇਹੋ ਸਵਾਲ ਪੁੱਛਦੀ ਹੈ ਕਿ ਦਲਿਤਾਂ ਨੂੰ ਮਨੁੱਖੀ ਹੱਕਾਂ ਤੋਂ ਵਾਂਝਾ ਕਿਉਂ ਰੱਖਿਆ ਗਿਆ? ਜੀਅ-ਜਾਨ ਲਾ ਕੇ ਕਰੜੀ ਮਿਹਨਤ ਕਰਨ ਦੇ ਬਾਵਜੂਦ ਵੀ ਇਨ੍ਹਾਂ ਨੂੰ ਰੱਜਵੀਂ ਰੋਟੀ ਕਿਉਂ ਨਹੀਂ ਮਿਲੀ? ਖਾਣ ਨੂੰ ਮਿਲਿਆ ਵੀ ਤਾਂ ਪਸ਼ੂਆਂ ਦੇ ਗੋਹੇ ਵਿਚੋਂ ਨਿਕਲੇ ਦਾਣੇ ਜਾਂ ਮਰੇ ਹੋਏ ਪਸ਼ੂਆਂ ਦਾ ਮਾਸ। ਇਕਦਮ/ਬਿਲਕੁੱਲ ਲੀਰਾਂ ਹੋਈ ਜ਼ਿੰਦਗੀ ਦੀ ਦੁੱਖ ਭਰੀ, ਦਿਲ ਪਾੜ ਜਾਣ ਵਾਲੀ ਦਾਸਤਾਂ ਨੂੰ ਸਮਾਜ ਦੀ ਤ੍ਰਾਸਦੀ ਦੇ ਰੂਪ ਵਿਚ ਇਹ ਵਾਰ ਵਾਰ ਸਾਹਮਣੇ ਲਿਆਉਂਦੀ ਹੈ।

ਅਸ਼ਵਘੋਸ਼' ਨਾਂ ਦੀ ਪ੍ਰਸਿੱਧ ਬੋਧੀ ਅਤੇ ਸਾਹਿਤਕ ਪੱਤ੍ਰਿਕਾ ਦੇ ਸੰਪਾਦਕ ਅਤੇ ਵਿਦੇਸ਼ੀ ਮਾਮਲਿਆਂ ਬਾਰੇ ਬੋਧੀ ਦ੍ਰਿਸ਼ਟੀਕੋਨ ਤੋਂ ਦਖਲ ਦੇਣ ਵਾਲੇ ਪ੍ਰੋ. ਤੁਲਸੀ ਰਾਮ ਦੀਆਂ ਰਚਨਾਵਾਂ 'ਅੰਗੋਲਾ ਕਾ ਮੁਕਤੀ ਸੰਘਰਸ਼', ਸੀ.ਆਈ.ਏ. : ਰਾਜਨੀਤਕ

'ਵਿਧਵੰਸ ਕਾ ਅਮਰੀਕੀ ਹਥਿਆਰ', ਦ ਹਿਸਟਰੀ ਆਫ ਕਮਿਊਨਿਸਟ ਮੂਵਮੈਂਟ ਇਨ ਇਰਾਨ',ਪਰਸ਼ੀਆ ਟੂ ਇਰਾਨ (ਵੰਨ ਸਟੈੱਪ ਫਾਰਵਰਡ ਟੂ ਸਟੈੱਪ ਬੈਕ)', ਅਤੇ 'ਆਈਡਿਔਲੋਜੀ ਇਨ ਸੋਵੀਅਤ ਇਰਾਨ ਰੀਲੇਸ਼ਨਜ਼' (ਲੈਨਿਨ ਟੂ ਸਟਾਲਿਨ) ਰਚਨਾ ਸੰਸਾਰ ਵਿਚ ਸ਼ਾਮਲ ਹਨ। ਦਲਿਤ ਸਮਾਜ ਵਿਚ ਜਨਮੇ ਤੁਲਸੀ ਰਾਮ ਧੱਕੇ-ਧੌਂਸ ਵਾਲੀ, ਹੰਕਾਰਵਾਦੀ ਰਾਜਨੀਤੀ ਦੇ ਖਿਲਾਫ ਸਨ ਅਤੇ ਮਾਰਕਸਵਾਦ-ਅੰਬੇਦਕਰਵਾਦ ਵਾਲੇ ਸਾਂਝੇ ਮੋਰਚੇ ਦੀ ਖੱਬੀ ਅਤੇ ਲੋਕ ਹਿਤਾਂ ਵਾਲੀ/ ਆਮ ਲੋਕਾਂ ਦੇ ਹੱਕ ਪੂਰਨ ਵਾਲੀ ਰਾਜਨੀਤੀ ਦੇ ਹਮਾਇਤੀ ਸਨ। ਹਿੰਦੀ ਸਮਾਜ ਨੂੰ ਉਨ੍ਹਾਂ ਤੋਂ ਬਹੁਤ ਕੁੱਝ ਸਿੱਖਣ/ਸਮਝਣ ਦੀ ਆਸ ਸੀ ਪਰ ਉਹ ਆਪਣੀ 65 ਸਾਲ ਦੀ ਉਮਰ ਵਿਚ ਹੀ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਕਈ ਸਾਲ ਪਹਿਲਾਂ ਜਦੋਂ ਉਹ ਵਰਧਾ ਵਿਖੇ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਵਿਸ਼ਵਵਿਦਿਆਲੇ ਵਿਚ ਆਏ ਸਨ ਉਦੋਂ ਡਾ. ਅਮਿਤ ਵਿਸ਼ਵਾਸ ਨੇ ਉਨ੍ਹਾਂ ਨਾਲ ਦਲਿਤ ਮੁੱਦਿਆਂ ਸਹਿਤ ਬਹੁਤ ਸਾਰੇ ਮਾਮਲਿਆਂ ਬਾਰੇ ਗੱਲਬਾਤ ਕੀਤੀ ਸੀ। ਪੇਸ਼ ਹਨ ਉਸ ਗੱਲਬਾਤ ਵਿਚੋਂ ਕੁੱਝ ਅੰਸ਼ :

**? - ਤੁਸੀਂ ਦਲਿਤ ਚਿੰਤਕ ਵਜੋਂ ਜਾਣੇ ਜਾਂਦੇ ਹੋ, ਦਲਿਤਾਂ ਅਤੇ ਗੈਰ-ਦਲਿਤਾਂ ਦੋਵਾਂ ਵਲੋਂ ਅਜ ਦਲਿਤ ਸਾਹਿਤ ਵੱਡੀ ਗਿਣਤੀ ਵਿਚ ਲਿਖਿਆ ਜਾ ਰਿਹਾ ਹੈ। ਸੰਵੇਦਨਾਂ ਦੇ ਪੱਧਰ 'ਤੇ ਤੁਸੀਂ ਦੋਹਾਂ ਵਲੋਂ ਲਿਖੇ ਜਾ ਰਹੇ ਨੂੰ ਕਿਸ ਰੂਪ ਵਿਚ ਦੇਖਦੇ ਹੋ?**

- ਦੇਖੋ! ਭਾਰਤੀ ਸਾਹਿਤ ਅੰਦਰ ਸਮਾਜ ਦੇ ਹਰ ਵਰਗ ਅਤੇ ਹਰ ਤਬਕੇ ਦਾ ਵਰਨਣ ਹੋਣਾ ਜਰੂਰੀ ਹੈ ਕਿਉਂਕਿ ਕਿਸੇ ਵੀ ਦੇਸ਼ ਦਾ ਸਮਾਜ ਓਥੋਂ ਦੇ ਕੁੱਝ ਵਰਗਾਂ ਦੇ ਸਹਾਰੇ ਨਹੀਂ ਚਲਦਾ। ਉਸ ਵਿਚ ਸਭ ਵਰਗਾਂ ਦਾ ਭਾਗੀਦਾਰੀ/ ਹਿੱਸਾ ਹੋਣਾ ਚਾਹੀਦਾ ਹੈ ਤਾਂ ਹੀ ਦੇਸ਼ ਦਾ ਸੰਪੂਰਨ ਵਿਕਾਸ ਸੰਭਵ ਹੈ। ਭਾਰਤੀ ਦਲਿਤ ਸਾਹਿਤ ਨੂੰ ਦੇਸ਼ ਦੇ ਬਦਲਵੇਂ ਸਮਾਜਕ ਇਤਿਹਾਸ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ। ਇਤਿਹਾਸ ਵਿਚ ਇਹ ਬਹੁਤ ਜ਼ਰੂਰੀ ਹਿੱਸਾ ਲੰਬੇ ਸਮੇਂ ਤੋਂ ਨਜ਼ਰ ਹੀ ਨਹੀਂ ਆ ਰਿਹਾ। ਸਾਹਿਤ ਸਮਾਜ ਦੀ ਸੱਚੀ ਤਸਵੀਰ ਵਿਖਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਦਲਿਤ ਸਾਹਿਤ ਨੂੰ ਵੀ ਭਾਰਤੀ ਸਾਹਿਤ ਵਿਚ ਉਹ ਹੀ ਥਾਂ ਮਿਲਣੀ ਚਾਹੀਦੀ ਹੈ ਜਿਸ ਤਰ੍ਹਾਂ ਹੋਰ ਭਾਸ਼ਾਵਾਂ ਦੇ ਸਾਹਿਤ ਨੂੰ ਮਿਲੀ ਹੋਈ ਹੈ। ਦਲਿਤ ਸਾਹਿਤ ਦੀ ਜਦੋਂ ਤੱਕ ਠੀਕ ਵਿਆਖਿਆ ਨਹੀਂ ਹੋਵੇਗੀ ਉਦੋਂ ਤੱਕ ਭਾਰਤੀ ਸਾਹਿਤ ਵਿਕਾਸ ਦੀ ਸਹੀ ਪ੍ਰਕਿਰਿਆ ਉੱਤੇ ਠੀਕ ਢੰਗ ਨਾਲ ਚੱਲ ਨਹੀਂ ਸਕੇਗਾ ਕਿਉਂਕਿ ਦਲਿਤ ਸਾਹਿਤ ਹੀ ਅਜਿਹੀ ਕੜੀ ਹੈ ਜੋ ਸਮਾਜ ਦੇ ਉਸ ਪੱਖ ਨੂੰ ਪੇਸ਼ ਕਰਦਾ ਹੈ ਜਿਸ ਤੋਂ ਅੱਜ ਵੀ ਸਾਡੇ ਸਮਾਜ ਦੇ ਕੁੱਝ ਵਰਗ ਅਣਜਾਣ ਹਨ। ਦਲਿਤ ਸਾਹਿਤ ਵਿਚ ਦਲਿਤ ਆਪਣੇ ਆਪ ਵਿਚ ਵਿਲੱਖਣ ਇਸ ਕਰਕੇ ਹੈ ਕਿਉਂਕਿ ਸਿੱਖਿਆ ਤੋਂ ਸੱਖਣਾ ਰਹਿਣ ਦੇ ਬਾਵਜੂਦ ਵੀ ਦਲਿਤ ਸਮਾਜ ਨੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਮਿਸਾਲ ਵਜੋਂ ਚਿੱਤਰਕਾਰੀ ਅਤੇ ਲੋਕ ਨਾਟਕ ਦੁਆਰਾ ਉਨ੍ਹਾਂ ਨੇ ਆਪਣੀ ਵੇਦਨਾ/ਪੀੜ/ਦੁੱਖ-ਦਰਦ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਉਨ੍ਹਾਂ ਦੇ ਬਗਾਵਤੀ ਸੁਰ ਵੀ ਦਿਸਦੇ ਹਨ। ਭਾਵੇਂ ਉਹ ਸੁਰ ਸ਼ਾਂਤ ਹੋਣ, ਉਸ ਵਿਚ ਕੋਈ ਉੱਚੀ ਆਵਾਜ਼ ਨਾ ਹੋਵੇ ਪਰੰਤੂ ਆਪਣੇ ਉੱਪਰ ਹੋਏ ਸੋਸ਼ਣ ਦੇ ਖਿਲਾਫ ਜੋ ਚੀਖ ਵਿਖਾਈ ਤੇ ਸੁਣਾਈ ਦਿੰਦੀ ਹੈ ਉਹ ਸਮਾਜ ਦੇ ਉਨ੍ਹਾਂ ਸਾਰੇ ਵਰਗਾਂ ਨੂੰ ਕਟਿਹਰੇ ਵਿਚ ਖੜ੍ਹਾ ਕਰਦੀ ਹੈ ਜਿਨ੍ਹਾਂ ਨੇ ਹਮੇਸ਼ਾ ਹੀ ਪਿਛੜੇ ਵਰਗਾਂ ਨੂੰ ਸਮਾਜ ਦੇ ਹਾਸ਼ੀਏ ਤੋਂ ਬਾਹਰ ਹੀ ਧੱਕੀ ਰੱਖਿਆ ਹੈ। ਦਰਅਸਲ ਦਲਿਤ ਸਾਹਿਤ ਹਿੰਦੂ ਸਮਾਜ ਵਿਚ ਬੁਰੀ ਤਰ੍ਹਾਂ ਫੈਲੀ ਅਤੇ ਪੱਕ ਚੁੱਕੀ ਵਰਣ ਵਿਵਸਥਾ (ਜਾਤ-ਪਾਤ ਵਾਲਾ ਪ੍ਰਬੰਧ) ਦੇ ਖਿਲਾਫ ਅਤੇ ਮਨੁੱਖਤਾ ਦੇ ਹੱਕ ਵਿਚ ਲਿਖਿਆ ਜਾਣ ਵਾਲਾ ਸਾਹਿਤ ਹੈ। ਜਿਹੜਾ ਵੀ ਵਿਅਕਤੀ ਜਾਤ ਪਾਤ ਵਾਲੇ ਪ੍ਰਬੰਧ (ਵਰਣ ਵਿਵਸਥਾ) ਦੇ ਖਿਲਾਫ ਲਿਖਦਾ ਹੈ - ਉਹ ਦਲਿਤ ਸਾਹਿਤ ਹੈ। ਅਜ ਕੁੱਝ ਤੱਤਵਾਦੀ ਦਲਿਤ ਜਿਨ੍ਹਾਂ ਦੀ ਗਿਣਤੀ ਸਾਹਿਤ ਵਿਚ ਬਹੁਤ ਥੋੜ੍ਹੀ ਹੈ ਉਹ ਗੈਰ-ਦਲਿਤ ਵਲੋਂ ਲਿਖੇ ਗਏ ਸਾਹਿਤ ਨੂੰ ਇਕ ਸਿਰੇ ਤੋਂ ਖਾਰਿਜ ਕਰ ਰਹੇ ਹਨ - ਜੋ ਕਿ ਗਲਤ ਹੈ । ਅਨੁਭਵੀ ਦ੍ਰਿਸ਼ਟੀ ਨਾਲ ਦੇਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਜਿਸ ਦੇ ਜ਼ਖ਼ਮ ਹਨ ਉਹ ਹੀ ਦਰਦ ਨੂੰ ਸਹੀ ਬਿਆਨ ਕਰ ਸਕਦਾ ਹੈ।

**? - ਕੀ ਤੁਸੀਂ ਸਮਝਦੇ ਹੋ ਕਿ ਦਲਿਤ ਸਾਹਿਤ ਅੰਦਰ ਵੀ ਜਾਤ-ਪਾਤ ਵਾਲੀ ਭਾਵਨਾ ਪ੍ਰਚੰਡ ਹੁੰਦੀ ਦਿਸ ਰਹੀ ਹੈ - ਇਸ ਬਾਰੇ ਤੁਹਾਡੀ ਰਾਇ?**

- ਜੇ ਦਲਿਤ ਵੀ ਜਾਤੀਵਾਦ ਵਿਚ ਫਸਦੇ ਹਨ ਤਾਂ ਇਸ ਵਾਸਤੇ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਜਾਤਪਾਤ ਦਾ ਜੋ ਵੀ ਧਾਰਮਕ ਅਧਾਰ ਹੈ ਅਤੇ ਉਸ ਨੂੰ ਜੋ ਅੰਧ-ਵਿਸ਼ਵਾਸ ਨਾਲ ਜੋੜਿਆ ਗਿਆ ਹੈ, ਪੜ੍ਹੇ-ਲਿਖੇ ਨਾ ਹੋਣ ਕਰਕੇ ਇਸ ਦੇ ਸਭ ਤੋਂ ਵੱਧ ਸ਼ਿਕਾਰ ਦਲਿਤ ਹੀ ਹੋਏ ਹਨ। ਜਾਤ-ਪਾਤੀ ਪ੍ਰਬੰਧ ਭਗਵਾਨ ਨੇ ਬਣਾਇਆ ਹੈ ਅਤੇ ਪਿਛਲੇ ਜਨਮਾਂ ਵਿਚ ਕੀਤੇ ਗਏ ਕਰਮਾਂ ਤੋਂ ਤੁਹਾਡੀ ਜਾਤ ਮਿੱਥੀ ਜਾਂਦੀ ਹੈ ਵਰਗੀਆਂ ਨਿਰ-ਅਧਾਰ ਗੱਲਾਂ ਦਾ ਲੋਕਾਂ ਵਿਚ ਬਹੁਤ ਪ੍ਰਚਾਰ ਹੋਇਆ ਹੈ। ਦਲਿਤ ਵੀ ਇਨ੍ਹਾਂ ਗੱਲਾਂ ਵਿਚ ਆ ਜਾਂਦਾ ਹੈ ਅਤੇ ਸੋਚਦਾ ਹੈ ਕਿ ਜੋ ਉਸਤੋਂ ਵੀ ਥੱਲੇ ਹੈ ਉਸਨੇ ਤਾਂ ਪਿਛਲੇ ਜਨਮ ਵਿਚ ਮੇਥੋਂ ਵੀ ਮਾੜੇ ਕਰਮ ਕੀਤੇ ਹੋਣਗੇ। ਜਿਸ ਕਰਕੇ ਉਹ, ਉਸਨੂੰ ਬਹੁਤ ਹੀ ਭੈੜੀ ਨਜ਼ਰ ਨਾਲ ਦੇਖਦਾ ਹੈ। ਇਸ ਵਾਸਤੇ ਦੋਸ਼ੀ ਦਲਿਤ ਨਾ ਹੋ ਕੇ ਲੋਕਾਂ ਨੂੰ ਵੰਡਣ ਵਾਲਾ ਜਾਤ-ਪਾਤ ਵਾਲਾ ਪ੍ਰਬੰਧ ਹੀ ਹੈ। ਹੁਣ ਜ਼ਰਾ ਸੋਚੋ ਕਿ ਉੱਚੀ ਜਾਤ ਵਾਲੇ ਪੂਰੇ ਦਲਿਤ ਸਮਾਜ ਵਾਸਤੇ ਕਿੰਨੇ ਖਤਰਨਾਕ ਸਾਬਤ ਹੋ ਰਹੇ ਹੋਣਗੇ। ਜਾਤ-ਪਾਤ (ਵਰਣ ਵਿਵਸਥਾ) ਵਾਲਾ ਪ੍ਰਬੰਧ ਇੰਨਾ ਜ਼ਾਲਿਮ ਹੈ ਕਿ ਉਹ ਦਲਿਤ ਨੂੰ ਹੀ ਦਲਿਤ ਦੇ ਖਿਲਾਫ ਖੜ੍ਹਾ ਕਰ ਦਿੰਦਾ ਹੈ। ਦਲਿਤ ਸਾਹਿਤ ਨੂੰ ਜਾਨਣ-ਸਮਝਣ ਵਾਸਤੇ ਬੁੱਧ ਧਰਮ ਨੂੰ ਜਾਨਣਾ ਸਮਝਣਾ ਹੋਵੇਗਾ ਕਿਉਂਕਿ ਬੁੱਧ ਧਰਮ ਤੋਂ ਹੀ ਦਲਿਤ ਸਾਹਿਤ ਦਾ ਵਿਕਾਸ ਹੋਇਆ ਹੈ, ਉਸ ਤੋਂ ਬਿਨਾਂ ਦਲਿਤ ਸਾਹਿਤ ਦਾ ਕੋਈ ਅਧਾਰ ਨਹੀਂ ਹੈ। ਜੋ ਲੋਕ ਦਲਿਤ ਸਾਹਿਤ ਨੂੰ ਬੁੱਧ ਧਰਮ ਤੋਂ ਵੱਖਰਾ ਮੰਨਦੇ ਹਨ ਦਰਅਸਲ ਉਹ ਕਿਸੇ ਭਰਮ ਵਿਚ ਜੀਊਂਦੇ ਆ ਰਹੇ ਹਨ। ਬੁੱਧ ਧਰਮ ਨੂੰ ਅਪਨਾਉਣ ਨਾਲ ਹੀ ਜਾਤ-ਪਾਤ ਵਾਲੀ ਭਾਵਨਾ ਤੋਂ ਬਚਿਆ ਜਾ ਸਕਦਾ ਹੈ। ਇਸ ਲਈ ਜਰੂਰੀ ਹੈ ਕਿ ਅਜ ਦਲਿਤ ਸਾਹਿਤ ਨੂੰ ਬੁੱਧ ਧਰਮ ਦੀ ਕਸੌਟੀ 'ਤੇ ਪਰਖਿਆ ਜਾਵੇ ਕਿਉਂਕਿ ਬੁੱਧ ਧਰਮ ਬਰਾਬਰੀ ਦੇ ਦਰਸ਼ਨ ਨੂੰ ਕੇਂਦਰੀ ਨੁਕਤੇ ਵਜੋਂ ਪ੍ਰਭਾਸ਼ਿਤ ਕਰਦਾ ਅਤੇ ਪ੍ਰਵਾਨਦਾ ਹੈ। ਅੱਜ ਅਸੀਂ ਦੇਖ ਰਹੇ ਹਾਂ ਕਿ ਦਲਿਤ ਸਮਾਜ ਵਿਚ ਵੀ ਕਿਤੇ ਨਾ ਕਿਤੇ ਜਾਤ-ਪਾਤ ਵਾਲੇ ਪ੍ਰਬੰਧ ਦਾ ਦਖਲ ਵਧਦਾ ਜਾ ਰਿਹਾ ਹੈ। ਇਕ ਦਲਿਤ ਵਰਗ ਆਪਣੇ ਆਪ ਨੂੰ ਦੂਸਰੇ ਦਲਿਤ ਵਰਗ ਤੋਂ ਉੱਤਮ ਮੰਨ ਰਿਹਾ ਹੈ। ਜੇ ਅਜਿਹਾ ਹੀ ਚੱਲਦਾ ਰਿਹਾ ਤਾਂ ਜੋ ਲੜਾਈ ਅਜ ਦਲਿਤ ਵਰਗ ਦੀ ਉੱਚ ਵਰਗ ਨਾਲ ਹੈ ਤਾਂ ਉਹ ਲੜਾਈ ਪਿਛੜੀਆਂ ਜਾਤਾਂ ਦੀ ਆਪਸ ਵਿਚ ਹੋਵੇਗੀ।

**? - ਦਲਿਤਾਂ ਦੀ ਹੋਂਦ ਵਾਲੀ ਪੇਸ਼ਕਾਰੀ ਨੂੰ ਅਕਸਰ ਦਬਾ ਦਿੱਤਾ ਜਾਂਦਾ ਹੈ- ਇਸ ਸੰਦਰਭ ਵਿਚ ਤੁਹਾਡੀ ਟਿੱਪਣੀ?**

- ਅਸੀਂ ਖ਼ਬਰਾਂ ਵਿਚ ਪੜ੍ਹਦੇ ਆ ਰਹੇ ਹਾਂ ਕਿ ਉੱਚ ਜਾਤ ਵਾਲਿਆਂ ਨੇ ਦਲਿਤਾਂ ਨੂੰ ਜਾਲ਼ ਦਿੱਤਾ, ਦਲਿਤ ਔਰਤ ਨਾਲ ਬਲਾਤਕਾਰ ਕਰਕੇ ਕਤਲ ਕਰ ਦਿੱਤੀ ਗਈ। ਡੈਣ ਦੱਸਕੇ, ਉਹਨੂੰ ਨੰਗੀ ਕਰਕੇ ਪਿੰਡ ਪਿੰਡ



ਘੁਮਾਇਆ ਗਿਆ, ਦਲਿਤਾਂ ਨੂੰ ਮੰਦਿਰਾਂ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ ਆਦਿ, ਫੇਰ ਵੀ ਅਸੀਂ ਆਪਣੀ ਆਵਾਜ਼ ਨਹੀਂ ਉਠਾਉਂਦੇ, ਆਖਰ ਕਿਉਂ? ਦਰਅਸਲ ਅਜ ਦਲਿਤ ਸਾਹਿਤ ਅੰਦਰ ਵੀ ਅਗਵਾਈ ਦਾ ਸਵਾਲ ਖੜ੍ਹਾ ਹੋ ਗਿਆ ਹੈ। ਭਾਰਤੀ ਸਾਹਿਤ ਅੰਦਰ ਦਲਿਤ ਸਾਹਿਤ ਦੇ ਪ੍ਰਭਾਵ ਨੂੰ ਦੇਖਦੇ ਹੋਏ ਕੁੱਝ ਲੋਕ ਦਲਿਤ ਸਾਹਿਤ ਦੀ ਕਲੋਨਿੰਗ (ਨਕਲ) ਕਰ ਰਹੇ ਹਨ। ਆਧੁਨਿਕ ਭਾਰਤੀ ਦਲਿਤ ਸਾਹਿਤ ਦੀ ਨੀਂਹ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਦਲਿਤਾਂ ਨੂੰ ਵਿਦਿਆ ਦਾ ਅਧਿਕਾਰ ਦੁਆ ਕੇ ਰੱਖੀ ਸੀ। ਡਾ. ਅੰਬੇਦਕਰ ਦਲਿਤਾਂ ਜਾਂ ਪਛੜੇ ਵਰਗਾਂ ਵਾਸਤੇ ਹੀ ਨਹੀਂ ਸੋਚਦੇ ਸਨ ਬਲਕਿ ਉਹ ਸਮਾਜ ਦੇ ਉਸ ਪ੍ਰਬੰਧ ਦੇ ਖਿਲਾਫ ਸਨ ਜੋ ਮਨੁੱਖ ਤੋਂ ਮਨੁੱਖ ਦੇ ਦਰਮਿਆਨ ਭਿੰਨ-ਭੇਦ ਕਰਕੇ ਇਕ ਨੂੰ ਹਾਸ਼ੀਏ ਤੋਂ ਬਾਹਰ ਧੱਕ ਦਿੰਦਾ ਹੈ ਅਤੇ ਉਸ ਤੋਂ ਅੱਗੇ ਵਧਣ ਦਾ ਅਧਿਕਾਰ ਖੋਹ ਲੈਂਦਾ ਹੈ। ਸਾਡਾ ਸਾਹਿਤ ਨਵੇਂ ਸਮਾਜ ਦੀ ਸਿਰਜਣਾ ਵਾਸਤੇ ਬਗਾਵਤ ਦਾ ਪ੍ਰਤੀਕ ਸੀ। ਇਹ ਬਗਾਵਤ ਹੈ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਵਾਸਤੇ। ਇਹ ਕੁਝ ਪੜ੍ਹਿਆ-ਲਿਖਿਆ ਸਮਾਜ ਹੀ ਕਰ ਸਕਦਾ ਹੈ। ਅਜਿਹਾ ਸਮਾਜ ਆਪਣਾ ਦੁੱਖ-ਦਰਦ ਵੱਖੋ ਵੱਖ ਮੰਚਾਂ ਤੋਂ ਪੇਸ਼ ਕਰ ਸਕਦਾ ਹੈ। ਮਜ਼ਦੂਰਾਂ ਅਤੇ ਦਲਿਤਾਂ ਵਲ ਕੋਈ ਧਿਆਨ ਨਹੀਂ ਦਿੰਦਾ ਕਿਉਂਕਿ ਉਹ ਆਪਣੇ ਦੁੱਖਾਂ-ਦਰਦਾਂ ਬਾਰੇ ਕਿਧਰੇ ਦੱਸ ਹੀ ਨਹੀਂ ਸਕਦੇ। ਸਮਾਜ ਅੰਦਰ ਬਣੇ ਹੋਏ ਕੁੱਝ ਦਲ/ ਜਥੇਬੰਦੀਆਂ ਆਪਣੇ ਬਾਰੇ ਦੱਸਣ (ਲਿਖਣ-ਬੋਲਣ ਆਦਿ) ਦੀ ਆਜ਼ਾਦੀ ਵਿਚ ਵੀ ਰੋੜੇ ਅਟਕਾਉਂਦੀਆਂ ਹਨ। ਅਜਿਹੀ ਸਥਿਤੀ ਵਿਚ ਆਪਣੇ ਬਾਰੇ ਦੂਜਿਆਂ ਨੂੰ ਦੱਸਣ ਦੀ ਆਜ਼ਾਦੀ ਦਾ ਸਵਾਲ ਬਹੁਤ ਵੱਡੀ ਚਣੌਤੀ ਬਣ ਕੇ ਸਾਡੇ ਸਾਹਮਣੇ ਉਭਰ ਰਿਹਾ ਹੈ। ਅਜਕਲ ਦਲਿਤ ਸਾਹਿਤ ਵੀ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਜਾਣ ਲੱਗਾ ਹੈ। ਇੱਥੇ ਮੈਨੂੰ ਇਹ ਕਹਿਣ ਤੋਂ ਕੋਈ ਝਿਜਕ ਨਹੀਂ ਕਿ ਜਦੋਂ ਕੋਈ ਉੱਚੀ ਜਾਤ ਦਾ ਵਿਅਕਤੀ ਦਲਿਤਾਂ ਉੱਪਰ ਹੋ ਰਹੇ ਅੱਤਿਆਚਾਰਾਂ ਬਾਰੇ ਲਿਖਦਾ ਹੈ ਤਾਂ ਉਹ ਸਮਾਜ ਸੁਧਾਰਕ ਕਹਾਉਂਦਾ ਹੈ, ਪਰੰਤੂ ਜਦੋਂ ਉਹ ਹੀ ਗੱਲ ਕੋਈ ਦਲਿਤ ਲਿਖਦਾ ਜਾਂ ਬੋਲਦਾ ਹੈ ਤਾਂ ਉਸਨੂੰ ਜਾਤੀਵਾਦੀ ਮੰਨ ਲਿਆ ਜਾਂਦਾ ਹੈ।

**ਅਜਿਹਾ ਮੰਨਿਆਂ ਜਾਂਦਾ ਹੈ ਕਿ ਔਖੀ ਘੜੀ ਵੇਲੇ ਲੋਕ ਭਗਵਾਨ ਨੂੰ ਯਾਦ ਕਰਦੇ ਹਨ। ਤੁਹਾਡੇ ਜੀਵਨ 'ਚ ਦੁੱਖਾਂ ਦੇ ਪਹਾੜ ਖੜ੍ਹੇ ਰਹੇ ਹਨ ਕੀ ਅਜਿਹੀ ਸਥਿਤੀ ਵਿਚ ਵੀ ਤੁਹਾਨੂੰ ਭਗਵਾਨ ਦੀ ਯਾਦ ਨਹੀਂ ਆਈ ?**

– ਮੈਂ ਕਾਰਲ ਮਾਰਕਸ ਅਤੇ ਭਗਵਾਨ ਬੁੱਧ ਤੋਂ ਪ੍ਰਭਾਵਿਤ ਰਿਹਾ ਹਾਂ। ਮਾਰਕਸ ਅਤੇ ਬੁੱਧ ਦੇ ਦਰਸ਼ਨ (ਫਲਸਫੇ) ਦਾ ਹੀ ਸਾਂਝਾ ਪ੍ਰਭਾਵ ਸੀ ਕਿ ਕਿ ਮੈਂ ਰੱਬ ਅਤੇ ਆਤਮਾ ਨੂੰ ਮੰਨਣ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ। ਅੱਜ ਤਾਂ ਰੱਬ ਦੇ ਨਾਂ 'ਤੇ ਧਰਮ ਦਾ ਪੂਰੀ ਤਰ੍ਹਾ ਗੋਰਖ ਧੰਦਾ ਚੱਲ ਰਿਹਾ ਹੈ। ਦੇਵਨਗਰੀ ਕਹੇ ਜਾਂਦੇ ਬਨਾਰਸ ਦੇ ਪ੍ਰਸਿੱਧ ਘਾਟਾਂ ਅਤੇ ਮੰਦਿਰਾਂ ਅੰਦਰ ਪਾਂਡਿਆਂ ਦੇ ਪਖੰਡ ਤਾਂ ਦੇਖੋ, ਇਸ ਨਫਰਤ ਪੈਦਾ ਕਰਨ ਵਾਲੇ ਕਾਰੋਬਾਰ ਨੂੰ ਪਰਖੋ ਕਿ ਕਿਵੇਂ ਭਗਤ, ਕ੍ਰਿਸ਼ਨ ਦਾ ਵਿਖਿਆਨ ਕਰਦੇ ਹੋਏ ਅਤੇ ਭੂਤ ਕੱਢਣ ਦੇ ਬਹਾਨੇ ਔਰਤਾਂ ਨੂੰ ਸੋਸ਼ਣ ਦਾ ਸ਼ਿਕਾਰ ਬਣਾਉਂਦੇ ਹਨ। ਆਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ ਉੱਚ ਜਾਤੀਵਾਦੀ ਤਾਕਤਾਂ ਵਲੋਂ ਅੱਗੇ ਵਧਣਾ/ ਉਨ੍ਹਾਂ ਦਾ ਵਿਕਾਸ ਹੋਣਾ, ਦਲਿਤਾਂ ਉੱਤੇ ਅੱਤਿਆਚਾਰਾਂ ਦਾ ਮੁੱਖ ਕਾਰਨ ਹੈ। ਅਜ ਵੀ ਦਲਿਤਾਂ ਉੱਪਰ ਵੈਦਿਕ ਕਾਲ ਵਾਲੇ ਜ਼ੁਲਮ ਹੋ ਰਹੇ ਹਨ। ਅਜ ਦੁਨੀਆਂ ਅੰਦਰ ਲੱਗਪਗ 350 ਧਰਮਾਂ ਦਾ ਚਲਣ ਹੈ। ਇਨ੍ਹਾਂ ਵਿਚੋਂ ਕੇਵਲ ਹਿੰਦੂ ਧਰਮ ਹੀ ਅਜਿਹਾ ਧਰਮ ਹੈ ਜਿਸਦੇ ਸਭ ਦੇਵੀਆਂ ਅਤੇ ਦੇਵਤੇ ਹਥਿਆਰਾਂ ਸਮੇਤ ਦਿਸਦੇ ਹਨ। ਜਿਸ ਧਰਮ ਦੇ ਦੇਵੀਆਂ ਤੇ ਦੇਵਤੇ ਵੀ ਆਪਣੇ ਆਪ ਨੂੰ ਹਥਿਆਰਾਂ ਵਿਚ ਜਕੜੀ ਫਿਰਨ ਉਨ੍ਹਾਂ ਦੇ ਚੇਲਿਆਂ ਅਤੇ ਭਗਤਾਂ ਬਾਰੇ ਸੌਖਿਆਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਕਰਕੇ ਮੈਂ ਆਪਣੇ ਆਪ ਨੂੰ ਰੱਬ ਵਿਚ ਯਕੀਨ ਨਾ ਕਰਨ ਵਾਲਾ ਮੰਨਦਾ ਹਾਂ। ਕਿਸੇ ਔਖੀ ਘੜੀ ਵੀ ਕਦੇ ਰੱਬ ਯਾਦ ਨਹੀਂ ਆਇਆ।

**ਤੁਸੀਂ ਮਾਰਕਸਵਾਦੀ ਪਾਰਟੀ ਨਾਲ ਜੁੜੇ ਰਹੇ ਹੋ, ਕੀ ਇਹ ਸੱਚ ਹੈ ਕਿ ਜਾਤੀਗਤ ਕਾਰਨਾਂ ਕਰਕੇ ਰੂਸ ਨੂੰ ਪਰਵਾਸ ਕਰਨ ਤੋਂ ਤੁਹਾਨੂੰ ਰੋਕ ਦਿੱਤਾ ਗਿਆ ਸੀ?**

– ਮਾਰਕਸਵਾਦ ਦੇ ਡੂੰਘੇ ਅਧਿਅਨ ਕਰਕੇ ਮੈਂ ਆਪਣੇ ਆਪ ਨੂੰ ਮਾਰਕਸਵਾਦੀ ਕਮਿਊਨਿਸਟ ਪਾਰਟੀ ਲਈ ਪੂਰੇ ਤਨ-ਮਨ ਨਾਲ ਸਮਰਪਿਤ ਕਰ ਦਿੱਤਾ ਅਤੇ ਬਨਾਰਸ ਹਿੰਦੂ ਵਿਸ਼ਵਵਿਦਿਆਲੇ ਵਿਖੇ ਮਾਰਕਸਵਾਦੀ ਵਿਦਿਆਰਥੀ ਨੇਤਾ ਦੇ ਰੂਪ 'ਚ ਵਿਚਰਿਆ। ਇਕ ਵਾਰ ਜਦੋਂ ਕੋਈ ਪਰਚਾ ਲਿਖਦੇ ਸਮੇਂ ਉਸਦੇ ਅਖੀਰ ਵਿਚ ਡਾਕਟਰ ਅੰਬੇਦਕਰ ਦੇ ਨਾਮ ਦਾ ਜ਼ਿਕਰ ਕੀਤਾ ਤਾਂ ਉਸਨੂੰ ਕਿਸੇ ਮਾਰਕਸਵਾਦੀ ਨੇਤਾ ਨੇ ਕਟਵਾ ਦਿੱਤਾ। ਕੁੱਝ ਦਿਨ ਬਾਅਦ ਜਦੋਂ ਅਸੀਂ ਬਨਾਰਸ ਦੇ ਅਪਰਾਧੀ ਪਾਂਡਿਆਂ (ਪੰਡਿਤਾਂ) ਦੇ ਖਿਲਾਫ ਮੁਜ਼ਾਹਿਰਾ ਕਰਨ ਬਾਰੇ ਸੋਚਿਆ ਤਾਂ ਇਹ ਕਹਿ ਕੇ ਸਾਨੂੰ ਰੋਕ ਦਿੱਤਾ ਗਿਆ ਕਿ ਕਿਉਂ ਗਰੀਬ ਬ੍ਰਾਹਮਣਾਂ ਦੀ ਰੋਜ਼ੀ-ਰੋਟੀ ਦੇ ਪਿੱਛੇ ਪਏ ਹੋ'। ਇਕ ਵਾਰ ਪਾਰਟੀ ਵਲੋਂ ਹੀ ਸਹੀ ਤਰੀਕੇ ਨਾਲ ਪ੍ਰਬੰਧ ਕੀਤੇ ਗਏ ਪਰਵਾਸ ਤੋਂ ਇਹ ਕਹਿ ਕੇ ਰੋਕ ਦਿੱਤਾ ਗਿਆ ਕਿ ਦੇਸ਼ ਦੇ ਮਾਰਕਸਵਾਦੀ ਅੰਦੋਲਨ ਨੂੰ ਤੁਹਾਡੀ ਲੋੜ ਹੈ ਅਤੇ ਤੁਹਾਡਾ ਸਥਾਨ ਕੋਈ ਹੋਰ ਨਹੀਂ ਲੈ ਸਕਦਾ। ਪਰ ਬਾਅਦ ਵਿਚ ਪਤਾ ਲੱਗਾ ਕਿ ਮੈਨੂੰ ਸਿਰਫ ਮੇਰੀ ਜਾਤ ਦੇ ਕਰਕੇ ਹੀ ਇਸ ਤੋਂ ਰੋਕਿਆ ਗਿਆ ਸੀ। ਇਨ੍ਹਾਂ ਸਾਰੇ ਕਾਰਨਾਂ ਕਰਕੇ ਮੈਂ ਬਹੁਤ ਦੁਖੀ ਹੋਇਆ, ਕਿਉਂਕਿ ਮੈਂ ਤਾਂ ਸਕਾਆਤਮਕ ਤਰੀਕੇ ਨਾਲ ਜੀਊਣ ਵਾਲਾ ਵਿਅਕਤੀ ਹਾਂ। ਜੇ ਕਾਰਲ ਮਾਰਕਸ, ਬੁੱਧ ਨੂੰ ਜਾਣਦੇ ਹੁੰਦੇ ਤਾਂ ਜਾਤ ਅਧਾਰਤ ਵਿਤਕਰੇ ਬਾਰੇ ਵੀ ਜ਼ਰੂਰ ਲਿਖਦੇ।

**ਤੁਸੀਂ ਅੰਤਰਰਾਸ਼ਟਰੀ ਮਾਮਲਿਆਂ ਦੇ ਵੱਡੇ ਮਾਹਿਰ (ਜਾਣਕਾਰ) ਦੇ ਰੂਪ ਵਿਚ ਜਾਣੇ ਜਾਂਦੇ ਹੋ, ਕੀ ਤੁਸੀ ਮੰਨਦੇ ਹੋ ਕਿ ਦੁਨੀਆਂ ਦੇ ਪੱਧਰ 'ਤੇ ਜਾਂ ਸੰਦਰਭ ਵਿਚ ਖਾਸ ਕਰਕੇ ਇਸਲਾਮੀ ਦੇਸ਼ਾਂ ਅੰਦਰ ਲੋਕਤੰਤਰ ਦੀ ਪਰਿਭਾਸ਼ਾ ਨੂੰ ਅਮਰੀਕਾ ਹੀ ਮਿੱਥ ਰਿਹਾ ਹੈ?**

– ਹੁਣ ਲੋਕਤੰਤਰ, ਭੀੜਤੰਤਰ ਵਿਚ ਬਦਲ ਗਿਆ ਹੈ। ਅਮਰੀਕਾ ਆਪਣੀਆਂ ਨੀਤੀਆਂ ਨੂੰ ਮਨਵਾਉਣ ਵਾਸਤੇ ਲੋਕਤੰਤਰ ਦੇ ਨਾਮ 'ਤੇ ਲੋਕਾਂ ਦੀ ਭੀੜ ਨੂੰ ਸੜਕਾਂ 'ਤੇ ਉਤਾਰ ਦਿੰਦਾ ਹੈ। ਜਿੱਥੇ ਵੀ ਉਨ੍ਹਾਂ ਦੇ ਸਮਰਥਕ ਸੱਤਾ ਉੱਤੇ ਕਾਬਜ਼ ਹੋ ਜਾਂਦੇ ਹਨ ਉਸਨੂੰ ਹੀ ਉਹ ਲੋਕਤੰਤਰ ਕਹਿੰਦੇ ਹਨ। ਅੱਜ ਡੈਮੋਕ੍ਰੇਸੀ ਤੋਂ ਵੀ ਜਰੂਰੀ ਹੋ ਗਿਆ ਹੈ ਕਿ ਅਸੀਂ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਮੰਨੀਏ। ਲੀਬੀਆ ਵਿਚ ਬਹੁਤ ਹੀ ਲੋਕਪੱਖੀ ਕਾਰਜ ਕੀਤੇ ਜਾ ਰਹੇ ਸਨ, ਓਥੇ ਤਾਂ ਜੇਲਾਂ ਵੀ ਬੰਦ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਏਥੇ ਜੁਰਮ ਹੀ ਨਹੀਂ ਹੋ ਰਹੇ ਪਰ ਮੀਡੀਆ ਨੇ ਇਸ ਗੱਲ ਦਾ ਨੋਟਿਸ ਹੀ ਨਹੀਂ ਲਿਆ। ਮੀਡੀਆ ਨੇ ਇਸ ਕਰਕੇ ਉਨ੍ਹਾਂ ਦੀ ਗੱਲ ਨੂੰ ਦਬਾ ਦਿੱਤਾ ਕਿਉਂਕਿ ਲੀਬੀਆ ਹਮੇਸ਼ਾਂ ਅਮਰੀਕਾ ਦਾ ਵਿਰੋਧ ਕਰਦਾ ਸੀ। ਅਮਰੀਕਾ, ਇਸਲਾਮੀ ਦੇਸ਼ਾਂ ਅੰਦਰਲੇ ਤੇਲ ਦੇ ਖੂਹਾਂ/ਭੰਡਾਰਾਂ ਉੱਪਰ ਕਬਜ਼ਾ ਕਰਨਾ ਚਾਹੁੰਦਾ ਹੈ। ਅਮਰੀਕਾ ਡੀਸਟੇਬਲਾਈਜ਼ੇਸ਼ਨ (ਅਸਥਿਰਤਾ) ਦੀ ਥੀਊਰੀ ਦੇ ਰਾਹੀਂ ਸੀ.ਆਈ.ਏ. ਦੇ ਮਾਧਿਅਮ ਨੂੰ ਪੌੜੀ ਬਣਾ ਕੇ ਜਿੱਥੇ ਵੀ ਬਸਤੀਵਾਦ ਦੇ ਵਿਰੋਧ ਵਿਚ ਅੰਦੋਲਨ ਚੱਲ ਰਿਹਾ ਸੀ ਉਸਨੂੰ ਗੈਰ-ਲੋਕਤੰਤਰੀ ਐਲਾਨ ਕੇ, ਲੋਕਤੰਤਰ ਦੀ ਬਹਾਲੀ ਦੇ ਨਾਮ ਹੇਠ ਪੂਰੇ ਤੌਰ 'ਤੇ ਸੰਗਠਿਤ ਤਰੀਕੇ ਨਾਲ ਲੋਕਾਂ ਨੂੰ ਸੜਕਾਂ 'ਤੇ ਉਤਾਰ ਦਿੰਦਾ ਸੀ। ਇਸ ਕੰਮ ਲਈ ਉਹ (ਅਮਰੀਕਾ) ਵੱਡੀ ਪੱਧਰ 'ਤੇ ਵੱਖੋ ਵੱਖ ਗੈਰ ਸਰਕਾਰੀ ਸੰਗਠਨਾਂ ਦਾ ਸਹਾਰਾ ਲੈਂਦਾ ਸੀ। ਅਮਰੀਕਾ ਦਾ ਕਹਿਣਾ ਹੈ ਕਿ ਅਸੀਂ ਤਾਂ ਇਸਲਾਮੀ ਜਹਾਦੀਆਂ ਦੇ ਵਿਰੋਧ ਵਿਚ ਲੜ ਰਹੇ ਹਾਂ। ਸੈਮੂਅਲ ਹਟਿੰਗਟਨ ਆਪਣੀ ਪੁਸਤਕ ਕਲੈਸ਼ ਆਫ ਸਿਵਲਾਈਜੇ ਵਿਚ ਲਿਖਦਾ ਹੈ ਕਿ ਯੂਰਪ, ਅਮਰੀਕਾ ਨੂੰ ਪੱਛਮੀ ਸੱਭਿਅਤਾ ਕਹਿੰਦਾ ਹੈ ਭਾਵ ਦੂਜਿਆਂ ਦੀ ਸੱਭਿਅਤਾ ਨੂੰ ਧਰਮ ਨਾਲ ਜੋੜਦਾ ਹੈ। ਉਹ ਮੰਨਦਾ ਹੈ ਕਿ ਪੱਛਮੀ ਹੀ ਕਿਉਂ ਇਸਲਾਮੀ ਸਿਵਲਾਈਜ਼ੇਸ਼ਨ ਤਾਂ ਪੂਰੀ ਸਿਵਲਾਈਜ਼ੇਸ਼ਨ ਦੇ ਖਿਲਾਫ ਹੈ। ਇਸ ਕਰਕੇ ਸਾਨੂੰ ਇਸਲਾਮੀ ਸੱਭਿਅਤਾ ਦਾ ਵਿਰੋਧ ਕਰਨਾ ਚਾਹੀਦਾ ਹੈ। ਉਹ (ਹਟਿੰਗਟਨ) ਤਾਂ ਮੰਨਦਾ ਹੈ ਕਿ ਜੇ ਦੁਸ਼ਮਣ ਨਹੀਂ ਹੈ ਤਾਂ ਪੈਦਾ ਕਰੋ। ਇਸ ਨੀਤੀ 'ਤੇ ਚੱਲਦਿਆਂ ਪੱਛਮੀ ਦੇਸ਼ ਸਾਰੀ ਦੁਨੀਆਂ ਉੱਤੇ ਆਪਣਾ ਅਧਿਕਾਰ ਕਾਇਮ ਕਰਨਾ ਚਾਹੁੰਦੇ ਹਨ। ਅਮਨ-ਅਮਾਨ ਨਾਲ ਵਸ ਰਹੇ ਦੇਸ਼ ਇਰਾਕ ਦੇ ਰਾਸ਼ਟਰਪਤੀ ਸਦਮ ਹੁਸੈਨ ਅਮਰੀਕਾ ਦੀਆਂ ਨੀਤੀਆਂ ਨੂੰ ਨਹੀਂ ਮੰਨਦੇ ਸਨ। ਅਮਰੀਕਾ ਨੇ ਕਿਹਾ ਕਿ ਇਰਾਕ ਕੋਲ ਵੈਪਨ ਆਫ ਮਾਸ ਡਿਸਟ੍ਰਕਸ਼ਨ' ਹਨ, ਇਸ ਬਹਾਨੇ ਅਮਰੀਕਾ ਨੇ ਇਰਾਕ ਉੱਪਰ ਹਮਲਾ ਕੀਤਾ, ਲੱਗਪਗ 20 ਲੱਖ ਲੋਕ ਮਾਰੇ ਗਏ। ਹੁਣ ਅਮਰੀਕੀ ਸਰਕਾਰ ਓਥੋਂ ਦੇ ਕੁਦਰਤੀ ਤੇਲ ਭੰਡਾਰਾਂ 'ਤੇ ਕਾਬਜ਼ ਹੋ ਕੇ, ਤੇਲ ਕੱਢ ਰਹੀ ਹੈ। ਤੁਸੀਂ ਦੇਖੋ ਕਿ ਅਮਰੀਕਾ ਦੇ ਨਿਸ਼ਾਨੇ ਉੱਤੇ ਤਾਂ ਉੱਤਰੀ ਕੋਰੀਆ ਅਤੇ ਇਰਾਕ ਦੋਵੇਂ ਹੀ ਸਨ। ਕਿਉਂਕਿ ਉੱਤਰੀ ਕੋਰੀਆ ਕੋਲ ਤੇਲ ਭੰਡਾਰ ਨਹੀਂ ਸਨ ਇਸ ਕਰਕੇ ਅਮਰੀਕਾ ਨੇ ਇਰਾਕ 'ਤੇ ਹਮਲਾ ਕਰਕੇ ਤੇਲ ਭੰਡਾਰਾਂ ਵਾਲੇ ਖੇਤਰਾਂ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਅਮਰੀਕਾ ਨੇ 2004 ਵਿਚ ਲੋਕਤੰਤਰ ਦੀ ਬਹਾਲੀ ਦੇ ਨਾਮ ਉੱਪਰ ਜਾਰਜੀਆ ਅੰਦਰ ਦਖਲ ਦਿੱਤਾ ਅਤੇ ਆਪਣੇ ਕਿਸੇ ਅਮਰੀਕੀ ਨਾਗਰਿਕ ਨੂੰ ਸੱਤਾ ਉੱਤੇ ਬਹਾ ਦਿੱਤਾ।

**ਵਿਸ਼ਵੀਕਰਣ ਦੇ ਲੜ ਲੱਗੇ ਭਾਰਤੀ ਸਮਾਜ ਅੰਦਰ ਕਿਸ ਤਰ੍ਹਾਂ ਦੀ ਤਬਦੀਲੀ ਜਾਂ ਇਸ ਦਾ ਚਲਣ ਤੁਸੀਂ ਦੇਖ ਰਹੇ ਹੋ ?**

– ਅਮਰੀਕਾ ਅਸਥਿਰਤਾ ਵਾਲੇ ਸਿਧਾਂਤ ਦੇ ਅਧੀਨ ਬਸਤੀਵਾਦੀ ਸੱਤਾ ਸਥਾਪਤ ਕਰਨਾ ਚਾਹੁੰਦਾ ਹੈ। ਵਿਸ਼ਵੀਕਰਣ ਦੇ ਫੱਟੇ ਓਹਲੇ ਅਤੇ ਫਰੀ ਟਰੇਡ (ਖੁੱਲ੍ਹੇ ਵਪਾਰ) ਦੇ ਨਾਮ ਉੱਤੇ ਪੱਛਮੀ ਦੇਸ਼ਾਂ ਨੇ ਆਪਣੀਆਂ ਨੀਤੀਆਂ ਨੂੰ ਦੁਨੀਆਂ ਉੱਤੇ ਥੋਪਣਾ ਸ਼ੁਰੂ ਕੀਤਾ, ਇਸ ਦਾ ਨਤੀਜਾ ਇਹ ਨਿਕਲਿਆ ਕਿ ਜਿਹੜੀਆਂ ਸਮੱਸਿਆਵਾਂ ਉਨ੍ਹਾਂ ਦੀਆਂ ਹਨ ਉਹ ਸਾਰੀ ਦੁਨੀਆਂ ਵਾਸਤੇ ਭਿਆਨਕ ਰੂਪ ਵਿਚ ਉਭਰਨ। ਹੁਣ ਅੱਤਵਾਦ ਬਾਰੇ ਜਿਵੇਂ ਅਮਰੀਕਾ ਨੇ ਜੋ ਗੱਲਾਂ ਫੈਲਾਈਆਂ, ਜਦੋਂ ਅੱਤਵਾਦੀਆਂ ਨੇ ਉੱਥੇ ਹਮਲਾ ਕੀਤਾ ਤਾਂ ਅੱਤਵਾਦ ਅਮਰੀਕਾ ਤੋਂ ਨਿਕਲ ਕੇ ਸਾਰੀ ਦੁਨੀਆਂ ਵਿਚ ਫੈਲ ਗਿਆ ਅਤੇ ਹੁਣ ਦੁਨੀਆਂ ਵਿਚ ਕੋਈ ਦੇਸ਼ ਅਜਿਹਾ ਨਹੀਂ ਹੈ ਜਿੱਥੇ ਅੱਤਵਾਦ ਦੀ ਸਮੱਸਿਆ ਨਹੀਂ ਹੈ। ਹੁਣ ਇੱਥੇ ਇਹ ਕਹਿਣਾ ਦਲੀਲ ਭਰਪੂਰ ਹੋਵੇਗਾ ਕਿ ਪੱਛਮੀ ਦੇਸ਼ਾਂ ਦਾ ਜਿਹੜਾ ਅੰਦਰੂਨੀ ਮਾਮਲਾ ਸੀ ਉਹ ਹੁਣ ਉੱਥੋਂ ਨਿਕਲ ਕੇ ਹੋਰ ਦੇਸ਼ਾਂ ਦਾ ਵੀ ਅੰਦਰੂਨੀ ਮਾਮਲਾ ਬਣ ਗਿਆ ਹੈ। ਵਿਸ਼ਵੀਕਰਣ ਤੋਂ ਬਾਅਦ, ਅਮਰੀਕੀ ਨੀਤੀਆਂ ਦਾ ਭਾਰਤੀ ਸਮਾਜ ਉੱਪਰ ਬਹੁਤ ਪ੍ਰਭਾਵ ਪਿਆ ਹੈ। ਇਹ ਸਭ ਕੁੱਝ ਕਰਨ ਵਾਸਤੇ ਅਮਰੀਕਾ ਮੀਡੀਏ ਦਾ ਸਹਾਰਾ ਲੈਂਦਾ ਹੈ।

**ਕੀ ਸਾਮਰਾਜਵਾਦ ਅਤੇ ਪੂੰਜੀਵਾਦ ਨਾਲ ਜੁੜ ਕੇ ਭਾਰਤੀ ਸਮਾਜ ਅੰਦਰਲੀਆਂ ਜਾਤ-ਪਾਤ, ਧਾਰਮਕ ਪੱਖੋਂ ਜਾਂ ਸੱਭਿਆਚਾਰਕ ਪੱਖੋਂ ਪਈਆਂ ਜੰਜੀਰਾਂ ਟੁੱਟ ਸਕੀਆਂ ਹਨ?**

– ਨਹੀਂ, ਅਜਿਹਾ ਨਹੀਂ ਹੈ। ਹਾਂ ਤਬਦੀਲੀ ਜ਼ਰੂਰ ਆਈ ਹੈ। ਪਰ, ਸੋਸ਼ਲ ਡਿਸਕਰਿਮੀਨੇਸ਼ਨ, ਸਮਾਜਕ ਭੇਦ-ਭਾਵ ਜਿਸ ਨੂੰ ਕਹਿੰਦੇ ਹਨ ਉਸਦਾ ਨਵਾਂ ਰੂਪ ਸਾਡੇ ਸਾਹਮਣੇ ਆਇਆ ਹੈ ਜਾਤੀਵਾਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਖਾਸ ਕਰਕੇ ਜਿੱਥੋਂ ਤੱਕ ਜਾਤ-ਪਾਤ ਦਾ ਸਵਾਲ ਹੈ, ਪਹਿਲਾਂ ਜਾਤ-ਪਾਤ ਮਨੁੱਖ ਦੀ ਵਿਅਕਤੀਗਤ ਸੋਚ ਵਿਚ ਹੁੰਦੀ ਸੀ। ਇਕ ਵਿਅਕਤੀ ਭੇਦ-ਭਾਵ ਇਸ ਕਰਕੇ ਕਰਦਾ ਸੀ ਕਿ ਜਾਤਵਾਦ ਧਰਮ ਨਾਲ ਜੁੜਿਆ ਹੋਇਆ ਸੀ। ਤਬਦੀਲੀ ਇਹ ਹੋਈ ਕਿ ਜਾਤਵਾਦ ਹੁਣ ਪੂਰੀ ਤਰ੍ਹਾਂ ਰਾਜਨੀਤੀ ਅੰਦਰ ਭਾਰੂ ਹੋ ਗਿਆ ਹੈ। ਵੱਖੋ ਵੱਖ ਰਾਜਨੀਤਕ ਪਾਰਟੀਆਂ ਦੇ ਉਮੀਦਵਾਰ ਹੁੰਦੇ ਹਨ, ਜਾਤ-ਪਾਤ ਵਾਲੇ ਹਿਸਾਬ-ਕਿਤਾਬ ਨਾਲ ਹੀ ਉਹ ਚੋਣਾਂ ਜਿੱਤਣ 'ਚ ਕਾਮਯਾਬ ਹੁੰਦੇ ਹਨ। ਕਹਿਣ ਦਾ ਮਤਲਬ ਕਿ ਜਾਤਵਾਦ, ਲੋਕਤੰਤਰੀ ਪ੍ਰਬੰਧ ਅੰਦਰ ਉਸ ਨਾਲ ਮਿਲ ਕੇ ਉਸੇ ਅਧਾਰ 'ਤੇ ਉਮੀਦਵਾਰਾਂ ਨੂੰ ਜਿਤਾ ਰਿਹਾ ਹੈ। ਜਾਤੀਵਾਦ ਅਤੇ ਜਾਤ ਦੇ ਨਾਮ ਉੱਤੇ ਵੋਟ ਮੰਗੇ ਜਾਣ ਲੱਗੇ ਹਨ ਅਤੇ ਇਸੇ ਤਰ੍ਹਾਂ ਹੀ ਧਰਮ ਦੇ ਨਾਮ 'ਤੇ ਵੀ ਵੋਟ ਮੰਗੇ ਜਾਂਦੇ ਹਨ। ਭਾਰਤ ਦਾ ਜੋ ਰਾਜਨੀਤਕ ਸਿਸਟਮ ਹੈ ਉਹ ਜਾਤ ਅਧਾਰਤ ਸਿਸਟਮ ਵਿਚ ਬਦਲ ਗਿਆ ਹੈ। ਇਸ ਤਰ੍ਹਾਂ ਜਾਤਵਾਦ, ਰਾਜਨੀਤਕ ਕਾਰਨਾਂ ਕਰਕੇ ਹੁਣ ਹੋਰ ਵੀ ਵੱਧ ਮਜ਼ਬੂਤ ਹੋ ਰਿਹਾ ਹੈ। ਇਹ ਜਾਤ-ਪਾਤੀ ਪ੍ਰਬੰਧ ਜਿੰਨਾ ਵੀ ਮਜਬੂਤ ਹੁੰਦਾ ਹੈ ਇਸ ਨਾਲ ਦਲਿਤ ਅਤੇ ਆਦਿਵਾਸੀ ਓਨੇ ਹੀ ਅਸੁਰੱਖਿਅਤ ਹੁੰਦੇ ਜਾਂਦੇ ਹਨ। ਇਸ ਕਰਕੇ ਸਾਰੀਆਂ ਤਬਦੀਲੀਆਂ ਦੇ ਬਾਵਜੂਦ, ਸਭ ਯੋਜਨਾਵਾਂ ਦੇ ਬਾਵਜੂਦ ਜਾਤ ਅਧਾਰਤ ਰਾਜਨੀਤੀ ਤੀਖਣਤਾ ਨਾਲ ਵਧ-ਫੁਲ ਰਹੀ ਹੈ। ਭਵਿੱਖ ਵਿਚ ਇਸਦਾ ਸਿੱਟਾ ਬਹੁਤ ਹੀ ਖਤਰਨਾਕ ਹੋਵੇਗਾ।

**ਕੀ ਮਹਾਂ ਸ਼ਕਤੀਆਂ ਦਾ ਦਲਾਲ ਦੇਸ਼ ਹੋਣ ਤੋਂ ਇਲਾਵਾ ਭਾਰਤ ਕਦੀ ਪਹਿਚਾਣ ਬਣਾ ਸਕੇਗਾ?**

– ਭਾਰਤ ਦੀ ਸਥਿਤੀ ਜੋ ਇਸ ਸਮੇਂ ਹੈ, ਭਾਰਤ ਦੀ ਪਹਿਚਾਣ ਬਹੁਤ ਚੰਗੀ ਹੋ ਸਕਦੀ ਸੀ ਇਕ ਆਜ਼ਾਦ ਨੇਸ਼ਨ ਦੇ ਰੂਪ ਵਿਚ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਭਾਰਤ ਪੱਛਮੀ ਦੇਸ਼ਾਂ ਦੇ ਦਲਾਲਾਂ ਵਰਗਾ ਬਣਦਾ ਜਾ ਰਿਹਾ ਹੈ। ਖਾਸ ਕਰਕੇ ਵਰਤਮਾਨ ਸਰਕਾਰ ਸਿੱਧੀ ਹੀ ਅਮਰੀਕੀ ਧੜੇ ਵਿਚ ਚਲੀ ਗਈ ਹੈ। ਜੋ ਆਰਥਕ ਸੰਕਟ ਅਮਰੀਕਾ ਵਿਚ ਆਇਆ ਸੀ ਉਹ ਭਾਰਤ ਵਿਚ ਵੀ ਆਇਆ। ਅਮਰੀਕੀ ਧੜੇ ਵਿਚ ਉਹ ਹੀ ਜਾਂਦਾ ਹੈ ਜੋ ਅਮਰੀਕੀ ਵਿਦੇਸ਼ ਨੀਤੀ ਨਾਲ ਵੀ ਸਹਿਮਤ ਹੋਵੇ। ਅਮਰੀਕਾ ਦੀ ਵਿਦੇਸ਼ ਨੀਤੀ (ਗਲੋਬਲ ਡੌਮੀਨੇਸ਼ਨ) ਵਿਸ਼ਵ ਪੱਧਰ ਉੱਤੇ ਧੱਕੇ ਅਤੇ ਧੌਂਸ ਦੀ ਨੀਤੀ ਹੈ। ਉਸ ਦੇ ਚੱਲਦੇ ਹੀ ਉਨ੍ਹਾਂ ਨੇ ਅਫਗਾਨਿਸਤਾਨ ਉੱਪਰ ਹਮਲਾ ਕੀਤਾ। ਫੇਰ ਲੀਬੀਆ ਦੇ ਗੱਦਾਫੀ ਨੂੰ ਹਟਾਇਆ। ਭਾਰਤ ਗੁਟ-ਨਿਰਲੇਪਤਾ ਦੀ ਨੀਤੀ ਨੂੰ ਛੱਡ ਕੇ ਹੁਣ ਅਮਰੀਕੀ ਗੁੱਟ ਨਾਲ ਹੈ, ਇਸ ਕਰਕੇ ਦੁਨੀਆਂ ਦੇ ਦੇਸ਼ਾਂ ਅੰਦਰ ਭਾਰਤ ਦੀ ਬਦਨਾਮੀ ਵੀ ਹੋਈ। ਭਾਵੇਂ ਇਕ ਸਮੇਂ ਭਾਰਤ ਤੀਜੀ ਦੁਨੀਆਂ ਵਾਲੇ ਮੁਲਕਾਂ ਦੇ ਆਗੂ ਵਾਲੇ ਰੂਪ ਵਿਚ ਉੱਭਰਿਆ ਸੀ, ਉਹ ਗੱਲ ਹੁਣ ਲੱਗਪਗ ਖਤਮ ਹੁੰਦੀ ਦਿਸ ਰਹੀ ਹੈ।

**ਪੁਰਾਣੀ ਵਿਵਸਥਾ ਦੇ ਅਧੀਨ ਰਾਸ਼ਟਰ ਦੇ ਨਵੇਂ ਰੂਪ ਵਿਚ ਅਕਸਰ ਦੇਖਿਆ ਗਿਆ ਹੈ ਕਿ ਪੁਰਾਣੇ ਦੇਸ਼ ਢਹਿੰਦੇ ਹੀ ਚਲੇ ਜਾਂਦੇ ਹਨ ਜਿਵੇਂ ਮਘਦ, ਯੂਨਾਨ, ਮਿਸਰ ਆਦਿ। ਭਾਰਤੀ ਸੰਦਰਭ 'ਚ ਇਸਦੀ ਵਿਆਖਿਆ ਜਾਂ ਮੁਲਅੰਕਣ ਕਰੋ?**

– ਜਿੱਥੋਂ ਤੱਕ ਭਾਰਤ ਦੀ ਹਸਤੀ ਦਾ ਸਵਾਲ ਹੈ ਇਹ ਜਾਤ-ਪਾਤ ਵਾਲੇ ਪ੍ਰਬੰਧ ਦੇ ਚੱਲਦਿਆਂ ਕਦੀਂ ਸਥਾਪਤ ਨਹੀਂ ਹੋ ਸਕੇਗੀ। ਬਿਨਾਂ ਕੁੱਝ ਧਾਰਮਕ ਵਿਸ਼ਵਾਸਾਂ ਅਤੇ ਕਰਮਕਾਂਡਾਂ ਤੋਂ। ਸਾਨੂੰ ਬਹੁਤ ਮਾਣ ਹੁੰਦਾ ਰਿਹਾ ਹੈ ਭਾਰਤ 'ਤੇ ਪਰ ਸਾਰਾ ਇਤਿਹਾਸ ਦੱਸਦਾ ਹੈ ਕਿ ਭਾਰਤ ਕਦੇ ਵੀ ਆਜ਼ਾਦ ਸਥਿਤੀ ਵਿਚ ਖੜ੍ਹਾ ਹੀ ਨਹੀਂ ਹੋ ਸਕਿਆ। ਹੁਣ ਜੋ ਅਸੀਂ ਦੇਖ ਰਹੇ ਹਾਂ ਆਧੁਨਿਕ ਭਾਰਤ ਇਹ ਆਜ਼ਾਦੀ ਤੋਂ ਬਾਅਦ ਹੀ ਗੱਲ ਬਣ ਸਕੀ ਹੈ। ਸਾਡੇ ਏਥੇ ਆਰੀਆ ਹਜ਼ਾਰਾਂ ਸਾਲ ਪਹਿਲਾਂ ਬਾਹਰ ਤੋਂ ਆਏ ਅਤੇ ਚਲੇ ਗਏ। ਇੱਥੋਂ ਦਾ ਸਥਾਨਕ ਸੱਭਿਆਚਾਰ ਜੋ ਬੁਨਿਆਦੀ ਤੌਰ 'ਤੇ ਆਦਿਵਾਸੀ ਸਮਾਜ ਦਾ ਸੀ ਉਸਨੂੰ ਬਰਬਾਦ ਕਰਕੇ ਕਰਮਕਾਂਡਾ ਭਰਿਆ ਪ੍ਰਬੰਧ ਚਾਲੂ ਕੀਤਾ, ਜਿਸ ਤੋਂ ਬਾਅਦ ਤੁਸੀਂ ਦੇਖੋਗੇ ਕਿ ਇਹੋ ਕਰਮਕਾਂਡੀ ਪ੍ਰਬੰਧ ਭੇਦ-ਭਾਵ (ਡਿਸਕਰਿਮੀਨੇਸ਼ਨ) ਕਰਨ ਲੱਗਿਆ। ਜਿਸ ਦੇਸ਼ ਦੇ ਸਮਾਜ ਅੰਦਰ ਕਰਮਕਾਂਡ ਭਾਰੂ ਹੋ ਜਾਂਦੇ ਹਨ ਉਸ ਦੇਸ਼ ਅੰਦਰ ਅੰਧ-ਵਿਸ਼ਵਾਸ ਇੰਨਾ ਵਧ ਜਾਂਦਾ ਹੈ ਕਿ ਓਥੇ ਸਮਾਜਕ ਵਖਰੇਵਾਂ ਅਤੇ ਭੇਦ-ਭਾਵ ਪੈਦਾ ਹੋਣਾ ਜਰੂਰੀ ਹੋ ਜਾਂਦਾ ਹੈ। ਭਾਰਤ ਅੰਦਰ ਆਰੀਆਂ ਦੇ ਸਮੇਂ ਤੋਂ ਅਤੇ ਬਾਅਦ ਵਿਚ ਜਦੋਂ ਸਹਿਜੇ ਸਹਿਜੇ ਸੱਭਿਅਤਾ ਆਉਣ ਲੱਗੀ ਤਾਂ ਇਸਲਾਮੀ ਵਿਚਾਰਧਾਰਾ ਫੈਲਾਉਣ ਦੇ ਨਾਮ 'ਤੇ ਜੋ ਲੋਕ ਭਾਰਤ ਅੰਦਰ ਆਉਂਦੇ ਰਹੇ ਉਹ ਧੁਰ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਦੋ ਚਾਰ ਸੌ ਘੋੜੇ ਹੀ ਲੈ ਕੇ ਆਉਂਦੇ ਸਨ। ਬਹਾਦਰੀ ਦੀਆਂ ਕਹਾਣੀਆਂ ਅਤੇ ਆਤਮ ਸਨਮਾਨ ਦੇ ਨਾਮ 'ਤੇ ਇੱਥੇ ਹੀ ਠਹਿਰ ਗਏ। ਕਾਰਨ ਇਹ ਸੀ ਕਿ ਰਾਜਿਸਥਾਨ ਦੇ ਕਸ਼ੱਤਰੀ ਲੜਾਕੂ ਸਨ, ਆਪਸ ਵਿਚ ਲੜਦੇ ਸਨ। ਰਿਆਸਤਾਂ ਵੀ ਆਪਸ ਵਿਚ ਲੜਦੀਆਂ ਸਨ। ਇਸੇ ਰਾਜਿਸਥਾਨ ਵਿਚੋਂ ਹੁੰਦੇ ਹੋਏ ਉਹ ਮੱਧਏਸ਼ੀਆ ਵਿਚ ਆਉਂਦੇ-ਜਾਂਦੇ ਰਹੇ - ਇਸ ਤਰ੍ਹਾਂ ਉਨ੍ਹਾਂ ਨੇ ਪੂਰੇ ਭਾਰਤ ਉੱਤੇ ਕਬਜ਼ਾ ਕਰ ਲਿਆ, ਕਹਿਣ ਦਾ ਭਾਵ ਕਿ ਪੂਰੇ ਮੱਧ ਏਸ਼ੀਆਂ ਉੱਤੇ ਕਬਜਾ ਕਰ ਕੇ ਬੈਠ ਗਏ। ਉਨ੍ਹਾਂ ਤੋਂ ਬਾਅਦ ਅੰਗਰੇਜ਼ ਆਏ। ਉਨ੍ਹਾਂ ਨੇ ਦੋ ਸੌ ਸਾਲ ਤੱਕ ਰਾਜ ਕੀਤਾ। ਇਤਿਹਾਸ ਦੱਸਦਾ ਹੈ ਕਿ ਭਾਰਤ ਦੀ ਹਸਤੀ ਨੂੰ ਅੱਗੇ ਨਾ ਵਧਣ ਦੇਣ ਵਿਚ ਜਾਤ-ਪਾਤ ਵਾਲਾ ਸਮਾਜੀ ਪ੍ਰਬੰਧ ਮੁੱਖ ਕਾਰਨ ਸੀ। ਇਸ ਦੇ ਚਲਦਿਆਂ ਭਾਰਤ ਕਦੇ ਆਪਣੀ ਹਸਤੀ ਕਾਇਮ ਨਹੀਂ ਕਰ ਸਕਿਆ ਅਤੇ ਜਦੋਂ ਤੋਂ ਭਾਰਤ ਦਾ ਨਵਾਂ ਸੰਵਿਧਾਨ ਲਾਗੂ ਹੋਇਆ, ਸੰਵਿਧਾਨਕ ਦਰਜਾ ਦਿੱਤਾ ਗਿਆ। ਭਾਰਤ ਦਾ ਵਿਕਾਸ ਦੇਖੋ, ਦੁਨੀਆਂ ਵਿਚ ਉੱਭਰ ਸਕਦਾ ਸੀ ਪਰ ਜਦੋਂ ਤੋਂ ਇਹ ਪੱਛਮੀ ਧੜੇ ਵਿਚ ਗਿਆ ਹੈ ਇਸ ਦੀ ਹਸਤੀ ਮਿਟਦੀ ਜਾ ਰਹੀ ਹੈ ਅਤੇ ਅਮਰੀਕਾ ਦੀ ਧੱਕੇਸ਼ਾਹੀ ਹਰ ਪਾਸੇ ਹਾਵੀ ਹੋ ਰਹੀ ਹੈ।

**ਦਲਿਤ ਲੇਖਕਾਂ, ਵਿਚਾਰਵਾਨਾਂ ਦੀ ਸਿਖਰਲੀ ਪੇਸ਼ਕਾਰੀ ਸਵੈਜੀਵਨੀ ਹੁੰਦੀ ਹੈ। ਇਸ ਤੋਂ ਬਾਅਦ ਉਹ ਸੁਸਤ ਹੋ ਜਾਂਦੇ ਹਨ। ਮੁਰਦਹਿਆ' ਲਿਖੇ ਜਾਣ ਤੋਂ ਬਾਅਦ ਤੁਸੀਂ ਕੀ ਮਹਿਸੂਸ ਕਰਦੇ ਹੋ?**

– ਦੇਖੋ, ਸਵੈਜੀਵਨੀਆਂ ਲਿਖੀਆਂ ਨਹੀਂ ਜਾਂਦੀਆਂ ਸਗੋਂ ਉਹ ਰੋਂਦੀਆਂ ਹਨ। ਕਿਉਂਕਿ ਜੋ ਵਿਅਕਤੀ ਆਪਣੇ ਜੀਵਨ ਦੇ ਕੌੜੇ ਅਨੁਭਵਾਂ ਨੂੰ ਜਦੋਂ ਸ਼ਬਦਾਂ ਵਿਚ ਪੇਸ਼ ਕਰਦਾ ਹੈ ਤਾਂ ਪਤਾ ਨਹੀਂ ਉਸਦਾ ਮਨ ਕਿੰਨੀ ਵਾਰ ਉਨ੍ਹਾਂ ਹੰਢਾਏ ਪਲਾਂ ਨੂੰ ਯਾਦ ਕਰਕੇ ਰੋਂਦਾ ਹੈ। ਅਜਿਹਾ ਅਨੁਭਵ ਮੇਰਾ ਵੀ ਰਿਹਾ ਹੈ। ਮੇਰੀ ਸਵੈਜੀਵਨੀ ਮੁਰਦਹਿਆ' ਭਾਵ ਪਿੰਡ ਦਾ ਉਹ ਹਿੱਸਾ ਜਿੱਥੇ ਮਰੇ ਪਸ਼ੂਆਂ ਦੀਆਂ ਖੱਲਾਂ ਲਾਹੀਆਂ ਜਾਂਦੀਆਂ ਹਨ। ਮੁਰਦਹਿਆ' ਮੇਰੇ ਜੀਵਨ ਦਾ ਪ੍ਰਮੁੱਖ ਅੰਗ ਹੈ ਅਤੇ ਮੇਰਾ ਸਾਰਾ ਜੀਵਨ ਹੀ ਮੁਰਦਹਿਆ' ਹੈ। ਸਵੈਜੀਵਨੀ ਲਿਖੀ ਜਾਣੀ ਕਿਸੇ ਲੇਖਕ ਦੀ ਆਖਰੀ ਕਿਰਤ ਮੰਨੀ ਜਾਂਦੀ ਹੈ। ਆਖਰੀ ਕਿਰਤ ਕਹਿਣ ਦਾ ਮਤਲਬ ਹੁੰਦਾ ਹੈ ਕਿ ਉਹ ਹੁਣ ਲਿਖੇ ਜਾਂ ਕੁੱਝ ਨਾ ਲਿਖੇ, ਉਸ ਤੋਂ ਬਾਅਦ ਹੀ ਸਵੈਜੀਵਨੀ ਲਿਖਣੀ ਚਾਹੀਦੀ ਹੈ। ਜਿਹੜੇ ਲੋਕ ਸਵੈਜੀਵਨੀ ਤੋਂ ਹੀ ਆਪਣੇ ਲਿਖਣ ਦੀ ਸ਼ੁਰੂਆਤ ਕਰਦੇ ਹਨ ਉਹ ਗਲਤੀ ਕਰਦੇ ਹਨ। ਪਰ, ਇਹ ਦੋਸ਼ ਮੈਂ ਠੀਕ ਨਹੀਂ ਮੰਨਦਾ ਕਿ ਸਵੈਜੀਵਨੀ ਲਿਖਣ ਤੋਂ ਬਾਅਦ ਲੋਕ ਸੁਸਤ ਹੋ ਜਾਂਦੇ ਹਨ ਜਾਂ ਕੁੱਝ ਨਹੀਂ ਲਿਖਦੇ। ਅਸਲ ਗੱਲ ਤਾਂ ਇਹ ਹੈ ਕਿ ਸਵੈਜੀਵਨੀ ਲਿਖਣ ਤੋਂ ਪਹਿਲਾਂ ਉਨ੍ਹਾਂ ਨੇ ਕਿੰਨਾ ਲਿਖਿਆ ਹੈ। ਲੋਕ ਉਸ ਨੂੰ ਅੰਡਰਮਾਈਂਡ ਜਾਂ ਫਿਰ ਸਵੈਜੀਵਨੀ ਨੂੰ ਕੇਂਦਰ 'ਚ ਰੱਖਕੇ ਸੋਚਦੇ ਹਨ ਕਿ ਇਸ ਤੋਂ ਬਾਅਦ ਕੁੱਝ ਨਹੀਂ ਲਿਖਿਆ। ਕੋਈ ਵੀ ਉਹ ਭਾਵੇਂ ਦਲਿਤ ਹੋਵੇ ਜਾਂ ਗੈਰ-

ਦਲਿਤ ਹੋਵੇ ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕੋਈ ਵੀ ਵਿਅਕਤੀ ਆਪਣੇ ਜੀਵਨ ਵਿਚ ਬਹੁਤ ਕੁੱਝ ਕਰ ਚੁੱਕਿਆ ਹੁੰਦਾ ਹੈ, ਬਹੁਤ ਪੜ੍ਹ ਲੈਂਦਾ ਹੈ, ਲਿਖ ਲੈਂਦਾ ਹੈ, ਅੰਤ ਵਿਚ ਸਵੈਜੀਵਨੀ ਲਿਖਦੇ ਹਨ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜਦੋਂ ਸਵੈਜੀਵਨੀ ਆਖਰ ਵਿਚ ਲਿਖੀ ਜਾਂਦੀ ਹੈ ਤਾਂ ਉਹ ਆਖਰੀ ਰਚਨਾ ਹੋ ਜਾਂਦੀ ਹੈ। ਬਾਅਦ ਵਿਚ ਇਹ ਦੋਸ਼ ਲਾਉਣਾ ਗਲਤ ਹੈ ਕਿ ਸਵੈਜੀਵਨੀ ਲਿਖਣ ਤੋਂ ਬਾਅਦ ਉਹ ਲੋਕ ਕੁੱਝ ਲਿਖਦੇ ਹੀ ਨਹੀਂ ਹਨ। ਸਵਾਲ ਇਹ ਹੈ ਕਿ ਸਵੈਜੀਵਨੀ ਲਿਖਣ ਤੋਂ ਪਹਿਲਾਂ ਉਨ੍ਹਾਂ ਨੇ ਕੀ ਲਿਖਿਆ, ਉਸਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਜਿੱਥੋਂ ਤੱਕ ਮੇਰਾ ਵਿਅਕਤੀਗਤ ਸਵਾਲ ਹੈ ਸਵੈਜੀਵਨੀ ਮੁਰਦਹਿਆ' ਲਿਖਣ ਦਾ - ਮੇਰਾ ਤਾਂ ਕੋਈ ਵੀ ਇਰਾਦਾ ਨਹੀਂ ਸੀ। ਇਸਦਾ ਮਾਣ ਤਾਂ ਤਦਭਵ' ਦੇ ਸੰਪਾਦਕ ਅਖਿਲੇਸ਼ ਨੂੰ ਜਾਂਦਾ ਹੈ। ਬਾਅਦ ਵਿਚ ਇਸ ਨੂੰ ਰਾਜ ਕਮਲ ਪ੍ਰਕਾਸ਼ਨ ਨੇ ਛਾਪ ਦਿੱਤਾ। ਦੂਸਰਾ ਭਾਗ ਮਨਿਕਰਨਿਕਾ' ਲਿਖ ਰਿਹਾ ਹਾਂ ਕਿਉਂਕਿ ਪਬਲਿਸ਼ਰ ਅਤੇ ਪਾਠਕਾਂ ਵਲੋਂ ਜੋਰ ਪੈ ਰਿਹਾ ਹੈ। ਆਤਮ ਕਥਾ ਜੋ ਲਿਖੀ ਜਾ ਰਹੀ ਹੈ ਉਸਦਾ ਮਕਸਦ ਦਲਿਤ ਸਮਾਜ ਦੀ ਹੀ ਪੇਸ਼ਕਾਰੀ ਹੈ। ਕਿਸੇ ਵੀ ਦਲਿਤ ਲੇਖਕ ਨੂੰ ਜਿਸ ਤਰ੍ਹਾਂ ਦੇ ਦੁੱਖਾਂ-ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸੇ ਤਰ੍ਹਾਂ ਦਾ ਮੁਕਾਬਲਾ ਹਰ ਦਲਿਤ ਨੂੰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦਲਿਤ ਸਵੈਜੀਵਨੀਆਂ ਵਿਚ ਪੂਰੇ ਸਮਾਜ ਦਾ ਹਾਲ-ਹਵਾਲ ਪੇਸ਼ ਹੁੰਦਾ ਹੈ। ਦਲਿਤ ਸਵੈਜੀਵਨੀਆਂ ਵਿਚ ਜੋ ਮਹੱਤਵਪੂਰਨ ਗੱਲ ਹੈ ਉਹ ਸਮਾਜਕਤਾ ਅਤੇ ਸੋਸ਼ਲ ਹਿਸਟਰੀ ਹੈ ਇਸ ਕਰਕੇ ਇਨ੍ਹਾਂ ਸਵੈਜੀਵਨੀਆਂ ਨੂੰ ਸਮਾਜਕ ਇਤਿਹਾਸ ਮੰਨਿਆਂ ਜਾਂਦਾ ਹੈ ਅਤੇ ਇਹ ਹੈ ਵੀ।

**? - ਹਿੰਦੀ ਵਿਚ ਅੱਜ ਦਲਿਤ ਲੇਖਣੀ ਤੋਂ ਵੱਧ ਦਲਿਤ ਆਲੋਚਨਾ ਧਿਆਨ ਖਿੱਚਦੀ ਹੈ। ਰਚਨਾਤਮਿਕਤਾ ਦੇ ਵਾਸਤੇ ਜਰੂਰੀ ਸ਼ਿਲਪ ਅਤੇ ਭਿੰਨਤਾਵਾਂ ਦੀ ਘਾਟ ਅਕਸਰ ਦਲਿਤ ਲੇਖਕਾਂ ਦੀਆਂ ਲਿਖਤਾਂ ਵਿਚ ਦੇਖਣ ਨੂੰ ਮਿਲਦੀ ਹੈ, ਇਸ ਸੰਦਰਭ ਵਿਚ ਤੁਹਾਡੀ ਟਿੱਪਣੀ ?**

– ਜੇ ਅਸੀਂ ਦਲਿਤ ਆਲੋਚਨਾ ਦੀ ਗੱਲ ਕਰੀਏ ਤਾਂ ਇਹ ਬਹੁਤ ਤਰਸ ਵਾਲੀ ਭਾਵਨਾ ਦੀ ਹਾਲਾਤ ਵਿਚ ਹੈ। ਸਵੈਜੀਵਨੀਆਂ ਲਿਖੇ ਜਾਣ ਕਰਕੇ ਹੀ ਦਲਿਤ ਸਾਹਿਤ ਨੂੰ ਲੋਕਾਂ ਵਿਚ ਪ੍ਰਸਿੱਧੀ ਪ੍ਰਾਪਤ ਹੋਈ ਹੈ। ਦਲਿਤ ਲੇਖਕ ਅਕਸਰ ਹੰਢਾਏ ਹੋਏ ਯਥਾਰਥ ਨੂੰ ਸ਼ਬਦਾਂ ਦੀ ਕੰਧੇੜੀ ਚਾੜ੍ਹ ਸਵੈਜੀਵਨੀ ਲਿਖਣ ਤੋਂ ਹੀ ਸ਼ੁਰੂਆਤ ਕਰਦੇ ਹਨ। ਸਵੈਜੀਵਨੀ ਦਾ ਸਬੰਧ ਉਮਰ ਨਾਲ ਹੁੰਦਾ ਹੈ। ਨੌਜਵਾਨੀ ਦੀ ਉਮਰ ਵਿਚ ਲਿਖੀ ਅਧੂਰੀ ਰਹਿੰਦੀ ਹੈ ਅਤੇ ਇਹ ਪ੍ਰਪੱਕ ਵੀ ਨਹੀਂ ਹੁੰਦੀ। ਦਲਿਤਾਂ ਲੇਖਕਾਂ ਨੂੰ ਆਪਣੇ ਲਿਖਣ ਵਾਲੇ ਕਾਰਜ ਦੀ ਆਰੰਭਤਾ ਸਮੇਂ ਸਵੈਜੀਵਨੀ ਲਿਖਣ ਤੋਂ ਬਚਣਾ ਚਾਹੀਦਾ ਹੈ। ਆਲੋਚਨਾ ਲਿਖਣ ਵਾਲਿਆਂ ਵਾਸਤੇ ਬਹੁਤ ਹੀ ਡੂੰਘੇ ਤੇ ਵਿਸਥਾਰ ਪੂਰਬਕ ਅਧਿਅਨ ਦੀ ਲੋੜ ਹੁੰਦੀ ਹੈ। ਬਦਕਿਸਮਤੀ ਨਾਲ ਦਲਿਤਾਂ ਦੇ ਹਾਲਾਤ ਹੀ ਅਜਿਹੇ ਹਨ ਕਿ ਉਨ੍ਹਾਂ ਨੂੰ ਪੜ੍ਹਨ ਦਾ ਪੂਰਾ ਮੌਕਾ ਹੀ ਨਹੀਂ ਮਿਲਦਾ। ਅੱਜ ਨੌਕਰੀਆਂ ਵਲੋਂ ਉਸਨੂੰ ਕਿਸਨੇ ਵਾਂਝਾ ਰੱਖਿਆ, ਕਿਸਨੇ ਵਿਤਕਰਾ ਕੀਤਾ ਇਸ ਨੂੰ ਅਧਾਰ ਬਣਾ ਕੇ ਹੀ ਲਿਖਣਾ ਸ਼ੁਰੂ ਕਰਦੇ ਹਨ ਇਸ ਕਰਕੇ ਉਹ ਬ੍ਰਾਹਮਣਵਾਦ ਦੀ ਥਾਂ ਬ੍ਰਾਹਮਣਾ ਦਾ ਵਿਰੋਧ ਕਰਨ ਲਗਦੇ ਹਨ। ਦਲਿਤ ਲੇਖਕਾਂ ਵਿਚੋਂ ਓਮ ਪ੍ਰਕਾਸ਼ ਵਾਲਮੀਕੀ ਅਤੇ ਸੂਰਜਪਾਲ ਸਿੰਘ ਚੌਹਾਨ ਜਿਹੇ ਲੇਖਕ ਤਰਕਸ਼ੀਲ ਹੋ ਕੇ ਲਿਖ ਰਹੇ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕੁੱਝ ਦਲਿਤ ਲੇਖਕ ਹਨ ਜਿਹੜੇ ਤਬਦੀਲੀ ਲਿਆਉਣ ਵਾਲੀ ਚੇਤਨਾ ਦਾ ਵਿਸਥਾਰ ਕਰਨ ਵਾਸਤੇ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

**ਸੰਪਰਕ** : 0049 1733546050

# ਅੰਗਰੇਜ਼ ਸਾਮਰਾਜ ਨੂੰ ਭਾਰਤੀ ਕੌਮ ਦੀ ਵੰਗਾਰ - ਸ਼ਹੀਦ ਊਧਮ ਸਿੰਘ ਸੁਨਾਮ

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ। ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ । ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ। 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ। ਊਧਮ ਸਿੰਘ ਤਾਕਤਵਰ, ਬੁੱਧੀ ਤੌਰ 'ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ-ਗੁਰਮੁਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਿਰ ਸੀ। ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ। 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ। ਯਤੀਮਘਰ ਦੀ ਸਹਾਇਤਾ ਨਾਲ ਉਹ ਉਤੱਰੀ ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮੈਕੇਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ। ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲ੍ਹਿਆਂਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ-ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ। (ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲਿਆਂਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)

ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿੱਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਣੌਤੀ ਨਹੀਂ । ਸੋ ਇਸ ਨਾਲੋਂ ਨਾਤਾ ਤੋੜ ਲਿਆ ।

ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਂਟ ਨਾ ਲੱਗ ਸਕਿਆ ।

ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮੈਕੇਨਿਕ ਵਜੋਂ ਨੌਕਰੀ ਕੀਤੀ। ਮੁੜ ਫੇਰ ਭਾਰਤ ਪਰਤ ਆਇਆ। ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ ।2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊ ਯਾਰਕ ਵੀ। ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ



'ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ। 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ। ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ। ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ । ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ 'ਚ ਰੋਲ ਨਿਭਾਉਣ ਲੱਗੇ। ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲ ਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ। ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 'ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ "ਆਜ਼ਾਦ ਪਾਰਟੀ" ਕਾਇਮ ਕੀਤੀ ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ। ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ। 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ 'ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ। ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ। ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ। ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ। 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ। ਜੇਲ੍ਹ 'ਚ ਤਿੰਨ ਵਾਰ ਕੋਰੜੇ ਮਾਰੇ ਗਏ। ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ 'ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜ੍ਹਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ। 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨ੍ਹਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ-ਅਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ। ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ। ਜੂਨ 1932 'ਚ ਊਧਮ ਸਿੰਘ ਸਾਧੂ "ਬਾਵਾ" ਦੇ ਭੇਸ 'ਚ ਜੰਮੂ ਤੋਂ ਸ਼੍ਰੀ ਨਗਰ ਪੈਦਲ ਗਿਆ ।20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ ।1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇੰਨਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ। ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 'ਚ ਗੋਰਿਆਂ ਦੀ ਸੀ. ਆਈ. ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ। ਆਪਣੀ ਰਣਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ 'ਚ ਹੀ ਕਿਰਾਏ ਦੇ ਮਕਾਨਾਂ 'ਚ ਰਹਿੰਦਾ। ਸਰਕਾਰ ਵਿਰੋਧੀ ਖੁੱਲੇ ਇੱਕਠਾਂ 'ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, "ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ ।ਇਹ ਤੁਹਾਡੇ ਪਿਆਰੇ "ਬਾਵੇ" ਲਈ ਸ਼ੁਭ ਦਿਨ ਹੋਵੇਗਾ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਓਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ। ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜ੍ਹਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ। ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਪਿਆ"। ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ ।9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ ।26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜਨ 24 ਪੌਂਡ ਘੱਟ ਗਿਆ ।4-5 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ। ਜਿਸਦਾ ਨਿਚੋੜ ਸੀ, "ਸਾਡੇ ਭਾਰਤੀਆਂ ਦਾ 150 ਸਾਲਾਂ ਵਿੱਚ ਤੁਹਾਡੇ ਜਾਲਮ, ਲੁਟੇਰੇ, ਖੂਨੀ ਤੇ ਦਹਿਸ਼ਤਗਰਦ ਬ੍ਰਿਟਿਸ਼ ਰਾਜ ਨੇ ਕਤਲੇਆਮ ਕੀਤਾ, ਫਾਂਸੀਆਂ ਲਾਈਆਂ, ਮਸ਼ੀਨ ਗੰਨਾਂ ਨਾਲ ਭੁੰਨਿਆਂ, ਜੇਲ੍ਹਾਂ 'ਚ ਡੱਕਿਆਂ, ਨਰਕੀ ਜੀਵਨ ਦਿੱਤਾ। ਜਦੋਂ ਤੁਸੀਂ ਭਾਰਤ ਤੋਂ ਇੰਗਲੈਂਡ ਵਾਪਸ ਆਉਂਦੇ ਹੋ ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ। ਜਦੋਂ ਅਸੀਂ ਇੱਥੇ ਆ ਕੇ ਤੁਹਾਡੀ ਸਰਕਾਰੀ ਦਹਿਸ਼ਤਗਰਦੀ ਦਾ ਵਿਰੋਧ ਕਰਦੇ ਹਾਂ ਤਾਂ ਸਾਨੂੰ ਫਾਂਸੀਆਂ ਲਾਈਆਂ ਜਾਂਦੀਆਂ ਹਨ। ਮੈਂ ਮਰਨ ਤੋਂ ਨਹੀਂ ਡਰਦਾ। ਭਾਰਤ ਦੀ ਮੁਕਤੀ ਬਹੁਤ ਨੇੜੇ ਹੈ। ਮੇਰੇ ਦੇਸ਼ ਵਾਸੀ ਨੇੜੇ ਭਵਿੱਖ 'ਚ ਜ਼ਰੂਰ ਆਜ਼ਾਦ ਹੋ ਜਾਣਗੇ।" "ਨਾ ਦਲੀਲ, ਨਾ ਵਕੀਲ, ਨਾ ਅਪੀਲ" ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ। ਸੋ ਐਟ ਕਿਨਸਨ ਨੇ ਫਾਂਸੀ ਦਾ ਹੁਕਮ ਸੁਣਾ ਦਿੱਤਾ। ਊਧਮ ਸਿੰਘ ਨੇ "ਇਨਕਲਾਬ, ਇਨਕਲਾਬ, ਇਨਕਲਾਬ", "ਬ੍ਰਿਟਿਸ਼ ਸਾਮਰਾਜਵਾਦ ਮੁਰਦਾਬਾਦ" ਕਹਿ ਕੇ ਫਾਂਸੀ ਦਾ ਦਲੇਰਾਨਾ ਸਵਾਗਤ ਕੀਤਾ। ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ ਤੇ ਸਾਮਰਾਜੀ ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਣ ਦਾ ਪੈਗਾਮ ਦਿੰਦਾ ਰਹੇਗਾ ।

**ਜਸਦੇਵ ਸਿੰਘ ਲਲਤੋਂ**
0161-2805677

**ਘਰੇਲੂ ਕੰਮ ਕਰਨ ਵਾਲੀ ਲੇਡੀ ਲੋੜ+ਨੈਨੀ**
ਬਰੈਂਪਟਨ ਵਿਚ HWY 50 ਦੇ ਨੇੜੇ ਕੰਮ ਕਰਨ ਵਾਲੀ ਲੇਡੀ ਦੀ ਲੋੜ ਹੈ ਜੋ ਘਰੇਲੂ ਕੰਮ ਅਤੇ ਦੋ ਬੱਚਿਆਂ ਦੀ ਨੈਨੀ ਦਾ ਕੰਮ ਕਰ ਸਕੇ।
Call : Varun Mehra
416-400-1177
647-287-9372

# ਸਕੂਲੀ ਵਿਦਿਆਰਥੀਆਂ ਅੰਦਰ ਵੱਧ ਰਿਹਾ ਮਾਨਸਿਕ ਦਬਾਅ



ਸੁਖਵਿੰਦਰ ਲੀਲ੍ਹ
9888814227

ਅੱਜ ਦੇ ਮੌਜੂਦਾ ਦੌਰ ਅੰਦਰ ਸਾਡਾ ਬੱਚਾ ਘਰੇਲੂ ਅਤੇ ਸਕੂਲੀ ਦਬਾਅ ਕਾਰਨ ਮਾਨਸਿਕ ਤੌਰ ਤੇ ਕਾਫੀ ਪ੍ਰੇਸ਼ਾਨ ਨਜ਼ਰ ਆ ਰਿਹਾ। ਇਸੇ ਲਈ ਅੱਜ ਬੱਚੇ ਮਾਪਿਆਂ ਅਤੇ ਅਧਿਆਪਕ ਦੀ ਨਿੱਕੀ-ਮੋਟੀ ਗੱਲ ਕਹਿਣ ਤੇ ਝੱਟ ਗੁੱਸੇ ਵਿੱਚ ਆ ਜਾਂਦੇ ਹਨ। ਬੱਚਿਆਂ ਵੱਲੋਂ ਮਾਪਿਆਂ ਨੂੰ ਮਰਨ-ਮਰਾਉਣ ਦੀਆਂ ਧਮਕੀਆਂ ਆਮ ਹੀ ਦਿੱਤੀਆਂ ਜਾਂਦੀਆ ਹਨ। ਕਈ ਥਾਵਾਂ ਉਪਰ ਤਾਂ ਇਸ ਤਰਾਂ ਦੀਆਂ ਦੁਖਦਾਈ ਘਟਨਾਵਾਂ ਵਾਪਰ ਵੀ ਚੁੱਕੀਆਂ ਹਨ। ਪਿਛਲੇ ਸਮੇਂ ਜਦ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਦਸਵੀਂ ਅਤੇ ਬਾਰਵੀਂ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ ਤਾਂ ਉਸਦੇ ਨਾਲ ਹੀ ਫੇਲ ਵਿਦਿਆਰਥੀਆਂ ਵਿੱਚੋਂ ਕਈਆਂ ਨੇ ਹਾਰ ਨੂੰ ਨਾ ਕਬੂਲਦੇ ਹੋਏ ਆਪਣੇ-ਆਪ ਨੂੰ ਅਲੱਗ-ਅਲੱਗ ਤਰੀਕਿਆਂ ਰਾਹੀਂ ਮੌਤ ਨੂੰ ਗਲੇ ਲਗਾ ਲਿਆ ਗਿਆ। ਅਜਿਹੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਣਾ ਸਾਡੇ ਅੱਗੇ ਬਹੁਤ ਸਾਰੇ ਸਵਾਲ ਖੜੇ ਕਰਦਾ ਹੈ?

ਅੱਜ ਦੇ ਬੱਚਿਆਂ ਵਿੱਚ ਸਹਿਣਸ਼ੀਲਤਾ ਖਤਮ ਹੁੰਦੀ ਜਾ ਰਹੀ ਹੈ, ਜਿਹੜੀ ਕਿ ਮਾਪਿਆਂ ਅਤੇ ਅਧਿਆਪਕ ਨੇ ਸਾਂਝੇ ਰੂਪ ਵਿੱਚ ਆਪਣੇ ਬੱਚਿਆਂ ਦੇ ਦਿਮਾਗਾਂ ਵਿੱਚ ਭਰਨੀ ਹੁੰਦੀ ਹੈ। ਜਿਸ ਤਰ੍ਹਾਂ ਇੱਕ ਘੁਮਿਆਰ ਆਪਣੇ ਮਿੱਟੀ ਦੇ ਬਰਤਨ ਬਣਾਉਣ ਲੱਗਿਆ ਕੱਚੀ ਮਿੱਟੀ ਨੂੰ ਪਕਾਉਣ ਤੋਂ ਪਹਿਲਾਂ ਆਪਣੇ ਹਿਸਾਬ ਨਾਲ ਉਸ ਬਰਤਨ ਦਾ ਰੂਪ ਤਿਆਰ ਕਰ ਲੈਂਦਾ ਹੈ ਅਤੇ ਬਾਅਦ ਵਿੱਚ ਉਸਨੂੰ ਪੱਕਣ ਲਈ ਛੱਡ ਦਿੰਦਾ ਹੈ। ਬਿਲਕੁਲ ਉਸੇ ਤਰਾਂ ਇਹੀ ਕੰਮ ਚੰਗੀ ਸਿੱਖਿਆ ਰਾਹੀਂ ਚੰਗੀ ਸ਼ਖਸੀਅਤ ਬਣਾਉਣ ਖਾਤਰ ਇੱਕ ਸਿਆਣੇ ਸੁਲਝੇ ਅਤੇ ਤਜਰਬੇਕਾਰ ਅਧਿਆਪਕ ਅਤੇ ਮਾਪਿਆਂ ਵੱਲੋਂ ਸਾਂਝੇ ਰੂਪ ਵਿੱਚ ਤਿਆਰ ਕਰਨਾ ਹੁੰਦਾ ਹੈ, ਪਰ ਅੱਜ ਇਹ ਦੋਵੇਂ ਜਾਣੇ ਮੁਕਾਬਲੇਬਾਜ਼ੀ ਦੀ ਦੌੜ ਵਿੱਚ ਗ੍ਰਿਫਤ 'ਚ ਜਾਣੇ-ਅਨਜਾਣੇ ਆਪਣੇ ਬੱਚਿਆਂ ਨੂੰ ਮਸ਼ੀਨ ਰੂਪੀ ਪਿੰਜਰ ਬਨਾਉਣ ਵਿੱਚ ਲੱਗੇ ਹੋਏ ਹਨ। ਅੱਜ ਦੇ ਮਾਪੇ ਬੱਚਿਆਂ ਦੇ ਭੋਲੇ ਬਚਪਨ ਨੂੰ ਅਣਗੌਲਿਆ ਕਰਕੇ ਢਾਈ ਸਾਲ ਦੀ ਉਮਰ ਤੋਂ ਰੋਂਦੇ ਕਰਲਾਉਂਦੇ ਬੱਚਿਆਂ ਨੂੰ ਧੱਕੇ ਨਾਲ ਸਕੂਲਾਂ ਵਿੱਚ ਛੱਡ ਰਹੇ ਹਨ। ਬੱਚਿਆਂ ਦੇ ਬਚਪਨ ਦੀ ਕੋਮਲ ਮਾਨਸਿਕਤਾ ਦੀ ਕਿਸੇ ਵੱਲੋਂ ਭੋਰਾ ਪਰਵਾਹ ਨਹੀਂ ਕੀਤੀ ਜਾਂਦੀ। ਜਿਸ ਉਮਰ ਵਿੱਚ ਬੱਚਿਆਂ ਨੂੰ ਆਪਣੇ ਮਾਂ-ਬਾਪ ਦੀ ਸਭ ਤੋਂ ਵੱਧ ਜਰੂਰਤ ਹੁੰਦੀ ਹੈ। ਉਸ ਉਮਰ ਵਿੱਚ ਵੇਖੋ ਵੇਖੀ ਬੱਚਿਆਂ ਉੱਪਰ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਸਿੱਖਿਆ ਦੇ ਨਾਮ ਹੇਠ ਅਣਜਾਣੇ ਵਿੱਚ ਜ਼ੁਲਮ ਕੀਤਾ ਜਾਂਦਾ ਹੈ। ਇਸ ਵਰਤਾਰੇ ਦੇ ਚੱਲਦਿਆਂ ਬੱਚਿਆਂ ਦੇ ਕੋਮਲ ਮਨ ਕਠੋਰ ਹੋਣ ਲੱਗਦੇ ਹਨ।

ਮਾਪੇ ਭੱਜ ਦੌੜ ਦੀ ਇਸ ਜ਼ਿੰਦਗੀ ਵਿੱਚ ਅਤੇ ਸਮਾਜ ਦੇ ਦਬਾਅ ਹੇਠ ਆ ਕੇ ਇਹ ਭੁੱਲ ਜਾਂਦੇ ਹਨ ਕਿ ਉਹਨਾਂ ਦੇ ਬੱਚੇ ਦੀ ਹੈਲਧੀ ਸਖਸ਼ੀਅਤ ਬਨਾਓਣ ਲਈ ਕਿੰਨਾ ਗੱਲਾਂ ਦੀ ਜਰੂਰਤ ਹੈ। ਉਹ ਤਾਂ ਬੱਚੇ ਨੂੰ ਚੰਗਾ ਵਾਤਾਵਰਣ ਦੇਣ ਦੀ ਬਜਾਏ ਰਾਤੋ-ਰਾਤ ਬੱਸ ਇੱਕ ਦਿਨ ਵਿੱਚ ਹੀ ਇੰਜੀਨੀਅਰ, ਡਾਕਟਰ ਅਤੇ ਪੀ.ਸੀ.ਐਸ ਬਨਾਓਣ ਦੇ ਸੁਪਨੇ ਪੂਰੇ ਕਰਨ ਲੱਗ ਜਾਂਦੇ ਹਨ। ਉੱਧਰ ਅਧਿਆਪਕ ਸਕੂਲੀ ਸਿਲੇਬਸਾਂ ਦੇ ਦਬਾਅ ਹੇਠ ਆਇਆ ਬੱਚਿਆਂ ਨੂੰ ਸਕੂਲ ਦਾ ਕੰਮ ਤੋਂ ਬਾਅਦ ਘਰ ਦਾ ਕੰਮ ਪੂਰਾ ਕਰਨ ਲਈ ਆਪਣਾ ਲਗਾਤਾਰ ਦਬਾਅ ਬਣਾਉਂਦੇ ਹਨ। ਇੰਨੀ ਛੋਟੀ ਉਮਰ ਦੇ ਬੱਚੇ ਦੋਵੇਂ ਪਾਸੇ ਚੱਕੀ ਦੇ ਪੁੜ 'ਚ ਫਸੇ ਇਹ ਸਮਝ ਹੀ ਨਹੀਂ ਪਾਉਂਦੇ ਕਿ ਉਹਨਾਂ ਨਾਲ ਇਹ ਸਭ ਵਾਪਰ ਕੀ ਰਿਹਾ ਹੈ। ਖੇਡਣ-ਕੁੱਦਣ ਦੀ ਇਸ ਉਮਰੇ ਉਹ ਪਿੰਜ਼ਰੇ ਦੇ ਪੰਛੀ ਵਾਂਗ ਆਪਣੇ ਆਪ ਨੂੰ ਕੈਦ ਹੋਇਆ ਮਹਿਸੂਸ ਕਰਦੇ ਹਨ। ਪਹਿਲਾਂ ਸਕੂਲ ਅੰਦਰ ਅਧਿਆਪਕਾਂ ਵੱਲੋਂ ਕਰਵਾਏ ਜਾਣ ਵਾਲੀ ਪੜ੍ਹਾਈ ਦੀਆਂ ਝਿੜਕਾਂ ਅਤੇ ਸਕੂਲਾਂ ਤੋਂ ਖਹਿੜਾ ਛੁਡਵਾ ਕੇ ਘਰ ਪਹੁੰਚਣ 'ਤੇ ਹੋਮ ਵਰਕ ਪੂਰਾ ਕਰਨ ਲਈ ਮਾਪਿਆਂ ਦੀਆਂ ਝਿੜਕਾਂ। ਬੱਚਿਆਂ ਨੂੰ ਕਿਸੇ ਖਿਡਾਉਣੇ ਵਿੱਚ ਭਰੀ ਜਾਣ ਵਾਲੀ ਚਾਬੀ ਵਾਂਗ ਚਲਾਇਆ ਜਾ ਰਿਹਾ ਹੈ।

ਪੜ੍ਹਾਈ-ਲਿਖਾਈ ਦਾ ਮਕਸਦ ਬੱਚੇ ਨੂੰ ਪੜ੍ਹਾ-ਲਿਖਾ ਕੇ ਪੈਸਾ ਕਮਾਉਣ ਖਾਤਰ ਸਿਰਫ ਨੌਕਰੀ ਪ੍ਰਾਪਤ ਕਰਨਾ ਹੀ ਨਹੀਂ ਹੁੰਦਾ, ਸਗੋਂ ਸਿੱਖਿਆ ਨੇ ਬੱਚਿਆਂ ਨੂੰ ਸਮਾਜ ਵਿੱਚ ਰਹਿਣ-ਸਹਿਣ, ਬੋਲਣ-ਚੱਲਣ ਅਤੇ ਆਪਸੀ ਪ੍ਰੇਮ ਪਿਆਰ ਦੀ ਭਾਵਨਾ ਰਾਹੀਂ ਇੱਕ ਚੰਗਾ ਨਾਗਰਿਕ ਬਣਾਉਣਾ ਦੇ ਕਾਬਲ ਵੀ ਹੁੰਦਾ ਹੈ। ਬੇਸ਼ੱਕ ਪੁਰਾਣੇ ਸਮਿਆਂ ਦੇ ਮੁਕਾਬਲੇ ਅੱਜ ਸਿੱਖਿਆ ਦੇਣ ਦੇ ਢੰਗ ਤਰੀਕਿਆਂ ਵਿੱਚ ਨਵੀਆਂ ਤਕਨੀਕਾਂ ਆ ਗਈਆਂ ਹਨ। ਇਹਨਾਂ ਗੱਲਾਂ ਦੇ ਨਾਲ-ਨਾਲ ਅਧਿਆਪਕਾਂ ਅਤੇ ਮਾਪਿਆਂ ਨੂੰ ਸਕੂਲੀ ਬੱਚਿਆਂ ਨੂੰ ਸਮਾਜ ਅੰਦਰ ਚੰਗਾ ਨਾਗਰਿਕ ਬਣਾਉਣ ਵਾਲੇ ਫਰਜ਼ਾਂ ਨੂੰ ਵੀ ਯਾਦ ਰੱਖਣਾ ਪਵੇਗਾ। ਬੱਚਿਆਂ 'ਚ ਦਿਨੋ ਦਿਨ ਘਟ ਰਹੀਆਂ ਨੈਤਿਕ ਕਦਰਾਂ ਕੀਮਤਾਂ ਦਾ ਵੀ ਲਗਾਤਾਰ ਪਾਠ ਪੜ੍ਹਾਉਣਾ ਪਵੇਗਾ। ਬੱਚੇ ਹਮੇਸ਼ਾਂ ਵੱਡਿਆਂ ਦੀ ਨਕਲ ਕਰਦੇ ਹਨ। ਜ਼ਿਆਦਤਰ ਬੱਚੇ ਆਪਣੇ ਅਧਿਆਪਕ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਉਨਾ ਦੀ ਤਰ੍ਹਾਂ ਦਿਖਣਾ ਪਸੰਦ ਕਰਦੇ ਹਨ। ਜੇਕਰ ਅਧਿਆਪਕ ਦਾ ਸਕੂਲ ਅਤੇ ਸਮਾਜ ਅੰਦਰ ਅਕਸ਼ ਵਧੀਆ ਹੋਵੇਗਾ ਤਾਂ ਬੱਚੇ ਜ਼ਰੂਰ ਉਸ ਵਰਗਾ ਬਣਨਾ ਚਾਹੁਣਗੇ। ਘਰੇਲੂ ਅਤੇ ਸਕੂਲੀ ਮਾਹੌਲ ਬੱਚਿਆਂ ਦੀ ਮਾਨਸਿਕਤਾ ਉੱਪਰ ਗਹਿਰਾ ਅਸਰ ਪਾਉਂਦੇ ਹਨ। ਪਹਿਲੇ ਸਮਿਆਂ ਵਿੱਚ ਇੰਝ ਨਹੀਂ ਸੀ ਹੁੰਦਾ। ਸਾਰੇ ਮਹੱਲੇ ਜਾਂ ਪਿੰਡ ਦੇ ਬੱਚੇ ਇੱਕ ਦੂਸਰੇ ਨਾਲ ਰਲ ਕੇ ਗਲੀਆਂ ਵਿੱਚ ਖੇਡਦੇ ਸਨ। ਜਿਸ ਨਾਲ ਉਨਾ ਦਾ ਸਰੀਰਕ ਵਿਕਾਸ ਤਾਂ ਹੁੰਦਾ ਹੀ ਸੀ ਅਤੇ ਲੜਦੇ-ਝਗੜੇ ਇੱਕ ਦੂਸਰੇ ਨਾਲ ਬੋਲਣ-ਚੱਲਣ, ਰਹਿਣ ਸਹਿਣ ਅਤੇ ਆਪਸੀ ਪਿਆਰ ਭਾਵਨਾ ਸਿੱਖਦੇ ਰਹਿੰਦੇ ਸਨ। ਉਦੋਂ ਸਿੱਧੇ-ਸਾਦੇ ਮਾਪਿਆਂ ਵੱਲੋਂ ਬੱਚਿਆਂ ਉੱਪਰ ਗਲੀ ਦੇ ਗੰਦੇ-ਬੱਚੇ-ਅੱਛੇ-ਬੱਚੇ ਵਰਗੀਆਂ ਗੱਲਾਂ ਆਖ ਕੇ ਕਿਸੇ ਤਰ੍ਹਾਂ ਦਾ ਭੇਦ-ਭਾਵ ਨਹੀਂ ਪਾਇਆ ਜਾਂਦਾ ਸੀ। ਅੱਜ ਇਸ ਪਦਾਰਥ ਵਾਦੀ ਯੁੱਗ ਅੰਦਰ ਗਰੀਬੀ-ਅਮੀਰੀ ਦੇ ਲਗਾਤਾਰ ਵਧ ਰਹੇ ਪਾੜੇ ਕਾਰਨ ਬੱਚੇ ਇਕੱਲੇਪਣ ਦਾ ਸ਼ਿਕਾਰ ਹੋ ਕੇ ਚਿੜਚਿੜੇ ਬਣਦੇ ਜਾ ਰਹੇ ਹਨ। ਬੱਚੇ ਘਰ ਦੇ ਕਮਰਿਆਂ ਦੀ ਚਾਰਦਿਵਾਰੀ ਵਿੱਚ ਬੈਠੇ ਇਲੈਕਟਰੌਨਿਕਸ ਗੇਮਾਂ ਖੇਡਦੇ ਰਹਿੰਦੇ ਹਨ। ਉਹ ਇਨ੍ਹਾਂ ਗੇਮਾਂ ਦੀ ਇੰਨੀ ਜ਼ਿਆਦਾ ਗ੍ਰਿਫਤ ਵਿੱਚ ਆ ਚੁੱਕੇ ਹਨ ਕਿ ਘਰ ਵਿੱਚ ਕਿਸੇ ਪਰਵਾਰਿਕ ਮੈਂਬਰ ਨਾਲ ਵੀ ਬਹੁਤੀ ਗੱਲ ਕਰਨਾ ਪਸੰਦ ਨਹੀਂ ਕਰਦੇ। ਵਿਗਿਆਨ ਮੁਤਾਬਿਕ ਕੰਪਿਊਟਰ ਗੇਮਾਂ ਨਾਲ ਲਗਾਤਾਰ ਹੱਥਾਂ ਦੀਆਂ ਉਂਗਲਾਂ ਦੀ ਵਰਤੋਂ ਕਰਨ ਨਾਲ ਬੱਚਿਆਂ ਦੇ ਦਿਮਾਗੀ ਹਾਰਮੋਨਜ ਇਕੱਠੇ ਹੋਣ ਲਗਦੇ ਹਨ। ਜਿਸ ਕਾਰਨ ਅਜਿਹੇ ਬੱਚੇ ਹਰ ਸਮੇਂ ਮਾਨਸਿਕ ਦਬਾਅ ਹੇਠ ਰਹਿਣ ਲੱਗ ਜਾਂਦੇ ਹਨ ਅਤੇ ਕਿਸੇ ਪਰਿਵਾਰ ਜਾਂ ਬਾਹਰੀ ਵਿਅਕਤੀ ਦੀ ਕਹੀ ਗੱਲ ਨੂੰ ਬਰਦਾਸ਼ਤ ਨਹੀਂ ਕਰ ਪਾਉਂਦੇ।

ਦੂਸਰੇ ਪਾਸੇ ਜੇਕਰ ਅਧਿਆਪਕ ਦੀ ਗੱਲ ਕਰਨੀ ਹੋਵੇ ਤਾਂ ਬਹੁ-ਗਿਣਤੀ ਅਧਿਆਪਕ ਆਪਣੇ ਫਰਜ਼ਾਂ ਤੋਂ ਭੱਜਦੇ ਨਜ਼ਰੀ ਪੈਂਦੇ ਹਨ। ਉਹ ਸਿਰਫ ਆਪਣੀ ਤਨਖਾਹਾਂ ਦੇ ਜੋੜ ਘਟਾਓ ਵੱਲ ਵੱਧ ਅਤੇ ਬੱਚਿਆਂ ਵੱਲ ਘੱਟ ਧਿਆਨ ਦੇਣ ਲੱਗੇ ਹਨ। ਭਾਵੇਂ ਕਿ ਇਸ ਗੱਲ ਵਿੱਚ ਬੱਚਿਆਂ ਪ੍ਰਤੀ ਕਿਸੇ ਤਰ੍ਹਾਂ ਦੀ ਵੀ ਸਖਤੀ ਨਾ ਵਰਤਣ ਦਾ ਵੀ ਕਿਤੇ ਨਾ ਕਿਤੇ ਰੋਲ ਨਜ਼ਰੀ ਪੈਂਦਾ ਹੈ। ਬਹੁਤ ਘੱਟ ਅਧਿਆਪਕ ਅਜਿਹੇ ਹਨ ਜਿਹੜੇ ਆਪਣੀ ਸਕੂਲੀ ਪੜ੍ਹਾਈ ਸਮੇਂ ਪੰਜ ਮਿੰਟ ਕੱਢਕੇ ਵਿਦਿਆਰਥੀਆਂ ਨੂੰ ਸਮਾਜਿਕ ਗਿਆਨ, ਜੀਵਨ ਜਾਂਚ ਨਾਲ ਮੁਢਲੀ ਸਿੱਖਿਆ ਨੂੰ ਰੌਚਕ ਤਰੀਕੇ ਰਾਹੀਂ ਗਿਆਨ ਦਿੰਦੇ ਹਨ। ਉਨ੍ਹਾਂ ਨੂੰ ਬੱਚੇ ਦੀ ਚੰਗੀ ਸ਼ਖਸੀਅਤ ਬਣਾਉਣ ਤੋਂ ਜ਼ਿਆਦਾ ਸਿਲੇਬਸ ਨੂੰ ਛੇਤੀ ਖਤਮ ਕਰਨ ਦਾ ਦਬਾਅ ਭਾਰੂ ਰਹਿੰਦਾ ਹੈ।

ਜੇਕਰ ਅਧਿਆਪਕ ਇਨ੍ਹਾਂ ਸਾਰੀਆਂ ਗੱਲਾਂ ਦਾ ਗੰਭੀਰਤਾ ਨਾਲ ਧਿਆਨ ਦੇਣ ਤਾਂ ਬੱਚਿਆਂ ਨੂੰ ਕਾਫੀ ਹੱਦ ਤੱਕ ਮਾਨਸਿਕ ਤੌਰ 'ਤੇ ਤੰਦਰੁਸਤ ਬਣਾਉਣ ਵਿੱਚ ਅਗਾਂਹਵਧੂ ਰੋਲ ਨਿਭਾਇਆ ਜਾ ਸਕਦਾ। ਇਸ ਤਰ੍ਹਾਂ ਹੀ ਕੁਝ ਬੱਚਿਆਂ ਅੰਦਰ ਕੁਦਰਤੀ ਗੁਣ ਹੁੰਦੇ ਹਨ, ਜਿਸ ਦੀ ਪਹਿਚਾਣ ਅਧਿਆਪਕਾਂ ਨੇ ਕਰਨੀ ਹੁੰਦੀ ਹੈ ਅਤੇ ਉਸ ਗੁਣ ਨੂੰ ਨਿਖਾਰ ਕੇ ਸਮਾਜ ਵਿੱਚ ਲੈ ਕੇ ਆਉਣਾ ਹੁੰਦਾ ਹੈ। ਇਹ ਵੀ ਨਹੀਂ ਹੈ ਕਿ ਸਾਰੇ ਅਧਿਆਪਕ ਇਸ ਤਰ੍ਹਾਂ ਹੀ ਕਰਦੇ ਹਨ। ਬਹੁਤ ਸਾਰੇ ਚੰਗੇ ਅਧਿਆਪਕ ਹਾਲੇ ਵੀ ਸਕੂਲਾਂ ਵਿੱਚ ਮੌਜੂਦ ਹਨ, ਜੋ ਆਪਣੇ ਬੱਚਿਆਂ ਨੂੰ ਸਕੂਲੀ ਸਿੱਖਿਆ ਤੋਂ ਇਲਾਵਾ ਹਰ ਪ੍ਰਕਾਰ ਦੀ ਸਮਾਜਿਕ ਸਿੱਖਿਆ ਦੇਣਾ ਆਪਣਾ ਫਰਜ਼ ਸਮਝਦੇ ਹਨ। ਉਨ੍ਹਾਂ ਵੱਲੋਂ ਪੜ੍ਹਾਏ ਗਏ ਬੱਚੇ ਅੱਜ ਵੀ ਆਪਣੇ ਮਾਪਿਆਂ ਅਤੇ ਅਧਿਆਪਕ ਦਾ ਨਾਮ ਰੌਸ਼ਨ ਕਰਦੇ ਹਨ। ਵੈਸੇ ਵੀ ਇੱਕ ਵਿਚਾਰ ਅਨੁਸਾਰ ਉਸ ਅਧਿਆਪਕ ਨੂੰ ਹੀ



ਯਾਦ ਕੀਤਾ ਜਾਂਦਾ ਹੈ, ਜੋ ਪੜ੍ਹਾਈ ਦੇ ਨਾਲ-ਨਾਲ ਆਪਣੇ ਵਿਦਿਆਰਥੀਆਂ ਨੂੰ ਸਿਲੇਬਸਾਂ ਤੋਂ ਇਲਾਵਾ ਸਮਾਜਿਕ ਜਾਣਕਾਰੀ ਅਤੇ ਜ਼ਿੰਦਗੀ ਦੀਆਂ ਦੁੱਖ ਤਕਲੀਫਾਂ ਪ੍ਰਤੀ ਉਸਦਾ ਮੁਕਾਬਲਾ ਕਰਨ ਲਈ ਤਿਆਰ ਕਰਦਾ ਹੈ। ਬੱਚੇ ਆਪਣੇ-ਆਪ ਨੂੰ ਪੜ੍ਹਾਈ ਵਿੱਚ ਫਸਿਆ ਹੋਇਆ ਮਹਿਸੂਸ ਕਰਦੇ ਹਨ। ਉਹਨਾਂ ਉੱਪਰ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਵੱਧ ਤੋਂ ਵੱਧ ਨੰਬਰ ਪ੍ਰਾਪਤ ਕਰਨ ਦਾ ਦਬਾਅ ਬਣਾਇਆ ਜਾਂਦਾ ਹੈ। ਪੜ੍ਹਾਈ ਪੂਰੀ ਕਰਨ ਉਪਰੰਤ ਬੱਚਿਆਂ ਨੂੰ ਕੀਤੀ ਪੜ੍ਹਾਈ ਮੁਤਾਬਿਕ ਨੌਕਰੀਆ ਨਹੀਂ ਮਿਲਦੀਆਂ, ਜਿਸ ਕਾਰਨ ਬੱਚਿਆਂ ਅੰਦਰ ਨਿਰਾਸ਼ਤਾ ਫੈਲਣੀ ਸ਼ੁਰੂ ਹੋ ਜਾਂਦੀ ਹੈ। ਬਹੁਤੀ ਵਾਰੀ ਨਿਰਾਸ਼ਤਾ ਕਾਰਨ ਬੱਚੇ ਨਸ਼ਿਆਂ ਜਿਹੀਆਂ ਮਾੜੀਆਂ ਆਦਤਾਂ ਦਾ ਸ਼ਿਕਾਰ ਹੋਣ ਲੱਗਦੇ ਹਨ। ਇਸ ਵਰਤਾਰੇ ਲਈ ਇਕੱਲੇ ਮਾਪੇ ਜਾਂ ਅਧਿਆਪਕ ਹੀ ਦੋਸ਼ੀ ਨਹੀ, ਇੱਥੋਂ ਦਾ ਸਿੱਖਿਆ ਪ੍ਰਬੰਧ ਜ਼ਿਆਦਾ ਦੋਸ਼ੀ ਹੈ। ਜਿਸ ਨੇ ਸਭ ਲਈ ਇੱਕੋ ਜਿਹੀ ਸਿੱਖਿਆ ਪ੍ਰਣਾਲੀ ਨੂੰ ਅਣਗੌਲਿਆ ਕਰਕੇ ਨਿੱਜੀ ਸਿੱਖਿਆ ਪ੍ਰਣਾਲੀ ਨੂੰ ਖੁੱਲ ਦੇ ਕੇ ਸਿੱਖਿਆ ਨੂੰ ਇੱਕ ਵਪਾਰ ਦਾ ਸਾਧਨ ਬਣਨ ਦਿੱਤਾ। ਸੋ ਜਿੱਥੇ ਲੋੜ ਹੈ ਸਰਕਾਰਾਂ ਨੂੰ ਸਾਂਝੀ ਸਿੱਖਿਆ ਨੀਤੀ ਅਪਣਾ ਕੇ ਇਸ ਵਿੱਚ ਅਗਾਂਹਵਧੂ ਤਬਦੀਲੀ ਕਰਨ ਦੀ, ਉੱਥੇ ਅਧਿਆਪਕ ਅਤੇ ਮਾਪਿਆਂ ਦਾ ਵੀ ਆਪਣੇ ਬੱਚਿਆਂ ਪ੍ਰਤੀ ਸਿੱਖਿਆ ਲਈ ਸਹੀ ਤਾਲ-ਮੇਲ ਬਹੁਤ ਜਰੂਰੀ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਅੰਦਰ ਸਿੱਖਿਆ ਪ੍ਰਤੀ ਨਵੀਆਂ ਪੈਦਾ ਹੋ ਰਹੀਆਂ ਮੁਸ਼ਕਲਿਆਂ ਦਾ ਸਾਹਮਣਾ ਕਰਨ ਅਤੇ ਵਿਦਿਆਰਥੀ ਵਰਗ ਨੂੰ ਚੰਗੇ ਨਾਗਰਿਕ ਬਣਾਉਣ ਦੇ ਕਾਬਲ ਬਣਾ ਸਕਾਂਗੇ।

# ਜਮਹੂਰੀਅਤ ਦਾ ਮੀਡੀਆ, ਕਨੂੰਨ ਅਮੀਰਾਂ ਦੇ ਪੱਖ 'ਚ ਖੜ੍ਹਿਆ

ਪਹਿਲੀ ਤਸਵੀਰ ਵਿਚਲੀ ਔਰਤ ਦਾ ਨਾਮ ਜ਼ੋਹਰਾ ਹੈ ਜੋ ਨੋਇਡਾ 'ਚ ਘਰਾਂ ਚ ਕੰਮ ਕਰਨ ਵਾਲ਼ੀ ਇੱਕ ਮਜ਼ਦੂਰ ਹੈ। ਇੱਕ ਵੱਡੀ ਕੋਠੀ ਵਾਲ਼ੇ ਉਸਨੂੰ ਕਾਫੀ ਸਮੇਂ ਤੋਂ ਮਿਹਨਤਾਨਾ ਨਹੀਂ ਦੇ ਰਹੇ ਸਨ ਤੇ ਇਸ ਵਾਰ ਮੰਗਣ ਪਿੱਛੋਂ ਉਸਦੀ ਕੁੱਟਮਾਰ ਕੀਤੀ ਗਈ ਤੇ ਉਸਨੂੰ ਭੁੱਖਣ-ਭਾਣੀ ਨੂੰ ਇੱਕ ਦਿਨ ਕਮਰੇ ਚ ਬੰਦ ਕਰਕੇ ਰੱਖਿਆ ਗਿਆ ਜਿੱਥੋਂ ਅਗਲੇ ਦਿਨ ਉਸਦੇ ਪਰਿਵਾਰ ਮੈਂਬਰਾਂ ਨੇ ਛੁਡਾਇਆ। (ਦੂਜੀ ਤਸਵੀਰ 'ਚ) ਜਦੋਂ ਉਸਦੇ ਮਜ਼ਦੂਰ ਤਬਕੇ ਨੇ ਇਸ ਜ਼ਿਆਦਤੀ ਦਾ ਵਿਰੋਧ ਕੀਤਾ ਤਾਂ ਇਸ ਜਮਹੂਰੀਅਤ ਦਾ ਮੀਡੀਆ, ਕਨੂੰਨ ਇਹਨਾਂ ਅਮੀਰਾਂ ਦੇ ਪੱਖ ਵਿੱਚ ਖੜ ਗਿਆ। ਇਨਸਾਫ਼ ਮੰਗ ਰਹੇ ਮਜ਼ਦੂਰਾਂ ਦੀ ਕੁੱਟਮਾਰ ਕੀਤੀ ਗਈ, ਉਹਨਾਂ ਦੇ ਮਰਦਾਂ ਨੂੰ ਸੰਗੀਨ ਧਾਰਾਵਾਂ ਲਾਕੇ ਜੇਲ ਚ ਡੱਕ ਦਿੱਤਾ ਗਿਆ। ਮੀਡੀਆ ਨੇ ਵੀ ਅਮੀਰਾਂ ਦਾ ਹੀ ਪੱਖ ਛਾਪਿਆ ਜਿਸ ਚ ਦੋਸ਼ੀ ਮਾਲਕਣ ਨੇ ਜ਼ੋਹਰਾ ਉੱਪਰ ਚੋਰੀ ਦਾ ਦੋਸ਼ ਲਾਇਆ ਸੀ। ਧਿਆਨ ਰਹੇ ਕਿ ਮਾਲਕਣ ਨੇ ਉਸਨੂੰ ਘਰੇ ਤਾੜੀ ਰੱਖਿਆ ਤੇ ਪੁਲਿਸ ਜਾਂ ਕਲੋਨੀ ਚ ਕਿਸੇ ਨੂੰ ਸੂਚਿਤ ਨਹੀਂ ਕੀਤਾ, ਜਦੋਂ ਅਗਲੇ ਦਿਨ ਪਰਿਵਾਰ ਨੇ ਆਕੇ ਜ਼ੋਹਰਾ ਨੂੰ ਛੁਡਾਇਆ ਫੇਰ ਹੀ ਉਸਨੂੰ ਇਸ "ਚੋਰੀ" ਬਾਰੇ ਪੁਲਿਸ ਤੇ ਮੀਡੀਆ ਨੂੰ ਖ਼ਬਰ ਕਰਨ ਦੀ ਸੁੱਝੀ! ਸੰਘੀ ਟੋਲੇ ਨੇ ਵੀ ਇਸ ਮਸਲੇ ਨੂੰ ਭਾਰਤੀ ਬਨਾਮ ਬੰਗਲਾਦੇਸ਼ੀ ਬਣਾਉਣ ਦੀ ਪੂਰੀ ਵਾਹ ਲਾਈ ਹੈ। ਸ਼ਹਿਰਾਂ ਦੀਆਂ ਪੌਸ਼ ਕਲੋਨੀਆਂ 'ਚ ਰਹਿਣ ਵਾਲ਼ੇ ਇਹਨਾਂ ਧਨ-ਪਸ਼ੂਆਂ ਦੇ ਘਰਾਂ ਚ ਇੰਝ ਕੰਮ ਕਰਨ ਵਾਲ਼ੀਆਂ ਮਜ਼ਦੂਰ ਔਰਤਾਂ ਤੇ ਬੱਚੀਆਂ ਦੀ ਗਿਣਤੀ ਕਾਫੀ ਵੱਡੀ ਹੈ। ਇਹਨਾਂ ਨੂੰ ਬਹੁਤ ਘੱਟ ਤਨਖਾਹ 'ਤੇ ਕੰਮ ਕਰਨਾ ਪੈਂਦਾ ਹੈ ਤੇ ਇਹਨਾਂ ਲਈ ਕੋਈ ਕਿਰਤ ਕਨੂੰਨ ਵੀ ਨਹੀਂ ਹਨ। ਇਹਨਾਂ ਨੂੰ ਤਨਖਾਹ ਨਾ ਦੇਣਾ, ਗਾਲੀ-ਗਲੋਚ, ਮਾਨਸਿਕ ਤੇ ਸਰੀਰਕ ਸ਼ੋਸ਼ਣ ਇਹਨਾਂ ਧਨ-ਪਸ਼ੂਆਂ ਦੀ ਪਸ਼ੂਨੁਮਾ ਜ਼ਿੰਦਗੀ ਦਾ ਇੱਕ ਹਿੱਸਾ ਹੈ। ਇਹਨਾਂ ਮਜ਼ਦੂਰ ਔਰਤਾਂ ਨੂੰ 5-10 ਹਜ਼ਾਰ ਰੁਪਏ ਉਧਾਰ ਦੇਕੇ ਮੁੜ ਉਸਦੇ ਵਿਆਜ਼ ਚ ਹੀ ਕਈ ਮਹੀਨੇ ਕੰਮ ਕਰਵਾਉਣ ਦੇ ਰੂਪ 'ਚ ਲੁੱਟਣ ਜਿਹੇ ਅਨੇਕਾਂ ਤਰੀਕੇ ਇਹਨਾਂ ਲੱਭੇ ਹੋਏ ਹਨ। ਇਸ ਤਬਕੇ ਵਿੱਚ ਕਿਰਤ ਲਈ ਤੇ ਕਿਰਤੀਆਂ ਲਈ ਸਭ ਤੋਂ ਵੱਧ ਨਫ਼ਰਤ ਹੈ। ਬਰਾਂਡਡ ਕੱਪੜੇ,



ਗੋਲਗੱਪਿਆਂ, KFC, MecD ਤੇ ਹੋਰ ਪਸ਼ੂਪੁਣੇ 'ਤੇ ਬੇਝਿਜਕ ਖਰਚਾ ਕਰਨ ਵਾਲ਼ੇ ਇਹ ਧਨਪਸ਼ੂ ਕਿਰਤੀ ਲੋਕਾਂ ਨਾਲ਼ ਉਹਨਾਂ ਦੇ ਹੱਕ ਦੇ 5-10 ਰੁਪਏ ਪਿੱਛੇ ਵੀ ਲੜਦੇ ਹਨ। ਇਹ ਚਾਹੇ ਘਰੇਲੂ ਮਜ਼ਦੂਰ ਔਰਤਾਂ ਹੋਣ, ਚਾਹੇ ਕੋਈ ਰਿਕਸ਼ੇ ਵਾਲ਼ਾ, ਕੋਈ ਸਬਜ਼ੀ ਵਾਲ਼ਾ ਜਾਂ ਕੋਈ ਉਸਾਰੀ ਮਜ਼ਦੂਰ ਆਦਿ ਹੋਵੇ। ਅਜਿਹਾ ਕਰਕੇ ਇਹਨਾਂ ਨੂੰ ਆਪਣੇ ਪੈਸੇ ਬਚਾਉਣ ਦੀ ਖੁਸ਼ੀ ਨਹੀਂ ਹੁੰਦੀ ਸਗੋਂ ਕਿਸੇ ਦੀ ਮਜ਼ਬੂਰੀ ਨੂੰ ਤਰਲਿਆਂ 'ਚ ਬਦਲਦੇ ਦੇਖਣ ਦੀ ਖੁਸ਼ੀ ਹੁੰਦੀ ਹੈ। ਤੁਸੀਂ ਖੁਦ ਇਸ ਤਬਕੇ ਦੇ ਲੋਕਾਂ ਨਾਲ ਗੱਲ ਕਰਕੇ ਦੇਖੋ ਬਹੁਤਿਆਂ ਵਿੱਚ ਇਸ ਤਰ੍ਹਾਂ ਦੀ ਨਫ਼ਰਤ ਤੇ ਪਸ਼ੂਪੁਣਾ ਤੁਹਾਨੂੰ ਦਿਖ ਹੀ ਜਾਏਗਾ। ਪਿੱਛੇ ਜਿਹੇ 'ਪੰਜਾਬੀ ਟ੍ਰਿਬਿਊਨ' ਵਿੱਚ ਵੀ ਇੱਕ "ਕਹਾਣੀ" ਛਪੀ ਸੀ ਜਿਸਨੂੰ ਪੜ੍ਹਕੇ ਕਚਿਆਣ ਆਉਂਦੀ ਹੈ। "ਕਹਾਣੀ" ਵਿੱਚ ਲੇਖਕ ਦੀ ਇਸ ਤਬਕੇ ਦੀ ਨਫ਼ਰਤ ਸਾਫ਼ ਝਲਕਦੀ ਹੈ। ਜੇ ਉਸਦੀ "ਕਹਾਣੀ" ਦੇ ਕਥਾਨਕ ਨੂੰ ਸੱਚ ਮੰਨ ਲਈ ਤਾਂ ਉਸਨੂੰ ਇਸ ਗੱਲ 'ਤੇ ਇਤਰਾਜ ਹੈ ਕਿ ਉਸਦੇ ਘਰ ਕੰਮ ਕਰਨ ਵਾਲੀ ਨੌਕਰਾਣੀ ਨੂੰ ਖੈਰਾਤ 'ਚ ਦਿੱਤੀ ਮੂੰਗੀ ਦੀ ਦਾਲ ਪਸੰਦ ਨਹੀਂ ਹੈ!!! ਇਸ ਸਭ 'ਚ ਧਨਾਢ ਜਮਾਤ ਦੇ ਮੀਡੀਆ, ਕਨੂੰਨ, ਫਿਰਕੂ ਕੱਟੜਪੰਥੀਆਂ ਤੋਂ ਲੈ ਕੇ ਸਾਹਿਤਕਾਰਾਂ ਤੱਕ ਦੀ ਇਸ ਤਬਕੇ ਪ੍ਰਤੀ ਨਫ਼ਰਤ ਤੇ ਇਹਨਾਂ ਦੇ ਆਪਣੇ ਹਿੱਸੇ ਦੀ ਜ਼ਿੰਦਗੀ ਲਈ ਡਟ ਕੇ ਖਲੋਣ ਤੋਂ ਡਰ ਸਾਫ਼ ਝਲਕਦਾ ਹੈ। ਇਸ ਸਾਰੇ ਮਾਮਲੇ ਨਾਲ਼ ਪਹਿਲੇ ਦਿਨ ਤੋਂ ਇੱਕ ਸਮਾਜਿਕ ਕਾਰਕੁੰਨ ਨਿਲੰਜਨਾ ਭੋਅਮਿਕ ਜੁੜੀ ਹੋਈ ਹੈ ਜਿਸਨੂੰ ਲਗਾਤਾਰਾ ਗਾਲਾਂ ਤੇ ਧਮਕੀਆਂ ਦਿੱਤੀਆ ਜਾ ਰਹੀਆਂ ਹਨ। ਜਮਹੂਰੀਅਤ ਦੇ ਨਵੇਂ ਬਣੇ "ਪੰਜਵੇਂ ਥੰਮ" ਫੇਸਬੁੱਕ ਨੇ ਵੀ ਆਪਣੀ ਜਮਾਤੀ ਵਫ਼ਾਦਾਰੀ ਵਿਖਾਉਂਦਿਆਂ ਨਿਲੰਜਨਾ ਦੀਆਂ ਪੋਸਟਾਂ ਹੀ ਡਿਲੀਟ ਕਰ ਦਿੱਤੀਆਂ।

ਇਹ ਇੱਕ ਹੋਰ ਕਾਰਨ ਹੈ ਬਣਦਾ ਹੈ ਕਿਉਂ "ਅਮੀਰ ਬਣਨ ਵਾਲ਼ਾ ਆਪਣੀ (ਦਿਮਾਗੀ) ਮਿਹਤਨ ਨਾਲ਼ ਅਮੀਰ ਬਣਦਾ ਹੈ" ਜਿਹੇ ਖੋਖਲੇ ਤਰਕਾਂ ਨਾਲ਼ ਮੇਰੀ ਸਹਿਮਤੀ ਨਹੀਂ ਹੈ ਕਿਉਂਕਿ ਇਹ ਅਮੀਰੀ ਨਾ ਸਿਰਫ਼ ਲੁੱਟ ਰਾਹੀਂ ਜਨਮਦੀ ਹੈ ਸਗੋਂ ਇਹ ਪਸ਼ੂਪੁਣੇ, ਸੰਵੇਦਨਹੀਣਤਾ ਨੂੰ ਵੀ ਜਨਮ ਦਿੰਦੀ ਹੈ। ਇਹ ਹਜ਼ਾਰਾਂ ਕਾਰਨਾਂ ਵਿੱਚੋਂ ਇੱਕ ਹੋਰ ਕਾਰਨ ਬਣਦਾ ਹੈ ਮੌਜੂਦਾ ਲੋਟੂ ਸਮਾਜਿਕ ਨਿਜ਼ਾਮ ਨੂੰ ਕਿਉਂ ਬਦਲਿਆ ਜਾਣਾ ਚਾਹੀਦਾ ਹੈ।

# ਚੌਥਾ ਪੁਸਤਕ ਮੇਲਾ 19 ਤੇ 20 ਅਗਸਤ ਨੂੰ ਕੈਲਗਰੀ ਗਰੀਨ ਪਲਾਜ਼ਾ 'ਚ ਲੱਗੇਗਾ

ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਕੈਲਗਰੀ ਵਲੋਂ ਚੌਥਾ ਪੁਸਤਕ ਮੇਲਾ ਇਸ ਵਾਰੀ ਵੀ ਗਰੀਨ ਪਲਾਜਾ ਬੈਲ ਕੁਨੈਕਸ਼ਨ ਦੇ ਸਾਹਮਣੇ ਬਰਾਂਡੇ ਵਿਚ ਲਵਲੀ ਸਵੀਟਸ ਅਤੇ ਢਿੱਲੋਂ ਫੈਸ਼ਨ ਦੇ ਗੁਆਂਢ ਵਿਚ ਲੱਗੇਗਾ। 19 ਅਗਸਤ ਸ਼ਨੀਵਾਰ ਅਤੇ 20 ਅਗਸਤ ਐਤਵਾਰ ਨੂੰ ਲੱਗਣ ਵਾਲੇ ਪੁਸਤਕ ਮੇਲੇ ਦਾ **ਉਦਘਾਟਨ ਅਗਾਂਹਵਧੂ ਲੇਖਕ ਹਰੀਪਾਲ 19 ਅਗਸਤ ਨੂੰ ਸਵੇਰੇ** 10.00 ਵਜੇ ਕਰਨਗੇ। ਇਸ ਪੁਸਤਕ ਮੇਲੇ ਵਿਚ ਪੁਸਤਕ ਪ੍ਰੇਮੀਆਂ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਵਾਜਿਬ ਕੀਮਤਾਂ 'ਤੇ ਕਿਤਾਬਾਂ ਮਿਲ ਸਕਣਗੀਆਂ। ਕਿਤਾਬਾਂ ਵਿਚ ਇਤਿਹਾਸਕ, ਸਾਹਿਤਕ, ਤਰਕਸ਼ੀਲ, ਵਿਗਿਆਨਕ, ਮਾਨਸਿਕ ਰੋਗਾਂ, ਖੁਰਾਕ ਅਤੇ ਸਿਹਤ, ਜੀਵਨੀਆਂ ਆਦਿ ਸ਼ਾਮਲ ਹਨ। **ਦੋਵੇਂ ਦਿਨ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ** ਤੁਸੀਂ ਸਭ ਇਸ ਪੁਸਤਕ ਮੇਲੇ 'ਚ ਸ਼ਾਮਲ ਹੋ ਸਕਦੇ ਹੋ। ਇਸ ਵਾਰੀ ਤੁਸੀਂ ਉਸਾਰੂ ਫਿਲਮਾਂ ਅਤੇ ਮਹਾਨ ਵਿਅਕਤੀਆਂ ਦੇ ਪੋਸਟਰ ਵੀ ਪ੍ਰਾਪਤ ਕਰ ਸਕੋਗੇ। ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਕੈਲਗਰੀ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪ੍ਰੈਸ ਮੀਡੀਆ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਾਰੂ ਕਲਚਰ ਪੈਦਾ ਕਰਨ ਲਈ 7-8 ਸਾਲਾਂ ਤੋਂ ਇਹ ਉਪਰਾਲੇ ਜਾਰੀ ਹਨ। ਉਨ੍ਹਾਂ ਕਿਹਾ ਕਿ ਲੱਚਰਤਾ ਨੂੰ ਭਾਂਜ ਦੇਣ ਲਈ ਪੁਸਤਕ ਕਲਚਰ ਬਹੁਤ ਜ਼ਰੂਰੀ ਹੈ। ਨੌਜਵਾਨ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਹਰ ਘਰ ਨੂੰ ਲਾਇਬ੍ਰੇਰੀ ਜ਼ਰੂਰੀ ਹੈ। ਕੈਲਗਰੀ ਅਤੇ ਕੈਨੇਡਾ ਨਿਵਾਸੀਆਂ ਵਲੋਂ ਮਿਲੇ ਸਹਿਯੋਗ ਦਾ ਮੈਂ ਬਹੁਤ ਰਿਣੀ ਹਾਂ। ਮੀਡੀਆ ਵਲੋਂ ਸਦਾ ਮਿਲੇ ਭਰਵੇਂ ਸਹਿਯੋਗ ਦਾ ਧੰਨਵਾਦ ਕਰਦਾ ਤੁਹਾਡੇ ਸਭ ਤੋਂ ਇਸ ਵਾਰੀ ਵੀ ਭਰਵੇਂ ਸਹਿਯੋਗ ਦੀ ਆਸ ਕਰਦਾ ਹਾਂ। ਅੰਤ ਨੂੰ ਸਭ ਨੂੰ ਅਪੀਲ ਕਰਦਾ ਹਾਂ ਕਿ ਪਰਿਵਾਰਾਂ ਸਮੇਤ ਹਾਜ਼ਰੀ ਲਗਵਾਉ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕਰ ਸਕਦੇ ਹੋ।

## ਬੇਲਚਕ

ਉਹ ਤਾਂ ਸਾਨੂੰ ਓਥੇ ਸੁੱਟਦੇ ਹਨ
ਜਿਥੇ ਸ਼ਹੀਦ ਡਿੱਗਿਆ ਕਰਦੇ ਨੇ
ਅਤੇ ਡਿੱਗਦੇ ਆਏ ਨੇ
ਨਹਿਰਾਂ ਦਰਿਆਵਾਂ ਵਿਚ ਜਿਹੜੇ,
ਉਹੀ ਸਾਡੇ ਹਨ
ਤੇ ਕਾਨੂੰਨ ਦੇ ਸਿਵਿਆਂ ਵਿਚ
ਜਿਹੜੇ ਉਹੀ,
ਅੰਗਰੇਜ਼ ਵਾਲੇ ਹਨ
ਓਥੇ ਲੱਖਾਂ ਕਰੋੜਾਂ
ਦੇਸ਼ ਭਗਤਾਂ ਦੀ ਰਾਖ ਹੈ
ਉਨ੍ਹਾਂ ਸਰਮਾਏਦਾਰ ਤਾਂ
ਇਕ ਵੀ ਨਹੀਂ ਜਾਲਿਆ
ਉਨ੍ਹਾਂ ਤਾਂ ਜੱਟਾਂ ਸੈਣੀਆਂ ਦੇ ਪੁੱਤ
ਤੇ ਝਿਊਰ ਪਾਣੀ ਢੋਂਦੇ ਹੀ ਜਲਾਏ ਨੇ
ਤੇ ਭੱਠਿਆਂ 'ਚ ਕੋਲਾ ਪਾਉਣ ਵਾਲੇ ਲੋਕ
ਕਾਲੇ ਕਾਲੇ ਪਿਆਰੇ ਨਕਸ਼ਾਂ ਵਾਲੇ ਪੂਰਬੀ
ਉਹ ਤਾਂ ਸਾਨੂੰ ਸੁੱਟਦੇ ਨੇ
ਸਾਵੀ ਲਚਕੀਲੀ ਕਾਹੀ ਵਿਚ
ਜਾਂ ਪਹਾੜੀ ਕਿੱਕਰਾਂ ਦੀ ਮਹਿਕ ਵਿਚ
ਅਸੀਂ ਉਨ੍ਹਾਂ ਨੂੰ
ਨਾਲੀਆਂ 'ਚ
ਗੋਹਿਆਂ 'ਚ
ਕੁੱਤਿਆਂ ਥੀਂ
ਲੋਕਾਂ ਦੀਆਂ ਜੁੱਤੀਆਂ ਦੇ
ਹੇਠੋਂ ਦੀ ਘੜੀਸਾਂਗੇ
ਡਾਕੂ ਵੀ ਜੋ ਗਰੀਬਾਂ ਨੂੰ ਲੁੱਟਦੇ ਹਨ
ਉਹ ਸੰਧਾਰੇ ਪੱਕਣ ਤੋਂ ਪਹਿਲਾਂ
ਰੋਟੀਆਂ ਖੇਤਾਂ ਵੱਲ ਤੁਰਨ ਤੋਂ
ਪਹਿਲਾਂ ਲੁੱਟ ਲੈਂਦੇ ਹਨ
ਨੱਥਾਂ, ਕੰਠੀਆਂ ਤੇ ਫੁੱਲ ਲਾਹੁਣ ਵੇਲੇ ਉਹ
ਉਨ੍ਹਾਂ ਨੂੰ ਖਿੱਚਦੇ ਹਨ
ਬੱਚਿਆਂ ਦੇ ਕੁੜਤੇ
ਬੁੱਢਿਆਂ ਦੇ ਚੋਲੇ
ਚੁੰਨੀਆਂ ਦੇ ਚੋਲੇ
ਚੁੰਨੀਆਂ ਉਹ ਨਹੀਂ ਛੱਡਦੇ
ਵੇਖੋ ਗੋਡੇ ਭਰਨੇ,
ਵੱਡੀ ਦਸਤਾਰ ਬੰਨ੍ਹੀ
ਕੌਣ ਬੈਠਾ ਹੈ
ਇਹੀ ਭੂਮੀਆਂ ਹੈ
ਜੋ ਡਾਕੂਆਂ ਤੋਂ ਲੁਟੀਂਦੀ ਕਿਰਤ
ਕੁਝ ਨਾ ਕੁਝ
ਮੁੜ ਖੋਂਦਾ ਹੈ ਤੇ ਵੰਡ ਦਿੰਦਾ ਹੈ।

- ਲਾਲ ਸਿੰਘ ਦਿਲ

## ਪੰਤਾਲੀਏ ਪਾਤਰ

ਕਮਿਊਨਿਸਟ ਪਾਰਟੀ ਵਲੋਂ
ਲਾਲ ਸਲਾਮ।
ਲਿਬਰਲ ਪਾਰਟੀ ਵਲੋਂ
ਗੁਰੂ ਫਤੇਹ।
ਕਨਜ਼ਰਵੇਟਿਵਾਂ ਵਲੋਂ
ਸਤਿ ਸ੍ਰੀ ਅਕਾਲ।
ਐਨ. ਡੀ. ਪੀ. ਵਲੋਂ
ਵਾਹਿਗੁਰੂ ਜੀ ਕੀ ਫਤੇਹ।
ਤਰਕਸ਼ੀਲਾਂ ਵਲੋਂ
ਸਲਾਮਾਂ ਸਾਰੀਆਂ।
ਈਸਾਈ, ਮੁਸਲਮਾਨ, ਹਿੰਦੂ ਜਾਂ ਸਿੰਘ ਜੀ
ਹਰ ਕਿਸੇ ਦੀ ਹਾਜ਼ਰੀ ਭਰਦੇ।
ਫਰਕ ਨਾ ਕਰਦੇ।
ਬੁਢੇਪੇ ਦੀ ਜੋਰੂ, ਜਣੇ ਖਣੇ ਦੀ ਭਾਬੀ।
ਇਕੋ ਹੀ ਸੰਗਤ, ਇਕੋ ਹੀ ਇਕੱਠ
ਇਕੋ ਹੀ ਭੀੜ, ਸਾਰਿਆਂ ਲਈ।
ਕੋਈ ਮਜ਼ਹਬੀ ਵਖਰੇਵਾਂ ਨਹੀਂ
ਵਿਚਾਰਧਾਰਾ, ਰਾਜਨੀਤੀ ਦਾ ਭੇਦ ਨਾ
ਕਰਦੇ।
ਕਿੰਨੇ ਸੈਕੂਲਰ ਲੋਕਸੇਵਕ ਨੇ ਪੰਤਾਲੀਏ
ਪਾਤਰ।
ਮੰਗ ਸਿਰਫ ਇਕੋ ਹੀ ਰੱਖਦੇ
ਲੰਗਰ ਲਗੇ ਜ਼ਰੂਰ।
ਭੁੱਖੜਾਂ ਦਾ ਮੰਗ ਪੱਤਰ ਵੱਡਾ ਨਹੀਂ।
ਕਾਮਰੇਡਾਂ ਵਾਲਾ ਚਾਹ ਸਮੋਸੇ ਦਾ
ਸਿੱਖਾਂ ਵਾਲਾ ਸਣੇ ਜਲੇਬੀਆਂ
ਮੰਦਰਾਂ ਵਾਲੇ ਵੀ ਸਿਆਣੇ ਹੋ ਗਏ
ਗੁਰਦੁਆਰੇ ਦੀ ਲੰਗਰ-ਰੀਤ ਕਰਦੇ ਨੇ।
ਪਾਦਰੀ ਲੰਗਰ ਨਹੀਂ ਮੰਨਦੇ
ਦਰ ਦਰ ਭਟਕਦੇ ਸੱਦੇ ਲਈ
ਪੰਤਾਲੀਏ ਉਹਨਾਂ ਦਾ ਬਾਈਕਾਟ ਕਰਦੇ
ਨੇ।
ਸਾਲ ਵਿੱਚ ਸਿਰਫ ਇਕੋ ਦਿਨ ਵੱਡਾ
ਕੈਨੇਡਾ ਡੇ।
ਕੈਨੇਡਾ ਦਾ ਭਲਾ ਹੋਵੇ।
45 ਡਾਲਰਾਂ ਵਿੱਚ ਸਾਲ ਸਾਰਾ ਸਫਰ
ਬਸ, ਗੱਡੀ ਤੇ ਸਮੁੰਦਰੀ ਜਹਾਜ਼ ਦਾ।
ਪੰਤਾਲੀਏ
ਬੇ-ਮਜ਼ਹਬੇ
ਬੇ-ਨਸਲੇ
ਬੇ-ਅਸੂਲੇ
ਨਿਗੁਰੇ ਪੂਰੇ ਨਿਗੁਰੇ।
ਤੁਸੀਂ ਸੋਚੋ
ਸਿਰਫ ਸਮਝੋ
ਐਲਾਨ ਕਰੋ, ਲੰਗਰ ਧਰੋ
ਪੰਤਾਲੀਏ ਪਾਤਰ ਹਾਜ਼ਰ ਹਨ।

ਡਾ. ਜਗਜੀਤ ਸਿੰਘ ਗਰੇਵਾਲ

## ਬਚਪਨ

ਨਾ ਖੋਹ ਮਾਏ ਬਚਪਨ ਮੇਰਾ
ਕਰ ਦਿਉਂ ਪੂਰਾ ਸੁਪਨਾ ਤੇਰਾ
ਕਾਂ ਚਿੜੀ ਦੀ ਕੋਈ ਬਾਤ ਸੁਣਾਦੇ
ਜੁਗਿਆਸਾ ਮੇਰੀ ਨੂੰ ਚੋਗਾ ਪਾਦੇ
ਕਿੰਜ ਤਿਤਲੀ ਉਡਾਰੀ ਲਾਵੇ
ਮੱਛਲੀ ਪਾਣੀ ਤਾਰੀ ਲਾਵੇ
ਬੱਦਲਾਂ ਸੰਗ ਖੇਡਣ ਨੂੰ ਦਿਲ ਕਰਦਾ ਮੇਰਾ
ਨਾ ਖੋਹ ਮਾਏ ਬਚਪਨ ਮੇਰਾ
ਕਰ ਦਿਉਂ ਪੂਰਾ ਸੁਪਨਾ ਤੇਰਾ।

ਰੋਜ ਜਦੋਂ ਮੈਂ ਸਕੂਲੇ ਜਾਵਾਂ
ਅਣਗਿਣਤ ਕਿਤਾਬਾਂ ਨਾਲ ਲਿਜਾਵਾਂ
ਲੰਬਾ ਪੈਂਡ ਬਸਤਾ ਭਾਰੀ
ਨਿੱਕੀ ਜਿੰਦੜੀ ਮੁਸੀਬਤਾਂ ਮਾਰੀ
ਬੰਦ ਕਮਰੇ ਸਾਂਹ ਘੁਟਦਾ ਮੇਰਾ
ਨਾ....

ਅਧਿਆਪਕ ਮੈਨੂੰ ਰੱਟੇ ਲਵਾਵੇ
ਹਰ ਕੋਈ ਅੰਕਾਂ ਦਾ ਮੁੱਲ ਪਾਵੇ
ਆਂਢ-ਗੁਆਂਢੀ ਸਾਕ ਸਬੰਧੀ
ਅੰਕ ਦੇਖ ਅਕਲਾਂ ਦਾ ਠੱਪਾ ਲਾਵੇ
ਦੇਖ ਮਹਿਮਾਨ ਦਿਲ ਕੰਬਦਾ ਮੇਰਾ
ਨਾ....

ਡੇਲੀ ਵੀਕਲੀ ਟੈਸਟਾਂ ਮੱਤ ਮਾਰੀ
ਫਾਈਨਲ ਪੇਪਰਾਂ ਤਾਪ ਚੜ੍ਹਾਇਆ
ਖੇਡਣ ਮਾਏ ਕਿਸ ਪਲ ਜਾਵਾਂ
ਟਿਊਸ਼ਨਾਂ ਨੀਂਦ ਦਾ ਸਮਾਂ ਮੁਕਾਇਆ
ਨਿੱਤ ਮੁਕਾਬਲਿਆਂ ਕੀਤਾ ਨੱਕ ਦਮ ਮੇਰਾ
ਨਾ ਖੋਹ ਮਾਏ ਬਚਪਨ ਮੇਰਾ
ਕਰ ਦਿਉਂ ਪੂਰਾ ਸੁਪਨਾ ਤੇਰਾ ।

- ਰਾਕੇਸ਼ ਸੁਨੇਤ

## ਕਵਿਤਾ

ਤੇਰੇ ਬੋਲਾਂ ਤੇ ਫੁੱਲ ਚੜ੍ਹਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
ਤੇਰੇ ਕਦਮਾਂ ਤੇ ਕਦਮ ਟਕਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਲੋਕਾਂ ਦੀ ਪੀੜ ਕਰ ਉਜਾਗਰ ਆਪਣੇ ਤੇ ਭੀੜ ਪਾ ਲਈ
ਸਹੀਆਂ ਜਿਲਤਾਂ ਲੋਕਾਂ ਨੂੰ ਵਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
... ਭੁੱਲ ਗੇ ਜੋ ਤੈਨੂੰ ਤੇ ਤੇਰੀ ਕੋਇਲ ਜਿਹੀ ਅਵਾਜ਼ ਨੂੰ
ਉਨ੍ਹਾ ਦੀ ਸੋਚ ਤੋਂ ਗਰਦਾ ਲਾਹੁਣ ਦੀ ਕੋਸ਼ਿਸ਼ ਕਰ ਰਹੇ ਹਾਂ

ਆਈ ਨਾ ਹਯਾ ਜਿਨ੍ਹਾਂ ਲਈ ਤੂੰ ਜੋਤੀ ਗੁਆ ਦਿੱਤੀ
ਤੇਰੀ ਦਿੱਤੀ ਸਿਖਿਆ ਖਾਨੇ ਪਾਉਣ ਦੀ ਕੋਸ਼ਸ਼ ਕਰ ਰਹੇ ਹਾਂ
ਕੋਈ ਨਾ ਅੱਗੇ ਲੱਗੇ ਬੜਕਾਂ ਬਥੇਰੇ ਮਾਰਦੇ
ਲੱਗ ਅੱਗੇ ਤੇਰੀਆਂ ਸੋਚਾਂ ਅਪਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਟੋਏ ਤਾਂ ਹੁਣ ਵੀ ਪੁੱਟਣੇ ਨੇ ਫਫੇ ਤਾਂ ਹੁਣ ਵੀ ਕੁੱਟਣੇ ਨੇ ਜਾਲਮਾ
ਇਨ੍ਹਾ ਜ਼ਾਲਮਾਂ ਨੂੰ ਗੁਠੇ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
ਰਸਤਾ ਸੁਖਾਲਾ ਨਹੀਂ ਜਿਸ ਰਸਤੇ ਚਲਿਆ, ਫੜੀ ਉਂਗਲ
ਅਸੀਂ ਵੀ ਸਿਦਕ ਅਜਮਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

-ਰਵੀ ਰਵਿੰਦਰ

## ਗ਼ਜ਼ਲ

ਇਹ ਕੈਸੀ ਅੱਗ ਨਫ਼ਰਤ ਦੀ, ਦਿਲਾਂ ਵਿਚ ਭਰ ਰਹੇ ਨੇ ਉਹ,
ਕਿ ਸਾਡੇ ਨਿੱਘ ਨੂੰ ਵੀ, ਸੇਕ ਵਰਗਾ ਕਰ ਰਹੇ ਨੇ ਉਹ।

"ਤੁਹਾਡੇ ਸਿਰ ਵੀ ਢੱਕਾਂਗੇ" ਇਹ ਹਾਮੀ ਭਰ ਰਹੇ ਨੇ ਉਹ,
ਅਜੇ ਤਾਂ ਆਪਣੇ ਹੱਥ-ਪੈਰ ਨਿੱਘੇ ਕਰ ਰਹੇ ਨੇ ਉਹ।

ਠਰ੍ਹੀ ਹੋਈ ਰਾਤ, ਲੋਈ ਲੈ ਕੇ ਉੱਤੇ ਪੋਹ ਦੇ ਚਾਨਣ ਦੀ,
ਕਿ ਸਦੀਆਂ ਤੋਂ ਹੀ ਏਦਾਂ ਜਿਸਮ ਨਿੱਘਾ ਕਰ ਰਹੇ ਨੇ ਉਹ।

ਖਲਾ ਵਿਚ ਭਟਕਦੇ ਫਿਰਦੇ, ਮੇਰੇ ਜਜ਼ਬਾਤ ਹਾਲੇ ਵੀ,
ਸਜ਼ਾ ਕਿਸ ਜੁਰਮ ਦੀ ਏਡੀ, ਨਿਮਾਣੇ ਜਰ ਰਹੇ ਨੇ ਉਹ।

ਪਰਿੰਦੇ ਦੇਸ਼ ਮੇਰੇ ਦੇ ਨੇ ਕਿੰਨੇ ਬੌਖਲਾ ਚੁੱਕੇ
ਬਿਨਾਂ ਸੋਚੇ, ਬਿਨਾਂ ਸਮਝੇ, ਉਡਾਰੀ ਭਰ ਰਹੇ ਨੇ ਉਹ।

ਬੁਝਾ ਕੇ ਚੰਨ, ਸੂਰਜ ਤਾਰਿਆਂ ਦੇ ਦੀਪ ਸਭ ਹੱਥੀਂ,
ਗਗਨ ਅੰਗਾਰਿਆਂ ਦੇ ਨਾਲ ਸਾਰਾ ਭਰ ਰਹੇ ਨੇ ਉਹ।

ਬਣੇ ਨੇ ਲੋਕ ਕੰਢੀ ਦੇ ਨਿਰੇ ਹੀ ਬਰਫ਼ ਦੇ ਪੁਤਲੇ
ਤੇ ਹੋਣਾ ਰੂ-ਬ-ਰੂ ਸੂਰਜ ਦੇ ਹਿੰਮਤ ਕਰ ਰਹੇ ਨੇ ਉਹ।

- ਸੋਮ ਦੱਤ ਦਿਲਗੀਰ

## ਸਿੰਘੋ ਸਰਦਾਰੋ !

ਸੰਤ ਸਿਪਾਹੀਓ! ਸਿੰਘੋ ਸਰਦਾਰੋ ਉਇ
ਤੁਸੀਂ ਰਾਖੇ ਕਿਰਤਾਂ ਦੇ, ਹਿੰਮਤ ਨਾ ਹਾਰੋ ਉਇ

ਹੁਣ 'ਨਾਨਕ' ਨੇ ਮੁੜਕੇ, ਨਨਕਾਣੇ ਆਉਣਾ ਨਹੀਂ।
'ਗੋਬਿੰਦ' ਨੇ ਪਟਨੇ ਵੀ ਮੁੜ ਫੇਰਾ ਪਾਉਣਾ ਨਹੀਂ।
ਹੁਣ ਕਿਸ ਨੂੰ ਉਡੀਕ ਰਹੇ? ਉੱਠੋ ਬਲ ਧਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ....

ਕੋਈ 'ਅਹਿਮਦ' ਆਵੇ ਨਾ, ਕੋਈ 'ਗ਼ਜ਼ਨਵੀ' ਧਾਉਂਦਾ ਨਹੀਂ।
ਦਿੱਲੀ ਨੂੰ ਲੁੱਟਣ ਲਈ, ਕੋਈ 'ਨਾਦਰ' ਆਉਂਦਾ ਨਹੀਂ।
ਇਥੇ ਹੀ ਲੁਟੇਰੇ ਨੇ, ਜ਼ਰਾ ਝਾਤੀ ਮਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ....

'ਔਰੰਗਜ਼ੇਬ' ਦੇ ਜਾਏ ਜੋ, ਕੋਈ ਘੱਟ ਨਾ ਕਰਦੇ ਨੇ।
ਮੁੱਲ-ਸਿੰਘ-ਸਿਰਾਂ ਦੇ ਤਾਂ, ਇਹ ਅੱਜ ਵੀ ਧਰਦੇ ਨੇ।
ਦੁਸ਼ਮਣ ਨੂੰ ਪਛਾਣ ਲਓ, ਵੇਲਾ ਨਾ ਵਸਾਰੋ ਉਇ।
ਤੁਸੀਂ ਰਾਖੇ ਕਿਰਤਾਂ ਦੇ.....

ਵਾਰਸ ਹੋ ਦੀਪ ਸਿੰਘ ਦੇ! ਸੰਤਾਨ ਸ਼ਹੀਦਾਂ ਦੀ।
ਕਿਉਂ ਰੀਤ ਭੁਲਾ ਬੈਠੇ? 'ਬੰਦੇ' ਜਹੇ ਮੁਰੀਦਾਂ ਦੀ।
ਉਹਿ ਵੀਰੋ "ਭਗਤ' ਦਿਉ, ਵੈਰੀ ਨੂੰ ਸ਼ਿੰਗਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ, ਹਿੰਮਤ ਨਾ ਹਾਰੋ ਉਇ!

• • •

## ਸੁਨੇਹਾ

ਐ ਸੂਰਮੇ ਜੁਝਾਰੋ! ਕੋਈ ਬੁਲਾ ਰਿਹਾ ਹੈ
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਪੀ ਖ਼ੂਨ ਦੇ ਪਿਆਲੇ, ਬੇਹੋਸ਼ ਹੋਇਆ ਸਾਕੀ,
ਗ਼ਮਾਂ ਤੇ ਨ੍ਹੇਰਿਆਂ ਦੀ, ਹਾਲਾਂ ਹੈ ਰਾਤ ਬਾਕੀ।
ਕਿਰਤੀ ਦੇ ਮੁੜ੍ਹਕੇ ਅੰਦਰ, ਵਿਹਲੜ ਨਹਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਖੁਸ਼ੀਆਂ ਨੇ ਡੇਰੇ ਲਾਏ, ਮਹਿਲਾਂ ਮੁਨਾਰਿਆਂ ਵਿਚ,
ਆਈ ਬਹਾਰ ਨਾਹੀ, ਕੱਖਾਂ ਦੇ ਢਾਰਿਆਂ ਵਿਚ।
ਲਾਲੋ ਦਾ ਖ਼ੂਨ ਭਾਗੋ, ਬੁੱਲ੍ਹਾਂ ਨੂੰ ਲਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਪੈਂਦੇ ਨੇ ਔਖਾਂ ਸਾਹਵੇਂ, ਨਿੱਤ ਮਿਹਨਤਾਂ 'ਤੇ ਡਾਕੇ,
ਮਨੁੱਖਤਾ ਦੇ ਕਾਤਲ, ਦੁਹਰਾਉਣ ਖ਼ੂਨੀ ਸਾਕੇ।
ਕਿਰਤਾਂ ਤੇ ਮਾਰ ਛਾਪੇ, ਕੋਈ ਜਸ਼ਨ ਮਨਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

ਬੈਠੇ ਕਿਉਂ ਅਣਖ ਵੇਚੀ? ਉੱਠੋ! ਤਾਂ ਜੇਰਾ ਕਰਕੇ,
ਐ ਸੂਰਬੀਰੋ ਜੂਝੋ! ਸਿਰ ਨੂੰ ਤਲੀ ਤੇ ਧਰ ਕੇ।
ਮੁੱਲ ਸਿੰਘਾਂ ਦੇ ਸਿਰ ਦੇ, ਅੱਜ ਵੀ ਕੋਈ ਪਾ ਰਿਹਾ ਹੈ।
ਗੋਬਿੰਦ ਦਾ ਸੁਨੇਹਾ, ਉੱਠੋ! ਜਗਾ ਰਿਹਾ ਹੈ।

- ਜੈਮਲ ਪੱਡਾ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# 'ਸਭ ਤੋਂ ਖ਼ਤਰਨਾਕ' ਤੋਂ ਡਰ ਗਈ ਭਾਜਪਾ

## ਖੇਤਾਂ ਦੇ ਪੁੱਤ ਪਾਸ਼ ਦੀ ਕਵਿਤਾ ਨੂੰ ਐਨਸੀਈਆਰਟੀ ਦੀ ਪੁਸਤਕ ਵਿੱਚੋਂ ਹਟਾਉਣ ਦੀ ਸਿਫ਼ਾਰਸ਼

### ਸਾਡੇ ਲਹੂ ਨੂੰ ਆਦਤ ਹੈ

ਮੌਸਮ ਨਹੀਂ ਵੇਂਹਦਾ ਮਹਿਫਲ ਨਹੀਂ ਵੇਂਹਦਾ
ਜ਼ਿੰਦਗੀ ਦੇ ਜਸ਼ਨ ਵਿਚ ਲੈਂਦਾ ਹੈ
ਸੂਲੀ ਦੇ ਗੀਤ ਛੋਹ ਲੈਂਦਾ ਹੈ
– ਪਾਸ਼

***

ਜਿੰਨਾ ਨੇ ਉਮਰ ਭਰ ਤਲਵਾਰ ਦਾ ਗੀਤ ਗਾਇਆ ਹੈ
ਉਹਨਾਂ ਦੇ ਸ਼ਬਦ ਲਹੂ ਦੇ ਹੁੰਦੇ ਹਨ
ਤੇ ਲਹੂ ਲੋਹੇ ਦਾ ਹੁੰਦਾ ਹੈ
ਜਿਹੜੇ ਮੌਤ ਦੇ ਕੰਢੇ ਤੇ ਜਿਉਂਦੇ ਹਨ
ਉਹਨਾਂ ਦੀ ਮੌਤ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ
-ਪਾਸ਼
ਤੇ ਸ਼ਾਇਦ ਉਹ ਇਹ ਨਹੀਂ ਜਾਣਦੇ...

***

ਪਰ ਸ਼ਬਦ ਨਾ ਤਾਂ ਡਰਦੇ ਹਨ, ਨਾ ਮਰਦੇ
ਉਨਾਂ ਲਹੂ-ਗੁੰਨੀ ਮਿੱਟੀ ਨੂੰ
ਕਦੀ ਖਮੀਰ ਨਹੀਂ ਆਉਣ ਦਿੱਤੀ
ਜੋ ਦਿਨ ਦੇ 'ਨੇਰੇ' 'ਚ ਵਰਜਿਤ ਹੁੰਦਾ ਹੈ
ਉਸਨੂੰ ਰਾਤ ਦੇ ਚਾਨਣ 'ਚ ਕਰ ਵਿਖਾਉਂਦੇ ਹਨ।
– ਪਾਸ਼

***

ਤੁਸੀਂ ਪਾਸ਼ ਨੂੰ ਅੱਜ ਕਤਲ ਕਰਨਾ ਚਾਹੁੰਦੇ ਹੋ! ਉਸਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ 'ਉਸਦੇ ਕਤਲ ਦਾ ਮਨਸੂਬਾ ਰਾਜਧਾਨੀ 'ਚ ਉਸਦੇ ਜੰਮਣ ਤੋਂ ਪਹਿਲਾਂ ਹੀ ਬਣ ਚੁੱਕਾ ਸੀ।'

***

ਪਾਸ਼ ਦੀ ਕਵਿਤਾ ਨੂੰ ਪਾਠ ਪੁਸਤਕਾਂ ਚੋਂ ਹਟਾਉਣ ਦੀਆਂ ਚਾਲਾਂ ਚੱਲਣ ਵਾਲਿਓ ਉਸ ਮਿੱਟੀ ਦਾ ਕੀ ਕਰੋਗੇ ਜਿਸ ਮਿੱਟੀ 'ਚ ਉਸਦਾ 'ਲਹੂ ਤੇ ਮੁੜਕਾ' ਡੁੱਲਿਆ ਹੋਇਆ ਹੈ :
ਮੇਰਾ ਲਹੂ ਤੇ ਮੁੜਕਾ ਮਿੱਟੀ ਵਿਚ ਡੁੱਲ ਗਿਆ ਹੈ
ਮੈਂ ਮਿੱਟੀ ਵਿਚ ਦੱਬੇ ਜਾਣ ਤੇ ਵੀ ਉੱਗ ਆਵਾਂਗਾ।



19 ਵਰ੍ਹਿਆਂ ਦੀ ਉਮਰ ਵਿੱਚ ਜਦੋਂ ਪਾਸ਼ ਨੇ ਪੰਜਾਬੀ ਕਵਿਤਾ ਦੇ ਮੌਜੂਦਾ ਸੋਹਜਵਾਦੀ ਸਰੂਪ ਉਤੇ ਉਂਗਲ ਚੁੱਕੀ ਤਾਂ ਇਕ ਸਥਾਪਤ ਕਵੀ ਨੇ ਉਸ ਦੀ ਕਵਿਤਾ ਨੂੰ "ਸਿਰਫ਼ ਲਾਲ ਟਾਕੀ" ਆਖ ਕੇ ਰੱਦ ਕੀਤਾ ਪਰ ਇਸ ਨੌਜਵਾਨ ਕਵੀ ਦਾ ਹੁੰਗਾਰਾ ਕਾਵਿਕ ਸੀ: "ਮੈਥੋਂ ਇਹ ਆਸ ਨਾ ਰੱਖਿਓ ਕਿ ਮੈਂ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।" ਹੁਣ ਕਿਸੇ ਨੂੰ ਇਹ ਸਮਝ ਨਹੀਂ ਆ ਰਹੀ ਕਿ ਆਰਐਸਐਸ ਵਿਚਾਰਧਾਰਕ ਦੀ...ਨਾਨਾਥ ਬੱਤਰਾ ਦੇ ਉਸ ਸੁਝਾਅ ਬਾਰੇ ਕੀ ਪ੍ਰਤੀਕਰਮ ਦੇਵੇ, ਜਿਸ ਵਿੱਚ ਐਨਸੀਈਆਰਟੀ ਦੀ ਪਾਠ ਪੁਸਤਕ ਵਿੱਚੋਂ ਪਾਸ਼ ਦੀ ਕਵਿਤਾ ਹਟਾਉਣ ਲਈ ਕਿਹਾ ਗਿਆ ਹੈ।

ਸਾਲ 2006 ਵਿੱਚ ਪਾਸ਼ ਦੀ ਮਸ਼ਹੂਰ ਕਵਿਤਾ 'ਸਭ ਤੋਂ ਖ਼ਤਰਨਾਕ' ਦੇ ਹਿੰਦੀ ਅਨੁਵਾਦ ਨੂੰ ਗਿਆਰਵੀਂ ਹਿੰਦੀ ਦੇ ਪਾਠਕ੍ਰਮ ਦਾ ਭਾਗ ਬਣਾਇਆ ਗਿਆ। ਉਹ ਇਕੋ ਇਕ ਪੰਜਾਬੀ ਕਵੀ ਹੈ, ਜਿਸ ਦੀ ਕਵਿਤਾ ਨੂੰ ਐਨਸੀਈਆਰਟੀ ਦੀ ਪਾਠ ਪੁਸਤਕ ਵਿੱਚ ਥਾਂ ਮਿਲੀ। ਬੱਤਰਾ ਨੇ ਪਾਸ਼ ਤੋਂ ਇਲਾਵਾ ਰਾਬਿੰਦਰਨਾਥ ਟੈਗੋਰ ਦੇ ਵਿਚਾਰਾਂ, ਮਿਰਜ਼ਾ ਗਾਲਿਬ ਦੀ ਇਕ ਕਵਿਤਾ ਅਤੇ ਐਮ.ਐਫ. ਹੁਸੈਨ ਦੀ ਸਵੈ ਜੀਵਨੀ ਦੀਆਂ ਟੂਕਾਂ ਨੂੰ ਹਟਾਉਣ ਲਈ ਐਨਸੀਈਆਰਟੀ ਨੂੰ ਆਖਿਆ ਹੈ। ਹਾਲਾਂਕਿ ਬੱਤਰਾ ਦੇ ਇਸ ਕਦਮ ਨੂੰ ਐਨਸੀਈਆਰ ਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਤੇ ਖੋਜ ਨਾਲ ਸਬੰਧਤ ਰਹੇ ਸਿੱਖਿਆ ਸ਼ਾਸਤਰੀਆਂ ਨੇ ਗ਼ੈਰ ਅਕਾਦਮਿਕ ਦੱਸਿਆ ਹੈ।

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਿੰਦੀ ਸਾਹਿਤ ਦੇ ਸਾਬਕਾ ਪ੍ਰੋਫੈਸਰ ਅਤੇ ਐਨਸੀਈਆਰਟੀ ਦੀ ਹਿੰਦੀ ਪਾਠ ਪੁਸਤਕ ਕਮੇਟੀ ਦੇ ਕਨਵੀਨਰ ਰਹੇ ਪੁਰਸ਼ੋਤਮ ਅਗਰਵਾਲ ਦਾ ਮੰਨਣਾ ਹੈ ਕਿ ਬੱਤਰਾ ਦਾ ਵਿਚਾਰ ਘਟੀਆ ਹੈ ਅਤੇ ਇਸ ਦਾ ਅਕਾਦਮਿਸ਼ਨ ਨਾਲ ਕੋਈ ਸਬੰਧ ਨਹੀਂ ਹੈ। ਪਾਸ਼ ਦੀ ਕਵਿਤਾ ਨੂੰ ਹਿੰਦੀ ਪਾਠ ਪੁਸਤਕਾਂ ਵਿੱਚ ਸ਼ਾਮਲ ਕਰਨ ਦੇ ਵਿਚਾਰ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਵਿਦਿਆਰਥੀਆਂ ਨੂੰ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤਕ ਰੁਝਾਨਾਂ ਤੋਂ ਜਾਣੂੰ ਕਰਵਾਉਣਾ ਸੀ। ਸਾਡਾ ਵਿਚਾਰ ਸੀ ਕਿ ਵਿਦਿਆਰਥੀਆਂ ਦਾ ਮਨ ਵੱਖ ਵੱਖ ਵਿਚਾਰਾਂ ਪ੍ਰਤੀ ਜਿਗਿਆਸੂ ਬਣੇ ਅਤੇ ਉਹ ਇਨ੍ਹਾਂ ਵਿਚਾਰਾਂ ਬਾਰੇ ਆਪਣਾ ਸਿੱਟਾ ਕੱਢ ਸਕਣ।

ਪ੍ਰੋ. ਅਗਰਵਾਲ ਨੇ ਕਿਹਾ ਕਿ ਸਾਡਾ ਮੰਤਵ ਜਮਹੂਰੀ ਤੇ ਸਮੁੱਚੇ ਭਾਰਤ ਦਾ ਸੰਕਲਪ ਵਿਦਿਆਰਥੀਆਂ ਸਾਹਮਣੇ ਪੇਸ਼ ਕਰਨਾ ਹੈ। ਸ਼ਾਇਦ ਇਸ ਦਾ ਮਨੋਰਥ ਉਦਾਰਵਾਦੀ ਸਿੱਖਿਆ ਹੈ। ਉਨ੍ਹਾਂ ਕਿਹਾ ਕਿ "ਜਿੱਥੋਂ ਤੱਕ ਬੱਤਰਾ ਦਾ ਸਵਾਲ ਹੈ, ਮੇਰੀ ਸਮਝ ਮੁਜਬ ਉਸ ਨੂੰ ਇਨ੍ਹਾਂ ਕਿਤਾਬਾਂ ਵਿਚਲੇ ਕੁਝ ਗੈਰ ਹਿੰਦੀ ਸ਼ਬਦਾਂ ਉਤੇ ਇਤਰਾਜ਼ ਹੈ। ਪਾਰਟੀ ਅੰਗਰੇਜ਼ੀ ਦਾ ਸ਼ਬਦ ਹੈ। ਮੈਨੂੰ ਹੈਰਾਨੀ ਹੈ ਕਿ ਉਸ ਨੇ ਭਾਜਪਾ ਨੂੰ ਸੁਝਾਅ ਦਿੱਤਾ ਹੈ ਕਿ ਪਾਰਟੀ ਦੀ ਥਾਂ ਹਿੰਦੀ ਸ਼ਬਦ ਵਰਤਿਆ ਜਾਵੇ।"

ਪਾਸ਼ ਦੀ ਕਵਿਤਾ ਦਾ ਅਨੁਵਾਦ ਕਰਨ ਵਾਲੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਭਾਰਤੀ ਭਾਸ਼ਾਵਾਂ ਬਾਰੇ ਕੇਂਦਰ ਦੇ ਸਾਬਕਾ ਪ੍ਰੋਫੈਸਰ ਚਮਨ ਲਾਲ ਨੇ ਕਿਹਾ ਕਿ ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਸੱਜੇ ਪੱਖੀ ਤਾਕਤਾਂ ਨੇ ਪਾਸ਼ ਨੂੰ ਨਿਸ਼ਾਨਾ ਬਣਾਇਆ ਹੈ। ਇਕ ਸੱਜੇ ਪੱਖੀ ਵਿੰਗ ਨੇ ਉਸ ਦਾ ਕਤਲ ਕੀਤਾ ਅਤੇ ਦੂਜਾ ਸੱਜੇ ਪੱਖੀ ਵਿੰਗ ਉਸ ਦੇ ਕੰਮਾਂ ਨੂੰ ਮਿਟਾਉਣਾ ਚਾਹੁੰਦਾ ਹੈ ਕਿਉਂਕਿ ਉਸ ਦੀਆਂ ਖ਼ੂਬਸੂਰਤ ਕਵਿਤਾਵਾਂ ਮੂਲਵਾਦੀ ਤਾਕਤਾਂ ਦੇ ਸੂਤ ਨਹੀਂ ਬੈਠਦੀਆਂ ਪਰ ਉਨ੍ਹਾਂ ਨੂੰ ਇਹ ਗੱਲ ਨਹੀਂ ਪਤਾ ਕਿ ਪਾਸ਼ ਦੀਆਂ ਕਵਿਤਾਵਾਂ ਕਈ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਹਨ। ਇਹ ਯੂਪੀਐਸਸੀ ਦੇ ਪਾਠਕ੍ਰਮ ਦਾ ਵੀ ਹਿੱਸਾ ਹਨ।

ਪਾਸ਼ ਦੇ ਸਮਕਾਲੀ ਕਵੀ ਅਤੇ ਉਸ ਦੀਆਂ ਕਵਿਤਾਵਾਂ ਦਾ ਸੰਪਾਦਨ ਕਰ ਚੁੱਕੇ ਲੰਡਨ ਆਧਾਰਤ ਅਮਰਜੀਤ ਚੰਦਨ ਦਾ ਕਹਿਣਾ ਹੈ ਕਿ "ਤਰਕ ਦੇ ਆਧਾਰ ਉਤੇ ਪਾਸ਼ ਜ਼ਰੂਰ ਇਸ ਦਾ ਸਵਾਗਤ ਕਰਦਾ। ਇਹ ਇਤਿਹਾਸਕ ਵਿਅੰਗ ਹੀ ਹੈ ਕਿ ਜਿਨ੍ਹਾਂ ਤਾਕਤਾਂ ਵਿਰੁੱਧ ਪਾਸ਼ ਨੇ ਆਪਣੀ ਸਾਰੀ ਕਵਿਤਾ ਲਿਖੀ, ਉਹੀ ਉਸ ਦੇ ਕੰਮ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ।"

**- ਵਿਸ਼ਵ ਭਾਰਤੀ**

# ਸਿਨੇਮਾ ਵਿੱਚ ਰਿਫਿਊਜ਼ੀ ਸੰਕਟ ਦੀ ਪੇਸ਼ਕਾਰੀ ਬਨਾਮ ਸਰਹੱਦਾਂ/ਲਾਂਘੇ

(ਸਫ਼ਾ 35 ਦੀ ਬਾਕੀ)

ਦਰਸਾਉਂਦੀ ਦਸਤਾਵੇਜ਼ੀ ਫਿਲਮ ਹੈ। ਇੱਕ ਡਾਕਟਰ ਜੋ ਇੱਥੋ ਮੌਤ ਦੇ ਜੂਝਾਰਿਆਂ ਤੋਂ ਬਚਕੇ ਆ ਰਹੇ ਲੋਕਾਂ ਲਈ ਰੱਬ ਬਣਕੇ ਬਹੁੜਦਾ ਹੈ, ਇੱਕ ਗੋਤਾਖੋਰ ਜਿਸ ਲਈ ਮੱਛਲੀ ਨੂੰ ਖਿੱਚਕੇ ਕਿਨਾਰੇ ਤੇ ਵਗਾਹ ਮਾਰਨ ਅਤੇ ਇੱਕ ਮਨੁੱਖੀ ਲਾਸ਼ ਨੂੰ ਵੀ ਉਸੇ ਤਰੀਕੇ ਵਗਾਹ ਕੇ ਮਾਰਨ ਨਾਲ ਕੋਈ ਫਰਕ ਨਹੀਂ ਪੈਂਦਾ ਅਤੇ ਇੱਕ ਗਾਇਕ ਜਿਹੜਾ ਸਥਾਨਿਕ ਰੇਡੀਓ ਸਟੇਸ਼ਨ ਤੇ ਗਾਉਂਦਾ ਹੈ ਦੀ ਤਿੱਕੜੀ ਰਾਹੀਂ ਫਿਲਮ ਦੀ ਪਟਕਥਾ ਨੂੰ ਜੀਵੰਤ ਕਰਦਾ ਹੈ।ਫਿਲਮ ਸਥਾਨਿਕ ਲੋਕਾਂ ਦੇ 'ਬਾਹਰੋਂ ਆਇਆ' ਨਾਲ ਰਿਸ਼ਤਿਆਂ ਵਿਚਲੀ ਪੇਚਦਗੀ, ਟਕਰਾਉ ਅਤੇ ਸਹਿਹੋਂਦ ਦੇ ਰੰਗਾਂ ਨੂੰ ਜ਼ੁਬਾਨ ਦਿੰਦੀ ਹੈ।ਇਸੇ ਤਰ੍ਹਾਂ ਹੀ ਫਿਲਮ 'ਦੀ ਲੈਂਡ ਵਿਟਵੀਨ (ਵਿਚਲੀ ਜ਼ਮੀਨ)' ਸਹਾਰਾ ਮਾਰੂਥਲਾਂ ਵਿੱਚੋਂ ਉਜੜੇ ਹੋਇਆ ਦੀ ਜ਼ਿੰਦਗੀ ਨੂੰ ਪਰਦਾਪੇਸ਼ ਕਰਦੀ ਹੈ।ਉਤਰੀ ਮਰਾਕੋ ਵਿੱਚੋਂ ਸਪੇਨ ਰਾਸਤੇ ਯੂਰਪ ਵਿੱਚ ਦਾਖਿਲ ਹੋਣ ਦੀ ਝਾਕ ਵਿੱਚ ਬੈਠੇ ਲੋਕਾਂ ਉੱਪਰ ਆਧਾਰਿਤ ਇਹ ਫਿਲਮ ਇਹਨਾਂ ਦੇ ਸਪੇਨੀ ਸਰਕਾਰ ਅਤੇ ਮਰਾਕੋ ਸਰਕਾਰਾਂ ਦੀ ਪੁਲਿਸ ਤੇ ਪ੍ਰਸ਼ਾਸ਼ਨ ਨਾਲ ਹੁੰਦੀ ਹੱਥੋਪਾਈ ਤੇ ਟਕਰਾਉ ਦਾ ਜੀਵੰਤ ਬਿਰਤਾਂਤ ਪੇਸ਼ ਕਰਦੀ ਹੈ।

ਇਹਨਾਂ ਸਾਰੀਆਂ ਫਿਲਮਾਂ ਵਿੱਚੋਂ 'ਦੀ ਗੋਲਡਨ ਡਰੀਮ (ਸੁਨਹਿਰੀ ਸੁਪਨਾ)'ਕਿਸੇ ਵੀ ਤੀਜੀ ਦੁਨੀਆਂ ਦੇ ਮੁਲਕ ਦੇ ਬਾਸ਼ਿੰਦੇ ਦੀ ਹੋਣੀ ਹੋ ਸਕਦੀ ਹੈ ਸੈਮੂਅਲ ਅਤੇ ਜਾਨ ਨਾਮੀ ਦੋ ਮੁੰਡਿਆਂ ਅਤੇ ਮੁੰਡੇ ਦਾ ਭੇਸ ਧਾਰ ਕੇ ਸਫਰ ਕਰ ਰਹੀ ਕੁੜੀ ਸਾਰਾ ਦੁਆਰਾ ਘਰ ਦੀ ਗਰੀਬੀ ਧੋਣ ਲਈ ਅਮਰੀਕਾ ਜਾਕੇ ਵੱਸਣ ਤੇ ਆਧਾਰਿਤ ਇਸ ਫਿਲਮ ਦੀ ਸਾਰੀ ਕਹਾਣੀ ਰਫਿਊਜ਼ੀਆਂ ਨੂੰ ਦਰਪੇਸ਼ ਆਉਂਦੀਆਂ ਦੁਸ਼ਵਾਰੀਆਂ ਤੇ ਆਧਾਰਿਤ ਹੈ।

ਇਹਨਾਂ ਫਿਲਮਾਂ ਦੇ ਪ੍ਰਭਾਵ ਤੋਂ ਇਸ ਸਾਲ ਦਾ ਕੇਨਜ਼ ਫਿਲਮ ਸਮਾਰੋਹ ਵੀ ਅਛੂਤਾ ਨਹੀਂ ਰਿਹਾ।ਅਦਾਕਾਰਾ ਵੇਨੇਸਾ ਰੈਡਗਰੇਵ 80 ਵਰ੍ਹਿਆਂ ਦੀ ਉਮਰ ਵਿੱਚ ਇਸ ਲਈ ਫਿਲਮ 'ਸੀ ਸਾਰੋ (ਸਮੁੰਦਰ ਦਾ ਦੁੱਖ)' ਬਣਾਉਂਦੀ ਹੈ ਕਿ ਉਹ ਤਿੰਨ ਵਰ੍ਹਿਆਂ ਦੇ ਐਲਨ ਕੁਰਦੀ ਨੂੰ ਸਾਰੀ ਮਨੁੱਖਤਾ ਦਾ ਸਾਂਝਾਂ ਬੱਚਾ ਮੰਨਦੀ ਹੈ।ਉਹ ਯੂਰਪੀਨ ਸਰਕਾਰਾਂ ਨੂੰ ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਲਾਗੂ ਹੋਏ 'ਯੂਨੀਵਰਸਲ ਡਿਕਲਰੇਸ਼ਨ ਆਫ ਹਿਊਮਨ ਰਾਈਟਜ਼' ਦੀ ਯਾਦ ਦਿਵਾਉਂਦੀ ਹੈ ਉਹਨਾਂ ਨੂੰ 1951 ਦੀ 'ਯੂ.ਐਨ.ਕੰਨਵੈਨਸ਼ਨ ਆਫ ਹਿਊਮਨ ਰਾਈਟਜ਼' ਅਤੇ 1989 ਵਿੱਚ ਹੋਈ 'ਯੂ.ਐਨ.ਕੰਨਵੈਨਸ਼ਨ ਆਨ ਦੀ ਰਾਈਨਜ਼ ਆਫ ਚਿਲਡਰਨ' ਦਾ ਚੇਤਾ ਕਰਾਉਂਦੀ ਹੈ।ਆਪਣੀ ਇੱਕ ਇੰਟਰਵਿਊ ਵਿੱਚ ਉਹ ਆਖਦੀ ਹੈ ਕਿ ਮੈਂ ਹੁਣ ਹੋਰ ਕੋਈ ਫਿਲਮ ਨਹੀਂ ਬਣਾਉਣਾ ਚਾਹੁੰਦੀ ਪਰ ਮੈਂ ਇਸ ਫਿਲਮ ਨੂੰ ਦੁਨੀਆਂ ਦੇ ਹਰ ਬੰਦੇ ਨੂੰ ਦਿਖਾਉਣਾ ਚਾਹੁੰਦੀ ਹਾਂ ਤਾਂ ਕਿ ਵਕਤ ਆਉਣ ਤੇ ਉਸਨੂੰ ਪਤਾ ਲੱਗ ਜਾਵੇ ਕਿ ਸਰਹੱਦਾਂ ਤੇ ਹੱਦਾਂ ਮੁਲਕਾਂ ਦੀਆਂ ਹੋ ਸਕਦੀਆਂ ਹਨ ਪਰ ਬੰਦੇ ਦੀ ਮਮਤਾ ਤੇ ਸਮਰੱਥਾ ਦੀ ਨਾ ਕੋਈ ਹੱਦ ਹੈ ਤੇ ਨਾ ਕੋਈ ਸਰਹੱਦ।



ਜਨਵਰੀ 24, 2017

ਕਨੇਡਾ ਦੇ ਐਮ. ਐਲ. ਏਜ਼., ਐਮ. ਪੀਜ਼ ਤੇ ਸਿਟੀ ਕੌਂਸਲਰਾਂ ਨੂੰ ਖੁੱਲ੍ਹਾ ਪੱਤਰ!

ਵਿਸ਼ਾ: ਜੋਤਸ਼ੀਆਂ, ਤੰਤਰਕਾਂ, ਪਾਖੰਡੀ ਸਾਧਾਂ, ਪੀਰਾਂ ਆਦਿ ਵਲੋਂ ਭੋਲੇ-ਭਾਲੇ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਨੂੰ ਰੋਕਣ ਲਈ ਕਨੂੰਨ ਬਣਾਉਣ ਦੀ ਮੰਗ

[illegible]

ਧੰਨਵਾਦ!

Address: 208, 4656-Westwinds Dr. NE Calgary AB Canada T3J 3Z5
Tel.: 403-681-8689 Email: Parhar.harcharan@gmail.com

# ਰਾਸ਼ਟਰੀ ਸਵੈਸੇਵਕ ਸੰਘ ਦੀ ਦੇਸ਼ ਭਗਤੀ ਦਾ ਸੱਚ



ਸੰਘ-ਭਾਜਪਾ ਵੱਲੋਂ ਜਾਰੀ 'ਦੇਸ਼ ਭਗਤੀ' ਦੇ ਰੌਲੇ ਵਿੱਚ ਸਾਨੂੰ ਖੁਦ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਕਿ ਦੇਸ਼ ਹੈ ਕੀ? ਤੇ ਦੇਸ਼ ਭਗਤੀ ਕਿਸ ਨੂੰ ਕਹਿੰਦੇ ਹਨ? ਦੇਸ਼ ਕੋਈ ਕਾਗਜ 'ਤੇ ਬਣਿਆ ਨਕਸ਼ਾ ਨਹੀਂ ਹੁੰਦਾ, ਇਹ ਉੱਥੋਂ ਦੇ ਲੋਕਾਂ ਨਾਲ਼ ਬਣਦਾ ਹੈ। ਅਤੇ ਦੇਸ਼ ਭਗਤੀ ਦੇ ਅਸਲ ਮਾਅਨੇ ਹਨ ਲੋਕਾਂ ਨਾਲ਼ ਪਿਆਰ, ਉਹਨਾਂ ਦੇ ਦੁੱਖ ਤਕਲੀਫਾਂ ਨਾਲ਼ ਸਰੋਕਾਰ ਅਤੇ ਉਹਨਾਂ ਦੇ ਹੱਕੀ ਸੰਘਰਸ਼ਾਂ ਵਿੱਚ ਸਾਥ ਦੇਣਾ। ਦੇਸ਼ ਭਗਤੀ ਦੀ ਗੱਲ ਕਰਦਿਆਂ ਜੇ ਦੇਸ਼ ਦੀ ਅਜ਼ਾਦੀ ਦੀ ਲੜਾਈ 'ਤੇ ਨਿਗਾਹ ਮਾਰੀ ਜਾਵੇ ਤਾਂ ਅੱਜ ਵੀ ਸਾਡੇ ਜਿਹਨ 'ਚ ਜੋ ਨਾਮ ਆਉਣਗੇ ਉਹ ਹਨ: ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰਸ਼ੇਖਰ ਅਜ਼ਾਦ, ਅਸ਼ਫਾਕ ਉੱਲਾ, ਰਾਮ ਪ੍ਰਸਾਦ ਬਿਸਮਿਲ। ਦੇਸ਼ ਭਗਤੀ ਲਈ ਦੇਸ਼ ਦੇ ਅਰਥ ਨੂੰ ਸਮਝਣਾ ਬੇਹੱਦ ਜਰੂਰੀ ਹੈ ਅਤੇ ਇਹ ਵੀ ਜਾਨਣਾ ਜਰੂਰੀ ਹੈ ਕਿ ਦੇਸ਼ ਲਈ ਕੁਰਬਾਨ ਹੋਣ ਵਾਲ਼ੇ ਸ਼ਹੀਦਾਂ ਨੇ ਕਿਸ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ ਸੀ? ਅੱਜ ਇਹ ਇੱਕ ਆਮ ਆਦਮੀ ਵੀ ਸਮਝ ਸਕਦਾ ਹੈ ਕਿ ਦੇਸ਼ ਕਾਗਜ਼ 'ਤੇ ਬਣਿਆ ਮਹਿਜ ਇੱਕ ਨਕਸ਼ਾ ਨਹੀਂ ਹੁੰਦਾ। ਨਾ ਹੀ ਸਿਰਫ ਜਮੀਨ ਦਾ ਟੁਕੜਾ ਹੁੰਦਾ ਹੈ। ਦੇਸ਼ ਬਣਦਾ ਹੈ ਉੱਥੇ ਰਹਿਣ ਵਾਲ਼ੇ ਲੋਕਾਂ ਨਾਲ਼। ਉਹ ਲੋਕ ਜੋ ਦੇਸ਼ ਦੀਆਂ ਲੋੜਾਂ ਦੀ ਹਰ ਇੱਕ ਚੀਜ਼ ਪੈਦਾ ਕਰਦੇ ਹਨ, ਉਹ ਕਿਸਾਨ ਅਤੇ ਖੇਤ ਮਜ਼ਦੂਰ ਜੋ ਅਨਾਜ ਪੈਦਾ ਕਰਦੇ ਹਨ, ਉਹ ਲੋਕ ਜੋ ਦੇਸ਼ ਨੂੰ ਚਲਾਉਂਦੇ ਹਨ। ਕੀ ਇਹਨਾਂ ਲੋਕਾਂ ਦੇ ਦੁੱਖ ਤਕਲੀਫਾਂ ਵਿੱਚ ਸ਼ਾਮਲ ਹੋਏ ਬਿਨਾਂ, ਉਹਨਾਂ ਦੇ ਸੰਘਰਸ਼ ਵਿੱਚ ਹਿੱਸਾ ਲਏ ਬਿਨਾਂ ਕੋਈ ਦੇਸ਼ ਭਗਤ ਕਹਾ ਸਕਦਾ ਹੈ? ਭਗਤ ਸਿੰਘ ਲਈ ਇਨਕਲਾਬ ਦਾ ਕੀ ਮਤਲਬ ਸੀ? ਉਹ ਕਿਸ ਤਰ੍ਹਾਂ ਦੇ ਸਮਾਜ ਲਈ ਲੜ ਰਹੇ ਸਨ? 6 ਜੂਨ 1929 ਨੂੰ ਦਿੱਲੀ ਦੇ ਸ਼ੈਸ਼ਨ ਜੱਜ ਦੀ ਅਦਾਲਤ ਵਿੱਚ ਦਿੱਤੇ ਬਿਆਨ ਤੋਂ ਸਪੱਸ਼ਟ ਹੁੰਦਾ ਹੈ: ਇਨਕਲਾਬ ਤੋਂ ਸਾਡਾ ਮਤਲਬ ਹੈ- ਬੇਇਨਸਾਫੀ 'ਤੇ ਟਿਕੇ ਮੌਜੂਦਾ ਸਮਾਜੀ-ਢਾਂਚੇ ਵਿੱਚ ਮੁਕੰਮਲ ਬਦਲਾਅ। ਸਮਾਜ ਦਾ ਮੁੱਖ ਅੰਗ ਹੁੰਦੇ ਹੋਏ ਵੀ ਅੱਜ ਮਜ਼ਦੂਰਾਂ ਨੂੰ ਉਹਨਾਂ ਦੇ ਮੁੱਢਲੇ ਹੱਕਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ ਅਤੇ ਉਹਨਾਂ ਦੀ ਖੂਨ-ਪਸੀਨੇ ਦੀ ਕਮਾਈ ਦਾ ਸਾਰਾ ਪੈਸਾ ਲੋਟੂ ਸਰਮਾਏਦਾਰ ਹੜੱਪ ਜਾਂਦੇ ਹਨ। ਦੂਜਿਆਂ ਦੇ ਅੰਨਦਾਤਾ ਕਿਸਾਨ ਅੱਜ ਆਪਣੇ ਪਰਿਵਾਰ ਸਹਿਤ ਦਾਣੇ-ਦਾਣੇ ਲਈ ਮੋਹਤਾਜ ਹਨ। ਦੁਨੀਆਂ ਭਰ ਦੀਆਂ ਮੰਡੀਆਂ ਨੂੰ ਕੱਪੜਾ ਮੁਹੱਈਆ ਕਰਾਉਣ ਵਾਲ਼ੇ ਜੁਲਾਹੇ ਆਪਣੇ ਤੇ ਆਪਣੇ ਜਵਾਕਾਂ ਦੇ ਤਨ ਢਕਣ ਨੂੰ ਵੀ ਕੱਪੜਾ ਨਹੀਂ ਲੈ ਸਕਦੇ। ਸੋਹਣੇ ਮਹਿਲ ਬਣਾਉਣ ਵਾਲ਼ੇ ਰਾਜਗੀਰ, ਲੁਹਾਰ ਅਤੇ ਤਰਖਾਣ ਖੁਦ ਗੰਦੀਆਂ ਥਾਵਾਂ 'ਤੇ ਰਹਿ ਕੇ ਆਪਣੀ ਜੀਵਨ ਲੀਲਾ ਖਤਮ ਕਰ ਜਾਂਦੇ ਹਨ। ਇਸ ਤੋਂ ਉਲਟ ਸਮਾਜ ਦੀਆਂ ਜੋਕਾਂ ਲੋਟੂ ਸਰਮਾਏਦਾਰ ਮਾੜੀ-ਮੋਟੀ ਗੱਲ ਲਈ ਵੀ ਲੱਖਾਂ ਦੇ ਵਾਰੇ-ਨਿਆਰੇ ਲੈਂਦੇ ਹਨ। ਇਹ ਭਿਆਨਕ ਪਾੜਾ ਅਤੇ ਜਬਰਦਸਤੀ ਲੱਦਿਆ ਗਿਆ ਭੇਦਭਾਵ ਦੁਨੀਆਂ ਨੂੰ ਇੱਕ ਬਹੁਤ ਵੱਡੀ ਉਥਲ-ਪੁਥਲ ਵੱਲ ਲਿਜਾ ਰਿਹਾ ਹੈ। ਇਹ ਹਾਲਤ ਬਹੁਤੇ ਦਿਨਾਂ ਤੱਕ ਨਹੀਂ ਰਹਿ ਸਕਦੇ। ਸਪੱਸ਼ਟ ਹੈ ਕਿ ਅੱਜ ਦਾ ਧਨੀ ਸਮਾਜ ਇੱਕ ਭਿਆਨਕ ਜਵਾਲਾਮੁਖੀ ਦੇ ਮੂੰਹ 'ਤੇ ਬੈਠਕੇ ਰੰਗਰਲੀਆਂ ਮਨਾਂ ਰਿਹਾ ਹੈ ਅਤੇ ਮਜ਼ਲੂਮਾਂ ਦੇ ਮਾਸੂਮ ਬੱਚੇ ਅਤੇ ਕਰੋੜਾਂ ਲੁੱਟੇ ਜਾ ਰਹੇ ਲੋਕ ਇੱਕ ਭਿਆਨਕ ਖੱਡ ਦੀ ਕਗਾਰ ਤੇ ਜਾ ਰਹੇ ਹਨ।(ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਉਪਲਬਧ ਸੰਪੂਰਨ ਦਸਤਾਵੇਜ਼, ਹਿੰਦੀ, ਸੰਪ- ਸੱਤਿਅਮ, ਸਫਾ- 338)

ਭਗਤ ਸਿੰਘ ਲਈ ਦੇਸ਼ਭਗਤੀ ਦਾ ਮਤਲਬ ਸੀ-ਲੋਕਾਂ ਲਈ ਲੁੱਟ ਰਹਿਤ ਸਮਾਜ ਬਨਾਉਣ ਦਾ ਸੰਕਲਪ। ਅਜ਼ਾਦੀ ਦੀ ਲੜਾਈ ਵਿੱਚ ਇਨਕਲਾਬੀਆਂ ਦੀ ਸ਼ਹਾਦਤ ਇੱਕ ਅਜਿਹੇ ਮੁਲਕ ਦੇ ਸੁਪਨੇ ਲਈ ਸੀ ਜੋ ਲੁੱਟ, ਜ਼ਬਰ, ਗੈਰ-ਬਰਾਬਰੀ ਤੋਂ ਮੁਕਤ ਹੋਵੇ। ਜਿੱਥੇ ਲੀਡਰ ਅਤੇ ਸਰਮਾਏਦਾਰ ਘਪਲਿਆਂ-ਘੁਟਾਲਿਆਂ ਨਾਲ਼ ਦੇਸ਼ ਦੇ ਲੋਕਾਂ ਨੂੰ ਨਾ ਲੁੱਟਣ।

ਪਰ ਭਾਜਪਾ ਦੇ 'ਦੇਸ਼ਭਗਤ' ਕੀ ਕਰ ਰਹੇ ਹਨ? ਕੀ ਇਸ ਦੇਸ਼ ਦੇ ਲੋਕਾਂ ਨੂੰ ਯਾਦ ਨਹੀਂ ਹੈ ਕਿ ਕਾਰਗਿਲ ਦੇ ਸ਼ਹੀਦਾਂ ਦੇ ਤਾਬੂਤਾਂ ਤੱਕ ਦੇ ਘੁਟਾਲੇ ਵਿੱਚ ਇਸੇ ਭਾਜਪਾ ਦੇ ਅਖੌਤੀ ਦੇਸ਼ ਭਗਤ ਫਸੇ ਹੋਏ ਹਨ। ਫੌਜ ਲਈ ਖਰੀਦ ਵਿੱਚ ਦਲਾਲੀ ਅਤੇ ਰਿਸ਼ਵਤ ਲੈਂਦੇ ਹੋਏ ਭਾਜਪਾ ਮੈਂਬਰ ਬੰਗਾਰੂ ਲਕਸ਼ਮਣ ਫੜੇ ਗਏ ਸਨ। ਮੱਧ ਪ੍ਰਦੇਸ਼ ਵਿੱਚ ਵਿਆਪਮ ਘੁਟਾਲਾ ਅਤੇ ਇਸ ਨਾਲ ਜੁੜੇ ਕਤਲ ਦੇਸ਼ ਦੇ ਲੋਕਾਂ ਨੂੰ ਭੁੱਲੇ ਨਹੀਂ ਹੋਣੇ। ਭਾਜਪਾ ਆਗੂ ਦਿਲੀਪ ਸਿੰਘ ਜੂਦੇਵ ਕੈਮਰੇ ਵਿੱਚ ਰਿਸ਼ਵਤ ਲੈ ਕੇ ਇਹ ਕਹਿੰਦੇ ਵੀ ਫੜੇ ਗਏ ਕਿ 'ਪੈਸਾ ਖੁਦਾ ਨਹੀਂ ਤੋ ਖੁਦਾ ਸੇ ਕਮ ਵੀ ਨਹੀਂ'। ਕੀ ਜਦ ਦੇਸ਼ ਦੇ ਲੋਕ ਮਹਿੰਗਾਈ ਦੀ ਮਾਰ ਨਾਲ਼ ਪ੍ਰੇਸ਼ਾਨ ਸਨ ਤਾਂ ਮੋਦੀ ਸਰਕਾਰ ਨੇ ਸਰਮਾਏਦਾਰਾਂ ਦੇ ਕਰਜੇ ਮਾਫ ਕਰਨ ਦੇ ਐਲਾਨ ਨਹੀਂ ਕੀਤੇ? ਇਹੋ ਜਿਹੇ ਹਨ ਇਹ 'ਕੌਮਵਾਦੀ' ਅਤੇ ਇਹੀ ਹੈ ਸੰਘ ਅਤੇ ਭਾਜਪਾ ਦੀ 'ਦੇਸ਼ਭਗਤੀ'।

ਅੱਜ ਗੱਲ-ਗੱਲ 'ਤੇ ਦੇਸ਼ ਭਗਤੀ ਦਾ ਸਰਟੀਫਿਕੇਟ ਵੰਡਣ ਵਾਲ਼ੀ ਸੰਘ-ਭਾਜਪਾ ਗਿਰੋਹ ਦੀ ਅਸਲੀਅਤ ਜਾਨਣ ਲਈ ਸਾਨੂੰ ਇੱਕ ਵਾਰ ਫੇਰ ਅਜ਼ਾਦੀ ਦੀ ਲਹਿਰ ਵਿੱਚ ਇਹਨਾਂ ਦੀਆਂ ਕਰਤੂਤਾਂ ਦੇ ਇਤਿਹਾਸ 'ਤੇ ਨਿਗਾਹ ਮਾਰ ਲੈਣੀ ਚਾਹੀਦੀ ਹੈ।

**ਅਜ਼ਾਦੀ ਦੀ ਲਹਿਰ ਨਾਲ਼ ਗੱਦਾਰੀ:**

1925 ਵਿੱਚ ਦੁਸਹਿਰੇ ਦੇ ਦਿਨ ਆਪਣੀ ਸਥਾਪਨਾ ਤੋਂ ਲੈ ਕੇ 1947 ਤੱਕ ਸੰਘ ਨੇ ਅੰਗਰੇਜ਼ਾਂ ਖਿਲਾਫ ਚੂੰ ਵੀ ਨਹੀਂ ਕੀਤੀ। ਜਦ ਅੰਗਰੇਜ਼ਾਂ ਖਿਲਾਫ ਦੇਸ਼ ਦੇ ਲੋਕ ਲੜ ਰਹੇ ਸਨ ਤਾਂ ਸੰਘੀ ਲੋਕਾਂ ਨੂੰ ਡਾਂਗ ਚਲਾਉਣੀ ਸਿਖਾ ਰਹੇ ਸਨ ਅਤੇ ਉਹ ਵੀ ਅੰਗਰੇਜ਼ਾਂ ਖਿਲਾਫ ਨਹੀਂ ਆਪਣੇ ਹੀ ਦੇਸ਼ ਦੇ ਭਰਾਵਾਂ ਖਿਲਾਫ। ਰ.ਸ.ਸ. (ਰਾਸ਼ਟਰੀ ਸਵੈਸੇਵਕ ਸੰਘ) ਦੇ ਸੰਸਥਾਪਕ ਸਰਸੰਘਚਾਲਕ ਕੇਸ਼ਵ ਬਲਰਾਮ ਹੇਡਗੇਵਰ, ਦੂਜੇ ਸਰਸੰਘਚਾਲਕ ਐਮ.ਐਸ ਗੋਲਵਲਕਰ ਅਤੇ ਹਿੰਦੁਤਵ ਦੇ ਪ੍ਰਚਾਰਕ ਵਿਨਾਇਕ ਦਮੋਦਰ ਸਾਵਰਕਰ ਨੇ ਅਜ਼ਾਦੀ ਦੀ ਲੜਾਈ ਤੋਂ ਹਮੇਸ਼ਾਂ ਦੂਰੀ ਬਣਾਈ ਰੱਖੀ। ਇਹੀ ਨਹੀਂ ਜਦੋਂ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਅੰਗਰੇਜ ਸਰਕਾਰ ਤੋਂ ਇਹ ਮੰਗ ਕਰ ਰਹੇ ਸਨ ਕਿ ਉਹਨਾਂ ਨੂੰ ਫਾਂਸੀ ਨਾਲ਼ ਨਹੀਂ ਸਗੋਂ ਗੋਲੀ ਮਾਰੀ ਜਾਵੇ ਤਾਂ ਸਾਵਰਕਰ ਅੰਗਰੇਜ਼ੀ ਹਕੂਮਤ ਨੂੰ ਮਾਫੀਨਾਮੇ 'ਤੇ ਮਾਫੀਨਾਮਾ ਲਿਖ ਰਿਹਾ ਸੀ। ਜਦੋਂ ਦੇਸ਼ ਵਿੱਚ ਲੱਖਾਂ ਲੋਕਾਂ ਦੀ ਚੇਤਨਾ ਵਿੱਚ ਅਜ਼ਾਦੀ ਦੀ ਲੜਾਈ ਵਿੱਚ ਸ਼ਰੀਕ ਹੋਣ ਦਾ ਵਿਚਾਰ ਸਭ ਤੋਂ ਅਹਿਮ ਸੀ ਉਸ ਸਮੇਂ ਰ.ਸ.ਸ. ਨੇ ਨਾ ਤਾਂ ਅਜ਼ਾਦੀ ਦੀ ਲਹਿਰ ਵਿੱਚ ਹਿੱਸਾ ਪਾਇਆ ਤੇ ਨਾ ਹੀ ਹਿੱਸਾ ਪਾਉਣ ਦੀ ਇੱਛਾ ਰੱਖਣ ਵਾਲ਼ਿਆਂ ਨੂੰ ਉਤਸ਼ਾਹਿਤ ਕੀਤਾ। ਸੰਘ ਦੇ ਕਾਰਕੁੰਨ ਅਤੇ ਸਾਬਕਾ ਪ੍ਰਧਾਨਮੰਤਰੀ ਅਟਲ ਬਿਹਾਰੀ ਤਾਂ ਬਰਤਾਨਵੀ ਹਕੂਮਤ ਦਾ ਵਿਰੋਧ ਕਰਨ ਵਾਲ਼ਿਆਂ ਦੀ ਮੁਖਬਰੀ ਵਿੱਚ ਸ਼ਾਮਲ ਸਨ। ਸੋਚਣ ਵਾਲ਼ੀ ਗੱਲ ਇਹ ਹੈ ਕਿ ਅੱਜ ਇਹਨਾਂ ਲੋਕਾਂ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਵੰਡਣ ਦਾ ਠੇਕਾ ਕਿਸਨੇ ਦੇ ਦਿੱਤਾ?

ਰ.ਸ.ਸ. ਦੀ ਅਜ਼ਾਦੀ ਦੇ ਸੰਘਰਸ਼ ਤੋਂ ਗੱਦਾਰੀ ਨੂੰ ਸਮਝਣ ਲਈ ਅਸੀਂ ਇੱਕ ਵਾਰ ਉਹਨਾਂ ਦੇ ਲੀਡਰਾਂ ਦੇ ਲੇਖਾਂ ਅਤੇ ਭਾਸ਼ਣਾਂ ਨੂੰ ਦੇਖੀਏ। ਅਸਹਿਯੋਗ ਅੰਦੋਲਨ (1920-21) ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਇੱਕ ਵੱਡਾ ਅੰਦੋਲਨ ਸੀ ਜਿਸਨੇ ਇੱਕ ਵਾਰ ਦੇਸ਼ ਦੇ ਲੋਕਾਂ ਦੀ ਅਜ਼ਾਦੀ ਦੀ ਇੱਛਾ ਨੂੰ ਅਵਾਜ਼ ਦਿੱਤੀ ਪਰ 'ਗੁਰੂਜੀ' ਦੇ ਨਾਂ ਨਾਲ਼ ਜਾਣਿਆ ਜਾਂਦਾ ਸਰਸੰਘਚਾਲਕ ਇਸ ਸੰਘਰਸ਼ ਵਿੱਚ ਸ਼ਾਮਲ ਨੌਜਵਾਨਾਂ ਦੇ ਪੱਖ ਦੀ ਥਾਂ ਅਮਨ-ਕਨੂੰਨ ਦੀ ਚਿੰਤਾ ਜਾਹਿਰ ਕਰਦਾ ਸੀ। ਜਿਵੇਂ ਕੋਈ ਅੰਗਰੇਜ਼ ਅਧਿਕਾਰੀ ਜਾਂ ਹਾਕਮ ਚਿੰਤਾ ਕਰ ਰਿਹਾ ਹੋਵੇ। ਉਸਦਾ ਕਹਿਣਾ ਸੀ:

'ਸੰਘਰਸ਼ ਦੇ ਨਤੀਜੇ ਮਾੜੇ ਹੀ ਹੁੰਦੇ ਹਨ। 1920-21 ਦੇ ਅੰਦੋਲਨ (ਅਸਹਿਯੋਗ ਅੰਦੋਲਨ) ਤੋਂ ਬਾਅਦ ਮੁੰਡਿਆਂ ਨੇ ਵਿਗੜਣਾ ਸ਼ੁਰੂ ਕੀਤਾ ਹੈ, ਇਹ ਲੀਡਰਾਂ 'ਤੇ ਚਿੱਕੜ ਉਛਾਲੀ ਦਾ ਯਤਨ ਨਹੀਂ ਹੈ। ਪਰ ਸੰਘਰਸ਼ ਤੋਂ ਬਾਅਦ ਪੈਦਾ ਹੋਣ ਵਾਲ਼ੇ ਇਹ ਜਰੂਰੀ ਨਤੀਜੇ ਹਨ। ਗੱਲ ਇੰਨੀ ਹੀ ਹੈ ਕਿ ਉਹਨਾਂ ਨਤੀਜਿਆਂ ਨੂੰ ਕਾਬੂ ਵਿੱਚ ਰੱਖਣ ਲਈ ਅਸੀਂ ਠੀਕ ਪ੍ਰਬੰਧ ਨਹੀਂ ਕਰ ਸਕੇ। ਲੋਕ ਆਮ ਹੀ ਇਹ ਸੋਚਣ ਲੱਗੇ ਹਨ ਕਿ 1942 ਤੋਂ ਬਾਅਦ ਤਾਂ ਕਨੂੰਨ ਨੂੰ ਵਿਚਾਰਨ ਦੀ ਜਰੂਰਤ ਹੀ ਨਹੀਂ।' (ਸ਼੍ਰੀ ਗੁਰੂ ਜੀ ਸੰਪੂਰਨ ਦਰਸ਼ਨ, ਹਿੰਦੀ, ਖੰਡ-4, ਪੰਨਾ 41, ਭਾਰਤੀ ਵਿਚਾਰ ਸਾਧਨਾ ਨਾਗਪੁਰ, 1981)

ਗੋਲਵਲਕਰ ਅਨੁਸਾਰ 'ਸੰਘਰਸ਼ ਦੇ ਨਤੀਜੇ ਬੁਰੇ' ਹੀ ਹੁੰਦੇ ਹਨ। ਤਾਂ ਕੀ ਭਾਰਤੀ ਲੋਕ ਅਜ਼ਾਦੀ ਲਈ ਸੰਘਰਸ਼ ਨਾ ਕਰਦੇ? ਆਪਣੇ ਉੱਪਰ ਜੁਲਮ ਢਾਹੁਣ ਵਾਲ਼ੇ ਕਨੂੰਨ ਪ੍ਰਤੀ ਭਾਰਤੀ ਨੌਜਵਾਨ ਚੁੱਪ ਬੈਠੇ ਰਹਿੰਦੇ? ਉਹਨਾਂ ਦਾ ਸਨਮਾਨ ਕਰਦੇ? ਅੰਗਰੇਜਾਂ ਦੇ ਕਨੂੰਨ ਅਤੇ ਪ੍ਰਬੰਧਾਂ ਦੀ ਚਿੰਤਾ ਕਰਨ ਵਾਲ਼ੇ ਗੋਲਵਲਕਰ ਘੱਟੋ-ਘੱਟ ਇਹੀ ਰਾਇ ਰੱਖਦੇ ਹਨ। ਗੋਲਵਲਕਰ ਨੇ ਸੰਘ ਦੀ ਅਜ਼ਾਦੀ ਦੀ ਲਹਿਰ ਤੋਂ ਵੱਖ ਰਹਿਣ ਦੀ ਨੀਤੀ 'ਤੇ ਚਾਲਾਕੀ ਨਾਲ਼ ਅਮਲ ਕੀਤਾ। 1942 ਦੇ ਭਾਰਤ ਛੱਡੋ ਅੰਦੋਲਨ ਦੇ ਸਮੇਂ ਵੀ ਉਸ ਨੇ ਇਹੋ ਰੁਖ ਅਪਣਾਇਆ:

'1942 ਵਿੱਚ ਵੀ ਕਈਆਂ ਦੇ ਮਨ ਵਿੱਚ ਤਿੱਖਾ ਸੰਘਰਸ਼ ਸੀ। ਉਸ ਸਮੇਂ ਤਾਂ ਵੀ ਸੰਘ ਦਾ ਲਗਾਤਾਰ ਕੰਮ ਚੱਲਦਾ ਰਿਹਾ। ਪ੍ਰਤੱਖ ਰੂਪ ਨਾਲ਼ ਸੰਘ ਨੇ ਕੁਝ ਨਾ ਕਰਨ ਦਾ ਸੰਕਲਪ ਲਿਆ। ਪਰ ਸੰਘ ਦੇ ਸਵੈ-ਸੇਵਕਾਂ ਦੇ ਮਨਾਂ ਵਿੱਚ ਉੱਥਲ-ਪੁੱਥਲ ਚੱਲ ਹੀ ਰਹੀ ਸੀ। ਇਹ ਸੰਘ ਆਲਸੀ ਲੋਕਾਂ ਦੀ ਸੰਸਥਾ ਹੈ, ਇਹਨਾਂ ਦੀਆਂ ਗੱਲਾਂ ਦਾ ਕੋਈ ਮਤਲਬ ਨਹੀਂ, ਅਜਿਹਾ ਸਿਰਫ ਬਾਹਰੀ ਲੋਕਾਂ ਨੇ ਹੀ ਨਹੀਂ, ਕਈ ਆਪਣੇ ਸਵੈ ਸੇਵਕਾਂ ਨੇ ਵੀ ਕਿਹਾ। ਉਹ ਬੜੇ ਗੁੱਸੇ ਵੀ।' ('ਸ਼੍ਰੀ ਗੁਰੂ ਜੀ ਸੰਪੂਰਨ ਦਰਸ਼ਨ', ਹਿੰਦੀ, ਖੰਡ-4, ਪੰਨਾ 40, ਭਾਰਤੀ ਵਿਚਾਰ ਸਾਧਨਾ, ਨਾਗਪੁਰ, 1981)

1942 ਦੇ ਅੰਦੋਲਨ ਸਮੇਂ ਗੋਲਵਲਕਰ ਸੰਘ ਸੰਚਾਲਕ ਸੀ। ਜਦੋਂ ਦੇਸ਼ ਦੇ ਲੋਕਾਂ ਦਾ ਦੇਸ਼ਪ੍ਰੇਮ, ਅਜ਼ਾਦੀ ਦੇ ਸੰਘਰਸ਼ ਵਿੱਚ ਆਪਣਾ ਸਾਰਾ ਕੁਝ ਬਲਿਦਾਨ ਕਰਨ ਦੀ ਤੀਬਰ ਇੱਛਾ ਸੀ। ਲੋਕ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜ ਕੇ ਅਜ਼ਾਦ ਹੋਣ ਲਈ ਲੜ ਰਹੇ ਸਨ ਤਾਂ ਸੰਘ ਨੇ ਕੀ ਕੀਤਾ? ਸੰਘ ਨੇ ਕੁਝ ਨਾ ਕਰਨ ਦਾ ਸੰਕਲਪ ਲਿਆ। ਕਿਉਂਕਿ ਅੰਗਰੇਜ ਭਗਤੀ ਹੀ ਉਹਨਾਂ ਦੀ ਦੇਸ਼ ਭਗਤੀ ਸੀ। 9 ਮਾਰਚ 1960 ਨੂੰ ਇੰਦੌਰ, ਮੱਧ ਪ੍ਰਦੇਸ਼ ਵਿੱਚ ਰ.ਸ.ਸ. ਦੇ ਕਾਰਕੁੰਨਾਂ ਦੀ ਇੱਕ ਬੈਠਕ ਨੂੰ ਸੰਬੋਧਨ ਕਰਦਿਆਂ ਗੋਲਵਲਕਰ ਨੇ ਕਿਹਾ:

ਰੋ ਜ਼ਾਨਾ ਹਮੇਸ਼ਾ ਜੁੜੇ ਰਹਿਣ ਦੇ ਵਿਚਾਰ ਦੀ ਜਰੂਰਤ ਦਾ ਇੱਕ ਹੋਰ ਵੀ ਕਾਰਨ ਹੈ। ਸਮੇਂ-ਸਮੇਂ ਤੇ ਦੇਸ਼ ਵਿੱਚ ਪੈਦਾ ਹੋ ਰਹੀਆਂ ਹਾਲਤਾਂ ਕਾਰਨ ਮਨ ਵਿੱਚ ਬਹੁਤ ਉੱਥਲ-ਪੁੱਥਲ ਹੁੰਦੀ ਹੀ ਰਹਿੰਦੀ ਹੈ। ਸੰਨ 1942 ਵਿੱਚ ਅਜਿਹੀ ਉੱਥਲ-ਪੁੱਥਲ ਹੋਈ ਸੀ। ਉਸ ਤੋਂ ਪਹਿਲਾਂ ਸੰਨ 1930-31 ਵਿੱਚ ਵੀ ਲਹਿਰ ਚੱਲੀ ਸੀ। ਉਸ ਸਮੇਂ ਕਈ ਲੋਕ ਡਾਕਟਰ ਜੀ (ਹੈਡਗੇਵਰ) ਕੋਲ ਗਏ। ਇਹਨਾਂ 'ਡੈਲੀਗੇਟਾਂ' ਨੇ ਡਾਕਟਰ ਜੀ ਨੂੰ ਕਿਹਾ ਕਿ ਇਸ ਲਹਿਰ ਨਾਲ਼ ਅਜ਼ਾਦੀ ਮਿਲ ਜਾਵੇਗੀ ਅਤੇ ਸੰਘ ਨੂੰ ਪਿੱਛੇ ਨਹੀਂ ਰਹਿਣ ਚਾਹੀਦਾ। ਉਸ ਸਮੇਂ ਜਦ ਇੱਕ ਸੱਜਣ ਨੇ ਡਾਕਟਰ ਜੀ ਨੂੰ ਕਿਹਾ ਕਿ ਉਹ ਜੇਲ ਜਾਣ ਨੂੰ ਵੀ ਤਿਆਰ ਹੈ, ਤਾਂ ਡਾਕਟਰ ਜੀ ਨੇ ਕਿਹਾ ਜਰੂਰ ਜਾਉ। ਪਰ ਪਿੱਛੋਂ ਤੁਹਾਡੇ ਪਰਿਵਾਰ ਨੂੰ ਕੌਣ ਚਲਾਵੇਗਾ? ਉਸ ਸੱਜਣ ਨੇ ਦੱਸਿਆ-'ਦੋ ਸਾਲ ਤੱਕ ਸਿਰਫ ਪਰਿਵਾਰ ਚਲਾਉਣ ਲਈ ਹੀ ਨਹੀਂ ਸਗੋਂ ਲੋੜ ਪੈਣ 'ਤੇ ਜੁਰਮਾਨਾ ਭਰਨ ਦਾ ਲੋੜੀਂਦਾ ਪ੍ਰਬੰਧ ਉਸ ਨੇ ਕਰ ਰੱਖਿਆ ਹੈ।' ਤਾਂ ਡਾਕਟਰ ਜੀ ਨੇ ਕਿਹਾ, 'ਜੇ ਤੁਸੀਂ ਪੂਰਾ ਪ੍ਰਬੰਧ ਕਰ ਹੀ ਰੱਖਿਆ ਹੈ ਤਾਂ ਹੁਣ ਦੋ ਸਾਲ ਸੰਘ ਦਾ ਹੀ ਕੰਮ ਕਰਨ ਲਈ ਕੱਢੋ।' ਘਰੇ ਜਾਣ ਤੋਂ ਬਾਅਦ ਉਹ ਸੱਜਣ ਨਾ ਜੇਲ ਗਏ ਨਾ ਸੰਘ ਦਾ ਕੰਮ ਕਰਨ ਲਈ ਬਾਹਰ ਨਿੱਕਲੇ। ('ਸ਼੍ਰੀ ਗੁਰੂ ਜੀ ਸੰਪੂਰਨ ਦਰਸ਼ਨ', ਹਿੰਦੀ, ਖੰਡ-4, ਪੰਨਾ 39-40, ਭਾਰਤੀ ਵਿਚਾਰ ਸਾਧਨਾ, ਨਾਗਪੁਰ, 1981)

ਦਰਅਸਲ ਰ.ਸ.ਸ. ਦੇ ਸੰਸਥਾਪਕ ਹੇਡਗੇਵਰ, ਗੋਲਵਲਕਰ ਜਾਂ 'ਹਿੰਦੁਤਵ' ਦੇ ਪ੍ਰਚਾਰਕ ਇਸ ਗਿਰੋਹ ਦਾ ਕੋਈ ਆਗੂ ਹੋਵੇ ਉਸਨੇ ਅੰਗਰੇਜ਼ਾਂ ਖਿਲਾਫ ਅਜ਼ਾਦੀ ਦੀ ਲੜਾਈ ਵਿੱਚ ਇੱਕ ਪਾਸੇ ਨਾ ਤਾਂ ਖੁਦ ਭਾਗ ਲਿਆ ਤੇ ਦੂਜੇ ਪਾਸੇ ਉਹਨਾਂ ਨੇ ਆਮ ਭਾਰਤੀਆਂ ਨੂੰ ਵੀ ਜੋ ਉਹਨਾਂ ਦੇ ਸੰਪਰਕ ਵਿੱਚ ਸੀ ਆਪਣੀ ਪਾਸਿਉਂ ਪੂਰੀ ਕੋਸ਼ਿਸ਼ ਕੀਤੀ ਕਿ ਉਹ ਅੰਗਰੇਜ਼ਾਂ ਖਿਲਾਫ ਅਜ਼ਾਦੀ ਦੀ ਲੜਾਈ ਵਿੱਚ ਸ਼ਰੀਕ ਨਾ ਹੋਣ। ਹੈਡਗੇਵਰ ਨੇ ਇੱਕ ਵਾਰ ਸੰਘ ਵੱਲੋਂ ਨਹੀਂ ਪਰ ਨਿੱਜੀ ਤੌਰ 'ਤੇ ਨਮਕ ਸੱਤਿਆਗ੍ਰਹਿ ਵਿੱਚ ਭਾਗ ਲਿਆ, ਪਰ ਇਸ ਤੋਂ ਬਾਅਦ ਉਸਨੇ ਅਜ਼ਾਦੀ ਲਈ ਚੱਲ ਰਹੇ ਕਿਸੇ ਵੀ ਸੰਘਰਸ਼ ਵਿੱਚ ਭਾਗ ਨਹੀਂ ਲਿਆ। ਗੋਲਵਲਕਰ ਅੰਗਰੇਜ ਸ਼ਾਸਕਾਂ ਨੂੰ ਜੇਤੂ ਮੰਨਦਾ ਸੀ ਅਤੇ ਉਸ ਦੇ ਨਜ਼ਰੀਏ ਮੁਤਾਬਕ ਜੇਤੂਆਂ ਦਾ ਵਿਰੋਧ ਨਾ ਕਰਕੇ ਉਹਨਾਂ ਨਾਲ਼ ਅਪਣੱਤ ਬਣਾ ਕੇ ਰੱਖਣੀ ਚਾਹੀਦੀ ਹੈ।

ਇੱਕ ਵਾਰ ਇੱਕ ਨਾਮੀ ਬਜ਼ੁਰਗ ਆਪਣੀ ਸ਼ਾਖਾ ਵਿੱਚ ਆਏ। ਉਹ ਸੰਘ ਦੇ ਸਵੈ-ਸੇਵਕਾਂ ਲਈ ਇੱਕ ਨਵਾਂ ਸੁਨੇਹਾ ਲੈ ਕੇ ਆਏ ਸਨ। ਉਹਨਾਂ ਨੂੰ ਸ਼ਾਖਾ ਦੇ ਸਵੈ-ਸੇਵਕਾਂ ਸਾਹਮਣਾ ਬੋਲਣ ਦਾ ਮੌਕਾ ਦਿੱਤਾ ਤਾਂ ਬਹੁਤ ਹੀ ਸੰਜੀਦਾ ਸੁਰ ਵਿੱਚ ਬੋਲੇ- 'ਹੁਣ ਸਿਰਫ ਇੱਕੋ ਕੰਮ ਕਰੋ। ਅੰਗਰੇਜ਼ਾਂ ਨੂੰ ਫੜੋ ਤੇ ਕੁੱਟ-ਕੁੱਟ ਕੇ ਬਾਹਰ ਕੱਢੋ। ਇਸ ਤੋਂ ਬਾਅਦ ਫੇਰ ਦੇਖਿਆ ਜਾਵੇਗਾ।' ਇੰਨਾ ਹੀ ਕਹਿਕੇ ਬਹਿ ਗਏ। ਇਸ ਵਿਚਾਰਧਾਰਾ ਪਿੱਛੇ ਹੈ- ਰਾਜਸੱਤਾ ਵਿਰੁੱਧ ਨਫਰਤ ਅਤੇ ਗੁੱਸੇ ਦੀ ਭਾਵਨਾ ਅਤੇ ਬੇਹੱਦ ਪਿਛਾਖੜੀ ਰੁਝਾਨ ਹੈ। ਅੱਜ ਦੀ ਸਿਆਸੀ ਭਾਵਨਾ ਦਾ ਇਹੀ ਦੋਸ਼ ਹੈ ਕਿ ਉਸਦਾ ਅਧਾਰ ਹੈ ਪ੍ਰਤੀਕਿਰਿਆ, ਨਫਰਤ ਅਤੇ ਗੁੱਸਾ ਅਤੇ ਅਪਣੱਤ ਛੱਡਕੇ ਜੇਤੂਆਂ ਦਾ ਵਿਰੋਧ। ('ਸ਼੍ਰੀ ਗੁਰੂ ਜੀ ਸੰਪੂਰਨ ਦਰਸ਼ਨ', ਹਿੰਦੀ, ਖੰਡ-4, ਪੰਨਾਂ 109-110, ਭਾਰਤੀ ਵਿਚਾਰ ਸਾਧਨਾ, ਨਾਗਪੁਰ, 1981)

ਗੋਲਵਲਕਰ ਦੀ ਨਿਗਾਂ ਵਿੱਚ, ਜੋ ਕਿ ਰ.ਸ.ਸ. ਦੇ 'ਦਾਰਸ਼ਨਿਕ-ਗੁਰੂ' ਵਾਂਗ ਮੰਨੇ ਜਾਂਦੇ ਹਨ, ਬਰਤਾਨਵੀ ਹਕੂਮਤ ਪ੍ਰਤੀ ਭਾਰਤੀ ਲੋਕਾਂ ਦਾ ਮਨ ਵਿੱਚ ਨਫਰਤ ਰੱਖਣਾ ਠੀਕ ਨਹੀਂ ਹੈ!! ਇਹ ਸੱਜਣ ਨਾ ਹੀ ਉਹਨਾਂ ਦਾ ਵਿਰੋਧ ਕਰਨ ਨੂੰ ਕਹਿੰਦੇ ਹਨ, ਤਾਂ ਕੀ ਆਪਣੇ ਉੱਤੇ ਜਬਰ-ਜੁਲਮ ਕਰਨ ਵਾਲੀ ਅੰਗਰੇਜ਼ੀ ਸੱਤਾ ਨਾਲ਼ ਭਾਰਤ ਦੇ ਲੋਕ ਪਿਆਰ ਕਰਦੇ, ਉਹਨਾਂ ਨੂੰ ਗਲੇ ਲਾਉਂਦੇ?

ਅਜ਼ਾਦੀ ਦੀ ਲੜਾਈ ਦੌਰਾਨ ਜਦ ਰ.ਸ.ਸ. ਨੇ ਲਗਾਤਾਰ ਲੋਕਾਂ ਨੂੰ ਅਜ਼ਾਦੀ ਦੀ ਲੜਾਈ ਤੋਂ ਦੂਰ ਰਹਿਣ ਅਤੇ ਖੁਦ ਸੰਘਰਸ਼ ਵਿੱਚ ਭਾਗ ਨਾ ਲੈਣ ਦਾ ਫੈਸਲਾ ਕੀਤਾ ਉਸੇ ਸਮੇਂ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਦੇਸ਼ ਦੇ ਨੌਜਵਾਨਾਂ ਨੂੰ ਅਜ਼ਾਦੀ ਦੇ

ਲਈ ਅਲਖ ਜਗਾਉਣ ਅਤੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਉਣ ਦੀ ਅਪੀਲ ਕਰ ਰਹੇ ਸਨ।

ਹਿੰਦੁਤਵ ਦੇ ਪ੍ਰਚਾਰਕ ਅਤੇ ਰ.ਸ.ਸ. ਦੇ ਕਰੀਬੀ ਸੰਘ ਭਾਜਪਾ ਗਿਰੋਹ ਦਾ ਪੂਜਨੀਕ ਸਾਵਰਕਰ ਅੰਗਰੇਜ਼ਾਂ ਨੂੰ ਮਾਫੀਨਾਮੇ 'ਤੇ ਮਾਫੀਨਾਮਾ ਲਿਖ ਰਿਹਾ ਸੀ। ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ ਜੇਲ ਤੋਂ ਨੌਜਵਾਨਾਂ ਦੇ ਨਾਮ ਇੱਕ ਸੁਨੇਹਾ ਭੇਜਿਆ ਜੋ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟ ਯੂਨੀਅਨ ਦੇ ਦੂਜੇ ਸ਼ੈਸ਼ਨ ਵਿੱਚ ਪੜਕੇ ਸੁਣਾਇਆ ਗਿਆ, ਜਿਸਦੀ ਅਗਵਾਈ ਨੇਤਾ ਜੀ ਸੁਭਾਸ਼ ਚੰਦਰ ਬੋਸ ਕਰ ਰਹੇ ਸਨ। ਉਹਨਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ:

ਨੌਜਵਾਨਾਂ ਨੇ ਇਨਕਲਾਬ ਦਾ ਇਹ ਸੁਨੇਹਾ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਹੈ, ਫੈਕਟਰੀਆਂ, ਕਾਰਖਾਨਿਆਂ ਵਿੱਚ, ਗੰਦੀਆਂ ਬਸਤੀਆਂ ਅਤੇ ਪਿੰਡਾਂ ਦੀਆਂ ਗੰਦੀਆਂ ਝੌਂਪੜੀਆਂ ਵਿੱਚ ਰਹਿਣ ਵਾਲ਼ੇ ਕਰੋੜਾਂ ਲੋਕਾਂ ਵਿੱਚ ਇਸ ਇਨਕਲਾਬ ਦੀ ਅਲਖ ਜਗਾਉਣੀ ਹੈ ਜਿਸ ਨਾਲ਼ ਅਜ਼ਾਦੀ ਆਵੇਗੀ ਅਤੇ ਉਦੋਂ ਹੀ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਅਸੰਭਵ ਹੋ ਜਾਵੇਗੀ।('ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਸੰਪੂਰਨ ਉਪਲਬਧ ਦਸਤਾਵੇਜ਼', ਹਿੰਦੀ, ਸੰ-ਸੱਤਿਅਮ, ਪੰਨਾ-359)

ਅੱਜ ਇਹੋ ਸੰਘ ਭਾਜਪਾ ਲਾਣਾ ਇੱਕ ਪਾਸੇ ਲੋਕਾਂ ਨੂੰ ਦੇਸ਼ਪ੍ਰੇਮ ਦਾ ਸਰਟੀਫਿਕੇਟ ਦੇ ਰਿਹਾ ਹੈ ਉਹੀ ਦੂਜੇ ਪਾਸੇ ਦੇਸ਼ ਦੇ ਸੱਚੇ ਸ਼ਹੀਦਾਂ ਦੇ ਵਿਚਾਰਾਂ ਨੂੰ ਲੋਕਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਖੁਦ ਨੂੰ ਸਭ ਤੋਂ ਵੱਡਾ 'ਰਾਸ਼ਟਰਵਾਦੀ' ਦੱਸ ਰਿਹਾ ਹੈ। ਦੇਸ਼ ਦੇ ਆਮ ਲੋਕ ਇੰਨੇ ਮੂਰਖ ਨਹੀਂ ਹਨ। ਦੇਸ਼ ਦੇ ਨੌਜਵਾਨ ਇਸ ਸੰਘ ਵੱਲੋਂ ਬੋਲੇ ਜਾਣ ਵਾਲ਼ੇ ਝੂਠਾਂ ਤੇ ਕਦੇ ਯਕੀਨ ਨਹੀਂ ਕਰਨਗੇ।

**ਅਜ਼ਾਦੀ ਦੇ ਸ਼ਹੀਦਾਂ ਦਾ ਨਿਰਾਦਰ :**

ਅੱਜ ਪੂਰੇ ਦੇਸ਼ ਵਿੱਚ ਢੱਕਾਂ ਵਜਾਉਂਦੇ ਹੋਏ ਬੇਵਕੂਫੀ ਭਰੀਆਂ ਗੱਲਾਂ ਕਰਨਾ, ਸਭਾਵਾਂ ਵਿੱਚ ਭੜਕਾਊ ਭਾਸ਼ਣ ਦੇਣਾ ਰ.ਸ.ਸ. ਤੇ ਭਾਜਪਾ ਦਾ ਸਭ ਤੋਂ ਪਿਆਰਾ ਕੰਮ ਬਣ ਗਿਆ ਹੈ। ਦੇਸ਼ ਦੇ ਆਮ ਲੋਕਾਂ ਦੀ ਸਿੱਖਿਆ, ਸਿਹਤ, ਰਿਹਾਇਸ਼ ਅਤੇ ਮਹਿੰਗਾਈ ਦੇ ਮੁੱਦਿਆਂ ਨੂੰ ਛੱਡ ਕੇ ਪਤਾ ਨਹੀਂ ਇਹ ਕਿਹੜੇ ਵਿਕਾਸ ਦਾ ਤੋਤਾ ਰਟਦੇ ਰਹਿੰਦੇ ਹਨ। ਅੱਜ ਇਹ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਨ ਅਤੇ ਜਨਮ ਦਿਨ ਇਸ ਲਈ ਮਨਾਉਂਦੇ ਨੇ ਤਾਂ ਕਿ ਲੋਕਾਂ ਦੇ ਅੱਖੀਂ ਘੱਟਾ ਪਾ ਸਕਣ। ਪਰ ਕੀ ਕਦੇ ਸੱਚੀਂ ਸ਼ਹੀਦਾਂ ਦੀ ਇੱਜ਼ਤ ਕੀਤੀ ਹੈ? ਕੀ ਜਦੋਂ ਸਾਰੇ ਇਨਕਲਾਬੀ ਜ਼ੇਲਾਂ ਦੀਆਂ ਕੋਠੜੀਆਂ 'ਚ ਕੋਹੜੇ ਖਾ ਰਹੇ ਸਨ ਦੇਸ਼ ਦੀ ਅਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮ ਰਹੇ ਸਨ, ਤਾਂ ਸੰਘੀ ਬਹਾਦਰਾਂ ਨੇ ਕਦੇ ਉਹਨਾਂ ਦਾ ਸਨਮਾਨ ਕੀਤਾ, ਕਦੇ ਵੀ ਉਹਨਾਂ ਦਾ ਸਾਥ ਦਿੱਤਾ? ਇਸਦਾ ਸਪੱਸ਼ਟ ਉੱਤਰ ਹੈ, ਨਹੀਂ! ਸੰਘ ਦੀ ਪੂਰਾ ਜਥੇਬੰਦੀ ਅਤੇ ਸੋਚ ਝੂਠ ਅਤੇ ਕੂੜ ਪ੍ਰਚਾਰ ਦੀ ਪੰਡ ਹੈ। ਭਗਤ ਸਿੰਘ, ਰਾਜਗੁਰੂ, ਅਸ਼ਫਾਕ ਉੱਲਾ, ਰਾਮਪ੍ਰਸਾਦ 'ਬਿਸਮਿਲ' ਦੀ ਜੋ ਸ਼ਹਾਦਤ ਅੱਜ ਵੀ ਦੇਸ਼ ਦੇ ਹਰ ਇੱਕ ਇਨਸਾਨ ਲਈ ਦੇਸ਼ ਭਗਤੀ ਦਾ ਇੱਕ ਆਦਰਸ਼ ਹੈ, ਦੇਖੋ ਗੋਲਵਲਕਰ ਉਸ ਬਾਰੇ ਕੀ ਕਹਿੰਦਾ ਹੈ:

'ਸਾਡੀ ਭਾਰਤੀ ਸੱਭਿਅਤਾ ਨੂੰ ਛੱਡ ਕੇ ਹੋਰ ਸਾਰੀਆਂ ਸੱਭਿਅਤਾਵਾਂ ਨੇ ਅਜਿਹੀਆਂ ਕੁਰਬਾਨੀਆਂ ਦੀ ਸ਼ਲਾਘਾ ਕੀਤੀ ਅਤੇ ਉਸਨੂੰ ਆਦਰਸ਼ ਮੰਨਿਆਂ ਅਤੇ ਇੰਝ ਸਾਰੇ ਕੁਰਬਾਨੀ ਦੇਣ ਵਾਲਿਆਂ ਨੂੰ ਰਾਸ਼ਟਰੀ ਨਾਇਕ ਦੇ ਰੂਪ ਵਿੱਚ ਪ੍ਰਵਾਨ ਕੀਤਾ ਪਰ ਅਸੀਂ ਭਾਰਤੀ ਸੰਸਕਾਰਾਂ ਵਿੱਚ ਇਸ ਕੁਰਬਾਨੀ ਨੂੰ ਸਰਵਉੱਚ ਆਦਰਸ਼ ਨਹੀਂ ਮੰਨਦੇ।' (ਗੋਲਵਲਕਰ, 'ਵਿਚਾਰ ਨਵਨੀਤ', ਪੰਨਾ-280-281)

ਜਿਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਆਪਣੇ ਦਿਲ ਵਿੱਚ ਦੇਸ਼ ਦਾ ਹਰ ਬੱਚਾ ਰੱਖਦਾ ਹੋਵੇ ਉਸਨੂੰ ਘੱਟ ਦੱਸ ਕੇ ਗੋਲਵਲਕਰ ਕਿਹੜੇ ਭਾਰਤੀ ਸੰਸਕਾਰਾਂ ਦੀ ਗੱਲ ਕਰ ਰਿਹਾ ਹੈ। ਦਰਅਸਲ ਰ.ਸ.ਸ. ਅਤੇ ਉਸਦੇ ਨੇਤਾਵਾਂ ਦੀ ਸੱਭਿਅਤਾ ਹੈ ਕੱਟੜਤਾ ਅਤੇ ਨਫਰਤ ਫੈਲਾਉਣਾ, ਲੋਕਾਂ ਨੂੰ ਹਿੰਦੂ-ਮੁਸਲਮਾਨ ਦੇ ਨਾਮ ਤੇ ਵੰਡਣਾ, ਨਹੀ ਤਾਂ ਜੋ ਇਨਕਲਾਬੀ ਲੋਕਾਂ ਦੇ ਦਿਲਾਂ ਨੂੰ ਬੇਇਨਸਾਫੀ ਨਾਲ ਲੜਣ ਲਈ ਪ੍ਰੇਰਿਤ ਕਰਦੇ ਹੋਣ ਉਹਨਾਂ ਬਾਰੇ ਇੰਝ ਸੋਚਣਾ ਕੀ ਸਾਬਿਤ ਕਰਦਾ ਹੈ। ਗੋਲਵਲਕਰ ਨੇ ਜਿੱਥੇ ਅੰਗਰੇਜ਼ਾਂ ਨੂੰ 'ਜੇਤੂ' ਕਹਿਕੇ ਸਨਮਾਨ ਨਾਲ ਦੇਖਣ ਦੀ ਗੱਲ ਕਹੀ ਉੱਥੇ ਹੀ ਉਸਨੇ ਇਨਕਲਾਬੀ ਸ਼ਹੀਦਾਂ ਨੂੰ ਅਸਫਲ ਵਿਅਕਤੀਆਂ ਦੇ ਰੂਪ ਵਿੱਚ ਦੇਖਿਆ ਅਤੇ ਉਹਨਾਂ ਦੀ ਕੁਰਬਾਨੀ ਨੂੰ ਮਹਾਨ ਨਹੀਂ ਕਿਹਾ। ਸ਼ਹਾਦਤ ਦੀ ਪੂਰੀ ਪ੍ਰੰਪਰਾ ਦੀ ਨਿੰਦਿਆਂ ਕਰਦਾ ਹੋਇਆ ਉਹ ਕਹਿੰਦਾ ਹੈ:

'ਬੇਸ਼ੱਕ ਅਜਿਹੇ ਲੋਕ ਜੋ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੇ ਹਨ, ਮਹਾਨ ਲੋਕ ਹਨ ਅਤੇ ਉਹਨਾਂ ਦਾ ਜੀਵਨ ਦਾ ਨਜਰੀਆ ਮੁੱਖ ਤੌਰ 'ਤੇ ਹੈ। ਉਹ ਆਮ ਲੋਕਾਂ ਨਾਲੋਂ, ਜੋ ਚੁੱਪਚਾਪ ਕਿਸਮਤ ਅੱਗੇ ਸਮਰਪਿਤ ਕਰ ਦਿੰਦੇ ਹਨ ਅਤੇ ਡਰਪੋਕ ਅਤੇ ਆਲਸੀ ਬਣੇ ਰਹਿੰਦੇ ਹਨ, ਬਹੁਤ ਉੱਚੇ ਹਨ। ਫਿਰ ਵੀ ਅਸੀਂ ਅਜਿਹੇ ਲੋਕਾਂ ਨੂੰ ਸਮਾਜ ਦੇ ਸਾਹਮਣੇ ਆਦਰਸ਼ ਦੇ ਰੂਪ ਵਿੱਚ ਨਹੀਂ ਰੱਖਿਆ। ਅਸੀਂ ਕੁਰਬਾਨੀ ਨੂੰ ਮਹਾਨਤਾ ਦਾ ਸਰਵਉੱਚ ਨੁਕਤਾ, ਜਿਸਦੀ ਮਨੁੱਖ ਇੱਛਾ ਕਰੇ, ਨਹੀਂ ਮੰਨਿਆ ਹੈ। ਕਿਉਂਕਿ ਉਹ ਆਖਰ ਆਪਣਾ ਉਦੇਸ਼ ਪ੍ਰਾਪਤ ਕਰਨ ਵਿੱਚ ਅਸਫਲ ਹੋਏ ਹਨ ਅਤੇ ਅਸਫਲਤਾ ਦਾ ਅਰਥ ਹੈ ਕਿ ਉਹਨਾਂ ਵਿੱਚ ਕੋਈ ਗੰਭੀਰ ਗਲਤੀ ਸੀ।' (ਐੱਮ. ਐੱਸ ਗੋਲਵਲਕਰ, ਵਿਚਾਰ ਨਵਨੀਤ, ਜੈਪੁਰ, ਪੰਨਾਂ-281)

ਗੋਲਵਲਕਰ ਲਈ ਮਹਾਨ ਆਦਰਸ਼ ਦਾ ਮਤਲਬ ਹੈ ਸਾਵਰਕਰ ਵਰਗੇ ਲੋਕ, ਜੋ ਅੰਗਰੇਜ਼ਾਂ ਖਿਲਾਫ ਮਾਫੀਨਾਮੇ ਲਿਖਦੇ ਹਨ ਅਤੇ ਲੋਕਾਂ ਵਿੱਚ ਹਿੰਦੂ ਫਿਰਕਾਪ੍ਰਸਤੀ ਦਾ ਜ਼ਹਿਰ ਘੋਲਦੇ ਸਨ। ਜਦ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਲੋਕ ਲੜ ਰਹੇ ਸਨ ਤਾਂ ਸਰਕਾਰ ਲੋਕਾਂ ਨੂੰ ਫੜਕੇ ਜੇਲ ਵਿੱਚ ਕਰ ਦਿੰਦੀ ਸੀ। ਗੋਲੀਆਂ ਨਾਲ਼ ਭੁੰਨ ਦਿੰਦੀ ਸੀ, ਫਾਂਸੀ ਤੇ ਚੜਾ ਦਿੰਦੀ ਸੀ। ਉਸ ਸਮੇਂ ਅੰਗਰੇਜ਼ੀ ਹਕੂਮਤ ਖਿਲਾਫ ਲੜਣਾ ਸਾਹਸ ਅਤੇ ਜੋਖਿਮ ਬੇਸ਼ੱਕ ਸੀ। ਅਤੇ ਜਿੰਨਾਂ ਦੇ ਦਿਲ਼ਾਂ ਵਿੱਚ ਦੇਸ਼ ਲਈ ਪਿਆਰ ਸੀ ਉਹਨਾਂ ਨੇ ਜਿੰਦਗੀ ਦਾ ਖਤਰਾ ਮੁੱਲ ਲਿਆ। ਪਰ ਇਹਨਾਂ ਸਭ ਨੂੰ ਰ.ਸ.ਸ. ਘ੍ਰਿਣਾ ਨਾਲ ਵੇਖਦੀ ਹੈ। ਜੇਲ ਜਾਣਾ ਉਸ ਲਈ ਠੀਕ ਨਹੀਂ ਸੀ ਅਤੇ ਉਸ ਸਮੇਂ ਉਹ ਲੋਕਾਂ ਨੂੰ ਲੰਮਾਂ ਜੀਵਨ ਜਿਉਣ ਦਾ ਉਪਦੇਸ਼ ਦੇ ਰਿਹਾ ਸੀ। ਹੇਡਗੇਵਰ ਦੀ ਜੀਵਨੀ ਅਨੁਸਾਰ:

'ਦੇਸ਼ਭਗਤੀ ਦਾ ਮਤਲਬ ਸਿਰਫ ਜੇਲ ਜਾਣਾ ਨਹੀਂ ਹੈ। ਇਸ ਤਰਾਂ ਦੀ ਦਿਖਾਵਟੀ ਦੇਸ਼ ਭਗਤੀ ਵਿੱਚ ਵਹਿ ਜਾਣਾ ਸਹੀ ਨਹੀਂ ਹੈ। ਉਹ (ਹੇਡਗੇਵਰ) ਅਕਸਰ ਇਹ ਕਿਹਾ ਕਰਦੇ ਸਨ ਕਿ ਸਮਾਂ ਆਉਣ ਤੇ ਦੇਸ਼ ਦੇ ਲਈ ਮਰਨ ਦੇ ਲਈ ਹਮੇਸ਼ਾਂ ਤਿਆਰ ਰਹਿਣ ਦੇ ਨਾਲ ਨਾਲ ਦੇਸ਼ ਦੀ ਅਜ਼ਾਦੀ ਦੇ ਲਈ ਜੱਥੇਬੰਦ ਹੁੰਦੇ ਹੋਏ ਜਿਉਂਦੇ ਰਹਿਣਾ ਵੀ ਬਹੁਤ ਜਰੂਰੀ ਹੈ' (ਸੀ.ਪੀ ਬਿਜਕਰ, 'ਸੰਘ ਦਰੱਖਤ ਦਾ ਬੀਜ: ਡਾ ਕੇਸ਼ਵ ਰਾਵ ਹੇਡਗੇਵਰ', ਪੰਨਾ-21, ਸੁਰੁਚੀ, ਦਿੱਲੀ, 1994)

ਤੇ ਹੇਡਗੇਵਰ ਅਤੇ ਗੋਲਵਲਕਰ ਦਾ ਮਤਲਬ ਜਿਸ ਜਥੇਬੰਦ ਹੋਣ ਤੋਂ ਸੀ ਉਹ ਸੀ ਸੰਘ ਜਿਸ ਨੇ ਅਜ਼ਾਦੀ ਦੀ ਲੜਾਈ ਵਿੱਚ ਸ਼ਮੂਲੀਅਤ ਤੋਂ ਦੂਰ ਰਹਿੰਦੇ ਹੋਏ ਜਿਉਂਦੇ ਰਹਿਣਾ ਅਤੇ ਮਾਫੀਨਾਮੇ ਲਿਖਣ ਵਿੱਚ ਆਪਣੀ ਭੂਮਿਕਾ ਨਿਭਾਈ।

**ਮਾਫੀਨਾਮੇ ਅਤੇ ਮੁਖਬਰੀ ਦਾ ਇਤਿਹਾਸ:**

ਅਜ਼ਾਦੀ ਦੀ ਪੂਰੀ ਲੜਾਈ ਵਿੱਚ ਸੰਘ ਦੇ ਲੋਕਾਂ ਦਾ ਇਤਿਹਾਸ ਅੰਗਰੇਜ਼ਾਂ ਨੂੰ ਮਾਫੀਨਾਮੇ ਦੇਣ ਅਤੇ ਇਨਕਲਾਬੀਆਂ ਦੀ ਮੁਖਬਰੀ ਕਰਨ ਦਾ ਰਿਹਾ ਹੈ। ਜਦੋਂ ਅਜ਼ਾਦੀ ਦੇ ਸਮੇਂ ਤਮਾਮ ਲੋਕ ਆਪਣੀ ਜਾਨ ਦੀ ਬਾਜ਼ੀ ਲਾ ਕੇ ਲੜ ਰਹੇ ਸਨ ਤਾਂ ਅੰਗਰੇਜ਼ਾਂ ਦੀ ਕੁੱਟ ਤੋਂ ਘਬਰਾਇਆ ਸਾਵਰਕਰ (ਜਿਸਨੂੰ ਸੰਘ ਵੀਰ ਸਾਵਰਕਰ ਕਹਿੰਦਾ ਹੈ!!?) ਅੰਡੇਮਾਨ ਦੀ ਜੇਲ ਤੋਂ ਮਾਫੀਨਾਮੇ ਤੇ ਮਾਫੀਨਾਮਾ ਲਿਖ ਰਿਹਾ ਸੀ। ਜੇਲ ਵਿੱਚ ਰਹਿੰਦਿਆਂ ਸਾਵਰਕਰ ਨੇ ਇੱਕ ਨਹੀਂ ਚਾਰ-ਚਾਰ ਮਾਫੀਨਾਮੇ ਲਿਖੇ। ਅੰਡੇਮਾਨ ਜੇਲ ਵਿੱਚ ਆਉਣ ਤੋਂ ਬਾਅਦ 30 ਅਗਸਤ 1911 ਨੂੰ ਸਾਵਰਕਰ ਨੇ ਆਪਣੀ ਪਹਿਲੀ ਰਹਿਮ ਦੀ ਅਪੀਲ ਪਾਈ ਜਿਸ ਨੂੰ ਖਾਰਿਜ ਕਰ ਦਿੱਤਾ ਗਿਆ। ਸਾਵਰਕਰ ਨੇ ਆਪਣਾ ਦੂਜਾ ਮਾਫੀਨਾਮਾ 14 ਨਵੰਬਰ 1913 ਨੂੰ ਲਿਖਿਆ। ਗਵਰਨਰ ਜਨਰਲ ਕਾਊਂਸਲ ਨੇ ਗ੍ਰਹਿ ਮੈਂਬਰ ਨੂੰ ਲਿਖੇ ਆਪਣੇ ਮਾਫੀਨਾਮੇ ਵਿੱਚ ਭਾਰਤੀ ਦੀ ਅਜ਼ਾਦੀ ਦੀ ਲਹਿਰ ਦੇ ਸਨਮਾਨ ਦੀ ਭੋਰਾ ਵੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਨਿੱਜੀ ਜੀਵਨ ਲਈ ਬ੍ਰਿਟਿਸ਼ ਹਕੂਮਤ ਲਈ ਕੁਝ ਵੀ ਕਰਨ ਨੂੰ ਤਿਆਰ ਸੀ। ਉਹਨੇ ਕਿਹਾ ਕਿ:

'ਜੇਲ ਵਿੱਚ ਮੇਰਾ ਸੁਭਾਅ ਹਮੇਸ਼ਾ ਅਸਾਧਾਰਨ ਰੂਪ 'ਚ ਚੰਗਾ ਸੀ ਇਸਦੇ ਬਾਵਜੂਦ ਛੇ ਮਹੀਨੇ ਤੋਂ ਬਾਅਦ ਵੀ ਮੈਨੂੰ ਜੇਲ ਚੋਂ ਬਾਹਰ ਨਹੀਂ ਭੇਜਿਆ ਗਿਆ ਜਦ ਕਿ ਹੋਰ ਮੁਜ਼ਰਮਾਂ ਨੂੰ ਭੇਜਿਆ ਗਿਆ। ਜੇਲ ਵਿੱਚ ਆਉਣ ਦੇ ਦਿਨ ਤੋਂ ਲੈ ਕੇ ਅੱਜ ਤੱਕ ਮੈਂ ਆਪਣੇ ਸੁਭਾਅ ਨੂੰ ਜਿੰਨਾ ਹੋ ਸਕਿਆ ਚੰਗਾ ਬਣਾਉਣ ਦਾ ਯਤਨ ਕੀਤਾ੨. ਮੈਂ ਸਰਕਾਰ ਦੀ ਕਿਸੇ ਵੀ ਤਰਾਂ ਦੀ ਸਮਰੱਥਾ (ਬ੍ਰਿਟਿਸ਼ ਸਰਕਾਰ) ਅਨੁਸਾਰ ਸੇਵਾ ਕਰਨ ਨੂੰ ਤਿਆਰ ਹਾਂ ਜਿਵੇਂ ਵੀ ਉਹ ਚਾਹੁਣ। ਮੇਰੇ ਸੁਭਾਅ ਵਿੱਚ ਇਮਾਨਦਾਰੀ ਭਰਪੂਰ ਬਦਲਾਅ ਹੋਇਆ ਹੈ ਤੇ ਮੈਨੂੰ ਆਸ ਹੈ ਕਿ ਭਵਿੱਖ ਵਿੱਚ ਵੀ ਅਜਿਹਾ ਹੀ ਹੋਵੇਗਾ੨ ਮੈਨੂੰ ਆਸ ਹੈ ਕਿ ਸਤਿਕਾਰਯੋਗ ਸ਼੍ਰੀਮਾਨ ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਣਗੇ'।

ਇਸਤੋਂ ਬਾਅਦ ਸਾਵਰਕਰ ਨੇ 1917 ਵਿੱਚ ਇੱਕ ਹੋਰ ਮਾਫੀਨਾਮਾ ਭੇਜਿਆ ਸੀ। 30 ਮਾਰਚ 1920 ਨੂੰ ਸਾਵਰਕਰ ਨੇ ਚੌਥਾ ਮਾਫੀਨਾਮਾ ਭੇਜਿਆ ਸੀ ਜਿਸ ਵਿੱਚ ਉਸਨੇ ਕਿਹਾ ਕਿ:

ਨਾ ਤਾਂ ਮੈਨੂੰ ਅਤੇ ਨਾ ਮੇਰੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਸਰਕਾਰ ਤੋਂ ਕੋਈ ਸ਼ਿਕਾਇਤ ਹੈ੨.. ਨਾ ਹੀ ਮੇਰੇ ਪਰਿਵਾਰ 'ਤੇ 1890 ਤੋਂ ਹੁਣ ਤੱਕ ਕੋਈ ਦੋਸ਼ ਲੱਗਾ ਹੈ....

ਨਾਲ਼ ਹੀ ਸਾਵਰਕਰ ਨੇ ਆਪਣੀਆਂ ਸਰਗਰਮੀਆਂ ਨੂੰ, ਜਿਹਨਾਂ ਕਾਰਨ ਉਹਨੂੰ ਜੇਲ ਭੇਜਿਆ ਗਿਆ ਸੀ, ਬੀਤੇ ਦੀਆਂ ਗੱਲਾਂ ਆਖਿਆ ਅਤੇ ਪੂਰੀ ਤਰਾਂ ਬਰਤਾਨਵੀ ਸਰਕਾਰ ਦੇ ਕਨੂੰਨ ਅਤੇ ਸੰਵਿਧਾਨ ਪ੍ਰਤੀ ਆਸਥਾ ਜਤਾਈ। ਉਹਨੇ ਕਿਹਾ ਕਿ:

ਮੇਰਾ ਦ੍ਰਿੜਤਾ ਨਾਲ਼ ਸੰਵਿਧਾਨ ਨਾਲ਼ ਬਣੇ ਰਹਿਣ ਦਾ ਇਰਾਦਾ ਹੈ ਜਿਸਦੀ ਮਾਂਟੇਗਿਊ ਦੁਆਰਾ ਹੁਣੇ ਹੀ ਸ਼ੁਰੂਆਤ ਕੀਤੀ ਗਈ ਹੈ।

ਸ਼ਾਵਰਕਰ ਨੇ ਇੱਥੋਂ ਤੱਕ ਕਿਹਾ ਕਿ:

ਜੇ ਸਰਕਾਰ ਸਾਡੇ ਵੱਲੋਂ ਕੋਈ ਵਾਅਦਾ ਚਾਹੁੰਦੀ ਹੈ ਤਾਂ ਮੈਂ ਤੇ ਮੇਰਾ ਭਰਾ ਸਰਕਾਰ ਵੱਲੋਂ ਤੈਅ ਕੀਤੇ ਗਏ ਕਿਸੇ ਵੀ ਮਿੱਥੇ ਸਮੇਂ 'ਤੇ ਕਿਸੇ ਵੀ ਸਿਆਸੀ ਸਰਗਰਮੀ ਵਿੱਚ ਭਾਗ ਲੈਣ ਲਈ ਖੁਸ਼ੀ ਨਾਲ ਆਪਣੀ ਇੱਛਾ ਜਾਹਿਰ ਕਰਦੇ ਹਾਂ।

ਇਹ ਹੈ ਸੰਘ-ਭਾਜਪਾ ਦਾ ਵੀਰ ਸਾਵਰਕਰ ਜਿਸ ਨੇ ਆਪਣੀ ਜਿੰਦਗੀ ਨੂੰ ਬਚਾਉਣ ਲਈ ਕਿਸੇ ਵੀ ਤਰਾਂ ਨਾਲ਼ ਬ੍ਰਿਟਿਸ਼ ਸੱਤਾ ਦੇ ਵਿਰੋਧ ਵਿੱਚ ਭਾਗ ਲੈਣੋਂ ਮਨਾ ਕਰ ਦਿੱਤਾ ਸੀ।

ਅਟਲ ਬਿਹਾਰੀ ਵਾਜਪਾਈ ਨੇ ਜੋ ਸੰਘ ਦਾ ਮੈਂਬਰ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਸੀ ਇੱਕ ਵਾਰ ਕਿਹਾ ਸੀ ਕਿ ਉਸ ਨੇ ਸੰਨ 1942 ਦੇ ਭਾਰਤ ਛੱਡੋ ਅੰਦੋਲਨ ਵਿੱਚ ਭਾਗ ਲਿਆ ਸੀ। ਪਰ ਕਿਸ ਤਰਾਂ ਭਾਗ ਲਿਆ ਸੀ, ਇਸ ਸੰਘਰਸ਼ ਵਿੱਚ ਉਸ ਦੀ ਕੀ ਭੂਮਿਕਾ ਸੀ? ਇਸ ਤੇ ਉਹ ਕੁਝ ਨਾ ਬੋਲਿਆ। ਦਰਅਸਲ 1942 ਦੇ ਭਾਰਤ ਛੱਡੋ ਅੰਦੋਲਨ ਵਿੱਚ ਉਸ ਦੀ ਭੂਮਿਕਾ ਇੱਕ ਮੁਖਬਰ ਦੀ ਸੀ।

ਦਰਅਸਲ ਅਗਸਤ 1942 ਵਿੱਚ ਭੁਜਰਿਆ ਦੇ ਮੇਲੇ ਵਿੱਚ (ਉੱਤਰ ਪ੍ਰਦੇਸ਼) ਇੱਕ ਵੱਡੀ ਗਿਣਤੀ ਵਿੱਚ ਲੋਕ ਆਏ ਹੋਏ ਸਨ ਅਤੇ ਉੱਥੇ ਕੁਝ ਨੌਜਵਾਨਾਂ ਵੱਲੋਂ ਪੁਰਾਣੇ ਨਾਇਕਾਂ ਦੇ ਗੀਤ ਗਾਏ ਗਏ ਅਤੇ ਬਟੇਸ਼ਵਰ ਜੰਗਲਾਤ ਵਿਭਾਗ ਦੇ ਦਫਤਰ ਨੂੰ ਬਰਤਾਨਵੀ ਹਕੂਮਤ ਤੋਂ ਮੁਕਤ ਕਰਾਉਣ ਦਾ ਹੋਕਾ ਦਿੱਤਾ ਗਿਆ। ਇੱਥੋਂ ਮਾਰਚ ਕਰਦਿਆਂ ਭੀੜ ਨੇ ਬਟੇਸ਼ਵਰ ਜਾ ਕੇ ਦਫਤਰ 'ਤੇ ਹਮਲਾ ਕਰ ਦਿੱਤਾ ਅਤੇ ਤਿਰੰਗਾ ਲਹਿਰਾਇਆ। ਇਸ ਜਲੂਸ ਵਿੱਚ ਅਟਲ ਬਿਹਾਰੀ ਵਾਜਪਾਈ ਅਤੇ ਉਹਨਾਂ ਦੇ ਭਰਾ ਪ੍ਰੇਮ ਬਿਹਾਰੀ ਵੀ ਸ਼ਾਮਲ ਸਨ। ਬਟੇਸ਼ਵਰ ਦੀ ਘਟਨਾ ਵਿੱਚ ਸ਼ਾਮਲ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਕੋਰਟ ਵਿੱਚ ਅਟਲ ਬਿਹਾਰੀ ਵਾਜਪਾਈ ਨੇ ਘਟਨਾ ਵਿੱਚ ਸ਼ਾਮਲ ਕਈ ਲੋਕਾਂ ਦੇ ਨਾਮ ਦੱਸੇ ਜੋ ਕਿ ਉਹ ਲੁਕੋ ਸਕਦਾ ਸੀ। ਉਸਨੇ ਆਪਣੀ ਗਵਾਹੀ ਵਿੱਚ ਕਿਹਾ ਕਿ-

27 ਅਗਸਤ 1942 ਨੂੰ ਬਟੇਸ਼ਵਰ ਬਜ਼ਾਰ ਵਿੱਚ ਲਗਭਗ 2 ਵਜੇ ਦਿਨੇ ਪੁਰਾਣੇ ਨਾਇਕਾਂ ਦੇ ਗੀਤ ਗਾਏ ਗਏ। ਕਕੂਆਂ ਉਰਫ ਲੀਲਾਧਰ ਅਤੇ ਮਹੂਅਨ ਵੱਲੋਂ ਗੀਤ ਗਾਏ ਅਤੇ ਭਾਸ਼ਣ ਦਿੱਤਾ ਗਿਆ ਅਤੇ ਇਹਨਾਂ ਨੇ ਹੀ ਲੋਕਾਂ ਨੂੰ ਜੰਗਲਾਤ ਦੇ ਕਨੂੰਨ ਤੋੜਣ ਲਈ ਉਕਸਾਇਆ।

ਅਟਲ ਬਿਹਾਰੀ ਦੁਆਰਾ ਇਹ ਅਜ਼ਾਦੀ ਦੀ ਜੰਗ ਵਿੱਚ ਉਹਨਾਂ ਲੋਕਾਂ ਖਿਲਾਫ ਦਿੱਤਾ ਗਿਆ ਬਿਆਨ ਸੀ ਜੋ ਲੋਕਾਂ ਨੂੰ ਅੰਗਰੇਜ਼ਾਂ ਖਿਲਾਫ ਲੜਣ ਲਈ ਕਹਿ ਰਹੇ ਸਨ। ਸਪੱਸ਼ਟ ਹੈ ਕਿ ਰ.ਸ.ਸ. ਜਿਸ ਦੇਸ਼ ਭਗਤੀ ਦਾ ਦਮ ਭਰਦੀ ਹੈ ਇਤਿਹਾਸ ਦੇ ਤੱਥ ਇਸ ਸਭ ਤੋਂ ਉਲਟ ਉਸਨੂੰ ਅਜ਼ਾਦੀ ਦੀ ਲੜਾਈ ਦਾ ਗੱਦਾਰ ਸਾਬਿਤ ਕਰਦੇ ਹਨ।

*ਲਲਕਾਰ 'ਚੋਂ ਧੰਨਵਾਦ ਸਹਿਤ*

# ਵਿਦਿਆਰਥੀ ਲਹਿਰ ਦਾ ਨਾਇਕ 'ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ'



ਵਿਦਿਆਰਥੀ ਲਹਿਰ ਦੇ ਸ਼ਾਨਾਂਮੱਤੇ ਇਤਿਹਾਸ ਵਿੱਚ ਅੱਜ ਤੋਂ 37 ਸਾਲ ਪਹਿਲਾਂ ਅਕਾਲੀ ਹਾਕਮਾਂ ਦੇ ਭਾੜੇ ਦੇ ਗੁੰਡਿਆਂ ਨੇ ਸਾਡੇ ਤੋਂ ਲਹਿਰ ਦੇ ਸਿਰਮੌਰ ਆਗੂ ਪ੍ਰਿਥੀਪਾਲ ਰੰਧਾਵਾ ਨੂੰ ਸਾਡੇ ਤੋਂ ਅਲੱਗ ਕਰ ਦਿੱਤਾ। 18 ਜੁਲਾਈ 1979 ਨੂੰ ਪ੍ਰਿਥੀਪਾਲ ਰੰਧਾਵੇ ਨੂੰ ਕੋਹ-ਕੋਹਕੇ ਸ਼ਹੀਦ ਕੀਤਾ ਗਿਆ, ਹਾਕਮਾਂ ਦੀ ਇਹ ਘਿਨੌਣੀ ਹਰਕਤ ਤੋਂ ਇਸ ਗੱਲ ਦਾ ਬਖੂਬੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਉਸ ਵੇਲ਼ੇ ਦੀ ਵਿਦਿਆਰਥੀ ਲਹਿਰ ਤੋਂ ਹਾਕਮ ਕਿਸ ਕਦਰ ਘਬਰਾਏ ਹੋਏ ਸਨ, ਜਿਸਨੂੰ ਪੈਰੀਂ ਭਾਰ ਕਰਨ ਚ ਪ੍ਰਿਥੀਪਾਲ ਰੰਧਾਵਾ ਦੀ ਮੋਹਰੀ ਭੂਮਿਕਾ ਸੀ। 70 ਵਿਆਂ ਦਾ ਵੇਲਾ ਉਹ ਵੇਲਾ ਸੀ ਜਦੋਂ ਪੰਜਾਬ ਦੀ ਨੌਜਵਾਨ ਵਿਦਿਆਰਥੀ ਲਹਿਰ ਪੂਰੀ ਚੜ੍ਹਤ 'ਤੇ ਸੀ ਤੇ ਦੇਸ਼ ਭਰ ਦੀਆਂ ਇਨਕਲਾਬੀ ਜਨਤਕ ਲਹਿਰਾਂ ਲਈ ਊਰਜਾ ਤੇ ਵੇਗ ਦਾ ਇੱਕ ਸੋਮਾ ਬਣੀ ਹੋਈ ਸੀ। ਦਿਨੋਂ ਦਿਨ ਅੱਗੇ ਵਧਦੀ ਲਹਿਰ ਨੇ ਹਾਕਮਾਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ, ਇਸ ਲਹਿਰ ਵਿੱਚੋਂ ਪ੍ਰਿਥੀਪਾਲ ਰੰਧਾਵਾ ਇੱਕ ਲੋਕ ਨਾਇਕ ਬਣਕੇ ਸਾਹਮਣੇ ਆਇਆ। ਹਾਕਮਾਂ ਨੇ ਭਾਵੇਂ ਸਾਡੇ ਤੋਂ ਸਰੀਰੀ ਤੌਰ ਤੇ ਪ੍ਰਿਥੀਪਾਲ ਰੰਧਾਵਾ ਨੂੰ ਖੋਹ ਲਿਆ ਹੈ, ਪਰ ਅੱਜ ਵੀ ਉਸਦੀ ਸ਼ਖਸ਼ੀਅਤ ਵਿਦਿਆਰਥੀ ਨੌਜਵਾਨ ਸਫਾਂ ਲਈ ਪ੍ਰੇਰਣਾ ਦਾ ਇੱਕ ਸੋਮਾ ਤੇ ਇੱਕ ਰਾਹ ਦਰਸਾਵਾ ਬਣੀ ਖੜੀ ਹੈ।

ਚੜ੍ਹਦੀ ਜਵਾਨੀ ਵਿੱਚ ਹੀ ਪ੍ਰਿਥੀਪਾਲ ਸ਼ਹੀਦ ਭਗਤ ਸਿੰਘ ਦੇ ਬਰਾਬਰੀ ਤੇ ਲੁੱਟ ਰਹਿਤ ਸਮਾਜ ਬਨਾਉਣ ਦੇ ਵਿਚਾਰਾਂ ਤੋਂ ਟੁੰਬਿਆ ਗਿਆ ਤੇ 19 ਵਰ੍ਹਿਆਂ ਦੀ ਛੋਟੀ ਜਿਹੀ ਉਮਰ ਵਿੱਚ ਹੀ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਤੇ ਜਥੇਬੰਦ ਕਰਨ ਲਈ ਤੁਰ ਪਿਆ ਅਤੇ ਆਪਣੀ ਜਿੰਦਗੀ ਦੇ ਅੰਤਲੇ ਪਲਾਂ ਤੱਕ ਹੱਕ, ਸੱਚ ਲਈ ਹਰ ਤਰਾਂ ਦੇ ਅਨਿਆਂ ਵਿਰੁੱਧ ਨਿਧੜਕ ਹੋਕੇ ਖੜਦਾ ਰਿਹਾ। ਪੰਜਾਬ ਸਟੂਡੈਂਟਸ ਯੂਨੀਅਨ ਦੇ ਮੋਢੀਆਂ ਚ ਸ਼ਾਮਲ ਪ੍ਰਿਥੀ ਨੇ ਵਿਦਿਆਰਥੀ ਨੌਜਵਾਨ ਲਹਿਰ ਵਿੱਚ ਇਨਕਲਾਬੀ ਜਨਤਕ ਲੀਹ ਦੇ ਸ਼ਾਨਦਾਰ ਨਕਸ਼ ਉਸ ਵੇਲੇ ਉਕੇਰੇ ਜਦੋਂ ਪੰਜਾਬ ਦੀ ਵਿਦਿਆਰਥੀ ਨੌਜਵਾਨ ਲਹਿਰ ਮੌਕਾਪ੍ਰਸਤੀ ਤੇ ਮਾਅਰਕੇਬਾਜੀ ਦਰਮਿਆਨ ਡੋਲ ਰਹੀ ਸੀ। ਪ੍ਰਿਥੀਪਾਲ ਰੰਧਾਵਾ ਦੀ ਰਹਿਨੁਮਾਈ ਸਦਕਾ ਪੰਜਾਬ ਸਟੂਡੈਂਟਸ ਯੂਨੀਅਨ ਵਿਦਿਅਕ ਸੰਸਥਾਵਾਂ ਵਿੱਚ ਐਸ਼ਪ੍ਰਸਤੀ, ਕਾਕਾਸ਼ਾਹੀ, ਗੁੰਡਾਗਰਦੀ ਦੀ ਥਾਂ ਅਗਾਂਹਵਧੂ ਸੱਭਿਆਚਾਰਕ ਤੇ ਸਾਹਿਤਕ ਮਹੌਲ ਬਨਾਉਣ ਵਿੱਚ ਕਾਮਯਾਬ ਰਹੀ। ਬਿਨਾਂ ਕਿਸੇ ਛੋਟ ਦੇ ਪੰਜਾਬ ਦੀਆਂ ਸਾਰੀਆਂ ਵਿਦਿਅਕ ਸੰਸਥਾਵਾਂ ਲਹਿਰ ਦਾ ਸਰਗਰਮ ਮੋਰਚਾ ਬਣੀਆਂ ਰਹੀਆਂ।

ਪ੍ਰਿਥੀਪਾਲ ਰੰਧਾਵਾ ਨੇ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਇੱਕ ਸਰਗਰਮ, ਸੂਝਵਾਨ, ਹੋਣਹਾਰ ਤੇ ਨਿਧੜਕ ਆਗੂ ਦੀ ਭੂਮਿਕਾ ਨਿਭਾਈ। ਪੀ ਐਸ ਯੂ ਦੀ ਅਗਵਾਈ ਵਿੱਚ ਚੱਲੇ ਰਿਆਇਤੀ ਬੱਸ ਪਾਸ ਘੋਲ, ਵਧਦੀਆਂ ਫੀਸਾਂ, ਸਸਤੇ ਹੋਸਟਲ-ਮੈਸ-ਕੰਟੀਨਾਂ ਲਈ ਘੋਲਾਂ ਵਿੱਚ ਪ੍ਰਿਥੀ ਇੱਕ ਲੋਕ ਨਾਇਕ ਬਣਕੇ ਉੱਭਰਿਆ। ਇਸਤੋਂ ਇਲਾਵਾ ਪੰਜਾਬ ਸਟੂਡੈਂਟਸ ਯੂਨੀਅਨ ਦੇ ਬੈਨਰ ਹੇਠ ਚੱਲੇ ਹੋਰ ਘੋਲਾਂ ਜਿਵੇਂ ਮੋਗਾ ਦੇ ਰੀਗਲ ਸਿਨੇਮਾ ਦਾ ਘੋਲ, ਐਮਰਜੈਂਸੀ ਵਿਰੋਧੀ ਘੋਲ ਨੇ ਪ੍ਰਿਥੀ ਨੂੰ ਵਿਦਿਆਰਥੀਆਂ ਨੌਜਵਾਨਾਂ ਤੇ ਕਿਰਤੀਆਂ ਦਾ ਹਰਮਨ ਪਿਆਰਾ ਬਣਾ ਦਿੱਤਾ। ਕੁੱਟਮਾਰ, ਅੰਮ੍ਰਿਤਸਰ ਦੇ ਇੰਟੈਰੋਗੇਸ਼ਨ ਸੈਂਟਰ ਦੇ ਤਸੀਹੇ ਵੀ ਇਸ ਨੌਜਵਾਨ ਪ੍ਰਿਥੀ ਨੂੰ ਹੱਕ, ਸੱਚ ਤੇ ਨਿਆਂ ਦੇ ਪੰਧ ਤੋਂ ਡੋਲਾ ਨਾ ਸਕੇ ਤੇ ਉਸਨੇ ਵਿਦਿਆਰਥੀ ਜੀਵਨ ਦੇ ਆਖ਼ਰੀ ਵਰ੍ਹਿਆਂ ਵਿੱਚ ਵੀ ਜਮਹੂਰੀ ਹੱਕਾਂ ਲਈ ਲਹਿਰ ਖੜੀ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਤੇ 'ਜਮਹੂਰੀ ਅਧਿਕਾਰ ਸਭਾ' ਜਥੇਬੰਦੀ ਹੋਂਦ ਵਿੱਚ ਆਈ।

ਸ਼ਹੀਦ ਭਗਤ ਸਿੰਘ ਦੇ ਸੱਚੇ ਵਾਰਸ ਵਾਂਗਰਾਂ ਪ੍ਰਿਥੀਪਾਲ ਰੰਧਾਵਾ ਨੇ ਆਪਾ-ਵਾਰਨ ਦੀ ਸ਼ਾਨਦਾਰ ਰਵਾਇਤ ਨੂੰ ਬਰਕਰਾਰ ਰੱਖਦਿਆਂ, ਜਿਸ ਇਨਕਲਾਬੀ ਹੌਂਸਲੇ ਤੇ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ ਹੈ, ਇਹ ਸਦਾ ਆਉਣ ਵਾਲ਼ੀਆਂ ਲੋਕ ਲਹਿਰਾਂ, ਖਾਸਕਰ ਵਿਦਿਆਰਥੀ-ਨੌਜਵਾਨ ਲਹਿਰ ਲਈ ਰਾਹ ਦਰਸਾਵਾ ਤੇ ਇੱਕ ਪ੍ਰੇਰਣਾਸ੍ਰੋਤ ਬਣੀ ਰਹੇਗੀ।

**- ਛਿੰਦਰਪਾਲ**

# ਕੀ ਆਤਮ ਨਿਰਣੇ ਦਾ ਅਧਿਕਾਰ ਭਾਰਤ ਵਿਚ ਸਹੀ ਹੈ?



ਡਾ. ਅਜੀਤਪਾਲ ਸਿੰਘ ਬਠਿੰਡਾ
98156-29301




ਅੱਜ ਕੱਲ੍ਹ ਕਸ਼ਮੀਰ ਦੇ ਲੋਕਾਂ ਦਾ ਬਾਗੀ ਰੌਅ ਇਕ ਵਾਰੀ ਫਿਰ ਸਿਖਰ 'ਤੇ ਹੈ। ਇਹ ਦੋ ਦਹਾਕਿਆਂ ਦੇ ਅਰਸੇ 'ਚ ਸਭ ਤੋਂ ਖਰਾਬ ਹਾਲਤ ਹੈ। ਪਰ ਇਸ ਦੇ ਬਾਵਜੂਦ ਭਾਰਤੀ ਰਾਜਸਤਾ ਤੇ ਇਸ ਦੀ ਚਾਲਕ ਸੀਟ 'ਤੇ ਇਸ ਸਮੇਂ ਬੈਠਾ ਸੰਘੀ ਪ੍ਰਧਾਨ ਮੰਤਰੀ ਇਹ ਹੀ ਸੋਚ ਰਿਹਾ ਹੈ ਕਿ ਹੋਰ ਤਿੱਖੇ ਤਸ਼ੱਦਦ ਨਾਲ ਕੁਝ ਸਮੇਂ 'ਚ ਹਾਲਾਤ ਆਮ ਵਰਗੇ ਹੋ ਜਾਣਗੇ। ਸੰਘੀ ਫਾਸ਼ੀਵਾਦੀ ਵੈਸੇ ਵੀ ਹਰ ਸਮੱਸਿਆ ਦਾ ਹੱਲ ਡੰਡੇ ਦੇ ਆਸਰੇ ਦੇਖਦੇ ਹਨ। ਕਸ਼ਮੀਰ ਸਮੱਸਿਆ ਦੇ ਮੂਲ ਵਿਚ ਹੈ, ਕਸ਼ਮੀਰੀ ਲੋਕਾਂ ਦੇ ਆਤਮ ਨਿਰਣੇ ਦਾ ਅਧਿਕਾਰ ਯਾਨੀ ਇਹ ਫੈਸਲਾ ਕਰਨ ਦਾ ਅਧਿਕਾਰ ਕਿ ਉਹ ਭਾਰਤ ਨਾਲ ਰਹਿਣਾ ਚਾਹੁੰਦੇ ਹਨ ਜਾਂ ਪਾਕਿਸਤਾਨ ਜਾਣਾ ਚਾਹੁੰਦੇ ਹਨ ਜਾਂ ਫਿਰ ਅਜ਼ਾਦ ਰਹਿਣਾ ਚਾਹੁੰਦੇ ਹਨ। ਇਸ ਆਤਮ ਨਿਰਣੇ ਦੇ ਅਧਿਕਾਰ ਦਾ ਵਾਅਦਾ ਖੁਦ ਭਾਰਤੀ ਰਾਜ ਸੱਤਾ ਨੇ ਅੱਜ ਤੋਂ ਸੱਤਰ ਸਾਲ ਪਹਿਲਾਂ ਕਸ਼ਮੀਰੀਆਂ ਨਾਲ ਕੀਤਾ ਸੀ ਜਿਸ ਨੂੰ ਉਸ ਨੇ ਕਦੀ ਪੂਰਾ ਨਹੀਂ ਕੀਤਾ। ਭਾਰਤੀ ਰਾਜ ਸੱਤਾ ਵਲੋਂ ਇਸ ਵਾਅਦੇ ਨੂੰ ਪੂਰਾ ਕਰਨ ਦਾ ਇੰਤਜ਼ਾਰ ਪੂਰੇ ਚਾਲੀ ਸਾਲਾਂ ਤੱਕ ਕਸ਼ਮੀਰੀ ਲੋਕਾਂ ਨੇ ਕੀਤਾ। ਫਿਰ ਉਨ੍ਹਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਹੁਣ ਪਿਛਲੇ ਤਿੰਨ ਦਹਾਕਿਆਂ ਤੋਂ ਸਮੁੱਚਾ ਕਸ਼ਮੀਰ ਬਾਗੀ ਹੋਣ ਦੀ ਹਾਲਤ ਵਿਚ ਹੈ। ਖੁਦ ਭਾਰਤ ਸਰਕਾਰ ਦੇ ਅਨੁਸਾਰ ਇਨ੍ਹਾਂ ਤਿੰਨ ਦਹਾਕਿਆਂ ਵਿਚ ਕਰੀਬ ਪੰਜ ਹਜ਼ਾਰ ਭਾਰਤੀ ਸੁਰੱਖਿਆ ਫੋਰਸਾਂ ਦੇ ਜਵਾਨਾਂ ਸਮੇਤ ਕੁਲ ਕਰੀਬ ਚਾਲੀ ਹਜ਼ਾਰ ਲੋਕ ਮਾਰੇ ਜਾ ਚੁੱਕੇ ਹਨ। ਬਾਕੀ ਲੋਕਾਂ ਦਾ ਅੰਦਾਜ਼ਾ ਹੈ ਕਿ ਇਹ ਗਿਣਤੀ 70 ਹਜ਼ਾਰ ਤੋਂ ਉਪਰ ਹੈ। ਇਹ ਯਾਦ ਰੱਖਣਾ ਹੋਵੇਗਾ ਕਿ ਕਸ਼ਮੀਰ ਦੀ ਕੁੱਲ ਅਬਾਦੀ ਕਰੀਬ ਸੱਠ ਲੱਖ ਹੈ (ਜੰਮੂ ਤੇ ਲਦਾਖ ਦੀ ਅਬਾਦੀ ਵੱਖਰੀ ਹੈ) ਜਦ ਅਕਤੂਬਰ, 1947 'ਚ ਜੰਮੂ ਕਸ਼ਮੀਰ ਰਿਆਸਤ ਦੇ ਉਸ ਵੇਲੇ ਦੇ ਰਾਜਾ ਹਰੀ ਸਿੰਘ ਨੇ ਇਸ ਰਿਆਸਤ ਨੂੰ ਭਾਰਤ ਵਿਚ ਰਲਾਇਆ ਤਾਂ ਰਲੇਵੇਂ ਪੱਤਰ ਵਿਚ ਇਹ ਸਪਸ਼ਟ ਤੌਰ 'ਤੇ ਐਲਾਨ ਕੀਤਾ ਗਿਆ ਸੀ ਜੰਮੂ ਕਸ਼ਮੀਰ ਵਿਚ ਭਾਰਤੀ ਰਾਜ ਸੱਤਾ ਦਾ ਦਖ਼ਲ ਸਿਰਫ਼ ਰੱਖਿਆ, ਸੰਚਾਰ ਤੇ ਵਿਦੇਸ਼ ਵਿਭਾਗ ਤੱਕ ਸੀਮਤ ਰਹੇਗਾ। ਬਾਕੀ ਸਾਰੇ ਮਾਮਲਿਆਂ ਵਿਚ ਜੰਮੂ ਕਸ਼ਮੀਰ ਖੁਦਮੁਖਤਿਆਰ ਹੋਵੇਗਾ। ਏਨਾ ਹੀ ਨਹੀਂ, ਇਹ ਤਹਿ ਕੀਤਾ ਗਿਆ ਕਿ ਜੰਮੂ ਕਸ਼ਮੀਰ ਦਾ ਭਾਰਤ ਨਾਲ ਭਵਿੱਖ ਤਹਿ ਕਰਨ ਲਈ ਇਕ ਮਰਦਮਸ਼ੁਮਾਰੀ ਕਰਵਾਈ ਜਾਵੇਗੀ। ਖੁਦ ਜੰਮੂ-ਕਸ਼ਮੀਰ ਦੀ ਹਕੂਮਤ ਤੇ ਪ੍ਰਸ਼ਾਸਨ ਲਈ ਇਕ ਸੰਵਿਧਾਨ ਸਭਾ ਦਾ ਗਠਨ ਹੋਵੇਗਾ ਜੋ ਇਸ ਦਾ ਸੰਵਿਧਾਨ ਬਣਾਵੇਗੀ। ਉਸ ਸਮੇਂ ਬਣ ਰਹੇ ਭਾਰਤੀ ਸੰਵਿਧਾਨ ਵਿਚ ਉਪਰੋਕਤ ਸਭ ਕੁਝ ਨੂੰ ਸੁਰੱਖਿਅਤ ਰੱਖਣ ਲਈ ਇਕ ਵਿਸ਼ੇਸ਼ ਧਾਰਾ-370 ਜੋੜੀ ਗਈ ਅਤੇ ਇਹ ਯਕੀਨੀ ਬਣਾਇਆ ਗਿਆ ਕਿ ਜੰਮੂ ਕਸ਼ਮੀਰ ਦੀ ਸੰਵਿਧਾਨ ਸਭਾ ਨਾਲ ਇਸ ਧਾਰਾ 'ਚ ਕੋਈ ਤਬਦੀਲੀ ਨਾ ਹੋਵੇ। ਯਾਨੀ ਇਸ ਧਾਰਾ ਨੂੰ ਭਾਰਤੀ ਸੰਸਦ ਦੀ ਪਹੁੰਚ ਤੋਂ ਲਾਂਭੇ ਕਰ ਦਿੱਤਾ ਗਿਆ। ਭਾਰਤੀ ਸੰਸਦ ਇਸ ਵਿਚ ਕੋਈ ਛੇੜਛਾੜ ਨਹੀਂ ਕਰ ਸਕਦੀ। ਇਤਿਹਾਸ ਦਾ ਇਹ ਅਜੀਬੋ-ਗਰੀਬ ਤੱਥ ਹੈ ਕਿ ਇਹ ਭਾਰਤ ਸਰਕਾਰ ਸੀ ਜੋ ਜੰਮੂ-ਕਸ਼ਮੀਰ ਦੇ ਮੁੱਦੇ ਨੂੰ ਸੰਯੁਕਤ ਰਾਸ਼ਟਰ ਸੰਘ ਲੈ ਗਈ। ਅੱਜ ਭਾਰਤ ਸਰਕਾਰ ਲਗਾਤਾਰ ਇਸ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਐਲਾਨਦੀ ਹੈ। ਇਸ ਤੱਥ ਦੇ ਬਾਵਜੂਦ 1947 ਤੋਂ ਇਕ ਤਿਹਾਈ ਕਸ਼ਮੀਰ ਪਾਕਿਸਤਾਨ ਦੇ ਕਬਜ਼ੇ ਵਿਚ ਹੈ। ਉਸ ਵੇਲੇ ਦੀ ਨਹਿਰੂ ਦੀ ਸਰਕਾਰ ਨੇ ਅਜਿਹਾ ਇਸ ਲਈ ਕੀਤਾ ਕਿ ਉਸ ਨੂੰ ਲੱਗਦਾ ਸੀ ਕਿ ਉਸ ਦਾ ਪੱਖ ਮਜ਼ਬੂਤ ਹੈ (ਰਿਆਸਤ ਦੇ ਰਾਜਾ ਹਰੀ ਸਿੰਘ ਨੇ ਭਾਰਤ 'ਚ ਰਲੇਵੇਂ ਦਾ ਫੈਸਲਾ ਲਿਆ ਸੀ) ਅਤੇ ਸੰਯੁਕਤ ਰਾਸ਼ਟਰ ਸੰਘ ਪਾਕਿਸਤਾਨ ਨੂੰ ਪਿਛੇ ਹਟਣ ਲਈ ਮਜ਼ਬੂਰ ਕਰੇਗਾ। ਨਹਿਰੂ ਸਰਕਾਰ ਨੇ ਸੰਯੁਕਤ ਰਾਸ਼ਟਰ ਸੰਘ ਵਿਚ ਵੀ ਜੰਮੂ ਕਸ਼ਮੀਰ ਦਾ ਮੁੱਦਾ ਅੰਤਿਮ ਰੂਪ 'ਚ ਤਹਿਤ ਕਰਨ ਲਈ ਉਥੇ ਜਨਮਤ (ਆਤਮ ਨਿਰਣੇ ਲਈ ਲੋਕ ਰਾਇ) ਦਾ ਮਾਹੌਲ ਬਚਾਉਣ ਲਈ ਪਾਕਿਸਤਾਨ ਆਪਣੇ ਕਬਜ਼ੇ ਦੇ ਹਿੱਸੇ ਤੋਂ ਫੌਜਾਂ ਬਾਹਰ ਕੱਢ ਲਵੇਗਾ ਤੇ ਭਾਰਤ ਸਰਕਾਰ ਵੀ ਜੰਮੂ-ਕਸ਼ਮੀਰ ਵਿਚ ਸੁਰੱਖਿਆ ਬਲਾਂ ਦੀ ਮੌਜੂਦਗੀ ਘੱਟ ਕਰ ਦੇਵੇਗੀ। ਪਿਛੋਂ ਭਾਰਤ ਸਰਕਾਰ ਜਨਮਤ (ਲੋਕ ਰਾਇ) ਦੇ ਆਪਣੇ ਵਾਅਦੇ ਤੋਂ ਮੁਕਰ ਹੀ ਗਈ ਅਤੇ ਬਹਾਨਾ ਇਹ ਬਣਾਇਆ ਕਿ ਪਾਕਿਸਤਾਨ ਸਰਕਾਰ ਆਪਣੀਆਂ ਫੌਜਾਂ ਬਾਹਰ ਕੱਢਣ ਲਈ ਤਿਆਰ ਨਹੀਂ ਸੀ। ਦਰਅਸਲ ਭਾਰਤ ਸਰਕਾਰ ਕਦੇ ਵੀ ਲੋਕ ਰਾਇ ਇਕੱਠੀ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਉਹ ਜਾਣਦੀ ਸੀ ਕਿ ਇਸ ਦਾ ਫੈਸਲਾ ਜੰਮੂ-ਕਸ਼ਮੀਰ ਦੀ ਅਜ਼ਾਦੀ ਦੇ ਪੱਖ ਵਿਚ ਹੋਵੇਗਾ। ਨਹਿਰੂ ਨੂੰ ਨੇੜਿਓਂ ਜਾਣਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਨਹਿਰੂ ਇਸ ਮਾਮਲੇ ਵਿਚ ਸ਼ੁਰੂ ਤੋਂ ਬੇਈਮਾਨੀ ਕਰ ਰਹੇ ਸਨ। ਉਹ ਕਦੇ ਵੀ ਅਸਲ ਵਿਚ ਲੋਕ ਰਾਇ ਇਕੱਠੀ ਕਰਨ ਦੇ ਪੱਖ ਵਿਚ ਨਹੀਂ ਸਨ। ਉਨ੍ਹਾਂ ਲਈ ਲੋਕ ਰਾਇ ਇਕੱਠੀ ਕਰਨ ਕਸਮੀਰ ਲੋਕਾਂ ਨੂੰ ਬੇਵਕੂਫ਼ ਬਣਾਉਣ ਦਾ ਅਧਿਕਾਰ ਸੀ। ਨਹਿਰੂ ਦਾ ਅਸਲ ਇਰਾਦਾ ਤਾਂ ਜੰਮੂ-ਕਸ਼ਮੀਰ ਦੀ ਖੁਦ ਮੁਖਤਿਆਰੀ ਨੂੰਖਤਮ ਕਰਕੇ ਉਸ ਨੂੰ ਪੂਰੀ ਤਰ੍ਹਾਂ ਭਾਰਤ 'ਚ ਮਿਲਾ ਦੇਣਾ ਸੀ। ਨਹਿਰੂ ਸਰਕਾਰ ਨੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਲੋਕ ਰਾਇ ਇਕੱਠੀ ਕਰਨ ਦਾ ਵਾਅਦਾ ਇਸ ਲਈ ਵੀ ਦਿੱਤਾ ਕਿ ਦੋ ਹੋਰ ਅਣਇੱਛਕ ਵੱਡੀਆਂ ਰਿਆਸਤਾਂ ਨੂੰ ਇਸ ਆਧਾਰਤ 'ਤੇ ਜਬਰਦਸਤੀ ਭਾਰਤ 'ਚ ਮਿਲਾਇਆ ਗਿਆ ਸੀ। ਹੈਦਰਾਬਾਦ 'ਤੇ ਜਨਾਗੜ੍ਹ ਦੀਆਂ ਦੋਨੋਂ ਵੱਡੀਆਂ ਰਿਆਸਤਾਂ ਦੇ ਹਾਕਮ ਮੁਸਲਮਾਨ ਸਨ ਅਤੇ ਉਹ ਭਾਰਤ ਵਿਚ ਨਹੀਂ ਰਲਣਾ ਚਾਹੁੰਦੇ ਸਨ। ਇਨ੍ਹਾਂ ਦੀਆਂ ਜ਼ਿਆਦਾਤਰ ਅਬਾਦੀ ਹਿੰਦੂ ਸੀ ਜੋ ਭਾਰਤ ਵਿਚ ਮਿਲਣਾ ਚਾਹੁੰਦੀ ਸੀ। ਨਹਿਰੂ ਸਰਕਾਰ ਨੇ ਇਸ ਗੱਲ ਦਾ ਦਾਅਵਾ ਕਰਕੇ ਇਨ੍ਹਾਂ ਰਿਆਸਤਾਂ ਨੂੰ ਭਾਰਤ ਵਿਚ ਮਿਲਾ ਲਿਆ ਕਿ ਉਥੇ ਦੇ ਜ਼ਿਆਦਾਤਰ ਲੋਕ ਭਾਰਤ ਵਿਚ ਮਿਲਣਾ ਚਾਹੁੰਦੇ ਹਨ। ਜੰਮੂ-ਕਸ਼ਮੀਰ ਵਿਚ ਸਥਿਤੀ ਉਲਟ ਸੀ। ਉਥੇ ਰਿਆਸਤ ਦਾ ਰਾਜਾ ਹਿੰਦੂ ਸੀ ਜਦਕਿ ਬਹੁਗਿਣਤੀ ਅਬਾਦੀ ਮੁਸਲਮਾਨ। ਅਜਿਹੇ ਵਿਚ ਕਸ਼ਮੀਰ ਲੋਕਾਂ ਨੂੰ ਨਾਲ ਲੋਕ ਰਾਇ ਇਕੱਠੀ ਕਰਨ ਦਾ ਵਾਅਦਾ ਨਾ ਕਰਨਾ ਨਹਿਰੂ ਸਰਕਾਰ ਦੇ ਦੋਗਲੇਪਨ ਨੂੰ ਜਾਹਿਰ ਕਰਦਾ ਹੈ। ਭਾਰਤ ਦੀ ਖੋਜ ਕਰਨ ਵਾਲੇ ਨਹਿਰੂ ਦੀ ਭਾਰਤ ਸਰਕਾਰ ਦਾ ਕੋਈ ਇਰਾਦਾ ਕਸ਼ਮੀਰੀ ਲੋਕਾਂ ਨੂੰ ਆਤਮ-ਨਿਰਣੇ ਦਾ ਅਧਿਕਾਰ ਦੇਣ ਦਾ ਨਹੀਂ ਸੀ ਜਾਂ ਇਸ ਦੇ ਠੀਕ ਉਲਟ ਉਸ ਦਾ ਅਸਲੀ ਇਰਾਦਾ ਛਲਕਪਟ ਨਾਲ ਇਸ ਨੂੰ ਪੂਰੀ ਤਰ੍ਹਾਂ ਭਾਰਤ ਵਿਚ ਮਿਲਾ ਦੇਣ ਦਾ ਸੀ। ਇਸ ਲਈ ਉਨ੍ਹਾਂ ਨੂੰ ਜੰਮੂ ਕਸ਼ਮੀਰ 'ਚ ਕਦੀ ਵੀ ਲੋਕ ਰਾਇ ਇਕੱਠੀ ਨਹੀਂ ਕੀਤੀ। ਏਨਾ ਹੀ ਨਹੀਂ ਜਦ 1950 ਵਿਚ ਚੋਣ ਪਿਛੋਂ ਜੰਮੂ-ਕਸ਼ਮੀਰ ਦੀ ਸੰਵਿਧਾਨ ਸਭਾ ਬਣੀ ਤੇ ਉਸ ਨੇ ਸੂਬੇ ਲਈ ਸੰਵਿਧਾਨ ਬਣਾਉਣ ਦਾ ਕੰਮ ਹੱਥ ਵਿਚ ਲਿਆ ਤਾਂ ਨਹਿਰੂ ਸਰਕਾਰ ਨੂੰ ਲੱਗਿਆ ਕਿ ਇਹ ਸਭਾ ਅਜਿਹੇ ਸੰਵਿਧਾਨ ਬਣਾ ਦੇਵੇਗੀ ਜੋ ਭਵਿੱਖ 'ਚ ਇਸ ਸੂਬੇ ਦੇ ਭਾਰਤ ਵਿਚ ਪੂਰਨ ਰਲੇਵੇਂ ਦੇ ਮਾਮਲੇ ਵਿਚ ਅੜਿੱਕਾ ਬਣ ਜਾਵੇਗਾ। ਉਹ ਭੈਅ-ਭੀਤ ਹੋ ਗਈ। ਇਸ ਨੂੰ ਰੋਕਣ ਲਈ ਨਹਿਰੂ ਸਰਕਾਰ ਨੇ ਨਹਿਰੂ ਦੇ ਨਿੱਜੀ ਦੋਸਤ ਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਸ਼ੇਖ ਅਬਦੁਲਾ ਨੂੰ 1953 ਵਿਚ ਜੇਲ੍ਹ ਵਿਚ ਸੁੱਟ ਦਿੱਤਾ। (ਸੰਵਿਧਾਨ ਸਭਾ 'ਚ ਸਾਰੇ ਨੇਤਾ ਨੈਸ਼ਨਲ ਕਾਨਫਰੰਸ ਦੇ ਹੀ ਚੁਣੇ ਗਏ ਸਨ) ਦੋਸ਼ ਇਹ ਲਾਇਆ ਗਿਆ ਕਿ ਸ਼ੇਖ ਅਬਦੁਲਾ ਜੰਮੂ ਕਸ਼ਮੀਰ ਨੂੰ ਭਾਰਤ ਤੋਂ ਵੱਖ ਕਰਨਾ ਚਾਹੁੰਦਾ ਸੀ। ਇਸ ਪਿਛੋਂ ਨਹਿਰੂ ਸਰਕਾਰ ਨੇ ਆਪਣੇ ਇਕ ਪਿੱਠੂ ਨੂੰ ਸੂਬੇ ਦਾ ਸਦਰੇ-ਰਿਆਸਤ ਬਣਾ ਕੇ ਆਪਣੀ ਮਨਪਸੰਦ ਦਾ ਸੰਵਿਧਾਨ ਬਣਾ ਲਿਆ ਅਤੇ ਸੰਵਿਧਾਨ ਸਭਾ 1958 ਵਿਚ ਭੰਗ ਕਰ ਦਿੱਤੀ ਗਈ। ਅਹਿਮ ਗੱਲ ਇਹ ਹੈ ਕਿ ਇਸ ਪਾਲਤੂ ਬਣਾ ਦਿੱਤੀ ਗਈ ਸੰਵਿਧਾਨ ਸਭਾ ਨੇ ਵੀ ਧਾਰਾ 370 ਵਿਚ ਕਿਸੇ ਤਬਦੀਲੀ ਦੀ ਸਿਫਾਰਸ਼ ਨਹੀਂ ਕੀਤੀ। ਧਾਰਾ-370 ਅਨੁਸਾਰ ਇਸ ਵਿਚ ਕੋਈ ਤਬਦੀਲੀ (ਇਸ ਦੀ ਪੂਰਨ ਸਮਾਪਤੀ ਸਮੇਤ) ਜੰਮੂ ਕਸ਼ਮੀਰ ਦੀ ਵਿਧਾਨ ਸਭਾ ਦੇ ਦੋ ਤਿਹਾਈ ਬਹੁਮਤ ਨਾਲ ਮਨਜ਼ੂਰ ਕਰਵਾ ਕੇ ਭਾਰਤ ਦੇ ਰਾਸ਼ਟਰਪਤੀ ਦੇ ਹੁਕਮ ਨਾਲ ਹੀ ਹੋ ਸਕਦੀ ਸੀ। ਸਪਸ਼ਟ ਹੀ ਭਾਰਤ ਦੇ ਸੰਵਿਧਾਨ 'ਚ ਇਸ ਧਾਰਾ ਦੀ ਵਿਵਸਥਾ ਕਰਦੇ ਸਮੇਂ ਇਸ ਨੂੰ ਤਤਕਾਲਿਕ ਮੰਨਿਆ ਗਿਆ ਸੀ। (ਉਸ ਸਮੇਂ ਦੀ ਲੋੜ ਮੁਤਾਬਕ) ਜਿਸ ਦੀ ਅੰਤਿਮ ਸ਼ਕਲ ਜਲਦੀ ਹੀ ਬਣਾਈ ਜਾਣ ਵਾਲੀ ਜੰਮੂ ਕਸ਼ਮੀਰ ਦੀ ਸੰਵਿਧਾਨ ਸਭਾ ਨੇ ਤਹਿ ਕਰਨਾ ਸੀ। ਹੁਣ ਇਸ ਧਾਰਾ ਵਿਚ ਬਿਨਾਂ ਕਿਸੇ ਤਬਦੀਲੀ ਨੂੰ ਅੰਜਾਮ ਦਿੱਤਿਆਂ ਜੰਮੂ-ਕਸ਼ਮੀਰ ਦੀ ਸੰਵਿਧਾਨ ਸਭਾ ਨੇ ਧਾਰਾ 370 ਦੇ ਮੂਲ ਰੂਪ ਨੂੰ ਹੀ ਅੰਤਿਮ ਰੂਪ ਬਣਾ ਦਿੱਤਾ ਗਿਆ। ਸੰਵਿਧਾਨ ਸਭਾ ਦੀ ਧਾਰਾ-370 ਸਥਾਈ ਹੋ ਗਈ ਹੈ ਜਿਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ ਸੀ। ਧਿਆਨ ਰੱਖਣ ਦੀ ਗੱਲ ਹੈ ਕਿ ਇਹ ਧਾਰਾ ਅਕਤੂਬਰ 1947 ਦੇ ਭਾਰਤ ਵਿਚ ਰਲੇਵੇਂ ਦੇ ਐਲਾਨ 'ਤੇ ਆਧਾਰਤ ਹੋਣ ਕਾਰਨ ਰੱਖਿਆ, ਵਿਦੇਸ਼ ਤੇ ਸੰਚਾਰ ਮਾਮਲਿਆਂ ਨੂੰ ਛੱਡ ਕੇ ਸੂਬੇ ਨੂੰ ਪੂਰੀ ਖੁੱਲ੍ਹ ਮੁਹੱਈਆ ਕਰਦੀ ਸੀ (ਭਾਵ ਕਿ ਖੁਦਮੁਖਤਿਆਰੀ ਸੂਬੇ ਨੂੰ ਸੀ) ਪਰ ਭਾਰਤੀ ਰਾਜ ਸੱਤਾ ਤੇ ਇਸ ਦੇ ਨਹਿਰੂ ਵਰਗੇ ਲੀਡਰ ਤਾਂ ਇਸ ਗੱਲ 'ਤੇ ਦ੍ਰਿੜ ਸਨ ਕਿ ਜੰਮੂ ਕਸ਼ਮੀਰ ਨੂੰ ਭਾਰਤ ਵਿਚ ਉਸ ਤਰ੍ਹਾਂ ਮਿਲਾ ਲੈਣਾ ਹੈ ਕਿ ਉਸ ਵਿਚ ਤੇ ਭਾਰਤ ਦੇ ਹੋਰਨਾਂ ਸੂਬਿਆਂ ਵਿਚ ਫਰਕ ਖਤਮ ਹੋ ਜਾਵੇ ਭਾਵ ਜੰਮੂ-ਕਸ਼ਮੀਰ ਦਾ ਭਾਰਤ ਵਿਚ ਪੂਰਨ ਰਲੇਵਾਂ ਅਤੇ ਉਨ੍ਹਾਂ ਨੇ 1970 ਦੇ ਦਹਾਕੇ ਤੱਕ ਇਹ ਕਰ ਵਿਖਾਇਆ। ਇਸ ਦਾ ਵਿਰੋਧ ਕਰਨ ਵਾਲੇ ਸ਼ੇਖ ਅਬਦੁਲਾ ਇਸ ਦੌਰਾਨ ਜ਼ਿਆਦਾ ਸਮਾਂ ਜੇਲ੍ਹ ਵਿਚ ਹੀ ਰਹੇ ਅਤੇ ਉਹ ਉਦੋਂ ਹੀ ਪੂਰੀ ਅਜ਼ਾਦੀ ਨਾਲ ਬਾਹਰ ਆਏ ਜਦੋਂ ਉਹ ਭਾਰਤ ਸਰਕਾਰ ਦੇ ਪਾਲਤੂ ਬਣ ਚੁੱਕੇ ਸਨ। ਪਿਛੋਂ ਉਨ੍ਹਾਂ ਦੇ ਪੁੱਤਰ ਫਾਰੂਕ ਅਬਦੁੱਲਾ ਅਤੇ ਪੋਤੇ ਉਮਰ ਅਬਦੁੱਲਾ ਨੇ ਇਹ ਪਾਲਤੂਪੁਣੇ ਨੂੰ ਜਾਰੀ ਰੱਖਿਆ। ਪਿਛੋਂ ਅਜ਼ਾਦੀ ਤੇ ਪ੍ਰਭੂਸੱਤਾ ਦੀ ਗੱਲ ਕਰਨ ਵਾਲੀਆਂ ਜੋ ਵੀ ਸਰਮਾਏਦਾਰ ਪਾਰਟੀਆਂ ਉਥੇ ਉਭਰੀਆਂ ਉਹ ਕ੍ਰਮਵਾਰ ਪਾਲਤੂ ਬਨਦੀਆਂ ਗਈਆਂ (ਜਿਸ ਵਿਚ ਅੱਜ ਦੀ ਸੱਤਾਧਾਰੀ ਪੀ.ਡੀ.ਪੀ. ਵੀ ਹੈ) ਅਤੇ ਅੱਜ ਲੋਕ ਇਨ੍ਹਾਂ ਸਾਰਿਆਂ ਤੋਂ ਮੁਕਤ ਹੋ ਕੇ ਅਜ਼ਾਦੀ ਲਈ ਸੜਕਾਂ 'ਤੇ ਹਨ। ਧਾਰਾ-370 ਦੇ ਬਾਵਜੂਦ ਜੰਮੂ-ਕਸ਼ਮੀਰ ਦੇ ਭਾਰਤ ਵਿਚ ਪੂਰਨ ਰਲੇਵੇਂ ਦਾ ਹੈਰਾਨੀਜਨਕ ਕਾਰਨਾਮਾ ਭਾਰਤ ਸਰਕਾਰ ਨੇ ਇਸ ਧਾਰਾ ਦੀ ਇਕ ਵਿਵਸਥਾ ਦੇ ਦੁਰਉਪਯੋਗ ਰਾਹੀਂ ਕੀਤਾ। ਜਿਵੇਂ ਕਿ ਦੱਸਿਆ ਗਿਆ ਹੈ, ਧਾਰਾ-370 ਦੀ ਇਸ ਚੋਰਮੋਰੀ (ਵਿਵਸਥਾ) ਦੀ ਵਰਤੋਂ ਕੀਤੀ ਅਤੇ ਕੁਝ ਦਹਾਕਿਆਂ ਵਿਚ ਜੰਮੂ-ਕਸ਼ਮੀਰ ਦੇ ਭਾਰਤ ਵਿਚ ਪੂਰਨ ਰਲੇਵੇਂ ਦਾ ਪੂਰਾ ਹਾਥੀ ਹੀ ਇਸ ਚੋਰ-ਮੋਰੀ ਰਾਹੀਂ ਕੱਢ ਲਿਆ। ਅਕਤੂਬਰ 1947 ਦੀ ਰਲੇਵਾਂ ਚਿੱਠੀ ਉਸ 'ਤੇ ਆਧਾਰਤ ਧਾਰਾ-370 ਅਤੇ ਇਨ੍ਹਾਂ ਸਾਰਿਆਂ ਦਾ ਅੰਤਿਮ ਹੱਲ ਕਰਨ ਵਾਲੀ ਲੋਕ ਰਾਇ ਇਕੱਠੀ ਕਰਨ ਦਾ ਵਾਅਦਾ ਸਭ ਕਿਨਾਰੇ ਰਹਿ ਗਏ। ਇਹ ਸਭਾ ਮਿਲਾ ਕੇ ਜੰਮੂ ਕਸ਼ਮੀਰ ਦੀ ਵਿਸ਼ਾਲ ਪ੍ਰਭੂਸੱਤਾ ਯਕੀਨੀ ਬਣਾਉਂਦੇ ਸਨ। ਭਾਰਤੀ ਰਾਜਸੱਤਾ ਨੇ ਧਾਰਾ-370 ਦੀ ਇਕ ਵਿਵਸਥਾ ਦੀ ਵਰਤੋਂ ਕਰਕੇ ਸਮੁੱਚੀ ਧਾਰਾ ਨੂੰ ਖਤਮ ਕਰ ਦਿੱਤਾ, ਬੇਕਾਰ ਬਣਾ ਦਿੱਤਾ। ਇਥੇ ਗੱਲ ਸਮੁੱਚੀ ਭਾਰਤੀ ਰਾਜ ਸੱਤਾ ਦੀ ਹੋ ਰਹੀ ਹੈ, ਸਿਰਫ਼ ਭਾਰਤ ਸਰਕਾਰ ਦੀ ਨਹੀਂ। ਕਾਰਨ ਕਿ ਭਾਰਤ ਦੀ ਨਿਆਂਪਾਲਿਕਾ ਨੇ ਭਾਰਤ ਸਰਕਾਰ ਵਲੋਂ ਕੀਤੀ ਜਾ ਰਹੀ ਭਾਰਤੀ ਸੰਵਿਧਾਨ ਦੀ ਸ਼ਰੇਆਮ ਇਸ ਦੀ ਉਲੰਘਣਾ ਨੂੰ ਜਾਇਜ਼ ਠਹਿਰਾਇਆ। ਉਸ ਨੇ ਇਸ ਧਾਰਾ ਦੀ ਚੋਰਮੋਰੀ ਵਰਤ ਕੇ ਹਾਥੀ ਲੰਘਾਉਣ ਨੂੰ ਗੈਰ ਸੰਵਿਧਾਨਕ ਨਹੀਂ ਐਲਾਨਿਆ। ਉਸ ਨੇ ਜੰਮੂ-ਕਸ਼ਮੀਰ ਦੀ ਪ੍ਰਭੂਸੱਤਾ ਦੀ ਰਾਖੀ ਨਹੀਂ ਕੀਤੀ। ਇਹ ਇਸ ਦੇ ਬਾਵਜੂਦ ਕਿ ਭਾਰਤ ਸਰਕਾਰ ਭਾਰਤੀ ਨਿਆਂਪਾਲਿਕਾ ਨੇ ਲਗਾਤਾਰ ਇਹ ਫੈਸਲਾ ਦਿੱਤਾ ਕਿ ਧਾਰਾ-370 ਨੂੰ ਨਾ ਤਾਂ ਸੋਧਿਆ ਜਾ ਸਕਦਾ ਹੈ ਅਤੇ ਨਾ ਹੀ ਖਤਮ ਕੀਤਾ ਜਾ ਸਕਦਾ ਹੈ। ਹੁਣ ਇਸ ਧਾਰਾ ਦਾ ਕੋਈ ਮਤਲਬ ਨਹੀਂ ਬਚਿਆ ਹੈ। ਹੁਣ ਇਹ ਧਾਰਾ ਸਿਰਫ਼ ਇਕ ਇਤਿਹਾਸਕ ਰਹਿੰਦ ਖੂੰਹਦ ਬਣ ਕੇ ਰਹਿ ਗਈ ਹੈ ਜੋ ਇਹ ਦਿਖਾਉਂਦੀ ਹੈ ਕਿ ਭਾਰਤ 'ਚ ਜੰਮੂ-ਕਸ਼ਮੀਰ ਦੀ ਮੂਲ ਥਾਂ ਕੀ ਸੀ ਅਤੇ ਕਿਵੇਂ ਭਾਰਤੀ ਰਾਜ ਸੱਤਾ ਨੇ ਝੂਠ-ਫਰੇਬ ਅਤੇ ਧੋਖਾਧੜੀ ਨਾਲ ਉਸ ਨੂੰ ਭਾਰਤ ਦਾ ਇਕ ਹੋਰ ਸੂਬਾ ਬਣਾ ਕੇ ਰੱਖ ਦਿੱਤਾ। ਭਾਰਤੀ ਰਾਜ ਸੱਤਾ ਦੇ ਇਸ ਝੂਠ-ਫਰੇਬ ਅਤੇ ਛਲ-ਕਪਟ ਨੂੰ ਕਸ਼ਮੀਰ ਲੋਕ ਚਾਰ ਦਹਾਕਿਆਂ ਤੱਕ ਝੱਲਦੇ ਰਹੇ। ਉਨ੍ਹਾਂ ਨੇ ਹਥਿਆਰ ਨਹੀਂ ਚੁੱਕੇ। ਪਰ 1980 ਦੇ ਦਹਾਕੇ ਦੇ ਅੰਤ ਵਿਚ ਲੋਕਾਂ ਦੇ ਸਬਰ ਦਾ ਪਿਆਲਾ ਭਰ ਕੇ ਡੁਲ੍ਹਣ ਲੱਗਿਆ, ਪੂਰਾ ਕਸਮੀਰ ਉਬਾਲੇ ਖਾਣ ਲੱਗਿਆ। ਉਦੋਂ ਤੋਂ ਲੈ ਕੇ ਅੱਜ ਤੱਕ ਕਸ਼ਮੀਰ ਦਾ ਚੱਪਾ-ਚੱਪਾ ਭਾਰਤੀ ਫੌਜ ਅਤੇ ਨੀਮ ਫੌਜੀ ਬਲਾਂ ਦੀਆਂ ਸੰਗੀਨਾਂ ਤੇ ਬੂਟੇ ਹੇਠ ਜਿਉਂ ਰਿਹਾ ਹੈ। ਭਾਰਤੀ ਰਾਜ ਸੱਤਾ ਇਥੇ ਪਿਛਲੇ ਤਿੰਨ ਦਹਾਕਿਆਂ ਵਿਚ 60-70 ਹਜ਼ਾਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਚੁੱਕੀ ਹੈ। ਕਿਸੇ ਹੋਰ ਦੇਸ਼ ਦਾ ਮਾਮਲਾ ਹੁੰਦਾ ਤਾਂ ਭਾਰਤੀ ਹਾਕਮ ਵੀ ਉਸ ਨੂੰ ਮਨੁੱਖੀ ਹੱਕਾਂ ਦਾ ਮਾਮਲਾ ਦੱਸ ਕੇ ਰੌਲਾ ਪਾਉਂਦੇ ਪਰ ਇਥੇ ਤਾਂ ਉਨ੍ਹਾਂ ਲਈ ਸਿਰਫ਼ ਇਕ ਕਾਨੂੰਨ ਵਿਵਸਥਾ ਦਾ ਹੀ ਮਾਮਲਾ ਹੈ। ਚਾਰ ਦਹਾਕਿਆਂ ਤੱਕ ਕਸ਼ਮੀਰੀ ਲੋਕਾਂ ਦੇ ਨਾਲ ਝੂਠ-ਫਰੇਬ ਤੇ ਛਲ-ਕਪਟ ਕਰਨ ਵਾਲੀ ਭਾਰਤੀ ਰਾਜਸੱਤਾ ਦਾ ਰੁਖ ਕਸ਼ਮੀਰੀ ਲੋਕਾਂ ਦੀ ਬਗਾਵਤ ਪ੍ਰਤੀ ਉਨ੍ਹਾਂ ਦੀ ਪੁਰਾਣੀ ਨੀਤੀ ਦਾ ਵਿਸਥਾਰ ਸੀ। ਉਸ ਨੇ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕੀਤਾ ਕਿ ਕਸ਼ਮੀਰੀ ਲੋਕਾਂ ਦੀ ਬਾਗਵਤ ਉਸ ਨਾਲ ਪਿਛਲੇ ਚਾਰ ਦਹਾਕਿਆਂ ਤੋਂ ਕੀਤੇ ਜਾ ਰਹੇ ਵਿਸ਼ਵਾਸਘਾਤ ਦਾ ਸਿੱਟਾ ਹੈ। ਇਸ ਬਦਲੇ ਉਨ੍ਹਾਂ ਨੇ ਕਿਹਾ ਕਿ ਇਹ ਬਗਾਵਤ ਪਾਕਿਸਤਾਨ ਸਰਕਾਰ ਤੋਂ ਪ੍ਰੇਰਿਤ ਹੈ ਅਤੇ ਇਸ ਵਿਚ ਅਫਗਾਨਿਸਤਾਨ 'ਚ ਸਿਖਲਾਈ ਹਾਸਲ ਇਸਲਾਮੀ ਜਹਾਦੀਆਂ ਦੀ ਪ੍ਰਮੁੱਖ ਭੂਮਿਕਾ ਹੈ। ਇਸ ਐਲਾਨ ਰਾਹੀਂ ਉਸ ਨੇ ਬਗਾਵਤ ਕੁਚਲਣ ਲਈ ਫੌਜੀ ਜਬਰ ਦੀ ਪ੍ਰਮੁੱਖ ਨੀਤੀ ਐਲਾਨੀ। ਇਸ ਦੇ ਤਹਿਤ ਕਸ਼ਮੀਰ ਵਿਚ ਚੱਪੇ-ਚੱਪੇ 'ਤੇ ਫੌਜੀ

ਤਾਇਨਾਤ ਕਰਨ ਦੇ ਨਾਲ ਕਸਮੀਰ ਲੜਾਕਿਆਂ ਵਿਚ ਫੁਟ ਪਾਉਣ ਮੁਕਾਬਲੇ ਦੇ ਦਹਿਸਤਗਰਦ ਗੁਟ ਖੜ੍ਹੇ ਕਰਨ ਤੇ ਗੋਡੇ ਟੇਕਣ ਵਾਲੇ ਦਹਿਸ਼ਤਗਰਦਾਂ ਦੀ ਵਰਤੋਂ ਕਰਨ ਦਾ ਸਾਰਾ ਕੰਮ ਕੀਤਾ ਗਿਆ। ਕਸ਼ਮੀਰ ਹੁਣ ਹੋਰ ਵੀ ਜ਼ਿਆਦਾ ਭਾਰਤੀ ਰਾਜ ਸੱਤਾ ਦੇ ਝੂਠ-ਫਰੇਬ ਤੇ ਛਲ-ਕਪਟ ਦਾ ਅਖਾੜਾ ਬਣ ਗਿਆ। ਇਹ ਭਿਆਨਕ ਤੇ ਜਾਲਮ ਰੁਖ ਸੀ ਕਿਉਂਕਿ ਇਹ ਫੌਜੀ ਜਬਰ ਜੁਲਮ ਨਾਲ ਮਿਲਿਆ ਹੋਇਆ ਸੀ। ਉਦੋਂ ਤੋਂ ਪਿਛਲੇ ਤਿੰਨ ਦਹਾਕਿਆਂ ਵਿਚ ਭਾਰਤ ਸਰਕਾਰ ਇਸ ਨੀਤੀ 'ਤੇ ਚਲਦੀ ਰਹੀ ਹੈ। ਸੁਭਾਵਿਕ ਹੀ ਕਿਸੇ ਬਗਾਵਤ ਵਿਚ-ਵਿਚ ਕੁਝ ਸੁਸਤੀ ਦੇ ਪਲ ਆਉਂਦੇ ਹਨ। ਖਾਸ ਕਰਕੇ ਜਦੋਂ ਜਬਰ ਬਹੁਤ ਤਿੱਖਾ ਹੋਵੇ। ਜਦ ਸੱਠ ਲੱਖ ਦੀ ਅਬਾਦੀ ਪੰਜ ਲੱਖ ਤੋਂ ਵੱਧ ਬੰਦੂਕਾਂ ਦਾ ਸਾਹਮਣਾ ਕਰ ਰਹੀ ਹੋਵੇ। ਅਜਿਹੇ ਪਲਾਂ ਵਿਚ ਭਾਰਤੀ ਰਾਜਸੱਤਾ ਦਾਅਵਾ ਕਰ ਦਿੰਦੀ ਹੈ ਕਿ ਕਸ਼ਮੀਰ ਬਗਾਵਤ ਖਤਮ ਹੋ ਗਈ ਹੈ, ਹਾਲਾਤ ਕਾਬੂ ਵਿਚ ਆ ਗਏ ਹਨ ਪਰ ਕੁਝ ਸਮੇਂ ਬਾਅਦ ਹੀ ਲਾਵਾ ਫਿਰ ਫੁਟਦਾ ਹੈ। ਪਿਛਲੇ ਦਹਾਕੇ ਭਰ ਤੋਂ ਤਾਂ ਬੰਦੂਕਧਾਰੀ ਲੜਾਕਿਆਂ ਦੇ ਬਦਲੇ ਨਿਹੱਥੀ ਜਨਤਾ ਨੇ ਹੀ ਬਗਾਵਤ ਦਾ ਮੋਰਚਾ ਸੰਭਾਲ ਰੱਖਿਆ ਹੈ। ਇਸ ਨਿਹੱਥੀ ਜਨਤਾ ਦਾ ਸਭ ਤੋਂ ਵੱਡਾ ਹਥਿਆਰ ਹੈ ਪੱਥਰ ਜਿਸ ਦਾ ਜਵਾਬ ਭਾਰਤੀ ਰਾਜ ਸੱਤਾ ਗੋਲੀਆਂ ਨਾਲ ਦੇ ਰਹੀ ਹੈ। 'ਪੈਲੇਟਗਨ' ਉਨ੍ਹਾਂ ਦਾ ਸਭ ਤੋਂ ਨਰਮ ਹਥਿਆਰ ਹੈ। ਉਪਰੋਕਤ ਸਾਰੇ ਕੁਝ ਤੋਂ ਸਪਸ਼ਟ ਹੈ ਕਿ ਕਸ਼ਮੀਰ ਦੇ ਮਾਮਲੇ ਵਿਚ ਭਾਰਤੀ ਰਾਜਸੱਤਾ ਪਿਛਲੇ। ਸੱਤ ਦਹਾਕਿਆਂ ਤੋਂ ਇਕ ਹੀ ਨੀਤੀ 'ਤੇ ਚਲਦੀ ਰਹੀ ਹੈ-ਕਸ਼ਮੀਰ ਦੇ ਲੋਕਾਂ ਦੇ ਆਤਮ ਨਿਰਣੇ ਦੇ ਹੱਕ ਨੂੰ ਕੁਚਲਣਾ ਤੇ ਉਸ ਦੀ ਖੁਦਮੁਖਤਿਆਰੀ ਨੂੰ ਖਤਮ ਕਰਕੇ ਉਸ ਦਾ ਭਾਰਤ ਵਿਚ 'ਮੁਕੰਮਲ ਰਲੇਵਾਂ' ਕਰਨਾ। ਇਸ ਦੇ ਲਈ ਗੈਰ-ਸੰਵਿਧਾਨਕ ਕਦਮਾਂ ਤੋਂ ਲੈ ਕੇ ਬੰਦੂਕ ਤੱਕ ਦੀ ਉਨ੍ਹਾਂ ਨੇ ਵਰਤੋਂ ਕੀਤੀ ਹੈ। ਇਹ ਕੁਝ ਨਹਿਰੂ ਵਰਗੇ 'ਡੈਮੋਕਰੇਟ' ਨੇ ਵੀ ਕੀਤਾ ਅਤੇ ਇੰਦਰਾ ਗਾਂਧੀ ਵਰਗੀ ਤਾਨਾਸ਼ਾਹ ਨੇ ਵੀ। ਹੁਣ ਇਸ ਨੂੰ ਸੰਘੀ ਫਾਸ਼ੀਵਾਦੀ ਮੋਦੀ ਅੱਗੇ ਵਧਾ ਰਹੇ ਹਨ ਜਿਨ੍ਹਾਂ ਦੀ ਭਾਸ਼ਾ ਦਾ ਸਭ ਤੋਂ ਪਿਆਰਾ ਸ਼ਬਦ ਹੀ ਲਾਠੀ-ਡੰਡਾ ਹੈ। ਭਾਰਤੀ ਰਾਜਸੱਤਾ ਦਾ ਇਹ ਰੁਖ ਸਿਰਫ਼ ਜੰਮੂ-ਕਸ਼ਮੀਰ ਦੇ ਮਾਮਲੇ ਵਿਚ ਹੀ ਨਹੀਂ ਹੈ। ਇਹ ਰੁਖ ਉਤਰ ਪੂਰਬੀ ਖਿੱਤੇ ਦੇ ਮਣੀਪੁਰ-ਨਾਗਾਲੈਂਡ। ਅਸਮ ਆਦਿ ਸੂਬਿਆਂ ਪ੍ਰਤੀ ਵੀ ਹੈ। ਇਥੇ ਮਣੀਪੁਰ-ਨਾਗਾਲੈਂਡ ਵਰਗੇ 'ਅਜ਼ਾਦੀ' ਦੇ ਸਮੇਂ ਤੋਂ ਫੌਜ ਦੇ ਹਵਾਲੇ ਹਨ। ਇਥੇ ਫੌਜੀ ਜਬਰ ਦੀ ਆਪਣੀ ਹੀ ਗਾਥਾ ਹੈ। ਭਾਰਤ ਦੀ ਸਰਮਾਏਦਾਰ ਜਮਾਤ ਨੇ 1947 ਵਿਚ ਭਾਰਤ ਨੂੰ ਇਕ ਸੰਘੀ ਗਣਤੰਤਰ ਬਣਾਉਣ ਦਾ ਐਲਾਨ ਕੀਤਾ ਸੀ। ਸੰਵਿਧਾਨ ਵਿਚ ਇਸ ਸੰਘੀ ਗਣਤੰਤਰ ਨਾਮਕ ਸ਼ਬਦ ਨੂੰ ਦਰਜ ਵੀ ਕੀਤਾ ਸੀ। ਪਰ ਭਾਰਤੀ ਸਰਮਾਏਦਾਰ ਜਮਾਤ ਦਾ ਕਦੇ ਵੀ ਇਹ ਇਰਾਦਾ ਨਹੀਂ ਸੀ ਕਿ ਭਾਰਤ ਨੂੰ ਇਕ ਅਸਲੀ ਗਣਤੰਤਰ ਬਣਾਇਆ ਜਾਵੇ। ਉਸ ਨੂੰ ਡਰ ਸੀ ਕਿ ਇਉਂ ਭਾਰਤ ਖਿੰਡ ਜਾਵੇਗਾ। ਭਾਰਤ ਦੀ ਅਖੰਡਤਾ ਖਿੰਡ ਸਕਦੀ ਹੈ। ਉਸ ਨੇ ਇਕ ਕੇਂਦਰੀਕ੍ਰਿਤ ਢਾਂਚਾ ਬਣਾਇਆ ਅਤੇ ਸੂਬਿਆਂ ਦੀ ਖੁਦਮੁਖਤਿਆਰੀ ਦੀ ਉਲੰਘਣਾ ਕਰਕੇ ਉਨ੍ਹਾਂ ਨੂੰ ਦਬਾਇਆ। ਵੱਖ ਹੋਣ ਦੀ ਮੰਗ ਤਾਂ ਭਾਰਤ ਹਾਕਮ ਨੂੰ ਹਜ਼ਮ ਹੀ ਨਹੀਂ ਹੁੰਦੀ ਤੇ ਉਨ੍ਹਾਂ ਨੇ ਇਹ ਮੰਗ ਜਬਰ ਨਾਲ ਦਬਾਅ ਦਿੱਤੀ ਹੈ। ਕੌਮਾਂ ਦੇ ਆਤਮ ਨਿਰਣੇ ਦੀ ਮੰਗ ਇਕ ਜਮਹੂਰੀ ਮੰਗ ਹੈ ਜਿਸ ਦੀ ਹਾਕਮ ਜਮਾਤ ਨੇ ਹਮੇਸ਼ਾ ਉਲੰਘਣਾ ਕੀਤੀ ਹੈ।

(ਕਰਟਸੀ ਨਾਗਰਿਕ ਮਈ-17)

# ਰਾਮਰਾਜ ਵੱਲ ਵਾਪਸੀ

***ਸੰਘੀ ਲਾਣਾ ਜਿਵੇਂ ਰਾਮ ਦੇ ਰਾਜ ਨੂੰ ਬਹੁਤ ਉਤਮ ਦੱਸ ਕੇ ਦੁਬਾਰਾ ਰਾਮ ਰਾਜ ਸਥਾਪਿਤ ਕਰਨ ਲਈ ਭੋਲੇ ਭਾਲੇ ਹਿੰਦੂਆਂ ਨੂੰ ਪਿੱਛੇ ਲਾ ਕੇ ਅੱਤ ਚੁੱਕ ਰਿਹਾ ਹੈ ਉਸੇ ਤਰ੍ਹਾਂ ਸਾਡੇ ਪੰਜਾਬ ਚ ਵੀ ਕੁੱਝ ਲੋਕ ਮਹਾਰਾਜ ਰਣਜੀਤ ਸਿੰਘ ਦੇ ਰਾਜ ਦੀਆਂ ਤਰੀਫ਼ਾ ਬੰਨ ਬੰਨ ਭੋਲੇ ਭਾਲੇ ਸਿੱਖਾਂ ਦੇ ਹੱਥਾਂ 'ਚ ਕਿਰਪਾਨਾਂ ਫੜਾ ਕੇ ਇਕ ਹੋਰ 1947 ਸਿਰਜਣ ਦੀ ਤਾਕ 'ਚ ਨੇ।***

ਜਿਸ ਨੂੰ ਤੁਸੀਂ ਭਾਰਤ ਦੀ ਪੁਰਾਣੀ ਸੰਸਕ੍ਰਿਤੀ ਕਹਿੰਦੇ ਹੋ ਉਸਤੋਂ ਜਿੰਨਾ ਛੇਤੀ ਪਿੱਛਾ ਛੁਡਾ ਲਈਏ ਖਰਾ ਹੈ। ਸਿਰਫ ਆਪਣੀ ਹੋਣ ਨਾਲ ਕੋਈ ਬਿਮਾਰੀ ਚੰਗੀ ਨਹੀਂ ਹੋ ਜਾਂਦੀ। ਪਰ ਜਿਸ ਜਾਲ ਵਿੱਚ ਤੁਸੀਂ ਜਕੜੇ ਹੋਏ ਹੋਵੋਂ ਹਜ਼ਾਰਾਂ ਸਾਲਾਂ ਤੋਂ, ਉਹ ਚੰਗਾ ਲੱਗਣ ਲੱਗ ਪੈਂਦਾ ਹੈ। ਲੋਕ ਆਖਦੇ ਹਨ ਸਭ ਚੰਗੀਆਂ ਚੀਜ਼ਾਂ ਭਾਰਤ ਵਿੱਚ ਸਨ, ਰਾਮਰਾਜ, ਸਮਾਜਵਾਦ, ਸਚਾਈ ਸੀ ਖੁਸ਼ਹਾਲੀ ਸੀ। ਉਹ ਬਕਦੇ ਹਨ। ਪਿੱਛੇ ਵੱਲ ਮੁੜਨਾ ਮੂਰਖਤਾ ਹੈ। ਸਨਕ ਹੈ। ਕੋਈ ਚੰਗੀ ਚੀਜ਼ ਨਹੀਂ ਸੀ ਜਿਸ ਵੱਲ ਮੁੜਨ ਦੀ ਲੋੜ ਹੋਵੇ। ਚੰਗੀਆਂ ਚੀਜ਼ਾਂ ਛੱਡ ਕੇ ਤੁਰ ਆਉਣ ਵਾਲੀ ਕਰਤੂਤ ਦੇ ਮਾਲਕ ਭਲਾਂ ਅਸੀਂ ਕਿੱਥੋਂ? ਜੇ ਕੋਈ ਚੰਗੀ ਚੀਜ਼ ਹੁੰਦੀ ਤਾਂ ਅਸੀਂ ਛੱਡ ਕੇ ਹੀ ਨਾ ਆਏ ਹੁੰਦੇ। ਚੰਗੀ ਚੀਜ਼ ਨੂੰ ਛੱਡ ਕੇ ਕੋਈ ਨਹੀਂ ਜਾਂਦਾ ਅਤੇ ਜੇ ਜਾਂਦਾ ਵੀ ਹੈ ਨਾ ਤਾਂ ਹੋਰ ਚੰਗੀ ਚੀਜ਼ ਦੀ ਖੋਜ ਵਿੱਚ ਜਾਂਦਾ ਹੈ ਪਰ ਅਸੀਂ ਬੜੇ ਭੁਲੇਖੇ ਵਿੱਚ ਹਾਂ।

ਸਾਡਾ ਖਿਆਲ ਹੈ ਕਿ ਭਾਰਤ ਸੋਨੇ ਦੀ ਚਿੜੀ ਸੀ। ਭਾਰਤ ਕਦੇ ਸੋਨੇ ਦੀ ਚਿੜੀ ਨਹੀ ਸੀ। ਹਾਂ ਕੁੱਝ ਲੋਕਾਂ ਵਾਸਤੇ ਸੀ ਅਤੇ ਕੁੱਝ ਕੁ ਲੋਕਾਂ ਵਾਸਤੇ ਤਾਂ ਅੱਜ ਵੀ ਹੈ। ਸਾਰੇ ਲੋਕਾਂ ਲਈ ਤਾਂ ਕਦੇ ਵੀ ਨਹੀ ਸੀ। ਅਸੀਂ ਸੋਚਦੇ ਹਾਂ ਕਿ ਪਿਛਲੇ ਸਮੇਂ ਵਿੱਚ ਘਰਾਂ ਨੂੰ ਜਿੰਦਰੇ ਨਹੀਂ ਲਗਾਏ ਜਾਂਦੇ ਸਨ। ਪ੍ਰਮਾਤਮਾ ਰਾਜ ਸਨ। ਭਲੇ ਵੇਲੇ ਸਨ। ਮੈਂ ਨਹੀਂ ਸਮਝਦਾ ਇਹ ਸੱਚ ਹੋ ਸਕਦਾ ਹੈ। ਸੱਚ ਹੋਊ ਤਾਂ ਕਾਰਨ ਕੁੱਝ ਹੋਰ ਹੋਣਗੇ। ਜੋ ਆਮ ਸਮਝਿਆ ਜਾਂਦਾ ਹੈ ਉਹ ਕਾਰਨ ਨਹੀਂ ਹੋ ਸਕਦਾ।

ਕਿਉਂਕਿ ਮਹਾਤਮਾ ਬੁੱਧ ਲੋਕਾਂ ਨੂੰ ਸਮਝਾ ਰਹੇ ਹਨ ਕਿ ਚੋਰੀ ਨਾ ਕਰੋ। ਮਹਾਂਵੀਰ ਸਿਖਿਆ ਦਿੰਦੇ ਹਨ ਕਿ ਚੋਰੀ ਨਾ ਕਰੋ। ਜੇ ਲੋਕ ਏਨੇ ਚੰਗੇ ਸਨ ਕਿ ਘਰਾਂ ਨੂੰ ਤਾਲੇ ਦੀ ਲੋੜ ਨਹੀਂ ਸੀ ਤਾਂ ਮਹਾਂਵੀਰ ਤੇ ਬੁੱਧ ਦਾ ਦਿਮਾਗ ਖਰਾਬ ਰਿਹਾ ਹੋਵੇਗਾ। ਉਹ ਕਿਸਨੂੰ ਸਮਝਾ ਰਹੇ ਸਨ ਕਿ ਚੋਰੀ ਨਾ ਕਰੋ? ਨਹੀਂ, ਚੋਰੀ ਏਸੇ ਤਰ੍ਹਾਂ ਹੀ ਸੀ। ਪੁਰਾਣੇ ਵਕਤਾਂ ਵਿੱਚ ਵੀ। ਤਾਂ ਇਸਦਾ ਮਤਲਬ ਇਹ ਨਿਕਲਦਾ ਹੈ ਕਿ ਜੰਦਰੇ ਉਹਨਾਂ ਘਰਾਂ ਵਿੱਚ ਨਹੀਂ ਲਗਦੇ ਹੋਣਗੇ ਜਿਨ੍ਹਾਂ ਘਰਾਂ 'ਚ ਚੋਰੀ ਹੋਣ ਨੂੰ ਕੁੱਝ ਨਹੀਂ ਹੋਵੇਗਾ। ਹੋਰ ਕੋਈ ਕਾਰਨ ਨਹੀਂ ਹੋਵੇਗਾ। ਪਰ ਜੇ ਜੰਦਰੇ ਨਹੀ ਸਨ ਤਾਂ ਇਸਦਾ ਇਹ ਮਤਲਬ ਉੱਕਾ ਨਹੀ ਨਿਕਲਦਾ ਕਿ ਲੋਕ ਚੋਰ ਨਹੀਂ ਸਨ। ਕਿਉਂਕਿ ਸਾਰੇ ਸ਼ਾਸ਼ਤਰ, ਗ੍ਰੰਥ ਕਹਿ ਰਹੇ ਹਨ ਕਿ ਚੋਰੀ ਨਾ ਕਰੋ।

ਸੁਕਰਾਤ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਇਹੋ ਕਹਿੰਦਾ ਗਿਆ ਹੈ ਕਿ ਮੁੰਡੇ ਵਿਗੜ ਗਏ ਹਨ। ਮਾਂ ਪਿਓ ਤੇ ਅਧਿਆਪਕ ਦਾ ਕੋਈ ਆਦਰ ਨਹੀਂ ਰਿਹਾ। ਲੋਕ ਬੇਈਮਾਨ ਤੇ ਭ੍ਰਿਸ਼ਟਾਚਾਰੀ ਹੋ ਗਏ ਹਨ। ਚੀਨ ਵਿੱਚ ਇੱਕ ਛੇ ਹਜ਼ਾਰ ਵਰ੍ਹੇ ਪੁਰਾਣੀ ਕਿਤਾਬ ਹੈ। ਉਸਦਾ ਮੁੱਖ ਬੰਦ ਪੜੀਏ ਤਾਂ ਏਦਾਂ ਜਾਪਦਾ ਹੈ ਜਿਵੇਂ ਅੱਜ ਸਵੇਰ ਦੇ ਅਖਬਾਰ ਦਾ ਸੰਪਾਦਕੀ ਲੇਖ ਹੈ। ਉਸ ਵਿੱਚ ਲਿਖਿਆ ਹੈ ਕਿ ਲੋਕ ਬੜੇ ਵਿਗੜ ਗਏ ਹਨ। ਨੈਤਿਕਤਾ ਦਾ ਨਾਸ਼ ਹੋ ਗਿਆ ਹੈ। ਲੋਕ ਭੌਤਿਕਵਾਦੀ ਹੋ ਗਏ ਹਨ। ਭ੍ਰਿਸ਼ਟਾਚਾਰ ਫੈਲ ਗਿਆ ਹੈ। ਕੋਈ ਕਿਸੇ ਦੀ ਨਹੀ ਸੁਣਦਾ। ਲਗਦਾ ਹੈ ਜਿਵੇਂ ਮਹਾਂ ਪਰਲੋ ਨੇੜੇ ਆ ਗਈ ਹੈ। ਛੇ ਹਜ਼ਾਰ ਸਾਲ ਪਹਿਲਾਂ ਦੀ ਕਿਤਾਬ ਹੈ, ਉਸ ਵਿੱਚ ਵੀ ਲਿਖਿਆ ਹੈ ਕਿ ਪੁਰਾਣੇ ਲੋਕ ਚੰਗੇ ਹੁੰਦੇ ਹਨ। ਏ ਹੁੰਦਾ ਸੀ, ਵੋ ਹੁੰਦਾ ਸੀ।



ਅਸਲ ਚ ਇਹ ਸਰਵਵਿਆਪੀ ਤੇ ਚਗਲਿਆ ਹੋਇਆ ਵਹਿਮ ਹੈ ਕਿ ਪਹਿਲਾਂ ਦੇ ਲੋਕ ਚੰਗੇ ਹੁੰਦੇ ਸਨ। ਅਸਲ 'ਚ ਪਹਿਲਾਂ ਦੇ ਲੋਕਾਂ, ਆਮ ਜਨਤਾ ਨੂੰ ਅਸੀਂ ਭੁੱਲ ਚੁੱਕੇ ਹਾਂ ਅਤੇ ਥੋੜੇ ਜਿਹੇ ਖਾਸ਼ ਲੋਕ ਸਾਨੂੰ ਚੇਤੇ ਰਹਿ ਗਏ ਹਨ।

ਉਹਨਾਂ ਕਰਕੇ ਹੀ ਇਹ ਸਾਰੀ ਗੜਬੜ ਹੁੰਦੀ ਹੈ। ਮਹਾਂਵੀਰ ਚੇਤੇ ਹੈ, ਮਹਾਂਵੀਰ ਵੇਲੇ ਦਾ ਆਮ ਆਦਮੀ ਚੇਤੇ ਨਹੀ। ਜੇ ਮਹਾਂਵੀਰ ਦੇ ਸਮੇਂ ਸਾਰੇ ਲੋਕ ਚੰਗੇ ਹੁੰਦੇ ਤਾਂ ਮਹਾਂਵੀਰ ਦਾ ਚੇਤਾ ਹੀ ਨਾ ਰਹਿੰਦਾ। ਸਕੂਲ ਮਾਸਟਰ ਕਾਲੇ ਬੋਰਡ ਉੱਤੇ ਚਿੱਟੇ ਚਾਕ ਨਾਲ ਲਿਖਦੇ ਹਨ। ਚਿੱਟੀ ਕੰਧ ਉੱਤੇ ਲਿਖ ਤਾਂ ਜ਼ਰੂਰ ਸਕਦਾ ਹੈ ਪਰ ਦਿਸੇਗਾ ਨਹੀਂ ਕਾਲੇ ਉਤੇ ਹੀ ਦਿਸੇਗਾ। ਮਹਾਂਵੀਰ ਢਾਈ ਹਜ਼ਾਰ ਸਾਲ ਮਗਰੋਂ ਇਸੇ ਲਈ ਦਿਖਾਈ ਦਿੰਦੇ ਹਨ ਕਿ ਉਹ ਮਹਾਂਪੁਰਖ ਸਨ। ਕੁੱਲ ਪੰਜ ਦਸ ਮਹਾਂਪੁਰਖ ਹੀ ਪੂਰੀ ਮਨੁੱਖ ਜਾਤੀ 'ਚ ਦਿਖਾਈ ਦਿੰਦੇ ਹਨ ਬਾਕੀ ਸਾਰੀ ਮਨੁੱਖਤਾ ਇਕ ਕਾਲੇ ਤਖਤੇ ਵਾਂਗ ਹੈ ਜਿਸ ਉੱਤੇ ਲਕੀਰਾਂ ਉੱਕਰੀਆਂ ਹੋਈਆਂ ਦਿਸਦੀਆਂ ਹਨ। ਪਰ ਕੋਈ ਮਨੁੱਖਤਾ ਕਦੀ ਚੰਗੀ ਨਹੀ ਸੀ। ਜਿੰਨੀ ਚੰਗੀ ਅੱਜ ਹੈ ਓਨੀ ਵੀ ਨਹੀਂ ਸੀ। ਅਸੀਂ ਹਰ ਰੋਜ਼ ਚੰਗਿਆਈ ਵੱਲ ਵਿਕਾਸ ਕਰ ਰਹੇ ਹਾਂ।

ਪਰ ਇੱਕ ਧਾਰਨਾ ਸਾਡੇ ਮਨਾਂ ਵਿੱਚ ਜੜ ਫੜ ਗਈ ਹੈ ਕਿ ਪਤਨ ਹੋ ਰਿਹਾ ਹੈ। ਪਹਿਲਾਂ ਸਤਯੁਗ ਹੋ ਚੁੱਕਿਆ, ਗੋਲਡਨ ਏਜ ਹੋ ਗਈ, ਹੁਣ ਕਲਯੁਗ ਹੈ, ਹੁਣ ਤਾਂ ਨਿਘਾਰ ਹੀ ਨਿਘਾਰ ਹੈ।

ਜਿਹੜੀ ਕੌਮ ਦੇ ਮਨ ਵਿੱਚ ਬਹਿ ਜਾਏ ਕਿ ਅੱਗੇ ਨਿਘਾਰ ਹੀ ਨਿਘਾਰ ਹੈ ਉਸ ਨਿਘਾਰ ਹੋ ਜਾਣਾ ਜ਼ਰੂਰ ਹੀ ਹੈ, ਕਿਉਂਕਿ ਅੱਗੇ ਭਾਵ ਹੀ ਤੋਰਦੇ ਹਨ। ਅਸੀਂ ਸੁਨਹਿਰੀ ਯੁੱਗ ਨੂੰ ਪਿੱਛੇ ਰੱਖੀ ਬੈਠੇ ਹਾਂ। ਚੰਗਾ ਸਭ ਹੋ ਚੁੱਕਾ ਹੈ ਅੱਗੇ ਤਾਂ ਬੁਰਾ ਹੀ ਬੁਰਾ ਹੈ। ਇਹ ਅਸਾਂ ਪੱਕਾ ਹੀ ਮੰਨ ਲਿਆ ਹੈ। ਇਹ ਗੱਲ ਪ੍ਰਾਣਾਂ ਵਿੱਚ ਡੂੰਘੀ ਬਹਿ ਗਈ ਸਾਡਾ ਸੰਸਕਾਰ ਹੀ ਬਣ ਗਿਆ ਕਿ ਅੱਗੇ ਤਾਂ ਮਾੜਾ ਹੀ ਵਾਪਰਨਾ ਹੈ। ਜਦੋਂ ਕੋਈ ਕਿਸੇ ਦੀ ਵੱਖੀ ਵਿੱਚ ਛੁਰੀ ਖੋਭਦਾ ਹੈ ਤਾਂ ਅਸੀਂ ਕਹਿੰਦੇ ਹਾਂ ਆ ਗਿਆ ਕਲਯੁਗ। ਜੇ ਕੋਈ ਜਿਸੇ ਜਨਾਨੀ ਨੂੰ ਕੱਢ ਲਿਆਉਂਦਾ ਹੈ ਤਾਂ ਕਹਿੰਦੇ ਹਾਂ ਆ ਗਿਆ ਕਲਯੁਗ। ਅਤੇ ਜਦ ਰਿਸ਼ੀ ਮੁਨੀ ਤੀਵੀਆਂ ਕੱਢ ਕੇ ਲਿਜਾਂਦੇ ਰਹੇ ਤਾਂ ਸਤਯੁਗ ਸੀ। ਜਦ ਉਹ ਅਸਮਾਨੋਂ ਉਤਰ ਕੇ ਦੂਜਿਆਂ ਦੀਆਂ ਜਨਾਨੀਆਂ ਨਾਲ ਖੇਹ ਖਾਂਦੇ ਰਹੇ ਤਾਂ ਸਤਯੁਗ ਸੀ। ਤੇ ਹੁਣ ਆ ਗਿਆ ਕਲਯੁਗ। ਕਿਉਂਕਿ ਗਵਾਂਢੋਂ ਹੀ ਕੋਈ ਆਦਮੀ ਕੱਢ ਕੇ ਲੈ ਗਿਆ। ਅਜੀਬ ਗੱਲਾਂ ਹਨ। ਜੇ ਰਾਮਚੰਦਰ ਦੀ ਔਰਤ ਚੋਰੀ ਚਲੀ ਗਈ ਤਾਂ ਚੰਗੀ ਦੁਨੀਆ ਹੈ, ਜੇ ਹੁਣ ਕੋਈ ਰਾਮਚੰਦਰ ਜੀ ਤੁਹਾਡੇ ਗੁਆਂਢ ਰਹਿੰਦੇ ਹਨ ਅਤੇ ਉਹਨਾਂ ਦੀ ਤੀਵੀਂ ਚੋਰੀ ਚਲੀ ਜਾਏ ਤਾਂ ਕਲਯੁਗ ਆ ਗਿਆ।

ਨਹੀਂ, ਆਦਮੀ ਹਰ ਰੋਜ਼ ਚੰਗਾ ਹੋ ਰਿਹਾ ਹੈ। ਜੇ ਭਵਿੱਖ ਚੰਗਾ ਬਣਾਉਣਾ ਹੈ ਤਾਂ ਸੁਨਹਿਰੀ ਯੁੱਗ ਅੱਗੇ ਹੈ। ਹਨੇਰਾ ਪਿੱਛੇ ਹੈ ਚਾਨਣ ਅੱਗੇ। ਭਵਿੱਖ ਚੰਗਾ ਬਣਾਉਣਾ ਹੋਏ ਤਾਂ ਆਸ ਚਾਹੀਦੀ ਹੈ। ਅਤੇ ਆਸ ਨਾ ਹੋਵੇ ਤਾਂ ਭਵਿੱਖ ਨਹੀਂ ਬਣਾਇਆ ਜਾ ਸਕਦਾ।

ਮਨੁੱਖ ਦੇ ਪੈਰ ਜੋ ਏਨੇ ਡਗਮਗਾਏ ਜਾਪਦੇ ਹਨ, ਉਸਦਾ ਇੱਕ ਕਾਰਨ ਇਹੀਓ ਹੈ। ਆਸ ਅੱਗੇ ਨਹੀਂ ਜਾਪਦੀ। ਅੱਗੇ ਹਨੇਰਾ ਹੈ। ਹਨੇਰਾ ਸਾਡਾ ਪੈਦਾ ਕੀਤਾ ਹੋਇਆ ਹੈ।

ਅੱਜ ਜਿੰਨਾ ਚੰਗਾ ਇਨਸਾਨ ਧਰਤੀ ਉੱਤੇ ਕਦੇ ਨਹੀ ਸੀ। ਪਿੱਛੇ ਜਿਹੇ ਬਿਹਾਰ 'ਚ ਅਕਾਲ ਪਿਆ। ਉਸ ਨਾਲ ਦੋ ਕਰੋੜ ਆਦਮੀ ਮਰ ਸਕਦੇ ਸਨ, ਪਰ ਮਰੇ ਸਿਰਫ ਚਾਲੀ। ਦੋ ਕਰੋੜ ਆਦਮੀ ਕਿਵੇਂ ਬਚੇ? ਸਾਰੀ ਦੁਨੀਆ ਦੌੜ ਪਈ। ਦੂਰ ਦੁਰੇਡੇ ਦੇਸ਼ਾਂ ਦੇ ਅਣਜਾਣੇ ਬੱਚਿਆਂ ਨੇ ਆਪਣੇ ਖਾਣੇ ਦੇ ਪੈਸੇ ਬਚਾਏ ਆਈਸਕਰੀਮ ਦੇ, ਸਿਨੇਮਾ ਦੇਖਣ ਦੇ ਪੈਸੇ ਬਚਾਏ। ਬਿਹਾਰ ਵਿੱਚ ਕੋਈ ਅਣਜਾਣਿਆ ਆਦਮੀ ਮਰ ਰਿਹਾ ਹੈ ਜਿਸਨਾਲ ਕੋਈ ਸੰਬੰਧ ਨਹੀਂ ਹੈ ਉਸਨੂੰ ਬਚਾਉਣਾ ਹੈ। ਅੱਜ ਵੀਅਤਨਾਮ ਵਿੱਚ ਲੜਾਈ ਛਿੜੇ ਤਾਂ ਏਥੇ ਉਂਗੀ, ਚਿੱਟੀ ਦੀ ਰੂਹ ਵੀ ਕੰਬ ਉਠਦੀ ਹੈ ਕਿ ਗਲਤ ਹੋ ਰਿਹਾ ਹੈ। ਕਿਤੇ ਕੁੱਝ ਵੀ ਗਲਤ ਹੋਵੇ ਸਾਰੀ ਦੁਨੀਆਂ ਪੀੜ ਮਹਿਸੂਸ ਕਰਦੀ ਹੈ ਭਾਰਤ ਵਿੱਚ ਨਕਸਲੀਆਂ ਦੇ ਨੇਤਾ ਚਾਰੂ ਮਜ਼ੂਮਦਾਰ ਦਾ ਕਤਲ ਕੀਤਾ ਗਿਆ ਤਾਂ ਕਨੇਡਾ ਗਈ ਕਾਤਲ ਪ੍ਰਧਾਨ ਮੰਤਰੀ ਨੂੰ ਅੰਗਰੇਜ਼ੀ ਨੌਜਵਾਨ ਬਿਫਰ ਕੇ ਪੈਂਦੇ ਹਨ। ਭਾਰਤ ਵਿੱਚ ਗਰੀਬ ਨਪੀੜੇ ਜਾ ਰਹੇ ਹਨ ਤਾਂ ਇੰਗਲੈਂਡ ਦੀ ਨੇਕਦਿਲ ਨਾਰੀ ਮੇਰੀ ਟੇਲਰ ਉਹਨਾਂ ਖਾਤਰ ਆ ਕਿ ਬਿਹਾਰ ਆਂਧਰਾ ਦੇ ਜੰਗਲਾਂ ਚ ਗੁਰੀਲਾ ਯੁੱਧ ਲੜਦੀ ਹੈ, ਕੈਦਾਂ ਕਟਦੀ ਹੈ। ਸਪੇਨ ਵਿੱਚ ਫਾਸਿਸਟ ਜ਼ੁਲਮ ਢਾਹੁੰਦੇ ਹਨ ਤਾਂ ਇੰਗਲੈਂਡ ਦੇ ਰੈਲਫ ਫਾਕਸ ਉੱਥੇ ਜਾ ਕੇ ਲੜਦੇ ਹੋਏ ਸ਼ਹੀਦ ਹੋ ਜਾਂਦੇ ਹਨ।

ਮਨੁਖਤਾ ਪਹਿਲੀ ਵਾਰ ਬੋਧ ਨੂੰ ਪ੍ਰਾਪਤ ਹੋਈ ਹੈ। ਆਦਮੀ ਵਿਕਸਿਤ ਹੋਇਆ ਹੈ, ਸਮਝ ਵਧੀ ਹੈ, ਸੁੱਖ ਪਨਪਿਆ ਹੈ।

ਅੱਜ ਦੁਨੀਆ ਵਿੱਚ ਬੀਟਨੀਕ, ਹਿੱਪੀ ਤੇ ਹੋਰ ਅਸ਼ਾਂਤ ਲੋਕ ਵਧ ਰਹੇ ਹਨ।

ਇਹ ਵੀ ਵਿਕਾਸ ਦਾ ਹੀ ਇੱਕ ਚਿੰਨ੍ਹ ਹੈ। ਕੋਈ ਜਾਨਵਰ ਅਸ਼ਾਂਤ ਨਹੀਂ ਹੁੰਦਾ। ਸੁਣਿਆ ਹੈ ਕਦੀ ਮੱਝ ਨੂੰ ਅਸ਼ਾਂਤ ਹੋਇਆਂ? ਸੁਣਿਆ ਹੈ ਕਦੀ ਕਿਸੇ ਖੋਤੇ ਨੂੰ ਮਾਨਸਿਕ ਭਟਕਣ ਕਰਕੇ ਰਾਤ ਨੂੰ ਕਦੀ ਨੀਂਦ ਨਾ ਆਈ ਹੋਵੇ? ਤੁਸੀਂ ਕਦੀ ਵੀ ਨਹੀ ਵੇਖਿਆ ਹੋਣਾ ਕਿ ਕੋਈ ਗਧਾ ਬੋਰ ਹੋ ਗਿਆ ਹੋਵੇ, ਉਚਾਟ ਹੋ ਗਿਆ ਹੋਵੇ ਜਾਂ ਕਿਸੇ ਬਲਦ ਨੇ ਆਤਮਹੱਤਿਆ ਕਰ ਲਈ ਹੋਵੇ ਕਿ ਜ਼ਿੰਦਗੀ ਫਜ਼ੂਲ ਹੈ। ਕੋਈ ਵੀ ਪਸ਼ੂ ਨਾ ਤਾਂ ਉਬਦਾ ਹੈ ਨਾ ਅਸ਼ਾਂਤ ਹੁੰਦਾ ਹੈ, ਨਾ ਫਿਕਰਮੰਦ ਹੁੰਦਾ ਹੈ ਨਾ ਆਤਮਹੱਤਿਆ ਕਰਦਾ ਹੈ ਕਿਉਂਕਿ ਬੁੱਧੀ ਬਹੁਤ ਅਵਿਕਸਿਤ ਹੁੰਦੀ ਓਨੀ ਹੀ ਸੰਵੇਦਨਸ਼ੀਲ, ਸਿੰਸੇਟਿਵ ਹੁੰਦੀ ਹੈ। ਓਨੀਆਂ ਹੀ ਚੀਜ਼ਾਂ ਮਹਿਸੂਸ ਹੋਣ ਲਗਦੀਆਂ ਹਨ ਅਤੇ ਸਮਝ ਵਧਦੀ ਹੈ। ਜਿੰਨਾ ਚਾਰਾਂ ਪਾਸਿਆਂ ਦਾ ਫੈਲਾਓ ਵਧਦਾ ਹੈ ਓਨੀ ਹੀ ਅਰਥ ਦੀ ਖੋਜ ਡੂੰਘੀ ਹੁੰਦੀ ਹੈ। ਦੇਨੋ ਦੇ ਜੋ ਗਰੀਬ ਲੋਕ ਬਿਆਸ ਵੱਲ ਭੱਜ ਰਹੇ ਹਨ ਸ਼ਾਂਤੀ ਲੈਣ ਲਈ-ਕਾਰਨ ਇਹੀ ਹੈ ਕਿ ਜੀਵਨ ਦਾ ਖਲਜਗਣ ਦਾ ਫੈਲਾਓ ਵਧ ਰਿਹਾ ਹੈ, ਜੀਵਨ ਦੇ ਅਰਥ ਦੀ ਖੋਜ ਸ਼ੁਰੂ ਹੋ ਗਈ ਹੈ। ਕਾਲਜਾਂ ਵਿੱਚ ਨਸ਼ੇ ਪੱਤੇ ਦਾ ਵਾਧਾ ਹੋ ਰਿਹਾ ਹੈ ਤਾਂ ਅਸਲ ਵਿੱਚ ਬਹੁਤ ਕੁੱਝ ਨਜ਼ਰ ਆ ਗਿਆ ਹੈ ਅਤੇ ਜੀਣ ਦਾ ਅੰਤਰ ਉਤਸ਼ਾਹ ਘਟ ਗਿਆ ਹੈ। ਸੋਫੀ ਹੋ ਕੇ ਰੂਹ ਦਾ ਕੱਦ ਘਟਦਾ ਹੈ।

ਮਨੁਖਤਾ ਦੀ ਜ਼ਿਆਦਾ ਵਿਕਸਿਤ ਬੁੱਧੀ ਚਿੰਤਾ ਨੂੰ ਜਨਮ ਦਿੰਦੀ ਹੈ ਜਿੰਨੀ ਵੱਡੀ ਚਿੰਤਾ ਕਿਸੇ ਚ ਹੋਵੇ ਓਨੀ ਵੱਡੀ ਸ਼ਾਤੀ ਹਾਸਲ ਕੀਤੀ ਜਾ ਸਕਦੀ ਹੈ। ਸਾਡੇ ਜੀਵਨ ਦੀ ਸੂਖਮਤਾ ਅਤੇ ਸ਼ਮੂਲੀਅਤ ਸਰਗਰਮੀ ਇਕੱਠੀਆਂ ਵਧਦੀਆਂ ਹਨ। ਜੇ ਕੋਈ ਆਦਮੀ ਦੋ ਡਿਗਰੀ ਤੱਕ ਅਸ਼ਾਂਤ ਹੋ ਸਕਦਾ ਹੈ ਤਾਂ ਉਹ ਦੋ ਡਿਗਰੀ ਤੱਕ ਸ਼ਾਂਤ ਵੀ ਹੋ ਸਕਦਾ ਹੈ ਅਤੇ ਦੋ ਡਿਗਰੀ ਸ਼ਾਂਤੀ ਲਈ ਯਤਨ ਸ਼ੀਲ ਵੀ ਹੋ ਸਕਦਾ ਹੈ। ਮਨ ਵਿੱਚ ਜਿੰਨਾ ਕਰੂਪਤਾ ਦਾ ਬੋਧ ਹੋਵੇ, ਸੁੰਦਰਤਾ ਦਾ ਬੋਧ ਵੀ ਓਨਾ ਹੀ ਹੋ ਸਕਦਾ ਹੈ। ਅੱਜ ਮਨੁੱਖਤਾ ਬਹੁਤੀ ਫਿਕਰਮੰਦ ਹੈ। ਪਰ ਬਹੁਤਾ ਫਿਕਰਮੰਦ ਹੋਣ ਨਾਲ ਪਿੱਛੇ ਨਹੀ ਮੁੜਨਾ ਹੈ, ਸਗੋਂ ਅੱਗੇ ਜਾਣਾ ਹੈ ਤਾਂ ਕਿ ਜਿੰਨੀ ਚਿੰਤਾ ਹੈ ਓਨੇ ਹੀ ਸ਼ਾਤੀ ਦੇ ਨਵੇਂ ਰਾਹ ਲੱਭ ਸਕੀਏ।

ਇਹ ਪਿਛਾਂਹ ਨੂੰ ਮੁੜਨ ਵਾਲਾ ਨਾਅਰਾ ਸਦਾ ਤੋਂ ਸੀ, ਇਸ ਨਾਲ ਕੋਈ ਭਲਾ ਨਹੀਂ ਹੋਇਆ ਹੈ। ਮਨੁੱਖ ਦਾ ਚਿਤ ਇਤਨਾ ਪਰਪੱਕ, ਏਨਾ ਵਿਕਸਿਤ ਹੋ ਗਿਆ ਹੈ ਕਿ ਉਸਨੂੰ ਰਾਮ ਰਾਜ ਵਿੱਚ ਨਹੀ ਲੈਜਾਇਆ ਜਾ ਸਕਦਾ। ਕਿਸੇ ਪ੍ਰਮਿਟਿਵ ਸਮਾਜ ਵਿਚ ਨਹੀ ਲਿਜਾਇਆ ਜਾ ਸਕਦਾ। ਇੱਕ ਦੋ ਦਿਨ ਲਈ ਚੰਗਾ ਲੱਗੇ ਜੰਗਲ ਵੀ ਦਿਲਚਸਪ ਲੱਗੇ। ਪਰ ਦੋ ਤਿੰਨ ਦਿਨ ਮਗਰੋਂ ਉਬ ਜਾਏਗਾ। ਮਨੁਖਤਾ ਅੱਗੇ ਤੁਰਦੀ ਹੈ। ਹਾਂ ਪਿੱਛੇ ਮੁੜਕੇ ਇੱਕ ਦੋ ਦਿਨ ਲਈ ਹਾਲੀਡੇ ਮਨਾਇਆ ਜਾ ਸਕਦਾ ਹੈ। ਮਨ ਚ ਮੌਜ ਆ ਜਾਏ ਰਾਜਘਾਟ ਤੇ ਬਹਿ ਕੇ ਚਰਖਾ ਕੱਤੀਏ ਜਿਵੇ ਲੀਡਰ ਲੋਕ ਕੱਤਦੇ ਹਨ-ਉਹ ਸਹੀ ਹੈ ਪਰ ਜੇ ਕੋਈ ਕਹੇ ਚਰਖੇ ਨੂੰ ਇੰਡਸਟਰੀ ਦਾ ਕੇਂਦਰ ਬਣਾ ਲਓ ਤਾਂ ਗਲਤ ਹੈ। ਕੋਈ ਕਹੇ ਚਰਖਾ ਹੀ ਚਲਾਓ ਖਤਰਾ ਹੈ ਕਦੀ ਕਦੀ ਫੋਟੂ ਖਿਚਾਉਣ ਲਈ ਚਰਖਾ ਕੱਤਣਾ ਚੰਗੀ ਹਾਬੀ ਹੈ। ਸਸਤੀ ਅਤੇ ਬਹੁਤ ਫਾਇਦਾ ਦਿੰਦੀ ਹੈ। ਪਰ ਸੱਚੀ ਮੁੱਚੀ ਪਿੱਛੇ ਮੁੜਨਾ ਅਸੰਭਵ ਹੈ। ਨਾ ਕੋਈ ਭਾਰਤੀ ਸੰਸਕ੍ਰਿਤੀ, ਨਾ ਮੁਸਲਮਾਨ, ਨਾ ਇਸਾਈ ਸੰਸਕ੍ਰਿਤੀ ਪਿੱਛੇ ਲਿਜਾ ਕੇ ਸੁੱਖ ਦੇ ਸਕਦੀ ਹੈ। ਅੱਗੇ ਹੋਰ ਅੱਗੇ -ਜਿੱਥੇ ਸਭ ਜਾ ਰਹੇ ਹਨ, ਉਥੇ ਨਾ ਕੋਈ ਹਿੰਦੂ ਬਚੇਗਾ ਨਾ ਕੋਈ ਸਿੱਖ, ਨਾ ਮੁਸਲਮਾਨ ਬਚੇਗਾ ਨਾ ਇਸਾਈ ਬਚੇਗਾ। ਉੱਥੇ ਸਿਰਫ ਆਦਮੀ ਬਚੇਗਾ। ਭਵਿੱਖ ਕੇਵਲ ਇਨਸਾਨ ਦਾ ਹੈ।

**ਅਵਤਾਰ ਪਾਸ਼**
(ਸਿਆੜ-1977)

# ਸਰੀ ਦਾ ਵੈਸਟ ਕੋਸਟ ਹਾਕੀ ਟੂਰਨਾਮੈਂਟ ਸ਼ਫਲਤਾਪੂਰਵਕ ਸੰਪੰਨ









ਸੁਖਵੀਰ ਗਰੇਵਾਲ

ਸਰੀ : ਕੈਨੇਡਾ ਵਿਚ ਫੀਲਡ ਹਾਕੀ ਦਾ ਗੜ੍ਹ ਮੰਨੇ ਜਾਂਦੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ 14 ਜੁਲਾਈ ਤੋਂ 16 ਜੁਲਾਈ ਤੱਕ ਵੈਸਟ ਕੋਸਟ ਕਿੰਗਜ਼ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਤਿੰਨੇ ਦਿਨ ਹਾਕੀ ਦੇ ਕੌਮਾਂਤਰੀ ਸਿਤਾਰਿਆਂ ਦੇ ਜੌਹਰ ਦੇਖਣ ਨੂੰ ਮਿਲੇ। ਹਰ ਵਰਗ ਦੇ ਟੇਲੈਂਟ ਨੂੰ ਹੁਲਾਰਾ ਦੇਣ ਲਈ ਇਹ ਟੂਰਨਾਮੈਂਟ 'ਚ ਸੀਨੀਅਰ ਵਰਗ, ਸੋਸ਼ਲ ਵਰਗ, ਕੁੜੀਆਂ ਅਤੇ ਜੂਨੀਅਰ ਮੁੰਡਿਆਂ ਦੇ ਵਰਗ ਦੇ ਮੁਕਾਬਲੇ ਹੋਏ।

ਸਭ ਤੋਂ ਸਿਖਰਲੇ ਵਰਗ ਵਿਚ ਚੋਟੀ ਦੀਆਂ ਛੇ ਟੀਮਾਂ ਨੇ ਭਾਗ ਲਿਆ। ਵੈਸਟ ਕੋਸਟ ਕਿੰਗਜ਼ ਕਲੱਬ, ਇੰਡੀਆ ਕਲੱਬ, ਯੂਨਾਈਟਿਡ ਬ੍ਰਦਰਜ਼ ਸਰੀ, ਯੂਬਾ ਬ੍ਰਦਰਜ਼ ਅਮਰੀਕਾ, ਸੇਨਓਜ਼ ਖ਼ਾਲਸਾ ਬ੍ਰਦਰਜ਼ ਅਮਰੀਕਾ ਅਤੇ ਤਸੱਬਰ ਇਲੈਵਨ ਦੀਆਂ ਟੀਮਾਂ ਦੇ ਖਿਡਾਰੀਆਂ ਨਾਲ ਮੈਦਾਨ ਵਿਚ ਨਿਤਰੀਆਂ। ਵੈਸਟ ਕੋਸਟ ਅਤੇ ਇੰਡੀਆ ਕਲੱਬ ਵਿਚਕਾਰ ਹੋਇਆ ਫਾਈਨਲ ਮੈਚ ਕਾਫ਼ੀ ਰੌਚਿਕ ਸੀ ਤੇ ਅਖੀਰ ਵੈਸਟ ਕੋਸਟ ਨੇ ਇਹ ਖਿਤਾਬੀ ਮੁਕਾਬਲਾ 3-1 ਦੇ ਫਰਕ ਨਾਲ ਜਿੱਤ ਲਿਆ।

ਸੋਸ਼ਲ ਵਰਗ ਵਿਚ 14 ਟੀਮਾਂ ਨੇ ਭਾਗ ਲਿਆ। ਇਸ ਵਰਗ ਦੇ ਸ਼ੁਰੂਆਤੀ ਮੁਕਾਬਲਿਆਂ ਤੋਂ ਬਾਅਦ ਵਿਕਟੋਰੀਆ ਅਤੇ ਫੇਅਰ ਫੀਲਡ ਕਲੱਬ ਅਮਰੀਕਾ ਦੀਆਂ ਟੀਮਾਂ ਫਾਈਨਲ ਵਿਚ ਪੁੱਜੀਆਂ। ਫਸਵੇਂ ਫਾਈਨਲ ਵਿਚ ਵਿਕਟੋਰੀਆ ਦੀ ਟੀਮ 2-1 ਦੇ ਫਰਕ ਨਾਲ ਜੇਤੂ ਰਹੀ। ਜੂਨੀਅਰ ਕੁੜੀਆਂ (ਅੰਡਰ-16) ਵਿਚੋਂ ਵੈਸਟ ਕੋਸਟ ਨੇ ਪਹਿਲਾ ਅਤੇ ਇੰਡੀਆ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜੂਨੀਅਰ ਮੁੰਡਿਆਂ (ਅੰਡਰ-16) ਵਿਚੋਂ ਗੋਬਿੰਦ ਸਰਵਰ ਕਲੱਬ ਦੀ ਟੀਮ ਨੇ ਪਹਿਲਾ ਅਤੇ ਇੰਡੀਆ ਕਲੱਬ ਬਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਫਾਈਨਲ ਮੈਚ ਮੌਕੇ ਉਲੰਪੀਅਨ ਗੁੰਨਦੀਪ ਕੁਮਾਰ ਮੁੱਖ ਮਹਿਮਾਨ ਸਨ।

ਇਸ ਮੌਕੇ ਵੈਸਟ ਕੋਸਟ ਕਲੱਬ ਦੇ ਪ੍ਰਧਾਨ ਤਾਰਨੀ ਹੇਅਰ, ਊਧਮ ਸਿੰਘ ਹੁੰਦਲ, ਚਮਕੌਰ ਸਿੰਘ ਗਿੱਲ, ਹਰਵਿੰਦਰ ਸਿੰਘ ਸਰਾਂ, ਜਸਪ੍ਰੀਤ ਮਾਂਗਟ, ਸੁਖਵਿੰਦਰ ਕੁਲਾਰ, ਰਾਣਾ ਕੁਲਾਰ, ਹਰਵਿੰਦਰ ਬੈਂਸ, ਸੁਖਪ੍ਰੀਤ ਗਿੱਲ, ਨਰਿੰਦਰ ਨਿੱਝਰ (ਚੇਅਰਮੈਨ), ਬੱਬਲ ਬੈਂਸ, ਗਗਨਦੀਪ ਤੂੰਗ, ਨਵੀ ਦਿਓਲ, ਪ੍ਰੀਤ ਢੱਟ, ਸੋਨੂੰ ਕੁਲਾਰ, ਮਲਕੀਤ ਪਾਹਲ ਹਾਜ਼ਰ ਸਨ। ਇਹ ਟੂਰਨਾਮੈਂਟ ਫੀਲਡ ਹਾਕੀ ਦਾ ਮਹਾਂਕੁੰਭ ਸਾਬਤ ਹੁੰਦਾ ਸੰਪੰਨ ਹੋਇਆ।






# ਅਦਾਰਾ 'ਸਿੱਖ ਵਿਰਸਾ' ਕੈਲਗਰੀ ਵਲੋਂ 'ਸਿੱਖ ਅਵੇਅਰਨੈਸ ਸੈਮੀਨਾਰ'

**ਚੰਦ ਸਿੰਘ ਸਦਿਉੜਾ/ਕੈਲਗਰੀ**

ਸ੍ਰ. ਹਰਚਰਨ ਸਿੰਘ ਪਰਹਾਰ ਅਤੇ ਉਨ੍ਹਾਂ ਦੀ ਟੀਮ ਤੋਂ ਭਲੀ ਭਾਂਤ ਜਾਣੂ ਹੋਣਗੇ, ਸੁਯੋਗ ਪਾਠਕ ਜੋ ਕਰੀਬ ਪਿਛਲੇ ਦੋ ਦਹਾਕਿਆਂ ਤੋਂ ਆਪਣੇ ਪੰਜਾਬੀ ਮੈਗਜ਼ੀਨ 'ਸਿੱਖ ਵਿਰਸਾ' ਕੈਲਗਰੀ ਰਾਹੀਂ ਪੇਚੀਦਾ ਸਮਾਜਿਕ ਅਤੇ ਧਾਰਮਿਕ ਮਸਲਿਆਂ ਦਾ ਵਿਸ਼ੇਲਸ਼ਣ ਕਰਦੇ ਰਹਿੰਦੇ ਹਨ। ਗਾਹੇ ਵਗਾਹੇ ਸਿੱਖ ਧਰਮ ਅਤੇ ਕੌਮ ਦੇ ਵਿਦਵਾਨਾਂ ਨਾਲ ਲੋਕ ਮਿਲਣੀ ਕਰਵਾਉਂਦੇ ਰਹਿੰਦੇ ਹਨ।






ਇਸੇ ਸੰਦਰਭ ਵਿਚ 16 ਜੁਲਾਈ 2017 ਦੀ ਬਾਅਦ ਦੁਪਹਿਰ ਟੈਂਪਲ ਕਮਿਊਨਿਟੀ ਸੈਂਟਰ ਕੈਲਗਰੀ ਵਿਚ ਅਦਾਰਾ 'ਸਿੱਖ ਵਿਰਸਾ' ਵਲੋਂ 'ਸਿੱਖ ਜਾਗ੍ਰਤੀ ਸੈਮੀਨਾਰ ਦਾ ਆਯੋਜਨ ਕੀਤਾ ਜਿਸ ਵਿਚ ਦੋ ਉਘੇ ਸਿੱਖ ਵਿਦਵਾਨਾਂ ਨੂੰ ਕੈਲਗਰੀ ਸਰੋਤਿਆਂ ਦੇ ਰੂਬਰੂ ਕੀਤਾ ਗਿਆ।

ਸੈਮੀਨਾਰ ਦੀ ਸ਼ੁਰੂਆਤ ਕਰਦੇ ਹੋਏ ਮੰਚ ਸੰਚਾਲਕ ਪ੍ਰੋ. ਬਲਜੀਤ ਸਿੰਘ ਪਿਆਸਾ ਨੇ ਮਹਿਮਾਨ ਵਿਦਵਾਨ ਸ੍ਰ. ਮਨਜੀਤ ਸਿੰਘ ਬੋਪਾਰਾਏ ਅਤੇ ਸ੍ਰੀ ਗੁਰਸ਼ਰਨਜੀਤ ਸਿੰਘ ਨੂੰ ਸਤਿਕਾਰ ਸਹਿਤ ਸਟੇਜ 'ਤੇ ਬੁਲਾ, ਸਮੁੱਚੀ ਇਕੱਤਰਤਾ ਨੂੰ ਜੀ ਆਇਆਂ ਕਿਹਾ। ਉਨ੍ਹਾਂ ਵਿਦਵਾਨਾਂ ਨੂੰ ਜੋਤਿਸ਼ ਤੇ ਸਿੱਖ ਪੰਥ ਦੀਆਂ ਅੰਦਰੂਨੀ ਸਮੱਸਿਆਵਾਂ ਬਾਰੇ ਵਿਚਾਰ ਸਾਂਝ ਪਾਉਣ ਲਈ ਬੇਨਤੀ ਕੀਤੀ।

ਆਸਟ੍ਰੇਲੀਆ ਵਸਦੇ ਪ੍ਰੋ. ਮਨਜੀਤ ਸਿੰਘ ਬੋਪਾਰਾਏ, ਜਿਨ੍ਹਾਂ ਕੁਝ ਸਾਲ ਪਹਿਲਾਂ 'ਜੋਤਿਸ਼ ਝੂਠ ਬੋਲਦਾ ਹੈ', ਨਾਮੀ ਕਿਤਾਬ ਅੰਗਰੇਜ਼ੀ ਵਿਚ ਲਿਖਕੇ ਜਿਸ ਦਾ ਬਾਅਦ ਵਿਚ ਪੰਜਾਬੀ ਤੇ ਹਿੰਦੀ ਵਿਚ ਅਨੁਵਾਦ ਹੋ ਚੁੱਕਾ ਹੈ, ਨੇ ਕਿਹਾ ਕਿ ਕਿਸਮਤ ਸਾਡੇ ਜੀਵਨ ਦੀ ਕਹਾਣੀ ਹੈ। ਭੂਗੋਲ ਦਾ ਵਿਦਿਆਰਥੀ ਹੋਣ ਕਰਕੇ ਉਸਨੇ ਸੱਤ ਗ੍ਰਹਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੋਈ ਵੀ ਵਿਗਿਆਨੀ ਤੁਹਾਡੇ ਜੀਵਨ ਬਾਰੇ ਤੁਹਾਥੋਂ ਵੱਧ ਨਹੀਂ ਜਾਣ ਸਕਦਾ, ਮੰਗਲੀਕ ਸ਼ਬਦ ਦਾ ਕੋਈ ਮਹੱਤਵ ਨਹੀਂ। ਅੰਧ ਵਿਸ਼ਵਾਸ ਖਤਮ ਹੋਣਾ ਚਾਹੀਦਾ ਹੈ। ਉਨ੍ਹਾਂ ਹੱਥਾਂ ਦੀਆਂ ਲਕੀਰਾਂ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਮੈਂ ਮੌਜੂਦਾ ਸਮੇਂ ਵਿਚ ਜੋਤਿਸ਼ ਨੂੰ ਸਹੀ ਸਾਬਤ ਕਰਨ ਵਾਲੇ ਜੋਤਿਸ਼ੀ ਨੂੰ ਇਕ ਲੱਖ ਡਾਲਰ ਦਾ ਇਨਾਮ ਰੱਖਿਆ ਹੈ, ਕੋਈ ਵੀ ਜੋਤਿਸ਼ੀ ਸਾਹਮਣੇ ਨਹੀਂ ਆ ਰਿਹਾ। ਸੱਚ ਤਾਂ ਇਹ ਹੈ ਕਿ 'ਜੋਤਿਸ਼ ਝੂਠ ਬੋਲਦਾ ਹੈ', ਸੋ ਸਾਨੂੰ ਇਸ ਲੁੱਟ ਖਸੁੱਟ ਤੋਂ ਬਚਣਾ ਚਾਹੀਦਾ ਹੈ।



ਕੈਲਗਰੀ ਵਸਦੇ ਤਰਕਸ਼ੀਲ ਆਗੂ ਮਾ. ਭਜਨ ਗਿੱਲ ਨੇ 'ਜੋਤਿਸ਼ ਝੂਠ ਬੋਲਦਾ ਹੈ' ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਸਮਾਜ ਨੂੰ ਠੱਗ ਲੋਕਾਂ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਜੋਤਿਸ਼ੀਆਂ ਵਲੋਂ ਹੋ ਰਹੀ ਲੁੱਟ ਖਸੁੱਟ ਸਬੰਧੀ ਖੁੱਲ੍ਹਾ ਪੱਤਰ ਪੜ੍ਹਦਿਆਂ ਸਰਕਾਰਾਂ ਤੋਂ ਮੰਗ ਕੀਤੀ ਕਿ ਇਨ੍ਹਾਂ ਝੂਠ ਦੀਆਂ ਦੁਕਾਨਾਂ 'ਤੇ ਪਾਬੰਦੀ ਲਾਈ ਜਾਵੇ। ਉਨ੍ਹਾਂ 19, 20 ਅਗਸਤ ਨੂੰ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ 'ਲਵਲੀ ਸਵੀਟ ਹਾਊਸ' ਸਾਹਮਣੇ 'ਪੁਸਤਕ ਮੇਲਾ' ਲਾਏ ਜਾਣ ਦੀ ਦਰਸ਼ਕਾਂ ਨਾਲ ਸਾਂਝ ਪਾਈ।

ਉਪਰੰਤ ਡਾ. ਗੁਰਸ਼ਰਨਜੀਤ ਸਿੰਘ ਸਾਬਕਾ ਮੁਖੀ ਸਿੱਖ ਧਾਰਮਿਕ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਿਨ੍ਹਾਂ 17 ਵੱਧ ਪੁਸਤਕਾਂ ਦਾ ਧਾਰਮਿਕ ਵਿਸ਼ਿਆਂ 'ਤੇ ਲਿਖੀਆਂ ਹਨ ਅਤੇ ਮੌਜੂਦਾ ਸਮੇਂ ਐਡਮਿੰਟਨ ਵਿਚ ਰਹਿੰਦੇ ਹਨ ਨੇ ਸਿੱਖ ਪੰਥ ਦੀਆਂ ਅੰਦਰੂਨੀ ਸਮੱਸਿਆਵਾਂ 'ਤੇ ਬੇਬਾਕੀ ਨਾਲ ਬੋਲਦਿਆਂ ਕਿਹਾ ਕਿ ਸਿੱਖ ਪੰਥ ਵਿਚ ਬੜੀ ਸੌੜੀ ਸੋਚ ਨੇ ਘਰ ਕਰ ਲਿਆ ਹੈ। ਅਸੀਂ ਲੰਗਰ ਹਾਲ ਵਿਚ ਤੱਪੜਾਂ ਜਾਂ ਕੁਰਸੀਆਂ ਦੀ ਵਰਤੋਂ, ਮੀਟ ਖਾਣ ਜਾਂ ਨਾ ਖਾਣ ਵਰਗੀਆਂ ਸਮੱਸਿਆਵਾਂ ਨਾਲ ਦੋ ਚਾਰ ਹੋ ਰਹੇ ਹਨ। ਸਾਡਾ ਨੌਜਵਾਨ ਵਰਗ ਸਾਡੀ ਲੀਡਰਸ਼ਿਪ ਦੀ ਸੌੜੀ ਸੋਚ ਕਾਰਨ ਸਿੱਖੀ ਤੋਂ ਮੂੰਹ ਮੋੜ ਰਿਹਾ ਹੈ। ਸਿੱਖ ਸੰਗਤ ਨੂੰ ਜਾਗਰੂਕ ਹੋਣ ਦੀ ਲੋੜ ਹੈ। ਗੁਰਦੁਆਰੇ ਵਿਦਿਆ ਦਾ ਕੇਂਦਰ ਬਣਨੇ ਚਾਹੀਦੇ ਹਨ। ਅੱਜ ਦੇ ਯੁੱਗ ਵਿਚ ਗਿਆਨ ਹੀ ਤਾਕਤ ਹੈ, ਸੋ ਸਾਨੂੰ ਸ਼ਬਦ ਗੁਰੂ ਤੇ ਗਿਆਨ ਗੁਰੂ ਤੋਂ ਸੇਧ ਲੈ ਸਿੱਖ ਕੌਮ ਦੀ ਚੜ੍ਹਦੀਕਲਾ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਲੋੜਵੰਦਾਂ ਦੀ ਸਹਾਇਤਾ ਲਈ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ।

ਮੁੱਖ ਬੁਲਾਰਿਆਂ ਦੇ ਭਾਸ਼ਣ ਉਪਰੰਤ 'ਸਿੱਖ ਵਿਰਸਾ' ਮੈਗਜ਼ੀਨ ਦੇ ਮੁੱਖ ਸੰਪਾਦਕ ਸ੍ਰ. ਹਰਚਰਨ ਸਿੰਘ ਪਰਹਾਰ ਨੇ ਵਿਦਵਾਨ ਸਾਹਿਬਾਨ ਅਤੇ ਸਮੁੱਚੀ ਇਕੱਤਰਤਾ ਦਾ ਧੰਨਵਾਦ ਕੀਤਾ। ਉਪਰੰਤ ਪ੍ਰਬੰਧਕਾਂ ਵਲੋਂ ਦੋਨਾਂ ਵਿਦਵਾਨਾਂ ਨੂੰ ਵਿਸ਼ੇਸ਼ ਪਲੇਕਾਂ ਨਾਲ ਸਨਮਾਨਿਤ ਕੀਤਾ ਗਿਆ। ਮਾ. ਭਜਨ ਸਿੰਘ ਵਲੋਂ ਲਾਏ ਗਏ ਪੁਸਤਕ ਭੰਡਾਰ ਵਿਚ ਲੋੜਵੰਦ ਪਾਠਕਾਂ ਨੇ ਪੁਸਤਕਾਂ ਪ੍ਰਾਪਤ ਕੀਤੀਆਂ। ਦਰਸ਼ਕਾਂ ਨੇ ਵਿਦਵਾਨਾਂ ਨਾਲ ਨਿੱਜੀ ਵਿਚਾਰ ਸਾਂਝ ਪਾਈ। ਪ੍ਰਬੰਧਕਾਂ ਵਲੋਂ ਸਮੂਹ ਹਾਜ਼ਰੀਨ ਲਈ ਚਾਹ ਪਾਣੀ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਲਿਟਰੇਰੀ ਸੰਸਥਾਵਾਂ ਦੇ ਨਾਲ, ਸੀਨੀਅਰ ਸਿਟੀਜ਼ਨਜ਼, ਬਹੁਤ ਸਾਰੀਆਂ ਬੀਬੀਆਂ ਭੈਣਾਂ ਅਤੇ ਪੰਜਾਬੀ ਮੀਡੀਆ ਸੇਵਾਦਾਰਾਂ ਨੇ ਇਸ ਸੈਮੀਨਾਰ ਨੂੰ ਸੁਣਿਆ।

ਇਸ ਕਲਮ ਦੀ ਨਿੱਜੀ ਰਾਇ ਮੁਤਾਬਕ ਪ੍ਰਬੰਧਕਾਂ ਦਾ ਉਪਰਾਲਾ ਸਲਾਹੁਣਯੋਗ ਸੀ, ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਹਾਂ, ਇਹ ਤਾਂ ਸਮਾਂ ਹੀ ਦੱਸੇਗਾ ਕਿ ਅਸੀਂ ਵਿਦਵਾਨਾਂ ਵਲੋਂ ਸੁਝਾਏ ਗਏ ਸੂਖਮ ਪਰ ਨਿੱਗਰ ਵਿਚਾਰਾਂ 'ਤੇ ਕਿੰਨਾ ਕੁ ਅਮਲ ਕਰਦੇ ਹਾਂ ਅਤੇ ਸਮੁੱਚੀ ਕੌਮ ਨੂੰ ਵਹਿਮਾਂ ਭਰਮਾਂ ਦੇ ਜੰਜਾਲ ਵਿਚੋਂ ਨਿਕਲਣ ਲਈ ਕਿੰਨਾ ਕੁ ਯੋਗਦਾਨ ਪਾਉਂਦੇ ਹਾਂ।









# ਡਾ: ਅਜਮੇਰ ਔਲਖ ਨੂੰ ਭਾਵ-ਭਿੰਨੀ ਸ਼ਰਧਾਂਜਲੀ

**ਬਰੈਂਪਟਨ/ਹਰਜੀਤ ਬੇਦੀ**

ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਲੋਕ ਨਾਟਕਕਾਰ ਡਾ: ਅਜਮੇਰ ਸਿੰਘ ਔਲਖ ਨੂੰ ਸ਼ਰਧਾਂਜਲੀ ਦੇਣ ਲਈ ਰੱਖੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਬਲਦੇਵ ਰਹਿਪਾ ਨੇ ਲੋਕਾਂ ਦਾ ਹਾਜ਼ਰ ਹੋਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਡਾ: ਅਜਮੇਰ ਔਲਖ ਇੱਕ ਐਸਾ ਨਾਟਕਕਾਰ ਸੀ ਜਿਸ ਨੇ ਨਾ ਸਿਰਫ ਲੋਕਾਂ ਦੀਆਂ ਪੀੜਾਂ ਨੂੰ ਆਪਣੇ ਨਾਟਕਾਂ ਰਾਹੀਂ ਉਭਾਰਿਆ। ਉਹ ਲੋਕਾਂ ਸੰਗ ਜੀਵਿਆ ਤੇ ਉਹਨਾਂ ਦੇ ਸੰਘਰਸ਼ਾਂ ਵਿੱਚ ਵੀ ਉਸੇ ਤਰ੍ਹਾਂ ਨਾਲ ਸ਼ਾਮਲ ਹੁੰਦਾ ਰਿਹਾ। ਇਸ ਉਪਰੰਤ ਡਾ: ਬਲਜਿੰਦਰ ਸੇਖੋਂ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਹੈਟਸ ਅੱਪ ਦੇ ਹੀਰਾ ਰੰਧਾਵਾ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ਜਿਸ ਨੇ ਡਾ: ਔਲਖ ਨੂੰ ਰੋਹੀ ਦੇ ਕੇਸੂ ਕਹਿੰਦਿਆਂ ਦੱਸਿਆ ਕਿ ਉਸ ਨੇ ਡਾ: ਔਲਖ ਦਾ ਨਾਟਕ "ਅੰਨ੍ਹੇ ਨਿਸ਼ਾਨਚੀ" ਖੇਡ ਕੇ ਰੰਗਮੰਚ ਦਾ ਸਫਰ ਸ਼ੁਰੂ ਕੀਤਾ ਸੀ। ਟੋਰਾਂਟੋ ਆਰਟਸ ਐਸੋਸੀਏਸ਼ਨ ਦੇ ਕੁਲਦੀਪ ਰੰਧਾਵਾ ਨੇ ਡਾ: ਔਲਖ ਨੂੰ ਲੋਕਾਂ ਦਾ ਨਾਟਕਕਾਰ ਕਹਿ ਕੇ ਸ਼ਰਧਾਂਜਲੀ ਭੇਂਟ ਕੀਤੀ। ਪ੍ਰਸਿੱਧ ਰੰਗਕਰਮੀ ਜਸਪਾਲ ਢਿੱਲੋਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਰੇ ਰੰਗਕਰਮੀਆਂ ਦਾ ਇੱਕਠੇ ਹੋ ਕੇ ਚੱਲਣਾ ਹੀ ਉਸ ਮਹਾਨ ਨਾਟਕਕਾਰ ਨੂੰ ਸੱਚੀ ਸ਼ਰਧਾਂਜਲੀ ਹੈ। "ਸਰੋਕਾਰਾਂ ਦੀ ਆਵਾਜ" ਦੇ ਹਰਬੰਸ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਿਰਫ ਧਰਤੀ ਹੀ ਨਹੀਂ ਲੋਕ ਅਸਲ ਵਿੱਚ ਦੇਸ਼ ਹੁੰਦੇ ਹਨ ਅਤੇ ਡਾ: ਔਲਖ ਲੋਕਾਂ ਦਾ ਲੇਖਕ ਅਤੇ ਸੰਘਰਸ਼ ਕਰ ਰਹੇ ਲੋਕਾਂ ਦਾ ਸਾਥੀ ਸੀ, ਇਸ ਲਈ ਉਹ ਸੱਚਾ ਦੇਸ਼ ਭਗਤ ਸੀ। ਐਸੋਸੀਏਸ਼ਨ ਆਫ ਸੀਨੀਅਰਜ਼ ਦੇ ਪਰਮਜੀਤ ਬੜਿੰਗ ਨੇ ਕਿਹਾ ਕਿ ਦੱਬੇ ਕੁਚਲੇ ਲੋਕਾਂ ਲਈ ਆਵਾਜ਼ ਉਠਾਉਣਾ ਤੇ ਉਹਨਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਕੰਮ ਕਰਨਾ ਹੀ ਡਾ: ਔਲਖ ਨੂੰ ਸੱਚੀ ਸ਼ਰਧਾਂਜਲੀ ਹੈ। "ਸੰਵਾਦ" ਦੇ ਸੰਚਾਲਕ ਸੁਖਿੰਦਰ ਨੇ ਕਵਿਤਾ ਰਾਹੀਂ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਸੁਖਦੇਵ ਝੰਡ ਨੇ ਡਾ: ਔਲਖ ਨੂੰ ਮਲਵਈ ਬੋਲੀ ਦਾ ਉੱਤਮ ਨਾਟਕਕਾਰ ਕਿਹਾ। ਨਾਟਕਕਾਰ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਪਹਿਲਾਂ ਗੁਰਸ਼ਰਨ ਭਾਅ ਜੀ ਅਤੇ ਹੁਣ ਡਾ. ਔਲਖ ਦੇ ਵਿਛੋੜੇ ਨਾਲ ਲੋਕਪੱਖੀ ਨਾਟਕ ਵਿੱਚ ਇੱਕ ਖਲਾਅ ਪੈਦਾ ਹੋ ਗਿਆ ਹੈ। ਇਸ ਖਲਾਅ ਨੂੰ ਭਰਨ ਲਈ ਵਧੀਆ ਲੋਕਪੱਖੀ ਨਾਟਕ ਸਿਰਜ ਕੇ ਭਰਨ ਦੀ ਕੋਸ਼ਿਸ਼ ਹੀ ਡਾ: ਔਲਖ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਪ੍ਰੋਗਰਾਮ ਨੂੰ ਅੱਗੇ ਤੋਰਦਿਆਂ ਅੰਮ੍ਰਿਤ ਢਿੱਲੋਂ ਨੇ ਕਿਹਾ ਕਿ ਡਾ: ਔਲਖ ਨੇ ਆਪਣੇ ਨਾਟਕਾਂ ਰਾਹੀਂ ਗਦਰੀ ਬਾਬਿਆਂ ਅਤੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅੱਗੇ ਤੋਰਿਆਂ ਹੈ। ਬਲਜੀਤ ਬੈਂਸ ਨੇ ਗਜ਼ਲ ਰਾਹੀਂ ਆਪਣੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਪਿੰ: ਸਰਵਣ ਸਿੰਘ ਨੇ ਡਾ: ਔਲਖ ਨਾਲ ਆਪਣੀ ਸਾਂਝ ਬਾਰੇ ਸਰੋਤਿਆਂ ਨਾਲ ਗੱਲ ਕੀਤੀ। ਡਾ: ਕੰਵਲਜੀਤ ਢਿੱਲੋਂ ਨੇ ਦਿਸ਼ਾ ਵਲੋਂ ਡਾ: ਔਲਖ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਡਾ: ਔਲਖ ਦੇ ਨਾਟਕਾਂ ਦੇ ਇਸਤਰੀ ਪਾਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਔਲਖ ਦੇ ਨਾਟਕਾਂ ਵਿੱਚ ਔਰਤਾਂ ਦੀ ਪੀੜਾਂ ਤੇ ਉਨ੍ਹਾਂ ਨਾਲ ਹੁੰਦੇ ਵਿਤਕਰੇ ਦਾ ਭਰਪੂਰ ਵਰਣਨ ਹੈ। ਸ਼ਹੀਦ ਭਗਤ ਸਿੰਘ ਦੇ ਭਤੀਜੇ ਕਿਰਨਵੀਰ ਸੰਧੂ ਨੇ ਔਲਖ ਨੂੰ ਮੁਨੱਖ ਦੀ ਅਸਲੀ ਆਜ਼ਾਦੀ ਲਈ ਕੰਮ ਕਰਨ ਵਾਲਾ ਕਲਾਕਾਰ ਕਿਹਾ। ਕਰਮਜੀਤ ਗਿੱਲ ਜਿਸ ਨੇ ਤਰਕਸ਼ੀਲ਼ ਸੁਸਾਇਟੀ ਵਲੋਂ ਡਾ ਔਲਖ ਦੁਆਰਾ ਪੇਸ਼ ਨਾਟਕਾਂ ਵਿੱਚ ਕੰਮ ਕੀਤਾ ਕਿਹਾ ਕਿ ਡਾ:



ਔਲਖ ਜਿੱਥੇ ਬਹੁਤ ਵੱਡੇ ਨਾਟਕਕਾਰ ਸਨ ਉੱਥੇ ਬਹੁਤ ਮਹਾਨ ਇਨਸਾਨ ਵੀ ਸਨ। ਜੋਗਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਡਾ: ਔਲਖ ਨੂੰ ਲੋਕਪੱਖੀ ਨਾਟਕਕਾਰ ਹੋਣ ਦੇ ਨਾਤੇ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਡਾ. ਵਰਿਆਮ ਸੰਧੂ ਨੇ ਡਾ: ਔਲਖ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਔਲਖ ਦੇ ਨਾਟਕਾਂ ਦੀ ਮਹਾਨਤਾ ਇਸ ਗੱਲ ਵਿੱਚ ਹੈ ਕਿ ਲੋਕ ਆਪਣੇ ਆਪ ਨੂੰ ਉਸਦੇ ਨਾਟਕਾਂ ਦੇ ਪਾਤਰ ਸਮਝਦੇ ਹਨ। ਡਾ: ਵਰਿਆਮ ਸੰਧੂ ਮੁਤਾਬਕ ਡਾ: ਔਲਖ ਦਾ ਇਹ ਕਥਨ ਕਿ "ਮੈਂ ਤਾਂ ਨਾਟਕਾਂ ਵਿੱਚ ਆਪਣੀ ਹੀ ਗੱਲ ਕਰਦਾ ਹਾਂ" ਦੀ ਮਹਾਨਤਾ ਇਸੇ ਵਿੱਚ ਹੈ ਕਿ ਉਸ ਦੇ ਨਾਟਕਾਂ ਵਿੱਚ ਔਲਖ ਤੇ ਲੋਕ ਇੱਕ-ਮਿੱਕ ਹੋ ਜਾਂਦੇ ਹਨ।

ਪ੍ਰੋਗਰਾਮ ਦੇ ਅੰਤ ਤੇ ਤਰਕਸ਼ੀਲ ਸੁਸਾਇਟੀ ਦੇ ਆਗੂ ਬਲਰਾਜ ਛੋਕਰ ਨੇ ਡਾ: ਔਲਖ ਦੀ ਵਸੀਹਤ ਦੇ ਹਵਾਲੇ ਨਾਲ ਗੱਲ ਤੋਰਦਿਆਂ ਕਿਹਾ ਕਿ ਔਰਤਾਂ ਨੂੰ ਬਰਾਬਰੀ ਲਈ ਧੀਆਂ ਦੁਆਰਾ ਚਿਤਾ ਨੂੰ ਅਗਨੀ ਦੇਣਾ, ਕੋਈ ਧਾਰਮਿਕ ਰਸਮ ਨਾ ਕਰਨਾ ਅਤੇ ਸਮਾਗਮ ਤੇ ਕਿਸੇ ਰਾਜਨੀਤਕ ਨੇਤਾ ਨੂੰ ਨਾ ਬੁਲਾਉਣਾ ਉਹਨਾਂ ਦੀ ਤਰਕਸ਼ੀਲ ਸੋਚ ਦਾ ਹਿੱਸਾ ਹੈ। ਡਾ: ਔਲਖ ਦਾ ਇਹ ਪਾਰਲੀਮਾਨੀ ਲੋਕਰਾਜ ਵਿੱਚ ਗੱਦੀਆਂ ਤੇ ਬੈਠੇ ਕੁੱਝ ਲੋਕਾਂ ਅਤੇ ਉਨ੍ਹਾਂ ਦੇ ਭਾਈਵਾਲਾਂ ਵਲੋਂ ਕਾਮਿਆਂ ਦੀ ਕਿਰਤ ਦੀ ਲੁੱਟ ਖਿਲਾਫ ਅਤੇ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਵੱਲ ਸੰਕੇਤ ਹੈ। ਇਹ ਸਾਡੇ ਲਈ ਵੀ ਇੱਕ ਚੈਲੰਜ ਹੈ ਕਿ ਅਸੀਂ ਤਰਕਸ਼ੀਲਤਾ ਨੂੰ ਕਥਨੀ ਦੇ ਨਾਲ ਕਰਨੀ ਵਿੱਚ ਕਿਵੇਂ ਬਦਲਣਾ ਹੈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾ ਰਹੇ ਡਾ: ਬਲਜਿੰਦਰ ਸੇਖੋਂ ਨੇ ਡਾ: ਔਲਖ ਨਾਲ ਸਬੰਧਤ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਜਿਸ ਨਾਲ ਉਸ ਮਹਾਨ ਯੋਧੇ ਨਾਟਕਕਾਰ ਦੇ ਜੀਵਨ ਫਲਸਫੇ ਅਤੇ ਉਹਨਾਂ ਦੀ ਜੀਵਨ ਸ਼ੈਲੀ ਦੇ ਪ੍ਰਤੱਖ ਦਰਸ਼ਨ ਕਰਵਾ ਦਿੱਤੇ। ਬੁਲਾਰਿਆਂ ਨੇ ਪ੍ਰਗਤੀਵਾਦੀ ਲੇਖਕ ਇਕਬਾਲ ਰਾਮੂਵਾਲੀਆ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਸਮਾਗਮ ਵਿੱਚ ਹੋਰਨਾਂ ਤੋਂ ਬਿਨਾਂ ਬਲਜਿੰਦਰ ਲੇਲਣਾ, ਮਲੂਕ ਕਾਹਲੋਂ, ਪੂਰਨ ਸਿੰਘ ਪਾਂਧੀ, ਸੁਰਜੀਤ ਕੌਰ, ਇਕਬਾਲ ਬਰਾੜ, ਸੰਨੀ ਸ਼ਿਵਰਾਜ, ਸੁਖਦੇਵ ਸਿੰਘ ਧਾਲੀਵਾਲ, ਪ੍ਰੀਤਮ ਸਿੰਘ ਸਰਾਂ, ਗੁਰਮੇਲ ਸਿੰਘ ਬਰਗਾੜੀ, ਜਸਵਿੰਦਰ ਗਿੱਲ ਅਚਾਰੀਆ, ਜੀਵਨ ਚਾਹਲ, ਰੈੱਡ ਵਿੱਲੋ ਕਲੱਬ, ਏਅਰਪੋਰਟ ਰੱਨਰਜ਼ ਕਲੱਬ ਅਤੇ ਜੇਮਜ ਪੌਟਰ ਕਲੱਬ ਦੇ ਮੈਂਬਰ ਕਾਫੀ ਗਿਣਤੀ ਵਿੱਚ ਹਾਜ਼ਰ ਸਨ। ਸੁਸਾਇਟੀ ਵਲੋਂ ਸਮੁੱਚੇ ਮੀਡੀਏ, ਹਾਜਰ ਲੋਕਾਂ ਅਤੇ ਰੋਇਲ ਬੈਂਕੁਅਟ ਹਾਲ ਦੇ ਪਰਬੰਧਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।














ਪਰਦੇ ਦੀਆਂ ਪਰਤਾਂ-4

# ਸਿਨੇਮਾ ਵਿੱਚ ਰਿਫਿਊਜ਼ੀ ਸੰਕਟ ਦੀ ਪੇਸ਼ਕਾਰੀ ਬਨਾਮ ਸਰਹੱਦਾਂ/ਲਾਂਘੇ



ਕੁਲਦੀਪ ਕੌਰ
98554-04330

ਸਾਲ 2016 ਨੂੰ ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ 'ਰਿਫਿਊਜ਼ੀਆਂ ਦਾ ਸਾਲ'ਦੇ ਤੌਰ ਤੇ ਯਾਦ ਕੀਤਾ ਜਾਵੇਗਾ।ਇਸ ਸਾਲ ਦੇ ਖਾਤੇ ਵਿੱਚ ਇਹ ਨਮੋਸ਼ੀ ਵੀ ਦਰਜ ਹੋਣੀ ਹੈ ਕਿ ਇਸ ਸਾਲ 'ਆਧੁਨਿਕ' ਤੇ 'ਤਰੱਕੀ-ਪਸੰਦ' ਯੂਰਪੀਨ ਮੁਲਕਾਂ ਨੇ ਪਨਾਹ ਦੀ ਝਾਕ ਵਿੱਚ ਆਏ ਇਹਨਾਂ ਰਿਫਿਊਜ਼ੀਆਂ ਨਾਲ ਗੈਰ-ਮਨੁੱਖੀ ਵਰਤਾਉ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਨਵੀਂਆਂ ਨਿਵਾਣਾਂ ਛੋਹੀਆਂ।ਅਮਨੈਸਟੀ ਇੰਟਰਨੈਸ਼ਨਲ ਦੁਆਰਾ ਜਾਰੀ ਕੀਤੇ ਅੰਦਾਜ਼ਿਆਂ ਮੁਤਾਬਿਕ ਇਸ ਸਾਲ ਵੱਖ-ਵੱਖ ਕਾਰਣਾਂ ਕਰਕੇ ਲੱਗਭੱਗ ਸੱਠ ਲੱਖ ਲੋਕਾਂ ਨੂੰ ਆਪਣੇ ਘਰਾਂ ਤੋਂ ਬੇਦਰ ਹੋਣਾ ਪਿਆ।ਜੇਕਰ ਸਿਰਫ ਲੀਬੀਆ ਅਤੇ ਇਟਲੀ ਵਿਚਕਾਰਲੇ ਸਮੁੰਦਰੀ ਲਾਂਘੇ ਦੀ ਗੱਲ ਕੀਤੀ ਜਾਵੇ ( ਇਸ ਨੂੰ ਦੁਨੀਆ ਦਾ ਸਭ ਤੋਂ ਖਤਰਨਾਕ ਲਾਂਘਾ ਮੰਨਿਆ ਜਾਦਾ ਹੈ) ਤਾਂ ਇਸ ਦੇ ਕੰਢਿਆਂ ਤੇ ਨਿੱਤ ਦਿਨ ਪਹੁੰਚਦੀਆਂ ਅਣਪਛਾਤੀਆਂ ਲਾਸ਼ਾਂ ਦੀ ਗਿਣਤੀ ਹੀ ਹਜ਼ਾਰਾਂ ਵਿੱਚ ਹੈ।ਅਖਬਾਰ 'ਦੀ ਇੰਨਡੈਪਨਿਡੰਟ' ਦੁਆਰਾ ਜਾਰੀ ਕੀਤੀਆਂ ਰਿਪੋਰਟਾਂ ਵਿੱਚ ਇੱਥੇ ਬਚਕੇ ਪਹੁੰਚੇ ਰਿਫਿਊਜ਼ੀਆਂ ਅਤੇ ਉਹਨਾਂ ਦੀ ਜ਼ਿੰਦਗੀ ਬਚਾਉਣ ਦੇ ਆਹਰ ਵਿੱਚ ਜੁਟੇ ਰਾਹਤ ਕਰਮੀਆਂ ਦੇ ਬਿਰਤਾਂਤ ਰੂਹ ਨੂੰ ਸੁੰਨ ਕਰ ਦੇਣ ਵਾਲੇ ਹਨ।ਰਾਹਤ ਟੀਮ ਦੇ ਇੱਕ ਡਾਕਟਰ ਅਨੁਸਾਰ, 'ਮਸਲਾ ਸਿਰਫ ਉਹਨਾਂ ਦੇ ਇੱਥੇ ਜ਼ਿੰਦਾ ਪਹੁੰਚਣ ਦਾ ਨਹੀਂ ਹੈ, ਮਸਲਾ ਇਹ ਹੈ ਕਿ ਇੱਥੇ ਪਹੁੰਚਣ ਤੱਕ ਉਹਨਾਂ ਵਿੱਚੋਂ ਬਹੁਤਿਆਂ ਨਾਲ ਸਰੀਰਿਕ-ਮਾਨਸਿਕ ਤਸ਼ੱਦਦ ਹੋ ਚੁੱਕਾ ਹੁੰਦਾ ਹੈ, ਔਰਤਾਂ ਤੇ ਬੱਚੀਆਂ ਨਾਲ ਬਲਾਤਕਾਰ ਹੋ ਚੁੱਕੇ ਹੁੰਦੇ ਹਨ,ਛੋਟੇ ਮੁੰਡਿਆਂ ਦਾ ਸਰੀਰਕ ਸ਼ੋਸ਼ਣ ਹੋ ਚੁੱਕਾ ਹੁੰਦਾ ਹੈ,ਉਹਨਾਂ ਨਾਲ ਉਜਾੜੇ ਦੀ ਤਰਾਸਦੀ ਤੋਂ ਵੀ ਦਿਲ-ਕੰਬਾਊ ਹਾਦਸੇ ਵਾਪਰ ਚੁੱਕੇ ਹੁੰਦੇ ਹਨ'।ਇੱਥੇ ਹੀ ਕੰਮ ਕਰਦੀ ਇੱਕ ਹੋਰ ਡਾਕਟਰ ਦੱਸਦੀ ਹੈ, 'ਉਹਨਾਂ ਦੇ ਮਰਨ ਦੇ ਭੈਅ ਨਾਲ ਵ੍ਰਿਕਤ ਹੋਏ ਚਿਹਰੇ ਰਾਤ ਨੂੰ ਸੌਣ ਨਹੀਂ ਦਿੰਦੇ।ਮਨੁੱਖਾਂ ਦੀ ਤਸਕਰੀ ਕਰਦੇ ਵਪਾਰੀਆਂ ਨੇ ਇਸ ਤੱਥ ਨੂੰ ਵੀ ਦਰਕਿਨਾਰ ਕਰ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਡੂੰਘੇ ਸਮੁੰਦਰਾਂ ਵਿੱਚ ਰਬੜਾਂ ਦੀਆਂ ਕਿਸ਼ਤੀਆਂ ਨਹੀਂ ਚੱਲ ਸਕਦੀਆਂ।ਆਪਣੇ ਮੁਨਾਫੇ ਨੂੰ ਦੁੱਗਣਾ ਕਰਣ ਦੀ ਹਵਸ ਵਿੱਚ ਉਹਨਾਂ ਨੇ ਲੱਕੜਾਂ ਦੀਆਂ ਕਿਸ਼ਤੀਆਂ ਦੀ ਜਗ੍ਹਾਂ ਰਬੜ ਦੀਆਂ ਸਸਤੀਆਂ ਤੇ ਜਗਾੜੂ ਕਿਸ਼ਤੀਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ।ਉਹ 10-20 ਜਣਿਆਂ ਦਾ ਭਾਰ ਸਹਾਰ ਸਕਦੀਆਂ ਹਨ ਪਰ ਉਹਨਾਂ ਵਿੱਚ ਭੇਡਾਂ-ਬੱਕਰੀਆਂ ਵਾਂਗ 100-150 ਲੋਕਾਂ ਨੂੰ ਤੁੰਨ ਦਿੱਤਾ ਜਾਂਦਾ ਹੈ।ਚਲਾਉਣ ਵਾਲਿਆਂ ਨੂੰ ਕੋਈ ਸਿਖਲਾਈ ਤੱਕ ਨਹੀਂ ਦਿੱਤੀ ਜਾਂਦੀ।ਸਭ ਤੋਂ ਵੱਡੀ ਤਰਾਸਦੀ ਇਹ ਕਿ ਇਹਨਾਂ ਕਿਸ਼ਤੀਆਂ ਦੇ ਮੁਸਾਫਿਰਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਜਾਣਾ ਕਿੱਥੇ ਹੈ?"

ਇਹੀ ਡਾਕਟਰ ਲੰਮਾ ਹੌਕਾ ਭਰਦਿਆਂ ਆਖਦੀ ਹੈ, 'ਸਰਕਾਰਾਂ ਨੂੰ ਇਸ ਗੱਲ ਦੀ ਤਾਂ ਬਹੁਤ ਚਿੰਤਾ ਹੈ ਕਿ ਇਹਨਾਂ ਨੂੰ ਯੂਰਪੀਨ ਮੁਲਕਾਂ ਦੀਆਂ ਸਰਹੱਦਾਂ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇ ਪਰ ਕੀ ਇੱਕ ਸਕਿੰਟ ਲਈ ਕਿਸੇ ਨੇ ਇਹ ਸੋਚਣ ਦਾ ਤਰੱਦਦ ਕੀਤਾ ਹੈ ਕਿ ਲੱਖਾਂ ਦੀ ਗਿਣਤੀ ਵਿੱਚ ਇਹ ਲੋਕ ਕਿਉਂ ਤੇ ਕਿੱਥੋਂ ਇਹਨਾਂ ਸਮੁੰਦਰੀ ਕਿਨਾਰਿਆਂ ਤੇ ਮਰਨ ਲਈ ਆ ਗਏ ਹਨ?

ਇਸੇ ਰਾਹਤ ਸੈਂਟਰ ਵਿੱਚ ਕੰਮ ਕਰਦੀ ਕਿੰਮ ਕਲੇਸੇਨ ਉਹਨਾਂ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਹਨਾਂ ਨੇ ਸੰਕਟ ਦੇ ਇਸ ਦੌਰ ਵਿੱਚ ਘਰਾਂ ਵਿੱਚ 'ਹੱਥ ਤੇ ਹੱਥ' ਧਰਕੇ ਬੈਠਣ ਨਾਲੋਂ ਇਹਨਾਂ ਮੁਸੀਬਤਾਂ ਮਾਰਿਆਂ ਦੀ ਮੱਦਦ ਕਰਨ ਦਾ ਤਰੱਦਦ ਕੀਤਾ ਹੈ। ਉਹ ਗੁੱਸੇ ਨਾਲ ਆਖਦੀ ਹੈ, 'ਯੂਰਪੀਅਨ ਯੂਨੀਅਨ ਦੇ ਅਰਾਮਦਾਇਕ ਘਰਾਂ ਵਿੱਚ ਟੀ.ਵੀ ਤੇ ਖਬਰਾਂ ਦਾ ਆਨੰਦ ਮਾਣ ਰਹੇ ਬਹੁਤੇ ਲੋਕਾਂ ਨੇ ਇਹ ਮੰਨ ਲਿਆ ਹੈ ਕਿ ਹਰ ਰਿਫਿਊਜ਼ੀ ਅੱਤਵਾਦੀ ਹੈ ਤੇ ਉਹਨੂੰ ਮਰਨ ਦਿਉ ਜਿਵੇਂ ਮਰਦਾ ਹੈ।ਕਦੇ-ਕਦੇ ਦਿਲ ਕਰਦਾ ਕਿ ਮੈਂ ਇਹਨਾਂ ਨੇਤਾਵਾਂ ਵਿੱਚੋਂ ਕੁਝ ਨੂੰ ਇਸ ਡਰਾਉਣੇ ਸਫਰ ਤੇ ਲੈਕੇ ਜਾਵਾਂ ਤੇ ਇਹਨਾਂ ਮੁਸਾਫਿਰਾਂ ਦੇ ਰੂਬਰੂ ਕਰਵਾਵਾਂ।ਆਪਣੇ ਆਲੇ-ਦੁਆਲੇ ਦੀ ਜ਼ਲਾਲਤ ਅਤੇ ਗਫ਼ਲਤ ਤੋਂ ਬਚਣ ਲਈ ਕੰਧਾਂ ਕਰ ਲੈਣ ਦਾ ਅਰਥ ਇਹ ਤਾਂ ਨਹੀਂ ਕਿ ਕੁਝ ਗਲਤ ਵਾਪਰ ਹੀ ਨਹੀਂ ਰਿਹਾ।"











ਸੀਰੀਆਂ ਤੋਂ ਰਿਫਿਊਜ਼ੀ ਦੇ ਤੌਰ 'ਤੇ ਆਕੇ ਨੀਦਰਲੈਂਡ ਵਿੱਚ ਆ ਵਸਿਆ ਆਬਾਊਦ ਸਲਾਹੁਦ 'ਅਲ-ਜ਼ਜ਼ੀਰਾ' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਆਖਦਾ ਹੈ,'ਸਰਹੱਦਾਂ ਤੇ ਪਰਿਵਾਰਾਂ ਦੇ ਪਰਿਵਾਰ ਫਸੇ ਬੈਠੇ ਹਨ।ਉਹ ਮਘੋਰਿਆਂ ਵਰਗੇ ਟੈਂਟ-ਘਰਾਂ ਵਿੱਚ ਰਹਿ ਰਹੇ ਹਨ। ਸਮਗਲਰਾਂ ਨੇ ਰਸਤੇ ਵਿੱਚ ਹੀ ਉਹਨਾਂ ਦਾ ਸਾਰਾ ਕੁਝ ਲੁੱਟ ਲਿਆ ਹੁੰਦਾ ਹੈ।ਖਬਰਾਂ ਵਿੱਚ ਦੁਨੀਆਂ ਦੇ ਸਾਰੇ ਮੁਲਕ ਉਹਨਾਂ ਨਾਲ ਮਣਾਂ-ਮੂੰਹੀ ਹਮਦਰਦੀ ਜਤਾ ਰਹੇ ਹਨ।ਲੱਗ ਰਿਹਾ ਹੈ ਕਿ ਉਹਨਾਂ ਲਈ ਧੜਾ-ਧੜ ਦਵਾਈਆਂ,ਕੱਪੜੇ ਅਤੇ ਭੋਜਨ ਦੇ ਡੱਬੇ ਆ ਰਹੇ ਹਨ।ਕੀ ਰਿਫਿਊਜ਼ੀ ਇਸ ਸਭ ਲਈ ਰਿਫਿਊਜ਼ੀ ਬਣੇ ਹਨ? ਨਹੀਂ।ਸਾਡੇ ਘਰਾਂ ਨੂੰ ਥੋਪੀਆਂ ਜੰਗਾਂ. ਭੁੱਖਮਰੀਆਂ,ਖਾਨਾਜੰਗੀਆਂ ਤੇ ਮਾੜੀ ਸਿਆਸਤ ਨੇ ਉਜਾੜਿਆਂ ਹੈ।ਪਹਿਲਾਂ ਇਹ ਸਭ ਬੰਦ ਕਰਨਾ ਜ਼ਰੂਰੀ ਹੈ।ਤੁਸੀਂ ਸਰਹੱਦਾਂ ਬੰਦ ਰੱਖੋ, ਤਾਨਾਸ਼ਾਹਾਂ,ਜਰਵਾਣਿਆਂ ਨੂੰ ਨਕੇਲ ਪਾਉ।ਸਾਡੇ ਮੁਲਕਾਂ ਵਿੱਚ ਹਥਿਆਰਾਂ ਦੇ ਕਾਰੋਬਾਰਾਂ ਨੂੰ ਬੰਦ ਕਰੋ।ਸਾਨੂੰ ਉਜਾੜਣਾ ਬੰਦ ਕਰੋ।"

ਰੰਮੀ ਵੀ ਸੀਰੀਆ ਤੋਂ ਉਜੜਕੇ ਆਇਆ ਹੈ ਅਤੇ ਹੁਣ ਏਥਨਜ਼ ਵਿੱਚ ਰਹਿੰਦਾ ਹੈ।ਉਸ ਅਨੁਸਾਰ, 'ਇਸਲਾਮਿਕ-ਫੋਬੀਆ ਦੀ ਮਿੱਥ ਅਤੇ ਜਹਾਦੀ ਗਰੁੱਪਾਂ ਦੀ ਕੱਟੜਤਾ, ਦੋਵਾਂ ਦਾ ਰੱਜਕੇ ਗਲਤ ਇਸਤੇਮਾਲ ਹੋਇਆ ਹੈ।ਇਹਨਾਂ ਦੇ ਝੰਬੇ ਲੋਕਾਂ ਨੂੰ ਇਟਲੀ ਅਤੇ ਗਰੀਸ ਵਿੱਚ ਰੋਕਣ ਦੀ ਕੋਸ਼ਿਸ ਕੀਤੀ ਜਾਂਦੀ ਹੈ।ਯੂਰਪ ਹੱਥ ਖੜ੍ਹੇ ਕਰ ਰਿਹਾ ਹੈ।ਲੋਕਾਂ ਨੂੰ 'ਤਾਨਾਸ਼ਾਹ' ਜਾਂ 'ਜਹਾਦੀ' ਵਿੱਚੋਂ ਇੱਕ ਧਿਰ ਨਾਲ ਜਿਉਂਣਾ ਪੈ ਰਿਹਾ।ਜਦੋਂ ਤੁਹਾਡੇ ਬੱਚਿਆਂ ਦੇ ਸੁਪਨਿਆਂ ਵਿੱਚ ਵੀ ਮੌਤ ਦੀ ਘੁਸਪੈਂਠ ਹੋ ਜਾਵੇ ਤਾਂ ਇਸ ਤੋਂ ਬਦਤਰ ਹੋਰ ਕੀ ਹੋ ਸਕਦਾ।"

ਰਿਫਿਊਜ਼ੀਆਂ ਦੇ ਪੁਨਰ-ਵਸੇਵੇ ਲਈ ਕੰਮ ਕਰਦੀ ਪ੍ਰੀਤੀ ਨੱਲੂ ਅਨੁਸਾਰ ਇਹਨਾਂ ਦੋ ਕਾਰਣਾਂ ਤੋਂ ਬਿਨਾਂ ਆਲਮੀ ਤਪਸ਼ ਦਾ ਲਗਾਤਾਰ ਵੱਧਣਾ,ਖੇਤੀਬਾੜੀ ਦਾ ਉਜਾੜਾ ਅਤੇ ਆਰਥਿਕ ਮੰਦਵਾੜੇ ਨੇ ਲੱਖਾਂ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ।ਇਸ ਮੁੱਦੇ ਨੂੰ ਸਿਰਫ ਰਿਫਿਊਜ਼ੀਆਂ ਦੇ ਸਰਹੱਦਾਂ ਟੱਪਣ ਸਬੰਧੀ ਕਾਨੂੰਨੀ ਕਾਰਵਾਈਆਂ ਅਤੇ ਸਰਕਾਰਾਂ ਦੁਆਰਾ ਸਰਹੱਦਾਂ ਸੀਲ ਕਰ ਦੇਣ ਨਾਲ ਹੱਲ ਕਰਨ ਦੀ ਬਿਜਾਏ ਮੌਜੂਦਾ ਆਰਥਿਕ ਪ੍ਰਬੰਧ ਬਦਲਣ,ਸਿਆਸਤ ਦਾ ਖਾਸਾ ਬਦਲਣ,ਸਮਾਜਿਕ ਪਛਾਣਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਣ ਅਤੇ ਖੱਪਤਕਾਰੀ ਦੇ ਮਾਰੂ ਰੁਝਾਣਾਂ ਨੂੰ ਠੱਲ ਪਾਉਣ ਵੱਲ ਸੇਧਿਤ ਕਰਨਾ ਚਾਹੀਦਾ ਹੈ।"

ਜਿੱਥੇ ਬਹੁਤ ਸਾਰੀਆਂ ਸੰਸਥਾਵਾਂ ਆਪਣੇ -ਆਪਣੇ ਪੱਧਰ ਤੇ ਇਸ ਸੰਕਟ ਨੂੰ ਸੰਬੋਧਿਤ ਹੋ ਰਹੀਆਂ ਹਨ,ਫਿਲਮਸ਼ਾਜ਼ਾਂ ਨੇ ਆਪਣੇ ਢੰਗ ਨਾਲ ਇਸ ਦੇ ਵੱਖਰੇ-ਵੱਖਰੇ ਪਹਿਲੂਆਂ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।ਇਸ ਸਬੰਧ ਵਿੱਚ ਫਿਲਮ, 'ਆਫਟਰ ਦੀ ਸਪਰਿੰਗ (ਬਸੰਤ ਤੋਂ ਬਾਅਦ)' ਸੀਰੀਆ ਤੋਂ ਦਰ-ਬਦਰ ਹੋਏ ਦੋ ਪਰਿਵਾਰਾਂ ਦੀ ਕਹਾਣੀ ਹੈ ਜਿਹੜੇ ਕਿਸੇ ਤਰ੍ਹਾਂ ਜਾਨ ਬਚਾਕੇ ਜਤਾਰੀ (ਸੀਰੀਅਨ ਰਿਫਿਊਜ਼ੀਆਂ ਲਈ ਬਣਾਇਆ ਸਭ ਤੋਂ ਵੱਡਾ ਰਾਹਤ ਕੈਂਪ) ਵਿੱਚ ਪਹੁੰਚ ਜਾਂਦੇ ਹਨ। ਜ਼ਿੰਦਗੀ ਬਚਾ ਲੈਣ ਤੋ ਬਾਅਦ ਇਸ ਨੂੰ ਰੋਜ਼ ਤਿਣਕਾ-ਤਿਣਕਾ ਟੁੱਟਦੇ ਦੇਖਣਾ ਕੀ ਹੁੰਦਾ ਹੈ,ਫਿਲਮਸ਼ਾਜ਼ ਇਹਨਾਂ ਪਰਿਵਾਰਾਂ ਦੀ ਜੱਦੋ-ਜਹਿਦ ਨੂੰ ਪਰਦੇ ਤੇ ਸਾਕਾਰ ਕਰਕੇ ਦਿਖਾਉਂਦਾਂ ਹੈ।ਦਰਸ਼ਕ ਉਸ ਪੀੜ ਨੂੰ ਮਹਿਸੂਸ ਕਰ ਸਕਦਾ ਹੈ ਜਦੋਂ ਪਰਿਵਾਰਾਂ ਨੂੰ ਇਹ ਕਿਆਸ ਹੁੰਦਾ ਹੈ ਕਿ ਉਹ ਹੁਣ ਦੁਨੀਆਂ ਦੇ ਕਿਸੇ ਵੀ ਕੋਨੇ ਨੂੰ 'ਆਪਣਾ ਘਰ'ਨਹੀਂ ਕਹਿ ਸਕਦੇ।

ਇਸ ਸੰਕਟ ਬਾਰੇ ਬਣੀ ਦੂਜੀ ਮਹਤੱਵਪੂਰਨ ਫਿਲਮ ਹੈ,' ਫਾਇਰ ਐਂਟ ਸੀ (ਸਮੁੰਦਰ ਵਿੱਚ ਅੱਗ)' ਸਮੁੰਦਰ ਕੰਢੇ ਸਦੀਆਂ ਤੋਂ ਰਹਿ ਰਹੇ ਲੋਕਾਂ ਦੇ ਸਮੁੰਦਰ ਰਾਸਤੇ ਆ ਰਹੇ ਰਿਫਿਊਜ਼ੀਆਂ ਨਾਲ ਰਾਬਤੇ ਨੂੰ

(ਬਾਕੀ ਸਫ਼ਾ 27 'ਤੇ)






# ਦੁਨੀਆਂ ਪੂੰਜੀ ਦੇ ਜ਼ਾਲਮੀ ਪੰਜੇ ਦੀ ਗ੍ਰਿਫ਼ਤ 'ਚ



**ਨਰਭਿੰਦਰ**

ਦੁਨੀਆਂ ਦੀ ਇਕ ਸੰਸਥਾ ਹੈ ਆਕਸਫੈਮ। ਜਿਹੜੀ ਦੁਨੀਆਂ ਭਰ ਦੇ ਦੇਸ਼ਾਂ ਦੀ ਆਰਥਿਕਤਾ ਦੀ ਪੁਣ ਛਾਣ ਕਰਦੀ ਰਹਿੰਦੀ ਹੈ। ਹਰ ਸਾਲ ਇਹ ਸੰਸਥਾ-ਵਿਸ਼ਵ ਆਰਥਿਕ ਫੋਰਮ ਦੀ ਬੈਠਕ ਤੋਂ ਪਹਿਲਾਂ ਇਕ ਰਿਪੋਰਟ ਜਾਰੀ ਕਰਦੀ ਹੈ। ਇਸ ਫੋਰਮ ਦੀ ਬੈਠਕ ਸਵਿਟਰਜ਼ਰ ਦੇ ਸ਼ਹਿਰ ਦਾਵੋਸ ਵਿਚ ਹੁੰਦੀ ਹੈ। ਵਿਸ਼ਵ ਆਰਥਿਕ ਫੋਰਮ ਉਹ ਸੰਸਥਾ ਹੈ ਜਿਸ ਵਿਚ ਕਾਰਪੋਰੇਟੀ ਪੂੰਜੀ ਦੇ ਨੁਮਾਇੰਦੇ, ਰਾਜਸੀ ਆਗੂ, ਸਨਅਤਕਾਰ ਅਤੇ ਅਮੀਰ ਮਿਲ ਕੇ ਬਹਿੰਦੇ ਹਨ ਅਤੇ ਉਨ੍ਹਾਂ ਦੀ ਚਰਚਾ 'ਚ ਇਹੋ ਹੁੰਦਾ ਹੈ ਕਿ ਦੁਨੀਆਂ ਦੀ ਸੰਪਤੀ ਨੂੰ ਕਿਵੇਂ ਹਥਿਆਉਣਾ ਹੈ। ਕਿਵੇਂ ਵੰਡਣਾ ਹੈ। ਉਂਝ ਇਹ ਸਭ ਕੁਝ, ਵਿਸ਼ਵੀ, ਖੇਤਰੀ ਅਤੇ ਸਨਅਤੀ ਖੇਤਰ ਦੇ ਏਜੰਡਿਆਂ ਨੂੰ ਵਿਚਾਰਨ ਲਈ ਦੇ ਨਾਂ ਹੇਠ ਬਹਿੰਦੇ ਹਨ। ਇਸ ਦੀ ਜੁਮਲੇਬਾਜ਼ੀ 'ਚ ਪਿਛਲੇ ਸਾਲ ਇਹ ਜੁਮਲਾ ਸੀ ਕਿ 'ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ' ਦੇ 'ਸੰਕਲਪ' ਲਏ ਗਏ ਹਨ, ਸ਼ਾਇਦ ਇਸੇ ਦਾ ਭਾਰਤੀ ਅਨੁਵਾਦ ਮੋਦੀ ਦੀ ਬਦਨਾਮ ਜੁਮਲਾ ਬਣਿਆ 'ਚੰਗੇ ਦਿਨ ਆਉਣ ਵਾਲੇ ਹਨ' ਭਾਵ ਮੋਦੀ ਨੇ ਉਹੀ ਭਾਸ਼ਾ ਚੋਰੀ ਕੀਤੀ ਜਿਹੜੀ ਕਾਰਪੋਰੇਟੀ ਪੂੰਜੀ ਨੇ ਉਹਦੇ ਮੂੰਹ 'ਚ ਪਾਈ ਸੀ ਅਤੇ ਕੁਰਸੀ 'ਤੇ ਬਿਠਾਇਆ ਸੀ। 'ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ' ਦੇ ਸੰਕਲਪ ਦੀ ਹਕੀਕਤ ਇਸ ਵਾਰ ਦੀ ਭਾਵ 2016 ਦੇ ਆਰਥਿਕ ਸਰਵੇਖਣ ਵਾਲੀ ਆਕਸਫੈਮ ਦੀ ਰਿਪੋਰਟ ਜ਼ਾਹਿਰ ਕਰ ਦਿੰਦੀ ਹੈ। ਇਸ ਰਿਪੋਰਟ ਦਾ ਨਾਂ ਹੈ- ਇਕ ਆਰਥਿਕਤਾ 99 ਫੀਸਦੀ ਲਈ। ਹਾਲਾਂ ਕਿ ਪਿਛਲੇ ਸਾਲ ਭਾਵ 2015 ਦੇ ਆਰਥਿਕ ਰਿਪੋਰਟ ਦਾ ਨਾਂ ਸੀ। - 'ਆਰਥਿਕਤਾ ਸਿਰਫ਼ ਇਕ ਫੀ ਸਦੀ ਲਈ।' ਕੁਝ ਕਹਿ ਲਓ ਪਰ ਦੋਹਾਂ ਹੀ ਮਹਿਨਿਆਂ 'ਚੋਂ ਇਹ ਗੱਲ ਤਾਂ ਸਾਫ਼ ਹੁੰਦੀ ਹੈ ਆਰਥਿਕਤਾ ਕੁਝ ਹੱਥਾਂ 'ਚ ਕੇਂਦਰਤ ਹੈ ਅਤੇ ਦਿਨੋਂ ਦਿਨ ਹੋਰ ਹੋ ਰਹੀ ਹੈ।

ਸਾਲ 2016 ਦੀ ਆਕਸਫੈਮ ਦੀ ਰਿਪੋਰਟ ਮੁਤਾਬਕ ਦੁਨੀਆਂ ਦਾ ਕੁੱਲ ਦੌਲਤ 255.7 ਖਰਬ ਡਾਲਰ ਹੈ, ਇਹਦਾ 99.98 ਫੀਸਦੀ ਦੁਨੀਆਂ ਦੇ 50 ਫੀ ਸਦੀ ਲੋਕਾਂ ਕੋਲ ਸੀ ਅਤੇ ਬਾਕੀ ਹੇਠਲੇ 50 ਫੀਸਦੀ ਲੋਕਾਂ ਕੋਲ ਸਿਰਫ 02. ਫੀ ਸਦੀ ਹੈ। ਹੇਠਲੇ 50 ਫੀਸਦੀ ਆਬਾਦੀ ਦੀ ਕੁੱਲ ਦੌਲਤ ਨਾਲੋਂ ਵੱਧ ਦੌਲਤ ਸਿਰਫ਼ ਅੱਠ ਲੋਕਾਂ ਕੋਲ ਹੈ ਅਤੇ ਇਹੋ 8 ਆਦਮੀ ਦੁਨੀਆਂ ਵਿਚ ਸਭ ਤੋਂ ਅਮੀਰ ਆਦਮੀ ਹਨ। ਇਨ੍ਹਾਂ ਅੱਠਾਂ 'ਚੋਂ ਛੇ ਇਕੱਲੇ ਅਮਰੀਕੀ ਹਨ। ਇਸੇ ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਪਿਛਲੇਰੇ 30 ਸਾਲਾਂ ਵਿਚ ਅਮਰੀਕਾ ਵਿਚ ਸਭ ਤੋਂ ਅਮੀਰ ਇਕ ਫੀ ਸਦੀ 1% ਲੋਕਾਂ ਦੀ ਆਮਦਨੀ 300 ਫੀ ਸਦੀ ਨਾਲ ਵਧੀ ਹੈ। ਜਦੋਂ ਕਿ ਸਭ ਤੋਂ ਹੇਠਲੇ 50 ਫੀਸਦੀ ਦੀ ਆਮਦਨੀ ਭੋਰਾ ਭਰ ਵੀ ਨਹੀਂ ਵਧੀ। ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਬਿਲ ਗੇਟਸ ਦੀ ਦੌਲਤ, 2006 ਤੋਂ ਪਿਛੋਂ (ਜਦੋਂ ਉਹ ਮਾਇਕਰੋਸਾਫਟ ਤੋਂ ਅਲੱਗ ਹੋ ਗਿਆ ਸੀ) 50 ਫੀਸਦੀ ਵੱਧ ਗਈ ਹੈ ਅਤੇ 75 ਅਰਬ ਡਾਲਰ ਭਾਵ ਲਗਭਗ 51 ਖਰਬ ਰੁਪਏ ਹੋ ਗਈ ਹੈ।

ਬਹੁਤ ਸਾਰੇ ਦੇਸ਼ ਜਿਨ੍ਹਾਂ 'ਚ ਚੀਨ, ਇੰਡੋਨੇਸ਼ੀਆ, ਬੰਗਲਾ ਦੇਸ਼, ਲਾਉਸ ਅਤੇ ਭਾਰਤ ਆਦਿ ਹਨ, ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਸਭ ਤੋਂ ਅਮੀਰ 10 ਫੀਸਦੀ ਲੋਕਾਂ ਦਾ ਆਪਣੇ ਦੇਸ਼ ਦੀ ਆਮਦਨ ਵਿਚ ਹਿੱਸਾ 15 ਫੀਸਦੀ ਵਧ ਗਿਆ ਹੈ ਜਦੋਂ ਕਿ ਸਭ ਤੋਂ ਗਰੀਬ 10 ਫੀਸਦੀ ਲੋਕਾਂ ਦਾ ਹਿੱਸਾ 15 ਫੀ ਸਦੀ ਘੱਟ ਗਿਆ ਹੈ।

ਭਾਰਤ ਵਿਚ ਆਮਦਨੀ ਅਤੇ ਸੰਪਤੀ ਵਿਚ ਪਾੜਾ ਦੁਨੀਆਂ ਦੇ ਪੱਧਰ ਨਾਲੋਂ ਵੀ ਕਿਤੇ ਵਧੇਰੇ ਹੈ। ਇਥੇ ਸਭ ਤੋਂ ਅਮੀਰ ਇਕ ਫੀ ਸਦੀ ਲੋਕ ਦੇਸ਼ ਦੀ 58 ਫੀ ਸਦੀ ਸੰਪਤੀ ਦੇ ਮਾਲਕ ਹਨ। ਭਾਰਤ ਦੇ ਸਿਰਫ਼ 57 ਅਰਬਪਤੀਆਂ ਦੀ ਦੌਲਤ 216 ਅਰਬ ਡਾਲਰ ਹੈ। ਜੇ ਕਿਹਾ ਜਾਵੇ ਤਾਂ ਭਾਰਤ ਦੇ 70 ਫੀਸਦੀ ਲੋਕਾਂ ਦੀ ਕੁੱਲ ਦੌਲਤ ਦੇ ਬਰਾਬਰ ਦੇ ਮਾਲਕ ਸਿਰਫ਼ 57 ਦੌਲਤਮੰਦ ਹੀ ਹਨ। ਭਾਰਤ ਵਿਚ ਤਨਖਾਹਾਂ ਦਾ ਪਾੜਾ ਐਨਾ ਵਧੇਰੇ ਹੈ ਜਿਹਦੀ ਕਿਆਸ ਹੀ ਨਹੀਂ ਕੀਤੀ ਜਾ ਸਕਦੀ। ਸਭ ਤੋਂ ਵੱਡੀ ਸੂਚਨਾ ਤਕਨਾਲੋਜੀ ਕੰਪਨੀ ਦੇ ਮੁੱਖ ਅਧਿਕਾਰੀ ਦੀ ਆਮਦਨੀ ਉਸ ਕੰਪਨੀ ਦੇ ਔਸਤ ਕਰਮਚਾਰੀ ਦੀ ਤਨਖਾਹ ਦੇ ਨਾਲੋਂ 416 ਗੁਣਾਂ ਵਧੇਰੇ ਹੈ। ਭਾਵ ਜੇ ਇਕ ਕਰਮਚਾਰੀ 10 ਹਜ਼ਾਰ ਮਹੀਨਾ ਤਨਖਾਹ ਲੈ ਰਿਹਾ ਹੈ ਤਾਂ ਕੰਪਨੀ ਦਾ ਵੱਡਾ ਮੈਨੇਜਰ 4160000 ਇਕਤਾਲੀ ਲੱਖ 60 ਹਜ਼ਾਰ ਰੁਪਏ ਵਸੂਲ ਰਿਹਾ ਹੈ। ਮੈਨੇਜਰ ਵਲੋਂ ਹਾਸਲ ਰਾਸ਼ੀ ਨੂੰ ਤਨਖਾਹ ਨਹੀਂ ਕਿਹਾ ਜਾ ਸਕਦਾ ਇਹ ਮਜ਼ਦੂਰਾਂ/ ਕਿਰਤੀਆਂ ਦੀ ਕਿਰਤ ਵਿਚ ਹੜੱਪਿਆ ਲੁੱਟ ਦਾ ਹਿੱਸਾ ਹੀ ਹੈ।

'ਇਕ ਅਰਥ ਵਿਵਸਥਾ 99 ਫੀਸਦੀ ਲਈ' ਦੇ ਨਾਅਰੇ ਹੇਠ ਆਕਸਫੋਮ ਕਾਰਪੋਰੇਟੀ ਪੂੰਜੀ ਨੂੰ ਚੌਕਸ ਕਰ ਰਿਹਾ ਹੈ ਅਤੇ ਇਹ ਚਾਹ ਰਿਹਾ ਹੈ ਕਿ ਅਰਥ ਵਿਵਸਥਾ ਦੀ ਸਿਖਰ ਉਤੇ ਬੈਠੇ ਲੋਕਾਂ ਦੀ ਆਮਦਨ ਅਤੇ ਸੰਪਤੀ ਵਿਚ ਜਿਹੜਾ ਬੇਤਹਾਸ਼ਾ ਵਾਧਾ ਹੋ ਰਿਹਾ ਹੈ, ਉਹ ਭਾਵ ਦੁਨੀਆਂ ਦੇ ਬੇਤਹਾਸ਼ਾ ਧਨਾਢ ਲੋਕ ਵੱਧ ਤੋਂ ਵੱਧ ਦਾਨ ਦੇਣ (ਭਾਵ ਟੈਕਸ ਅਦਾ ਕਰਨ) ਤਾਂ ਕਿ ਇਸ ਵਿਵਸਥਾ ਨੂੰ ਲੰਮੇ ਸਾਹ ਮਿਲ ਸਕਣ। ਪੂੰਜੀਵਾਦੀ ਬੁੱਧੀਜੀਵੀ ਜਾਣਦੇ ਹਨ ਕਿ ਦੁਨੀਆਂ ਪੱਧਰ ਉਤੇ ਆਮ ਲੋਕਾਂ ਦੀ ਵੱਡੀ ਆਬਾਦੀ ਦੀ ਆਮਦਨੀ ਵੀ ਘੱਟ ਰਹੀ ਹੈ ਅਤੇ ਸੰਪਤੀ ਦੇ ਸ੍ਰੋਤ ਵੀ ਹੱਥੋਂ ਖੁਸ ਰਹੇ ਹਨ। ਇਹ ਵਧ ਰਿਹਾ ਅਮੀਰੀ-ਗਰੀਬੀ ਦਾ ਪਾੜਾ ਤਿੱਖੇ ਟਕਰਾਵਾਂ ਨੂੰ ਜਨਮ ਦੇ ਸਕਦਾ ਹੈ। ਇਸ ਟਕਰਾਅ ਨੂੰ ਘਟਾਉਣ ਲਈ ਜਾਂ ਪਿਛੇ ਪਾਉਣ ਲਈ ਰਾਜ ਦੀ ਆਮਦਨ ਵਿਚੋਂ ਗਰੀਬੀ ਦੇ ਹਿੱਸੇ ਨੂੰ ਘਟਾ ਕੇ ਭਾਵ ਟੈਕਸ ਛੋਟਾਂ ਦੇ ਕੇ ਉਨ੍ਹਾਂ ਨੂੰ ਪਰਚਾਇਆ ਜਾ ਸਕਦਾ ਹੈ ਅਤੇ ਰਾਜ ਦੀ ਉਮਰ ਵਧਾਈ ਜਾ ਸਕਦੀ ਹੈ। ਦੂਸਰੇ ਪਾਸੇ ਟੈਕਸਾਂ ਦਾ ਇਹ ਭਾਰ ਅਮੀਰਾਂ ਨੂੰ ਚੁੱਕਣਾ ਚਾਹੀਦਾ ਹੈ। ਰਿਪੋਰਟ ਅੰਦਰਲਾ ਇਹ ਵਿਚਾਰ ਫਰਾਂਸੀਸੀ ਅਰਥਸ਼ਾਸਤੀ ਥਾਮਸ ਪਿਕੇਟੀ ਦਾ ਹੈ ਜਿਹੜਾ ਉਹਨੇ ਕੈਪੀਟਲ ਇਨ ਦਾ ਟਵੈਂਟੀ ਸੈਂਚਰੀ ਵਿਚ ਪੇਸ਼ ਕੀਤਾ ਸੀ। ਵੈਸੇ ਵੀ ਆਕਸਫੈਮ ਨੇ ਜਿਹੜੇ ਅੰਕੜੇ ਲਏ ਹਨ ਉਹ ਉਪਰੋਕਤ ਕਿਤਾਬ ਤੋਂ ਇਲਾਵਾ, ਕਰੈਡਿਟ ਸੁਈਸੇ ਗਲੋਬਲ ਵੈਲਥ ਡਾਟਾ ਬੁੱਕ ਵਿਚੋਂ ਹਨਅਤੇ ਡਾਲਰ ਅਰਬਪਤੀਆਂ ਦੀ ਸੂਚੀ ਫਾਬਰਸ ਵਿਚੋਂ ਹੈ। ਆਕਸਫੈਮ ਦੀ ਰਿਪੋਰਟ ਜਦੋਂ ਇਹ ਕਹਿੰਦੀ ਹੈ ਕਿ ਮੌਜੂਦਾ ਵਿਸ਼ਵ ਅਰਥ ਵਿਵਸਥਾ ਸਿਰਫ਼ 1 ਫੀਸਦੀ ਲੋਕਾਂ ਦੀ ਧਨ ਦੌਲਤ ਨੂੰ ਦੁਗਣੀ, ਚੌਗੁਣੀ ਕਰ ਰਹੀ ਹੈ ਅਤੇ ਇਹ 99 ਫੀ ਸਦੀ ਲੋਕਾਂ ਦੀ ਕੀਮਤ ਉਤੇ ਹੋ ਰਿਹਾ ਹੈ ਤਾਂ ਫਿਰ ਸੁਆਲ ਇਹ ਵੀ ਉਠਦਾ ਹੈ ਕਿ ਇਹ ਸਥਿਤੀ ਕਿਵੇਂ ਬਦਲੀ ਜਾ ਸਕਦੀ ਹੈ। ਕਿਵੇਂ ਪਲਟੀ ਜਾ ਸਕਦੀ ਹੈ। ਅੰਕੜਿਆਂ ਰਾਹੀਂ ਦਿਖਾਈ ਇਹ ਤਸਵੀਰ ਕੋਈ ਨਵੀਂ ਗੱਲ ਨਹੀਂ। ਲਗਭਗ 100 ਸਾਲ ਪਹਿਲਾਂ ਪੂੰਜੀ ਦੀ ਇਹ ਨਿਰਦਈ ਹਕੀਕਤ ਨੂੰ ਲੈਨਿਨ ਨੇਆਪਣੀ ਪੁਸਤਕ ਵਿਚ ਜ਼ਾਹਿਰ ਕਰ ਦਿੱਤਾ ਸੀ। ਇਹ ਪੂੰਜੀ ਦੇ ਇਤਿਹਾਸ ਦੀ ਆਮ ਜੇਹੀ ਗੱਲ ਹੈ ਕਿ ਵੱਡੀ ਆਬਾਦੀ ਵਲੋਂ ਅਰਜਿਤ (ਕਿਰਤ) ਪੂੰਜੀ ਕੁਝ ਹੱਥਾਂ 'ਚ ਸਿਮਟ ਦੀ ਚਲੀ ਜਾਂਦੀ ਹੈ।

ਹਕੀਕਤ ਤਾਂ ਇਹ ਹੈ ਕਿ ਪੂੰਜੀ ਜਿਨ੍ਹੰ ਵਧੇਰੀ ਪੱਧਰ ਉਤੇ ਕੁਝ ਹੱਥਾਂ 'ਚ ਕੇਂਦਰਤ ਹੁੰਦੀ ਜਾਂਦੀ ਹੈ, ਸਮਾਜ ਵਿਚ ਅਮੀਰੀ ਗਰੀਬੀ ਦਾ ਪਾੜਾ ਉਸ ਤੋਂ ਵੀ ਭਿਆਨਕ ਪੱਧਰ ਉਤੇ ਵੱਧ ਰਿਹਾ ਹੈ। ਇਕ ਪਾਸੇ ਆਬਾਦੀ ਦੀ ਵੱਡੀ ਗਿਣਤੀ ਲੁੱਟ, ਬੇਦਖਲੀ ਅਤੇ ਬਦਹਾਲੀ ਦਾ ਸ਼ਿਕਾਰ ਹੋ ਰਹੀ ਹੈ। ਦੂਸਰੇ ਪਾਸੇ ਅਮੀਰ ਅਮੀਰ ਹੋ ਰਹੇ ਹਨ। ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਨ ਦੇਸ਼ਾਂ ਵਿਚ ਸਾਮਰਾਜੀ ਲੁੱਟ ਆਪਣੀ ਸਿਖਰ ਉਤੇ ਪਹੁੰਚ ਗਈ ਹੈ। ਦੁਨੀਆਂ ਭਰ ਦੇ ਪੈਦਾਵਾਰੀ ਸ੍ਰੋਤਾਂ ਉਤੇ ਸਾਮਰਾਜੀ ਕਾਰਪੋਰੇਟੀ ਪੂੰਜੀਵਾਦੀਆਂ ਦੀ ਹੋੜ 'ਚ ਹੈ ਅਤੇ ਇਹਨੇ ਦੁਨੀਆਂ ਭਰ 'ਚ ਨਸਲੀ, ਜਾਤੀ ਤੇ ਲਿੰਗਕ ਲੁੱਟ ਤੇ ਜ਼ਬਰ ਅਤੇ ਤਨਾਵਾਂ ਨੂੰ ਵੀ ਉਤੇਜਿਤ ਕੀਤਾ ਹੈ ਅਤੇ ਜਿਸ ਕਰਕੇ 99 ਫੀਸਦੀ ਅਬਾਦੀ ਵੱਖ-ਵੱਖ ਤਰ੍ਹਾਂ ਦੀ ਮੰਦਹਾਲੀ, ਬਦਹਾਲੀ ਤੇ ਬੇਦਖ਼ਲੀ ਝੱਲ ਰਹੀ ਹੈ। ਇਸ 'ਚ ਦੱਖਣੀ ਦੇਸ਼ਾਂ ਦਾ ਵੱਡਾ ਹਿੱਸਾ ਜਿਹੜਾ ਸਾਮਰਾਜੀ ਪੂੰਜੀ ਦੀ ਗੁਲਾਮੀ ਹੇਠ ਹੈ, ਸਭ ਤੋਂ ਵੱਧ ਪੀੜਤ ਹੈ। ਦੁਨੀਆਂ ਦੇ ਜ਼ਿਆਦਾ ਦੇਸ਼ ਆਰਥਿਕ ਖੜੋਤ ਦਾ ਸ਼ਿਕਾਰ ਹਨ। ਆਰਥਿਕ ਵਿਕਾਸ ਦੀ ਦਰ ਦੁਨੀਆਂ ਪੱਧਰ ਉਤੇ ਹੀ ਖੜੋਤ 'ਚ ਹੈ, ਪਰ ਸਭ ਤੋਂ ਬੁਰੀ ਹਾਲਤ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਹੈ ਜਿਸ ਦੇ ਸਿੱਟੇ ਵਜੋਂ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਕਾਫ਼ੀ ਉਚੇਰੇ ਪੱਧਰ ਉਤੇ ਪਹੁੰਚ ਗਈ ਹੈ। ਦੁਨੀਆਂ ਭਰ ਦੇ ਦੇਸ਼ਾਂ ਵਿਚ ਗਰੀਬੀ ਅਮਰੀਕੀ ਤੇ ਵੱਧ ਰਹੇ ਪਾੜੇ ਅਤੇ ਪੂੰਜੀ ਦੇ ਕੁਝ ਹੱਥਾਂ 'ਚ ਇਕੱਤਰ ਹੋਣ ਦਾ ਸਿੱਟਾ ਇਹ ਹੈ ਕਿ 'ਕਿਰਤੀਆਂ ਦੀ ਇਕ ਵਿਸ਼ਾਲ ਫੌਜ'- ਮਾਰੀ ਮਾਰੀ ਭਟਕ ਰਹੀ ਹੈ ਜਿਹਨੂੰ ਗੁਜ਼ਾਰੇ ਲਾਇਕ ਘੱਟੋ ਘੱਟ ਮਜ਼ਦੂਰੀ ਅਤੇ ਘੱਟ ਤਨਖਾਹਾਂ ਉਤੇ ਕੰਮ ਕਰਨਾ ਪੈ ਰਿਹਾ ਹੈ ਅਤੇ ਜਿਉਂਦੇ ਰਹਿਣ ਦੀ ਮਜਬੂਰੀ ਕਿਸੇ ਦੀ ਹਾਲਤ ਵਿਚ ਕਿਸੇ ਵੀ ਕੰਮ ਵਿਚ ਝੌਕੇ ਜਾਣ ਲਈ ਮਜ਼ਬੂਰ ਹੈ। ਭਾਰਤ ਵਰਗਾ ਦੇਸ਼ ਜਿਥੇ ਕੁੱਲ ਕਿਰਤ ਸ਼ਕਤੀ ਦਾ 92 ਫੀਸਦੀ ਗੈਰ ਜਥੇਬੰਦਕ ਖੇਤਰ ਵਿਚ ਹੈ ਅਤੇ ਉਠਦੀ ਆਮਦਨੀ ਹਕੀਕੀ ਅਰਥਾਂ ਵਿਚ ਪਿਛਲੇਰੇ ਦੋ ਢਾਈ ਦਹਾਕਿਆਂ ਤੋਂ ਹੀ ਘੱਟ ਹੁੰਦੀ ਜਾ ਰਹੀ ਹੈ। ਗੈਰ ਰਸਮੀ ਖੇਤਰ ਵਿਚ ਉਭਰ ਰਹੇ ਰੁਜ਼ਗਾਰ ਵੀ ਗੈਰ ਰਸਮੀ ਹਨ। ਨਾ ਰੁਜ਼ਗਾਰ ਦੀ ਗਰੰਟੀ ਹੈ ਨਾ ਹੀ ਸਮਾਜਿਕ ਸੁਰੱਖਿਆ ਦੀ। ਹਕੂਮਤਾਂ ਵੀ ਮੌਜੂਦਾ ਦੌਰ 'ਚ ਪੱਕੇ ਰੁਜ਼ਗਾਰਾਂ ਦੀ ਥਾਂ ਠੇਕੇ ਅਤੇ ਅਸਥਾਈ ਕਰਮਚਾਰੀਆਂ ਤੋਂ ਕੰਮ ਲੈ ਰਹੀਆਂ ਹਨ। ਸਨਅਤਾਂ, ਆਵਾਜਾਈ, ਮਕਾਨ ਉਸਾਰੀ, ਖਣਨ, ਭੰਡਾਰਨ ਭਾਵ ਪੱਲੇਦਾਰੀ, ਥੋਕ ਅਤੇ ਖੁਦਰਾ ਵਪਾਰ ਆਦਿ ਕਈ ਖੇਤਰਾਂ ਵਿਚ ਲੱਗੇ ਕਾਮੇ ਇਸੇ ਹਾਲਤ ਵਿਚ ਕੰਮ ਕਰਦੇ ਹਨ ਅਤੇ ਇਹੋ ਖੇਤਰ ਹੈ ਜਿਸ ਦਾ ਅੱਜ ਸਭ ਤੋਂ ਵੱਧ ਵਿਸਥਾਰ ਹੋ ਰਿਹਾ ਹੈ। ਉਧਰ ਖੇਤੀ ਖੇਤਰ ਦੀ ਮੰਦਹਾਲੀ ਤੇ ਕੰਗਾਲੀ ਦੇ ਸਿੱਟੇ ਵਜੋਂ ਵੱਡੀ ਗਿਣਤੀ ਵਿਚ ਲੋਕ ਉਜੜ ਰਹੇ ਹਨ ਅਤੇ ਮਜ਼ਦੂਰ ਬਣਕੇ ਸ਼ਹਿਰਾਂ ਵਿਚ ਆ ਰਹੇ ਹਨ ਅਤੇ ਉਥੇ ਉਹ ਕਿਸੇ ਵੀ ਕੰਮ ਵਿਚ ਫਿੱਟ ਨਹੀਂ ਬੈਠ ਰਹੇ। ਕਿਸਾਨੀ ਦਾ ਵੱਡਾ ਹਿੱਸਾ ਕਿਰਤ ਕਰਨ ਦੇ ਸੁਭਾਅ 'ਚੋਂ ਹੀ ਪਾਸੇ ਨਿਕਲ ਗਿਆ ਹੈ। ਕਿਉਂਕਿ ਖੇਤੀ ਤੋਂ ਇਲਾਵਾ ਉਹ ਕਿਸੇ ਕੰਮ ਕਰਨ ਦਾ ਮਾਹਿਰ ਹੀ ਨਹੀਂ।

ਕੌਮਾਂਤਰੀ ਕਿਰਤ ਸੰਗਠਨ ਦੀ ਇਕ ਰਿਪੋਰਟ ਜਿਹੜੀ 'ਦਾ ਵਰਲਡ ਇੰਪਲਾਈਮੈਂਟ ਐਂਡ ਸੋਸ਼ਕ ਆਊਟ ਲੁੱਟ ਟਰੈਂਡਜ਼ 2016 ਦੇ ਨਾਂ ਹੇਠ ਜਾਰੀ ਹੋਈ ਹੈ ਅਤੇ ਜਿਸ 'ਚ ਕਿਰਤ ਦੀ ਦਸ਼ਾ ਸਬੰਧੀ ਜ਼ਿਆਦਾ ਤੱਥ ਹਨ, ਨੇ ਇਹ ਤੱਥ ਉਜਾਗਰ ਕੀਤਾ ਹੈ ਕਿ ਦੁਨੀਆਂ ਦੀ ਕੁੱਲ ਕਿਰਤ ਸ਼ਕਤੀ ਭਾਵ ਕਾਮਿਆਂ ਵਿਚੋਂ 42 ਫੀਸਦੀ ਕਾਮਿਆਂ ਨੂੰ ਨਾ ਢੰਗ ਦੀ ਕਿਰਤ ਮਿਲ ਰਹੀ ਹੈ ਨਾ ਹੀ ਢੰਗ ਦਾ ਜਾਂ ਸਥਾਈ ਕੰਮ, ਨਾ ਕੰਮ ਕਾਜ ਦੇ ਢੰਗ ਸਬੰਧੀ ਦਿਸ਼ਾ ਨਿਰਦੇਸ਼ ਉਨ੍ਹਾਂ ਨੂੰ ਨਾ ਸਹੀ ਮਹਿਨਿਆਂ ਵਿਚ ਸਮਾਜਿਕ ਸੁਰੱਖਿਆ ਹਾਸਲ ਹੈ ਅਤੇ ਨਾ ਹੀ ਯੂਨੀਅਨਾਂ ਬਣਾਉਣ ਦੇ ਅਧਿਕਾਰ। ਉਹ ਕਿਸੇ ਵੀ ਜਥੇਬੰਦਕ ਧੜੇ ਤੋਂ ਆਪਣੀਆਂ ਸਮੱਸਿਆਵਾਂ ਲਈ ਆਵਾਜ਼ ਵੀ ਨਹੀਂ ਉਠਾ ਸਕਦੇ। ਅਜਿਹੇ ਕਿਰਤੀਆਂ ਦੀ ਗਿਣਤੀ 1.4 ਖਰਬ ਹੈ (1400000000) ਹੈ। ਇਸ ਵਿਚ ਹਰ ਸਾਲ 1.10 ਕਰੋੜ ਕਾਮੇ ਹਰ ਸਾਲ ਜੁੜ ਰਹੇ ਹਨ। ਭਾਰਤ ਵਰਗੇ ਉਭਰਦੇ ਦੇਸ਼ਾਂ ਵਿਚ ਹਰ ਦੋ ਕਿਰਤੀਆਂ ਵਿਚੋਂ ਇਕ ਅਜਿਹੀ ਹੀ ਹਾਲਤ ਵਿਚ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਹਰ ਪੰਜਾਂ ਕਿਰਤੀਆਂ ਵਿਚੋਂ ਚਾਰ। ਭਾਰਤ ਵਿਚ ਪੂਰੀ ਤਰ੍ਹਾਂ ਬੇਰੁਜ਼ਗਾਰਾਂ ਦੀ ਗਿਣਤੀ 2016 ਵਿਚ 1.77 ਤੋਂ ਵਧਕੇ 2017 ਵਿਚ 1.8 ਕਰੋੜ ਹੋਣ ਵਾਲੀ ਹੈ।

ਗਲੋਬਲ ਸਲੇਵਰੀ (ਗੁਲਾਮੀ) ਇੰਡੈਕਸ ਨੇ 2016 ਵਿਚ ਦੱਸਿਆ ਸੀ ਕਿ ਦੁਨੀਆਂ ਭਰ ਦੇ 4.6 ਕਰੋੜ ਕਾਮੇ ਆਧੁਨਿਕ ਗੁਲਾਮੀ ਦੀ ਹਾਲਤ ਵਿਚ ਜਕੜੇ ਹੋਏ ਹਨ ਜਿਨ੍ਹਾਂ 'ਚੋਂ ਵੱਡੀ ਗਿਣਤੀ ਭਾਰਤ ਵਿਚ ਹੈ ਜਿਥੇ 1.8 ਕਰੋੜ ਲੋਕ ਗੁਲਾਮੀ ਦੀ ਹਾਲਤ ਵਿਚ ਹਨ ਕਿ ਇਹ ਧਮਕੀਆਂ, ਹਿੰਸਾ, ਦਬਾਅ, ਸੱਤਾ ਦੀ ਤਾਕਤ ਨਾਲ ਮਜਬੂਰ ਜਾਂ ਧੋਖਾਦੇਹੀ ਦੇ ਕਾਰਨਾਂ ਕਰਕੇ ਆਪਣਾ ਕੰਮ ਛੱਡ ਕੇ ਕਿਸੇ ਹੋਰ ਥਾਂ ਜਾ ਨਹੀਂ ਸਕਦੇ। ਅਨੁਪਾਤ ਦੇ ਲਿਹਾਜ਼ ਨਾਲ ਬੇਸ਼ੱਕ ਇਹ ਤੱਥ ਛੋਟੇ ਦਿਖਾਈ ਦੇਣ ਪਰ ਇਹ ਕਿਰਤੀ ਆਬਾਦੀ ਦੀ ਦੁਰਦਸ਼ਾ ਨੂੰ ਜ਼ਰੂਰ ਜ਼ਾਹਿਰ ਕਰਦੇ ਹਨ।

ਸਭ ਤੋਂ ਵੱਧ ਅਮੀਰ ਇਕ ਫੀਸਦੀ ਲੋਕਾਂ ਦੀ ਵਧਦੀ ਆਮਦਨੀ ਦਾ ਵੱਡਾ ਹਿੱਸਾ, ਜ਼ਮੀਨ ਜਾਇਦਾਦ, ਕੰਪਨੀਆਂ ਦੀ ਮਲਕੀਅਤ ਅਤੇ ਕੁਝ ਖਾਸ ਕਿਸਮ ਦੇ ਵਿੱਤੀ ਬਾਂਡ ਅਤੇ ਪ੍ਰਮਾਣ ਪੱਤਰਾਂ ਦੀ ਮਲਕੀਅਤ 'ਚੋਂ ਆ ਰਿਹਾ ਹੈ। ਇਨ੍ਹਾਂ ਬਾਂਡਾਂ ਅਤੇ ਪ੍ਰਮਾਣ ਪੱਤਰਾਂ (ਬੈਂਕਾਂ ਅਤੇ ਵਿੱਤੀ ਅਦਾਰਿਆਂ ਵਲੋਂ ਜਾਰੀ ਕੀਤੇ ਗਏ ਉਹ ਦਸਤਾਵੇਜ਼ੇ ਜਿਹੜੇ ਬਚਤ ਦੀ ਰਾਸ਼ੀ ਦੀ ਗਵਾਹੀ ਬਣਦੇ ਹਨ) ਨੂੰ ਬਹੁਤ ਵੱਡੀ ਗਿਣਤੀ ਵਿਚ ਖ਼ਰੀਦਣ ਵਾਲੇ ਲੋਕ ਜਾਂ ਕਾਰੋਬਾਰੀ ਸਮੂਹ ਨਾ ਸਿਰਫ਼ ਨਵੇਂ ਕੁਬੇਰਸ਼ਾਹ ਭਾਵ ਦੌਲਤਮੰਦ ਹਨ ਅਤੇ ਦੁਨੀਆਂ ਦੇ ਕੁਦਰਤੀ ਸਾਧਨਾਂ ਅਤੇ ਭੰਡਾਰਾਂ ਸਮੇਤ ਅਰਥ ਵਿਵਸਥਾ ਦੇ ਮੁੱਖ ਖੇਤਰਾਂ ਉਤੇ ਆਪਣਾ ਕੰਟਰੋਲ ਕਾਇਮ ਕਰੀ ਬੈਠੇ ਹਨ ਸਗੋਂ ਸਰਕਾਰੀ ਨੀਤੀਆਂ ਨੂੰ ਵੀ ਵੱਖ-ਵੱਖ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਇਹ ਪ੍ਰਭਾਵ ਇਥੋਂ ਤੱਕ ਹੈ ਕਿ ਦੁਨੀਆਂ ਭਰ ਦੀਆਂ ਸਰਕਾਰਾਂ ਆਪਣੀਆਂ ਸਾਰੀਆਂ ਨੀਤੀਆਂ ਇਨ੍ਹਾਂ ਵਿੱਤੀ ਕਾਰਪੋਰੇਟਾਂ ਨੂੰ ਧਿਆਨ 'ਚ ਰੱਖ ਕੇ ਹੀ ਬਣਾਉਂਦੀਆਂ ਹਨ। ਇਨ੍ਹਾਂ ਇਕ ਫੀ ਸਦੀ ਅਮੀਰ ਲੋਕਾਂ ਵਿਚੋਂ ਜ਼ਿਆਦਾਤਰ ਲੋਕ ਆਪਣੇ ਕਾਰੋਬਾਰੀ ਸਮੂਹਾਂ ਦੇ (ਸੀ. ਈ. ਓ.) ਭਾਵ ਮੁੱਖ ਪ੍ਰਬੰਧਕ ਵੀ ਹਨ ਅਤੇ ਆਪਣੀਆਂ ਤਨਖਾਹਾਂ ਅਤੇ ਭੱਤੇ ਆਪਣੀ ਮਰਜ਼ੀ ਨਾਲ ਤਹਿ ਕਰਦੇ ਰਹਿੰਦੇ ਹਨ। ਕਾਰੋਬਾਰ ਬੇਸ਼ੱਕ ਘਾਟੇ ਵਿਚ ਹੀ ਕਿਉਂ ਨਾ ਚਲਾ ਜਾਵੇ, ਆਮ ਕਿਰਤੀ ਦੀ ਤਨਖਾਹਾਂ 'ਚ ਕਟੌਤੀਆਂ ਹੀ ਕਿਉਂ ਨਾ ਕੀਤੀਆਂ ਜਾਣ, ਪਰ ਸੀ. ਈ. ਓ. ਦੀ ਤਨਖਾਹ ਘੱਟ ਨਹੀਂ ਹੁੰਦੀ। ਇਹ ਉਹ ਰਾਸ਼ੀ ਹੈ ਜਿਹੜੀ ਕਿਰਤੀਆਂ ਦੀ ਕਿਰਤ ਸ਼ਕਤੀ ਵਿਚੋਂ ਨਿਚੋੜੀ ਜਾਂਦੀ ਹੈ। ਭਾਵ ਇਕ ਸਨਅਤ ਜਿਥੇ ਆਪਣੇ ਕਾਰੋਬਾਰ ਰਾਹੀਂ ਮੁਨਾਫ਼ਾ ਹਾਸਲ ਕਰਦੇ ਹਨ, ਉਥੇ ਪੂੰਜੀਪਤੀ ਸਿੱਧੇ ਰੂਪ ਵਿਚ ਤਨਖਾਹ ਦੇ ਨਾਂ ਉਤੇ ਇਕ ਵੱਡੀ ਰਾਸ਼ੀ ਵੀ ਕੱਢ ਲੈਂਦਾ ਹੈ ਜਿਹੜੀ ਉਹਦੀ ਪੂੰਜੀ ਦੇ ਇਕੱਤਰੀਕਰਨ ਵਿਚ ਸਹਾਈ ਹੁੰਦੀ ਹੈ। ਇਹੋ ਪੂੰਜੀ ਮੁੜ ਜਾਇਦਾਦ ਹਾਸਲ ਕਰਨ ਦਾ ਸੰਦ ਬਣਦੀ ਹੈ।

ਇਹ ਇਕ ਫੀ ਸਦੀ ਪੂੰਜੀਪਤੀ ਸਰਕਾਰੀ ਖਜ਼ਾਨੇ 'ਚੋਂ ਵੀ ਵੱਡੀ ਰਾਸ਼ੀ ਹਾਸਲ ਕਰਦੇ ਹਨ। ਮਿਸਾਲ ਲਈ ਹਰ ਸਾਲ ਭਾਰਤ ਸਰਕਰ ਇਸ ਪੂੰਜੀਪਤੀ ਜਮਾਤ ਨੂੰ ਲੱਖਾਂ ਕਰੋੜਾਂ ਰੁਪਈਆਂ ਦੇ ਤੋਹਫ਼ੇ ਦਿੰਦੀ ਹੈ। ਸਾਲ 2016-17 ਵਿਚ ਵੀ ਕਾਰਪੋਰੇਟੀ ਟੈਕਸ ਵਿਚੋਂ 83492 ਕਰੋੜ ਰੁਪਏ, ਆਯਾਤ ਟੈਕਸ (ਸ਼ੁਕਲ) ਵਿਚ 77978 ਕਰੋੜ ਰੁਪਏ ਅਤੇ ਉਤਪਾਦਨ ਟੈਕਸ ਵਿਚ 76844 ਕਰੋੜ ਰੁਪਏ ਕੁੱਲ 2,38314 ਕਰੋੜ ਰੁਪਏ

ਦੀਆਂ ਛੋਟਾਂ ਦਿੱਤੀਆਂ ਸਨ। ਇਹ ਛੋਟਾਂ ਹਰ ਸਾਲ ਵਧਦੀਆਂ ਹੀ ਜਾਂਦੀਆਂ ਹਨ। ਇਸ ਪੂੰਜੀ ਨੂੰ ਯਰਾਨਾ ਪੂੰਜੀ (ਕਰੋਨੀ ਪੂੰਜੀ) ਕਿਹਾ ਜਾਂਦਾ ਹੈ। ਭਾਵ ਇਹ ਪੂੰਜੀ ਵੀ ਜਿਹੜੀ ਸਰਕਾਰੀ ਖਜ਼ਾਨੇ 'ਚੋਂ ਛੋਟਾਂ ਰਾਹੀਂ ਹਾਸਲ ਕੀਤੀ ਉਨ੍ਹਾਂ ਦੀ ਪੂੰਜੀ ਵਿਚ ਵਾਧਾ ਕਰਨ 'ਚ ਸਹਾਈ ਹੁੰਦੀ ਹੈ।

ਦੂਸਰੇ ਪਾਸੇ ਸਰਕਾਰ ਅਤੇ ਪੂਰੀ ਹਕੂਮਤੀ ਤਾਣਾ ਬਾਣਾ ਕਿਰਤੀ ਵਰਗ ਨੂੰ ਲੰਮੇ ਸੰਘਰਸ਼ਾਂ ਪਿਛੋਂ ਮਿਲੀਆਂ ਸਹੂਲਤਾਂ ਨੂੰ ਖੋਹਣ ਉਤੇ ਲੱਗਾ ਹੋਇਆ ਹੈ। ਦੁਨੀਆਂ ਭਰ ਵਿਚ ਅਤੇ ਵਿਸ਼ੇਸ਼ ਕਰਕੇ ਭਾਰਤ ਵਿਚ ਇਨ੍ਹਾਂ ਕਿਰਤ ਕਾਨੂੰਨਾਂ ਨੂੰ ਹੀ ਵਿਕਾਸ ਦੇ ਰਾਹ ਵਿਚ ਰੋੜਾ ਸਮਝਿਆ ਜਾਣ ਲੱਗਾ ਹੈ। ਇਨ੍ਹਾਂ ਕਾਨੂੰਨਾਂ ਰਾਹੀਂ ਕਿਰਤੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਲਗਭਗ ਬੰਦ ਕਰ ਦਿੱਤੀਆਂ ਗਈਆਂ ਹਨ ਜਿਹਨੂੰ ਸਮਾਜਿਕ ਸੁਰੱਖਿਆ ਹੇਠ ਦਿੱਤਾ ਜਾਂਦਾ ਸੀ। ਇਥੋਂ ਤੱਕ ਕਿ ਸਿਹਤ ਅਤੇ ਸਿੱਖਿਆ ਸਹੂਲਤਾਂ ਉਤੇ ਖਰਚ ਘੱਟ ਕਰਕੇ ਉਨ੍ਹਾਂ ਨੂੰ ਨਿੱਜੀ ਮੁਨਾਫੇ ਦੇ ਧੰਦੇ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਇਉਂ ਕਿਰਤੀ ਵਰਗ ਦੀਆਂ ਬੌਧਿਕ ਅਤੇ ਸਰੀਰਕ ਸਮਰਥਾਵਾਂ ਨੂੰ ਨਾਕਾਰਾ ਅਤੇ ਵਿਕਲਾਂਗ ਕੀਤਾ ਜਾ ਰਿਹਾ ਹੈ।

ਆਮਦਨੀ ਤੇ ਦੌਲਤ ਦੇ ਵੱਧ ਰਹੇ ਇਸ ਪਾੜੇ ਦੇ ਨਾਲ ਹੀ ਇਕ ਫੀਸਦੀ ਅਮੀਰ ਲੋਕਾਂ ਨੇ ਉਸ ਲੋਕਤੰਤਰ ਨੂੰ ਵੀ ਆਪਣੀ ਮਜਬੂਤ ਪਕੜ 'ਚ ਲੈ ਲਿਆ ਹੈ, ਜਿਹਦੀ ਬ੍ਰ ਦੁਹਾਈ ਖੁੱਲ੍ਹੇ ਪੂੰਜੀ ਦੇ ਮੁਕਾਬਲੇ ਪਿਛੋਂ ਪਹਿਲੀ ਤੇ ਫਿਰ ਦੂਸਰੀ ਸੰਸਾਰ ਜੰਗ ਦੀ ਭਿਆਨਕਤਾ ਦੇ ਸਿੱਟੇ ਵਜੋਂ; ਪਾਈ ਗਈ ਸੀ ਅਤੇ ਰਾਜ ਨਾਗਰਿਕ ਦੀ ਸਮਾਜਿਕ ਸੁਰੱਖਿਆ ਦਾ ਗਰੰਟੀਦਾਤਾ ਬਣ ਕੇ ਸਾਹਮਣੇ ਆਇਆ ਸੀ। ਲੋਕਾਂ ਨੂੰ ਲੋਕ ਰਾਜ ਦੇ ਭਰਮ ਦੀ ਗ੍ਰਿਫ਼ਤ 'ਚ ਲੈ ਕੇ ਜਮਹੂਰੀਅਤ ਦੇ ਨਸ਼ੇ 'ਚ ਮਦਹੋਸ਼ (ਨਸ਼ੇੜੀ) ਕਰ ਦਿੱਤਾ ਸੀ ਅਤੇ ਕੀਤਾ ਹੋਇਆ ਹੈ। ਹੁਣ ਉਹੋ ਜਮਹੂਰੀਅਤ ਇਸ ਇਕ ਫੀਸਦੀ ਅਮੀਰ ਪੂੰਜੀਪਤੀਆਂ ਦੀ ਗ੍ਰਿਫ਼ਤ 'ਚ ਹੈ। ਅਮਰੀਕਾ ਤੋਂ ਲੈ ਕੇ ਦੁਨੀਆਂ ਭਰ ਸਮੇਤ ਭਾਰਤ ਦੇ, ਰਾਜ ਦੀ ਜਮਹੂਰੀ ਸ਼ਕਲ ਅੰਦਰ ਤਾਨਾਸ਼ਾਹੀ ਨਿਸ਼ੰਗ ਝਲਕਦੀਆਂ ਹਨ। ਅਜੋਕਾ ਲੋਕਤੰਤਰ ਹੁਣ ਲੋਕਾਂ ਲਈ ਨਹੀਂ ਸਿਰਫ਼ ਇਕ ਫੀਸਦੀ ਅਮੀਰਾਂ ਦੀ ਰਖੇਲ ਬਣ ਕੇ ਰਹਿ ਗਿਆ ਹੈ। 99 ਫੀਸਦੀ ਉਹ ਆਬਾਦੀ ਜਿਹੜੀ ਪੈਦਾਵਾਰੀ ਸਾਧਨਾਂ ਤੋਂ ਵਿਹੂਣੀ ਹੁੰਦੀ ਜਾ ਰਹੀ ਹੈ, ਲਈ ਇਕ ਨਵੇਂ ਪ੍ਰਬੰਧ ਦੀ ਲੜਾਈ ਲਈ ਅੱਗੇ ਆਉਣਾ ਪਵੇਗਾ। 1914 ਤੋਂ 1975 ਦਰਮਿਆਨ ਵਾਲਾ ਵਿਸ਼ਵ ਇਕ ਖਾਸ ਤਰਜ ਦਾ ਵਿਸ਼ਵ ਸੀ ਕਿਉਂਕਿ ਸੰਸਾਰ ਜੰਗਾਂ ਦੀ ਤਬਾਹੀ ਅਤੇ ਰੂਸੀ ਤੇ ਫਿਰ ਚੀਨੀ ਮਜ਼ਦੂਰ ਜਮਾਤ ਦੇ ਇਨਕਲਾਬਾਂ ਤੋਂ ਪਿਛੋਂ, ਪੂੰਜੀਵਾਦ ਨੇ ਦੁਨੀਆਂ ਦੇ ਇਨਕਲਾਬਾਂ ਨੂੰ ਰੋਕਣ ਲਈ ਕਲਿਆਣਕਾਰੀ ਰਾਜਸੀ ਚਿਹਰਾ ਸਾਹਮਣੇ ਲਿਆਂਦਾ ਸੀ ਅਤੇ ਮੁਕਾਬਲੇਬਾਜ਼ੀ ਨੂੰ ਘੱਟ ਕਰਕੇ ਵੱਧ ਰਹੇ ਸਮਾਜਿਕ ਪਾੜੇ ਨੂੰ ਲਗਾਮ ਲਾਈ ਸੀ। ਇਹ ਉਹੀ ਦੌਰ ਹੈ ਜਿਸ ਵਿਚ ਮਿਹਨਤਕਸ਼ ਲੋਕਾਂ ਦੀ ਆਮਦਨੀ ਵਧੀ ਅਤੇ ਜ਼ਿੰਦਗੀ ਬਿਹਤਰ ਹੋਈ। ਇਹਦਾ ਇਕ ਕਾਰਨ ਇਹ ਵੀ ਸੀ ਕਿ ਦੁਨੀਆਂ ਭਰ ਵਿਚ ਕਿਰਤੀ ਲਹਿਰਾਂ ਦਾ ਪਸਾਰਾ ਹੋ ਰਿਹਾ ਸੀ ਜਿਸ ਦੇ ਦਬਾਅ ਹੇਠ ਮਜ਼ਦੂਰਾਂ ਲਈ ਜਿਉਣ ਦੀ ਪੱਧਰ ਦੀਆਂ ਤਨਖਾਹਾਂ ਅਤੇ ਹੋਰ ਸਹੂਲਤਾਂ ਹਾਸਲ ਹੋਈਆਂ। ਇਸੇ ਦੌਰਾਨ ਇਕ ਵੱਡਾ ਮੱਧ ਵਰਗ ਵੀ ਉਭਰਿਆ। ਪਰ ਜਿਉਂ ਹੀ ਮਜ਼ਦੂਰ ਰਾਜ (ਰੂਸ ਤੇ ਚੀਨ) ਢਹਿ-ਢੇਰੀ ਹੋ ਗਏ। ਪੂੰਜੀ ਨੇ ਖੁੱਲ੍ਹੇ ਮੁਕਾਬਲੇ ਦਾ ਭਿਆਨਕ ਰਾਹ ਫਿਰ ਅਖਤਿਆਰ ਕਰ ਲਿਆ। ਨਵੀਆਂ ਆਰਥਿਕ ਨੀਤੀਆਂ ਦੇ ਦੋ ਢਾਈ ਦਹਾਕਿਆਂ ਪਿਛੋਂ ਹਕੀਕਤ ਇਹ ਸਾਹਮਣੇ ਆਈ ਹੈ ਕਿ ਪੂੰਜੀ ਤੇ ਪੈਦਾਵਾਰੀ ਸਾਧਨਾਂ ਦੇ ਸਰੋਤਾਂ ਦੇ ਮਾਲਕ ਇਕ ਫੀਸਦੀ ਲੋਕ ਬਣ ਬੈਠੇ ਹਨ 99 ਫੀ ਸਦੀ ਵਿਹੂਣੇ ਹੋ ਗਏ ਹਨ। ਇਸੇ 99 ਫੀਸਦੀ ਲਈ ਇਕ ਨਵੇਂ ਰਾਹ ਦੀ ਲੋੜ ਹੈ। ਇਸੇ 99 ਫੀ ਸਦੀ ਤੋਂ ਪੂੰਜੀ ਦੇ ਅਦਾਰੇ ਚਿੰਤਤ ਹਨ। ਆਕਸਫੈਮ ਜਦੋਂ ਇਹ ਰਿਪੋਰਟ ਦੇ ਰਹੀ ਹੈ ਤਾਂ ਵਿਸ਼ਵ ਦੇ ਮੁੱਠੀ ਭਰ ਪੂੰਜੀਪਤੀਆਂ ਨੂੰ ਚੌਕਸ ਕਰ ਰਹੀ ਹੈ। ਫੀਦੇਲ ਕਾਸਤਰੋ ਨੇ ਬਹੁਤ ਸਾਲ ਪਹਿਲਾਂ ਕਿਹਾ ਸੀ "ਮੌਜੂਦਾ ਵਿਵਸਥਾ ਟਿਕਾਊ ਨਹੀਂ ਹੈ। ਇਹ ਗੱਲ ਇਸ ਪ੍ਰਬੰਧ ਦੀ ਗਰੀਬੀ ਅਤੇ ਕਮਜ਼ੋਰੀ ਤੋਂ ਹੀ ਸਾਬਤ ਹੋ ਜਾਂਦੀ ਹੈ ਜਿਸ ਨੇ ਇਸ ਧਰਤੀ ਨੂੰ ਇਕ ਵਿਰਾਟ ਜੂਆਘਰ ਵਿਚ ਬਦਲ ਦਿੱਤਾ ਹੈ ਅਤੇ ਕਰੋੜਾਂ ਲੋਕਾਂ ਨੂੰ ਅਤੇ ਕਿਤੇ ਨਾ ਕਿਤੇ ਤਾਂ ਪੂਰੇ ਸਮਾਜ ਨੂੰ ਹੀ ਜੁਆਰੀ ਬਣਾ ਦਿੱਤਾ ਹੈ। ਮੁਦਰਾ ਅਤੇ ਨਿਵੇਸ਼ ਦੇ ਕਾਰਜ ਨੂੰ ਇਸ ਤਰ੍ਹਾਂ ਦੂਸ਼ਤ ਕਰ ਦਿੱਤਾ ਗਿਆ ਹੈ ਕਿ ਉਹ ਉਤਪਾਦਨ ਅਤੇ ਦੁਨੀਆਂ ਦੀ ਸੰਪਤੀ ਵਧਾਉਣ ਦੀ ਥਾਂ ਪੈਸੇ ਨਾਲ ਪੈਸਾ ਕਮਾਉਣ ਦਾ ਸਾਧਨ ਬਣ ਗਏ ਹਨ ਇਸ ਤਰ੍ਹਾਂ ਦੀ ਵਿਕਲਾਂਗਤਾ ਵਿਸ਼ਵ ਅਰਥ ਵਿਵਸਥਾ ਨੂੰ ਤਬਾਹੀ ਦੇ ਵੱਲ ਲੈ ਜਾਵੇਗੀ ਇਹ ਤਹਿ ਹੈ।"

ਇਸ ਵਿਵਸਥਾ ਨੂੰ ਪਲਟਨ ਅਤੇ ਇਕ ਨਵੀਂ ਸਮੂਹਿਕ ਸਮਾਜ ਦੀ ਭਲਾਈ ਵਾਲੀ ਵਿਵਸਥਾ ਸਥਾਪਤ ਕਰਨ ਲਈ ਇਸੇ 99 ਫੀਸਦੀ ਨੂੰ ਜਾਗਰੂਕ ਕਰਨਾ ਅਜੋਕੀ ਚੁਣੌਤੀ ਹੈ। ਦੁਨੀਆਂਭਰ 'ਚ ਇਹ ਨਾਅਰਾ ਕਿ ਇਕ ਫੀਸਦੀ ਅਮੀਰਾਂ ਦੀ ਪੂੰਜੀ ਦੀ ਮਾਲਕੀ ਸਮੂਹ ਸਮਾਜ ਭਾਵ 99 ਫੀ ਸਦੀ ਦੇ ਹੱਥਾਂ 'ਚ ਹੋਵੇ। ਢੁਕਵਾਂ ਤੇ ਯੋਗ ਹੋਵੇਗਾ ਤਾਂ ਕਿ ਵਿਸ਼ਵ ਦੇ ਆਵਾਮ ਨੂੰ ਕੰਗਾਲੀ, ਮੰਦਹਾਲੀ, ਬਦਹਾਲੀ, ਲੁੱਟ ਜ਼ਬਰ ਤੇ ਤਾਨਾਸ਼ਾਹ ਪ੍ਰਬੰਧਾਂ ਤੋਂ ਮੁਕਤ ਕਰਵਾਇਆ ਜਾ ਸਕੇ। ਹੁਣ ਵੇਲਾ ਆ ਗਿਆ ਹੈ ਜਦੋਂ ਅਸੀਂ ਕਹੀਏ ਕਿ ਪੂੰਜੀ ਦਾ ਮੁਕੰਮਲ ਖਾਤਮਾ ਹੀ ਮਨੁੱਖਤਾ ਦੇ ਨਵੇਂ ਵਿਕਾਸ ਦਾ ਰਾਹ ਖੋਲ੍ਹਦਾ ਹੈ।

# ਤਰਕਸ਼ੀਲ ਸੁਸਾਇਟੀ ਵਲੋਂ 'ਜੋਤਿਸ਼ ਝੂਠ ਬੋਲਦਾ ਹੈ' ਦੇ ਲੇਖਕ ਮਨਜੀਤ ਬੋਪਾਰਾਏ ਨਾਲ ਰੂਬਰੂ ਅਤੇ ਸਵਾਲ-ਜਵਾਬ





**ਬਰੈਂਪਟਨ/ ਹਰਜੀਤ ਬੇਦੀ**

ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਆਸਟਰੇਲੀਆ ਤੋਂ ਕਨੇਡਾ ਦੀ ਫੇਰੀ ਤੇ ਆਏ "ਜੋਤਿਸ਼ ਝੂਠ ਬੋਲਦਾ ਹੈ" ਕਿਤਾਬ ਦੇ ਲੇਖਕ ਮਨਜੀਤ ਬੋਪਾਰਾਏ ਨਾਲ ਰੂਬਰੂ ਪਰੋਗਰਾਮ ਕੀਤਾ ਗਿਆ। ਚਾਹ ਪਾਣੀ ਤੋਂ ਬਾਦ ਬਲਦੇਵ ਰਹਿਪਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਤੋਂ ਬਾਦ ਸਟੇਜ ਸਕੱਤਰ ਬਲਜਿੰਦਰ ਸੇਖੋਂ ਨੇ ਨਛੱਤਰ ਬਦੇਸ਼ਾ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ਜਿੰਨ੍ਹਾਂ ਨੇ ਮਨਜੀਤ ਬੋਪਾਰਾਏ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਇਸ ਉਪਰੰਤ ਮਨਜੀਤ ਬੋਪਰਾਏ ਨੇ ਕਿਤਾਬ "ਜੋਤਿਸ਼ ਝੂਠ ਬੋਲਦਾ ਹੈ" ਬਾਰੇ ਬੋਲਦਿਆਂ ਦੱਸਿਆ ਕਿ ਉਹਨਾਂ ਦੇ ਦਾਦਾ ਜੀ ਦੀ ਜੋਤਿਸ਼ ਵਿੱਦਿਆ ਵਿੱਚ ਦਿਲਚਸਪੀ ਹੋਣ ਤੇ ਘਰ ਵਿੱਚ ਜੋਤਿਸ਼ ਦੀਆਂ ਕਿਤਾਬਾਂ ਹੋਣ ਕਰ ਕੇ ਉਹ ਵੀ ਜੋਤਿਸ਼ ਵਿੱਚ ਰੁਚੀ ਲੈਣ ਲੱਗ ਪਿਆ। ਉਹ ਆਪ ਆਪਣੇ ਜਾਣੂਆਂ ਦੇ ਹੱਥਾਂ ਦੀਆਂ ਰੇਖਾਵਾਂ ਵੇਖ ਕੇ ਆਪਣੇ ਕਿਤਾਬੀ ਗਿਆਨ ਦੇ ਸਹਾਰੇ ਉਨ੍ਹਾਂ ਨੂੰ ਕਿਸਮਤ ਦੱਸਦਾ। ਇਸ ਤਰ੍ਹਾਂ ਕਰਦੇ ਉਸ ਨੂੰ ਨਿਜੀ ਤੌਰ ਤੇ ਇਹ ਤਜਰਬਾ ਹੋਇਆ ਕਿ ਹੱਥ ਰੇਖਾ ਵਿੱਦਿਆ ਵਿਗਿਆਨ ਤੇ ਬਿੱਲਕੁੱਲ ਆਧਾਰਤ ਨਹੀਂ ਸਗੋਂ ਕੱਚ ਘਰੜ ਗਿਆਨ ਅਤੇ ਨਿਰੋਲ ਤੀਰ-ਤੁੱਕਾ ਹੈ ਜਿਸਦੇ ਸਿੱਟੇ ਹਮੇਸ਼ਾਂ ਸਹੀ ਨਹੀਂ ਹੋ ਸਕਦੇ। ਹੱਥ ਰੇਖਾ ਬਾਰੇ ਉਹਨਾਂ ਕੀਰੋ ਤੇ ਹੋਰ ਪੱਛਮੀ ਲੇਖਕਾਂ ਦੀਆਂ ਕਿਤਾਬਾਂ ਵੀ ਪੜ੍ਹੀਆਂ। ਮਨਜੀਤ ਬੋਪਾਰਾਏ ਦੇ ਦੱਸਣ ਮੁਤਾਬਕ ਉਸ ਨੇ ਪਹਿਲਾਂ ਤੋਂ ਹੀ ਵਿਗਿਆਨਕ ਸੋਚ ਦੇ ਧਾਰਨੀ ਵਿਦਵਾਨਾਂ ਦੀਆਂ ਲਿਖਤਾਂ ਪੜ੍ਹ ਕੇ ਅਤੇ ਆਪਣੀ ਖੋਜ ਤੇ ਆਧਾਰਿਤ ਜੋਤਿਸ਼ ਦੇ ਝੂਠ ਬਾਰੇ ਇਹ ਸਿੱਟਾ ਕੱਢਿਆ ਕਿ ਜਦੋਂ ਕਦੇ ਵੀ ਪੜਤਾਲ ਕੀਤੀ ਗਈ ਹੈ ਜੋਤਿਸ਼ ਬਾਰੇ ਕੀਤੇ ਦਾਅਵੇ ਝੂਠੇ ਹੀ ਸਾਬਤ ਹੋਏ ਹਨ। ਉਹਨਾਂ ਦੇ ਜੀਵਨ ਦਾ ਇੱਕ ਉਦੇਸ਼ ਜੋਤਿਸ਼ ਬਾਰੇ ਲੋਕਾਂ ਨਾਲ ਆਪਣੀਆਂ ਲਿਖਤਾਂ ਨਾਲ ਵਿਚਾਰ ਸਾਂਝੇ ਕਰਨਾ, ਉਹਨਾਂ ਨੂੰ ਵਿਗਿਆਨਕ ਸੋਚ ਨਾਲ ਜੋੜਨਾ ਅਤੇ ਭੋਲੇ ਭਾਲੇ ਲੋਕਾਂ ਨੂੰ ਜੋਤਿਸ਼ੀਆਂ ਅਤੇ ਭਵਿੱਖਬਾਣੀਆਂ ਕਰਨ ਵਾਲਿਆਂ ਦੀ ਠੱਗੀ ਤੋਂ ਬਚਣ ਲਈ ਸੁਚੇਤ ਕਰਨਾ ਹੈ। ਉਨ੍ਹਾਂ ਨੇ ਆਸਟਰੇਲੀਆ ਵਿੱਚ ਇੱਕ ਸੰਸਾਰ ਪਰਸਿੱਧ ਜੋਤਸ਼ੀ ਨੂੰ ਚੈਲਿੰਜ ਕਰ ਦਿੱਤਾ ਪਰ ਉਹ ਚੈਲਿੰਜ ਤੋਂ ਟਾਲਾ ਵੱਟ ਗਿਆ ਤੇ ਬਾਦ ਵਿੱਚ ਗੱਲ ਕਰਨ ਲਈ ਕਹਿ ਕੇ ਆਪਣਾ ਟੈਲੀਫੋਨ ਨੰਬਰ ਦੇ ਗਿਆ ਜੋ ਕਿ ਗਲਤ ਨਿਕਲਿਆ। ਇਸ ਤਰ੍ਹਾਂ ਉਸ ਜੋਤਿਸ਼ੀ ਦੇ ਝੂਠਾਂ ਹੋਣ ਨਾਲ ਹੀ ਮਨਜੀਤ ਬੋਪਾਰਾਏ ਵੀ ਸੁਰਖੀਆਂ ਵਿੱਚ ਆ ਗਿਆ। ਉਸ ਨੇ ਜੋਤਿਸ਼ ਦੇ ਝੂਠ ਦਾ ਪਰਦਾ ਫਾਸ਼ ਕਰਨ ਲਈ ਕਿਤਾਬ "ਜੋਤਿਸ਼ ਝੂਠ ਬੋਲਦਾ ਹੈ" ਪਹਿਲਾਂ ਅੰਗਰੇਜ਼ੀ ਵਿੱਚ ਲਿਖੀ ਜਿਸ ਦਾ ਬਾਦ ਵਿੱਚ ਪੰਜਾਬੀ ਵਿੱਚ ਅਨੁਵਾਦ ਹੋਇਆ।

ਮਨਜੀਤ ਬੋਪਾਰਾਏ ਨੇ ਜੋਤਸ਼ੀਆਂ ਲਈ ਬਣਾਈ ਆਪਣੀ ਪ੍ਰਸ਼ਨਾਵਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੋਈ ਵੀ ਜੋਤਿਸ਼ੀ ਧੋਖਾ ਰਹਿਤ ਹਾਲਤਾਂ ਵਿੱਚ ਉਹਨਾਂ ਦੁਆਰਾ ਦਿੱਤੇ ਹੱਥਾਂ ਦੇ ਨਮੂਨਿਆਂ ਤੋਂ ਹੱਥ ਰੇਖਾਵਾਂ ਪੜ੍ਹ ਕੇ ਉਹਨਾਂ ਦੇ ਉੱਤਰ ਦੇ ਸਕੇ ਤਾਂ 50% ਗਲਤੀਆਂ ਹੋਣ ਤੇ ਵੀ ਇੱਕ ਲੱਖ ਡਾਲਰ ਦਾ ਇਨਾਮ ਲੈ ਸਕਦਾ ਹੈ। ਉਹਨਾਂ ਇੱਥੋਂ ਤੱਕ ਦਾਅਵਾ ਵੀ ਕੀਤਾ ਉਹਨਾਂ ਦੁਆਰਾ ਪੁੱਛੇ ਸਵਾਲਾਂ ਦਾ ਹੱਥ ਰੇਖਾਵਾਂ ਦੇਖ ਕੇ ਕੋਈ 10% ਤੱਕ ਵੀ ਸਹੀ ਉੱਤਰ ਨਹੀਂ ਦੇ ਸਕਦਾ।

ਇਸ ਤੋਂ ਬਾਦ ਸਵਾਲ ਜਵਾਬ ਦਾ ਸਿਲਸਿਲਾ ਸ਼ੁਰੂ ਹੋਇਆ ਜਿਸ ਵਿੱਚ ਪੁੱਛੇ ਗਏ ਸਵਾਲਾਂ ਦੇ ਉਹਨਾਂ ਬੜੇ ਤਰਕ ਨਾਲ ਜਵਾਬ ਦੇ ਕੇ ਪ੍ਰਸ਼ਨ ਕਰਤਾਵਾਂ ਨੂੰ ਸੰਤੁਸ਼ਟ ਕੀਤਾ। ਹੱਥ ਦੀਆਂ ਲਕੀਰਾਂ ਵਿੱਚ ਕਿਸਮਤ ਲਿਖੀ ਹੋਣ ਬਾਰੇ ਉਸ ਨੇ ਹੀਰੋਸ਼ੀਮਾਂ ਤੇ ਨਾਗਾਸਾਕੀ ਦੇ ਪਰਮਾਣੂ ਬੰਬ ਹਮਲਿਆਂ ਵਿੱਚ ਮਾਰੇ ਜਾਣ ਵਾਲੇ ਲੋਕਾਂ ਦੀ ਉਦਾਹਰਣ ਦੇ ਕੇ ਕਿਹਾ ਕਿ ਉਹਨਾਂ ਦੇ ਹੱਥਾਂ ਤੇ ਵੱਖ ਵੱਖ ਲਕੀਰਾਂ ਹੋਣ ਦੇ ਬਾਵਜੂਦ ਉਹਨਾਂ ਨੂੰ ਇੱਕੋ ਜਿਹੀ ਮੌਤ ਮਿਲੀ। ਇਸੇ ਤਰ੍ਹਾਂ ਹੋਰ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾਂ ਕਿ ਕਿਸਮਤ ਦਾ ਹੱਥ ਦੀਆਂ ਲਕੀਰਾਂ ਜਾਂ ਜਨਮ ਮਿਤੀ ਅਤੇ ਜਨਮ ਸਮੇਂ ਨਾਲ ਕੋਈ ਸਬੰਧ ਨਹੀਂ ਹੁੰਦਾ। ਜੇ ਅਜਿਹਾ ਹੋਵੇ ਤਾਂ ਅਮੀਰ ਅਤੇ ਗਰੀਬ ਪਰਿਵਾਰ ਵਿੱਚ ਇੱਕੋ ਸਮੇਂ ਪੈਦਾ ਹੋਣ ਵਾਲੇ ਬੱਚਿਆਂ ਦੀ ਕਿਸਮਤ ਇੱਕੋ ਜਿਹੀ ਹੋਵੇ। ਇਹ ਪੁੱਛੇ ਜਾਣ ਤੇ ਗੁਰੂ ਨਾਨਕ ਦੇਵ ਜੀ ਇੱਕ ਵਿਗਿਆਨੀ ਸਨ? ਦੇ ਜਵਾਬ ਵਿੱਚ ਉਹਨਾਂ ਸ਼ਪਸ਼ਟ ਕੀਤਾ ਕਿ ਵਿਗਿਆਨ ਅਤੇ ਫਿਲਾਸਫੀ ਨੂੰ ਇੱਕ ਨਹੀਂ ਸਮਝਿਆ ਜਾਣਾ ਚਾਹੀਦਾਂ। ਵਿਗਿਆਨ ਸਬੂਤਾਂ ਤੇ ਆਧਾਰਤ ਹੁੰਦਾ ਹੈ। ਉਹਨਾਂ ਕਿਹਾ ਕਿ ਮੈਂ ਨਾਨਕ ਦੇਵ ਜੀ ਨੂੰ ਇੱਕ ਫਿਲਾਸਫਰ, ਆਪਣੇ ਹੀ ਮਾਂ ਬਾਪ ਦੇ ਧਰਮ ਤੇ ਕਿੰਤੂ ਪ੍ਰੰਤੂ ਕਰਨ ਵਾਲਾ ਚਿੰਤਕ , ਸਮਾਜ ਸੁਧਾਰਕ, ਜ਼ੁਲਮ ਵਿਰੁੱਧ ਆਵਾਜ ਬੁਲੰਦ ਕਰਨ ਵਾਲੀ ਆਪਣੇ ਸਮੇਂ ਦੀ ਮਹਾਨ ਸਖਸ਼ੀਅਤ ਮੰਨਦਾ ਹਾਂ। ਉਹਨਾਂ ਅੱਗੋਂ ਇਹ ਵੀ ਸਪਸ਼ਟ ਕੀਤਾ ਕਿ ਕੂਪਰਨਿਕਸ ਜਿਹੜੇ ਨਾਨਕ ਦੇਵ ਜੀ ਦੇ ਸਮਕਾਲੀ ਸਨ ਨੇ ਖੋਜਾਂ ਕੀਤੀਆਂ ਤੇ ਸਬੂਤ ਪੇਸ਼ ਕੀਤੇ ਇਸ ਲਈ ਕੂਪਰਨਿਕਸ ਦਾ ਨਾਂ ਸੰਸਾਰ ਦੇ ਵਿਗਿਆਨੀਆਂ ਦੀ ਲਿਸਟ ਵਿੱਚ ਸ਼ਾਮਲ ਹੈ। ਹੋਰ ਵੀ ਬਹੁਤ ਸਾਰੇ ਸਵਾਲਾਂ ਦੇ ਜਵਾਬਾਂ ਨਾਲ ਸਰੋਤਿਆਂ ਨੂੰ ਸੰਤੁਸ਼ਟ ਕੀਤਾ ਗਿਆ। ਇਹ ਮਿਲਣੀ ਵਿਗਿਆਨਕ ਵਿਚਾਰਧਾਰਾ ਦੇ ਤੌਰ ਤੇ ਬਹੁਤ ਹੀ ਸਫਲ ਰਹੀ। ਉਹਨਾਂ ਲੋਕਾਂ ਨੂੰ ਵਿਗਿਆਨਕ ਵਿਚਾਰਧਾਰਾ ਅਪਣਾਉਣ ਦਾ ਸੱਦਾ ਦੇ ਕੇ ਕਿਹਾ ਕਿ ਲੋਕਾਂ ਦਾ ਇਸ ਵਿਚਾਰਧਾਰਾ ਨਾਲ ਜੁੜ ਕੇ ਹੀ ਭਲਾ ਹੈ। ਸੁਸਾਇਟੀ ਵਲੋਂ ਮਨਜੀਤ ਬੋਪਾਰਾਏ ਨੂੰ ਪਲੈਕ ਦੇਕੇ ਸਨਮਾਨਤ ਕੀਤਾ ਗਿਆ। ਉਸ ਨੇ ਸੁਸਾਇਟੀ ਦਾ ਉਹਨਾਂ ਨੂੰ ਲੋਕਾਂ ਦੇ ਰੂਬਰੂ ਕਰਨ ਅਤੇ ਸਰੋਤਿਆਂ ਦਾ ਆਉਣ ਲਈ ਧੰਨਵਾਦ ਕੀਤਾ। ਅੰਤ ਵਿੱਚ ਸੁਸਾਇਟੀ ਦੇ ਮੁੱਖ ਕੁਆਰਡੀਨੇਟਰ ਬਲਰਾਜ ਛੋਕਰ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਵਲੋਂ ਪੁਸਤਕ ਪਰਦਰਸ਼ਨੀ ਲਾਈ ਗਈ ਜਿਸ ਨੂੰ ਲੋਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ।

# ਨਿੰਬੂ ਇੱਕ ਭੁੱਲਿਆ ਬਿਸਰਿਆ ਕੁਦਰਤ ਦਾ ਅਨਮੋਲ ਵਰਦਾਨ

ਸੁਖਵਿੰਦਰ ਬਰਾੜ

ਨਿੰਬੂ ਏਸ਼ੀਆ ਦਾ ਇੱਕ ਬਹੁਤ ਹੀ ਮਹੱਤਵਪੂਰਨ ਸਦਾਬਹਾਰ ਫ਼ਲ ਹੈ। ਇਸ ਦੇ ਸਿਹਤ ਸਬੰਧੀ ਗੁਣਾਂ ਦਾ ਕੋਈ ਵੀ ਹੋਰ ਫ਼ਲ ਮੁਕਾਬਲਾ ਨਹੀਂ ਕਰ ਸਕਦਾ। ਮਗਰ ਦੁੱਖ ਦੀ ਗੱਲ ਹੈ ਕਿ ਬਹੁਤ ਘੱਟ ਲੋਕ ਇਸ ਭੁੱਲੇ ਬਿਸਰੇ ਫ਼ਲ ਨੂੰ ਇਸਤੇਮਾਲ ਕਰਦੇ ਹਨ। ਨਿੰਬੂ ਵਿੱਚ ਐਸਕਾਰਬਿਕ ਐਸਿਡ ਤੇ ਸਿਟਰਿਕ ਐਸਿਡ ਇਸ ਦੀ ਖਟਾਸ ਲਈ ਜਾਣੇ ਜਾਂਦੇ ਹਨ।

ਜੇਕਰ ਤੁਸੀਂ ਆਪਣੀ ਜ਼ਿੰਦਗੀ ਅਤੇ ਸਿਹਤ ਨੂੰ ਖੁਸ਼ਗਵਾਰ 'ਤੇ ਤੰਦਰੁਸਤ ਬਣਾਉਣਾ ਚਾਹੁੰਦੇ ਹੋ ਤਾਂ ਨਿੰਬੂ ਪਾਣੀ ਤੁਹਾਡੀ ਇਸ ਖਾਹਸ਼ ਨੂੰ ਯਕੀਨਨ ਹੀ ਪੂਰਾ ਕਰਨ ਲਈ ਮਦਦ ਕਰ ਸਕਦਾ ਹੈ। ਸਵੇਰ ਵੇਲੇ ਉੱਠਣ ਸਾਰ ਹੀ ਖ਼ਾਲੀ ਪੇਟ ਰੋਜ਼ਾਨਾ ਨਿੰਬੂ ਪਾਣੀ ਦੇ ਸੇਵਣ ਦੀ ਆਦਤ ਤੁਹਾਡੀ ਸਿਹਤ ਲਈ ਬਹੁਤ ਉਪਯੋਗੀ ਅਤੇ ਵੱਡਮੁੱਲਾ ਮੀਲ ਪੱਥਰ ਦਾ ਕੰਮ ਕਰਦੀ ਹੈ। ਜਦੋਂ ਤੁਸੀਂ ਇਸ ਬਹੁਤ ਹੀ ਸਾਦੀ ਜਿਹੀ ਆਦਤ ਨੂੰ ਰੋਜ਼ਾਨਾ ਆਪਣੀ ਜ਼ਿੰਦਗੀ ਵਿੱਚ ਢਾਲ ਲਓਗੇ ਤਾਂ ਕੁੱਝ ਹੀ ਦਿਨਾਂ ਬਾਅਦ ਆਪਣੀ ਸਿਹਤ ਵਿੱਚ ਪ੍ਰਬਲ ਸੁਧਾਰ ਮਹਿਸੂਸ ਕਰੋਗੇ। ਇਸ ਦੇ ਪ੍ਰਯੋਗ ਕਰਨ ਨਾਲ ਤੁਹਾਡੇ ਹਾਜ਼ਮ ਪ੍ਰਣਾਲੀ ਅਤੇ ਡੀਟੌਕਸ ਸਿਸਟਮ ਵਿੱਚ ਇਕਦਮ ਇਤਨੀ ਮਜ਼ਬੂਤੀ ਆ ਜਾਵੇਗੀ ਕਿ ਤੁਸੀਂ ਤੰਦਰੁਸਤ 'ਤੇ ਤਾਕਤਵਰ ਮਹਿਸੂਸ ਕਰੋਗੇ। ਨਿੰਬੂ ਵਿੱਚ ਵਿਟਾਮਿਨ ਸੀ. ਬੀ. ਕੈਲਸ਼ੀਅਮ, ਲੋਹਾ, ਮੈਗਨੀਸ਼ੀਅਮ, ਪੋਟਾਸ਼ੀਅਮ, ਰੇਸ਼ੇ, ਇੰਜ਼ਾਈਮ ਅਤੇ ਐਂਟੀਆਕਸੀਡੈਂਟਸ ਆਦਿ ਅਨੇਕਾਂ ਹੀ ਜ਼ਰੂਰੀ ਤੱਤ ਮੌਜੂਦ ਹੁੰਦੇ ਹਨ।

ਆਯੁਰਵੈਦ ਦੀ ਫਿਲੌਸਫੀ ਅਨੁਸਾਰ ਜਿਹੜਾ ਵੀ ਤੁਸੀਂ ਆਪਣੀ ਜ਼ਿੰਦਗੀ 'ਤੇ ਖਾਣ-ਪੀਣ ਸਬੰਧੀ ਫੈਸਲਾ ਅਖਤਿਆਰ ਕਰੋਗੇ ਉਹ ਤੁਹਾਡੀ ਜ਼ਿੰਦਗੀ ਬਣਾ ਵੀ ਸਕਦਾ ਹੈ 'ਤੇ ਬਰਬਾਦ ਵੀ ਕਰ ਸਕਦਾ ਹੈ। ਆਮ ਤੌਰ 'ਤੇ ਨਿੰਬੂਆਂ ਦੀਆਂ ਦੋ ਕਿਸਮਾਂ ਹਨ। ਲੈਮਨ ਤੇ ਲਾਈਮ। ਲੈਮਨ ਆਕਾਰ ਵਿੱਚ ਲਾਈਮ ਨਾਲੋਂ ਵੱਡਾ ਹੁੰਦਾ ਹੈ ਅਤੇ ਪੀਲੇ ਰੰਗ ਦਾ ਹੁੰਦਾ ਹੈ ਜਦੋਂ ਕਿ ਲਾਈਮ ਹਰੇ ਰੰਗ ਦਾ ਹੁੰਦਾ ਹੈ। ਪ੍ਰੰਤੂ ਲੈਮਨ ਨੂੰ ਖੁਰਾਕੀ ਤੱਤਾਂ ਦੇ ਆਧਾਰ ਤੇ ਜ਼ਿਆਦਾ ਗੁਣਕਾਰੀ ਮੰਨਿਆ ਜਾਂਦਾ ਹੈ। ਫਿਰ ਹੁਣ ਦੇਰ ਕਾਹਦੀ ਅੱਜ ਹੀ ਲਿਆਓ ਨਿੰਬੂ ਤੇ ਕਰ ਦਿਓ ਸ਼ੁਰੂ ਸਵੇਰੇ ਉਠਦੇ ਸਾਰ ਹੀ ਨਿੰਬੂ ਪਾਣੀ ਦਾ ਸੇਵਣ। ਨਿੰਬੂ ਪਾਣੀ ਦੇ ਗੁਣ ਤਾਂ ਅਨੇਕਾਂ ਹੀ ਹਨ ਮਗਰ ਮੈਂ ਕੁੱਝ ਮਹੱਤਵਪੂਰਨ ਗੁਣ ਤੁਹਾਡੇ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਨਿੰਬੂ ਪਾਣੀ ਸਾਡੇ ਸਰੀਰ ਨੂੰ ਹਾਈਡਰੇਟ ਕਰਦਾ ਹੈ ਜਾਣੀ ਕੇ ਸਰੀਰ 'ਚ ਪਾਣੀ ਦੀ ਕਮੀ ਨੂੰ ਪੂਰਾ ਕਰਦਾ ਹੈ। ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਇਹ ਦੇਖਣ 'ਚ ਆਇਆ ਹੈ ਕਿ ਬਹੁਤ ਸਾਰੇ ਲੋਕਾਂ ਦਾ ਸਰੀਰ ਖੁਸ਼ਕ ਹੀ ਰਹਿੰਦਾ ਹੈ। ਕਿਉਂਕਿ ਜਿਸ ਤਰ੍ਹਾਂ ਦੀ ਖੁਦ ਅਸੀਂ ਖਾਂਦੇ ਹਾਂ ਜਿਵੇਂ ਕਿ ਦੁੱਧ, ਕਣਕ ਆਦਿ ਤੋਂ ਬਣੇ ਪਕਵਾਣ, ਤਲੀਆਂ ਤੇ ਰੀਫਾਈਨਡ, ਮਿੱਠਾ ਭਰਪੂਰ ਵਸਤਾਂ ਸਰੀਰ ਵਿੱਚ ਤੇਜ਼ਾਬ ਹੀ ਬਣਾਉਂਦੀਆਂ ਹਨ ਅਤੇ ਸਾਡੇ ਸਰੀਰ ਅੰਦਰਲਾ ਬਹੁਤ ਸਾਰਾ ਪਾਣੀ ਇਸ ਤੇਜ਼ਾਬ ਨੂੰ ਹੀ ਬਾਹਰ ਕੱਢਣ ਵਿੱਚ ਨਸ਼ਟ ਹੋ ਜਾਂਦਾ ਹੈ। ਕੱਚੇ, ਤਾਜ਼ੇ ਫਲਾਂ ਤੇ ਸਬਜ਼ੀਆਂ ਦਾ ਘੱਟ ਜਾਂ ਨਾ ਪ੍ਰਯੋਗ ਕਰਨਾ ਵੀ ਖੁਸ਼ਕੀ ਨੂੰ ਜਨਮ ਦਿੰਦਾ ਹੈ। ਇਸ ਕਰਕੇ ਨਿੰਬੂ ਪਾਣੀ ਦਾ ਸੇਵਣ ਕਰਨਾ ਇੱਕ ਸਹੀ ਦਿਸ਼ਾ ਵੱਲ ਚੁੱਕਿਆ ਸਲਾਹੁਣਯੋਗ ਕਦਮ ਹੈ। ਮੇਰੀ ਤਾਂ ਇਹੀ ਸਲਾਹ ਹੈ ਕਿ ਨਿੰਬੂ ਪਾਣੀ ਨਾ ਕਿ ਸਵੇਰ ਵੇਲੇ ਹੀ ਬਲਕਿ ਸਾਰਾ ਦਿਨ ਜਿੰਨੇ ਗਲਾਸ ਤੁਸੀਂ ਪੀ ਸਕਦੇ ਹੋ ਜ਼ਰੂਰ ਪੀਣੇ ਚਾਹੀਦੇ ਹਨ।

ਨਿੰਬੂ ਪਾਣੀ ਤੁਹਾਡੀ ਪਾਚਣ-ਪ੍ਰਣਾਲੀ ਦੇ ਸਹੀ ਸੰਚਾਲਣ ਲਈ ਵੀ ਬਹੁਤ ਮੱਦਦ ਕਰਦਾ ਹੈ। ਸਾਡੇ ਮੇਹਦੇ ਵਿਚਲੇ ਜੂਸ ਅਤੇ ਨਿੰਬੂ ਪਾਣੀ ਦੇ ਰਸਾਇਣ ਪਦਾਰਥ ਬਿਲਕੁੱਲ ਮੇਲ ਖਾਂਦੇ ਹਨ ਜਿਸ ਕਾਰਣ ਇਹ ਮੇਹਦੇ ਦਾ ਸੰਤੁਲਨ ਬਣਾਈ ਰੱਖਣ ਵਿੱਚ ਵੀ ਅਹਿਮ ਭੂਮਕਾ ਨਿਭਾਉਂਦਾ ਹੈ। ਨਿੰਬੂ ਪਾਣੀ ਬੇਹਜ਼ਮੀ, ਹਰਟਬਰਨ ਅਤ ਪੇਟ ਫੁੱਲਣ ਅਦਿ ਬਿਮਾਰੀਆਂ ਤੋਂ ਵੀ ਫਾਇਦੇਮੰਦ ਹੁੰਦਾ ਹੈ। ਇੱਥੋਂ ਤੱਕ ਕਿ ਨਿੰਬੂ ਪਾਣੀ ਜ਼ਿਗਰ ਵਿੱਚੋਂ ਨਿਕਲਨ ਵਾਲੇ ਤੇਜ਼ਾਬੀ ਰਸ ਨੂੰ ਵਧਾਉਂਦਾ ਹੈ, ਪਾਚਣ ਅੰਤੜੀਆਂ ਨੂੰ ਪਾਣੀ ਨਾਲ ਸਿੰਜ ਕੇ ਸਟੂਲ ਨੂੰ ਰੈਗੂਲਰ ਕਰਦਾ ਹੈ ਅਤੇ ਕਬਜ਼ ਵੀ ਦੂਰ ਕਰਦਾ ਹੈ। ਇਹ ਮੇਹਦੇ ਅੰਦਰਲੇ ਜ਼ਹਿਰ ਸਰੀਰ 'ਚੋਂ ਬਾਹਰ ਕੱਢਦਾ ਹੈ।

ਵਿਟਾਮਿਨ ਸੀ ਭਰਪੂਰ ਨਿੰਬੂ ਪਾਣੀ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਕੇ ਸਾਨੂੰ ਠੰਡ, ਜ਼ੁਕਾਮ ਤੋਂ ਵੀ ਬਚਾਉਂਦਾ ਹੈ। ਆਇਰਨ (ਲੋਹਾ) ਹੇਮੋਗਲੋਬਿਨ ਦਾ ਹਿੱਸਾ ਹੋਣ ਕਰਕੇ ਸਾਡੇ ਸਰੀਰ ਦੇ ਰੋਮ-ਰੋਮ ਵਿੱਚ ਆਕਸੀਜਨ ਪਹੁੰਚਾਉਂਦਾ ਹੈ ਅਤੇ ਅਨੀਮੀਏ ਤੋਂ ਵੀ ਸੁਰੱਖਿਅਤ ਰੱਖਦਾ ਹੈ। ਵਿਟਾਮਿਨ ਸੀ ਸਾਡੇ ਭੋਜਨ ਚੋਂ ਆਇਰਨ ਸਮਾ ਕਿ ਖੂਨ ਵਿੱਚ ਸ਼ਾਮਲ ਕਰਦਾ ਹੈ।

ਨਿੰਬੂ ਪਾਣੀ ਤੁਹਾਨੂੰ ਇੱਕਦਮ ਤਾਕਤ ਪ੍ਰਦਾਨ ਕਰਕੇ ਚੁਸਤੀ, ਫ਼ੁਰਤੀ ਮੁਹੱਈਆ ਕਰਦਾ ਹੈ। ਸਵੇਰ ਵਕਤ ਉੱਠਣ ਸਾਰ ਹੀ ਤੁਹਾਡੇ ਮੂਡ ਨੂੰ ਤਾਜ਼ਾ ਤੇ ਖੁਸ਼ਗਵਾਰ ਬਣਾ ਦਿੰਦਾ ਹੈ ਜਿਸ ਕਾਰਨ ਸਾਰਾ ਦਿਨ ਤੁਸੀਂ ਆਪਣੇ ਕੰਮਾਂ-ਕਾਜਾਂ ਵਿੱਚ ਨਿਪੁੰਨਤਾ ਹਾਸਲ ਕਰਦੇ ਹੋ।

ਨਿੰਬੂ ਪਾਣੀ ਤੁਹਾਡੇ ਚੇਹਰੇ ਤੇ ਸਰੀਰ ਦੀ ਚਮੜੀ ਨੂੰ ਚਮਕ , ਗਲੋ ਤੇ ਮਜ਼ਬੂਤੀ ਦਿੰਦਾ ਹੈ ਕਿਉਂਕਿ ਕੌਲੇਜਨ ਜਿਸ ਤੋਂ ਸਾਡੇ ਸਰੀਰ ਦੇ ਸਾਰੇ ਅੰਗ , ਪੱਠੇ, ਖੂਨ ਦੀਆਂ ਨਾੜੀਆਂ ਆਦਿ ਬਣਦੀਆਂ ਹਨ ਵਿਟਾਮਿਨ ਸੀ ਤੋਂ ਬਗੈਰ ਬਣ ਹੀ ਨਹੀਂ ਸਕਦਾ। ਇਸ ਕਰਕੇ ਦਿਲ ਦੀਆਂ ਬਿਮਾਰੀਆਂ ਤੋਂ ਛੁਟਕਾਰਾ



ਪਾਉਣ ਲਈ ਨਿੰਬੂ ਬਹੁਤ ਵਧੀਆ ਹੈ। ਨਿੰਬੂ ਵਿਚਲੇ ਐਂਟੀਆਕਸੀਡੈਂਟਸ ਫਰੀ ਰੈਡੀਕਲਜ਼ ਨੂੰ ਦੂਰ ਕਰਕੇ ਚਮੜੀ ਨੂੰ ਬੁਢਾਪਾਪਣ ਅਤੇ ਝੁਰੜੀਆਂ ਤੋਂ ਵੀ ਰੋਕਦੇ ਹਨ।

ਗਠੀਏ ਦਾ ਰੋਗ ਸਾਡੇ ਸਰੀਰ ਅੰਦਰ ਸੋਜ਼ਸ਼ ਅਤੇ ਯੂਰਿਕ ਐਸਿਡ ਵੱਧ ਜਾਣ ਕਰਕੇ ਹੀ ਹੁੰਦਾ ਹੈ ਨਿੰਬੂ ਪਾਣੀ ਸਰੀਰ ਦੇ ਜੋੜਾਂ ਵਿੱਚੋਂ ਯੂਰਿਕ ਐਸਿਡ ਨੂੰ ਬਾਹਰ ਕੱਢਦਾ ਹੈ ਅਤੇ ਹਰ ਪ੍ਰਕਾਰ ਦੀ ਸੋਜ਼ਸ਼ ਦੂਰ ਕਰਦਾ ਹੈ। ਨਿੰਬੂ ਭਾਰ ਘਟਾਉਣ ਲਈ ਇੱਕ ਉੱਚ ਦਰਜੇ ਦੀ ਦੇਸੀ ਔਸ਼ਧੀ ਹੈ ਜੇਕਰ ਤੁਸੀਂ ਜਲਦੀ ਭਾਰ ਘਟਾਉਣਾ ਅਤੇ ਲੰਬੇ ਸਮੇ ਲਈ ਸਥਿਰ ਰੱਖਣਾ ਚਾਹੁੰਦੇ ਹੋ ਤਾਂ ਨਿੰਬੂ ਤੁਹਾਡੀ ਮੱਦਦ ਕਰ ਸਕਦਾ ਹੈ। ਨਿੰਬੂ ਤੁਹਾਡੀ ਭੁੱਖ ਘਟਾ ਕਿ , ਮੈਟਾਬੋਲਿਜ਼ਮ ਤੇਜ਼ ਕਰਕੇ ਅਤੇ ਤੁਹਾਡੀ ਬੇਲੋੜਾ ਮੂੰਹ ਮਾਰਨ ਦੀ ਆਦਤ ਵਿੱਚ ਸੁਧਾਰ ਲਿਆਕੇ ਵਾਧੂ ਫੈਟ ਵੀ ਘੱਟ ਕਰ ਸਕਦਾ ਹੈ।

ਨਿੰਬੂ ਤੁਹਾਡੇ ਸਰੀਰ ਨੂੰ ਅਲਕੇਲਾਈਜ਼ ਕਰਦਾ ਹੈ। ਭਾਵ ਕਿ ਤੇਜ਼ਾਬੀਪਣ ਨੂੰ ਦੂਰ ਕਰਦਾ ਹੈ। ਭਾਵੇਂ ਨਿੰਬੂ ਦਾ ਸੁਆਦ ਖੱਟਾ ਹੁੰਦਾ ਹੈ ਮਗਰ ਨਿੰਬੂ ਅਲਕੇਲਾਈਜ਼ਿੰਗ ਭੋਜਨ ਪਦਾਰਥਾਂ ਵਿੱਚੋਂ ਇੱਕ ਹੈ। ਜਦੋਂ ਅਸੀਂ ਨਿੰਬੂ ਜੂਸ ਡਰਿੰਕ ਪੀਂਦੇ ਹਾਂ ਤਾਂ ਹਜ਼ਮ ਹੋਣ ਤੋਂ ਬਾਅਦ ਸਰੀਰ ਵਿੱਚ ਇਹ ਐਲਕੇਲਾਈਨ ਖਣਿਜ ਪਦਾਰਥ ਜਿਵੇਂ ਕਿ ਪੋਟਾਸ਼ੀਅਮ, ਮੈਗਨੀਸ਼ੀਅਮ ਵਗੈਰਾ ਬਲੱਡ ਵਿੱਚ ਮਿਕਸ ਕਰਦਾ ਹੈ ਅਤੇ ਸਾਰੇ ਸਰੀਰ ਨੂੰ ਐਲਕੇਲਾਈਨ ਬਣਾਉਂਦਾ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਮੋਟਾਪਾਪਣ, ਸੋਜ਼ਸ਼, ਕੈਂਸਰ, ਸ਼ੂਗਰ ਰੋਗ, ਆਦਿ ਨਾਮੁਰਾਦ ਬਿਮਾਰੀਆਂ ਸਾਡੇ ਸਰੀਰ ਵਿੱਚ ਵਾਧੂ ਤੇਜ਼ਾਬ ਬਣਨ ਕਾਰਨ ਹੀ ਲਗਦੀਆਂ ਹਨ। ਇਸੀ ਕਰਕੇ ਨਿੰਬੂ ਤੁਹਾਡੇ ਲਈ ਵਰਦਾਨ ਸਿੱਧ ਹੋ ਸਕਦਾ ਹੈ।

ਜਦੋਂ ਸਾਡੇ ਸਰੀਰ ਵਿੱਚ ਜ਼ਹਰੀਲੇ ਪਦਾਰਥ ਵਧ ਜਾਂਦੇ ਹਨ ਤਾਂ ਸੈਲਾਂ, ਪੱਠਿਆਂ, ਨਾਜ਼ਕ ਤੇ ਮਹੱਤਵਪੂਰਨ ਅੰਗਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਨਿੰਬੂ ਇਹਨਾਂ ਜ਼ਹਿਰਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਕੇ ਸਾਨੂੰ ਨਵੀਂ ਜ਼ਿੰਦਗੀ ਬਖ਼ਸ਼ਦਾ ਹੈ। ਲਿਵਰ ਨੂੰ ਉਤਸ਼ਾਹਤ ਕਰਕੇ ਜ਼ਿਆਦਾ ਇਨਜ਼ਾਈਮ ਬਣਾਉਣ ਵਿੱਚ ਸਹਾਈ ਹੁੰਦਾ ਹੈ। ਨਿੰਬੂ ਜੂਸ ਪਿਸ਼ਾਬ ਦੀ ਮਾਤਰਾ ਤੇ ਪੀ ਐਚ ਵਧਾ ਕੇ ਜ਼ਹਿਰ ਬਾਹਰ ਕੱਢਦਾ ਹੈ ਜਿਸ ਕਾਰਨ ਬੈਕਟੀਰੀਆ ਆਦਿ ਜੀਵਾਣੂ ਦੀ ਇਨਫੈਕਸ਼ਨ ਨੂੰ ਠੱਲ ਪਾ ਕੇ ਪੈਖਾਨੇ ਨਾਲ ਸਬੰਧਤ ਬਿਮਾਰੀਆਂ ਤੋਂ ਨਿਜ਼ਾਕਤ ਦਵਾਉਂਦਾ ਹੈ। ਜੇਹੜੇ ਲੋਕ ਡੇਅਰੀ ਜਾਂ ਦੁੱਧ ਜ਼ਿਆਦਾ ਇਸਤੇਮਾਲ ਕਰਦੇ ਹਨ ਉਹਨਾਂ ਵਿੱਚ ਮਿਊਕਸ ਜਾਂ ਬਲਗਮ ਬਣਨ ਦੀ ਸ਼ਿਕਾਇਤ ਬਹੁਤ ਦੇਖਣ ਨੂੰ ਮਿਲਦੀ ਹੈ। ਨਿੰਬੂ ਬਲਗਮ ਦੂਰ ਕਰਨ ਲਈ ਬਹੁਤ ਸਹਾਈ ਹੁੰਦਾ ਹੈ। ਵੈਸੇ ਤਾਂ ਬਹੁਤ ਚੰਗਾ ਹੋਵੇ ਜੇ ਉਹ ਲੋਕ ਡੇਅਰੀ ਫਰੀ ਹੋ ਜਾਣ ਮਗਰ ਫਿਰ ਵੀ ਨਿੰਬੂ ਸਵੇਰ ਤੋਂ ਹੀ ਸ਼ੁਰੂ ਕਰਕੇ ਇਸ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ।

ਲੈਮਨ ਤੁਹਾਡੇ ਮੂੰਹ ਦੇ ਸਵਾਦ ਨੂੰ ਵੀ ਤਾਜ਼ਾ ਕਰਦੇ ਹਨ। ਮੂੰਹ ਵਿਚਲੇ ਜ਼ਰਾਸੀਮ ਨੂੰ ਮਾਰ ਕੇ ਦੰਦਾਂ ਤੇ ਮਸੂੜ੍ਹਿਆਂ ਦੀ ਸੁਰੱਖਿਆ ਕਰਦੇ ਹਨ। ਹਮੇਸ਼ਾ ਖਿਆਲ ਰੱਖੋ ਕਿ ਬਗੈਰ ਪਾਣੀ ਨਾਲ ਪਤਲਾ ਕੀਤਿਆਂ ਸਿੱਧਾ ਨਿੰਬੂ ਜੂਸ ਕਦੇ ਨਾ ਵਰਤੋ ਕਿਉਂਕਿ ਇਹ ਤੁਹਾਡੇ ਦੰਦਾਂ ਦੇ ਇਨੇਮਲ ਨੂੰ ਖਰਾਬ ਕਰ ਸਕਦਾ ਹੈ। ਕਦੇ ਵੀ ਨਿੰਬੂ ਜੂਸ ਨਾਲ ਬੁਰਸ਼ ਨਾ ਕਰੋ ਤੇ ਹੋ ਸਕੇ ਨਿੰਬੂ ਪਾਣੀ ਪੀਣ ਤੋਂ ਬਾਅਦ ਪਾਣੀ ਦੇ ਕੁਰਲੇ ਜ਼ਰੂਰ ਕਰੋ। ਨਿੰਬੂ ਨੂੰ ਤੁਸੀਂ ਬਾਹਰਲੀ ਸੁੰਦਰਤਾ ਜਿਵੇਂ ਕਿ ਚੇਹਰੇ ਦਾ ਲੇਪ ਛਾਹੀਆਂ, ਕਿੱਲਾਂ ਜਾਂ ਬਾਲਾਂ ਦੀ ਲਚਕ,ਚਮਕ, ਮਜ਼ਬੂਤੀ, ਸਿੱਕਰੀ ਆਦਿ ਲਈ ਵੀ ਇਸਤੇਮਾਲ ਕਰ ਸਕਦੇ ਹੋ ।

ਪੋਟਾਸ਼ੀਅਮ, ਮੈਗਨੀਸ਼ੀਅਮ ਨਾਲ ਭਰਪੂਰ ਨਿੰਬੂ ਦਿਮਾਗ ਤੇ ਨਰਵਜ਼ ਨੂੰ ਮਜ਼ਬੂਤੀ ਤੇ ਤੰਦਰੁਸਤੀ ਪ੍ਰਦਾਨ ਕਰਦਾ ਹੈ। ਇਹਨਾਂ ਗੁਣਾਂ ਕਰਕੇ ਹੀ ਡਿਪ੍ਰੈਸ਼ਨ, ਦਿਮਾਗੀ ਤਣਾਅ ਵਰਗੀਆਂ ਬਿਮਾਰੀਆਂ ਲਈ ਬਹੁਤ ਲਾਹੇਵੰਦ ਹੈ ਨਿੰਬੂ ਦਾ ਰਸ। ਜਿਹੜੇ ਵਿਦਿਆਰਥੀ ਜਾਂ ਬਹੁਤ ਹੀ ਤਣਾਅ ਭਰਪੂਰ ਨੌਕਰੀ ਕਰਨ ਵਾਲੇ ਕਰਮਚਾਰੀ ਜਿਵੇਂ ਕਿ ਕੰਪਿਊਟਰ ਸਬੰਧੀ ਕੰਮ ਕਾਜ ਕਰਨ ਵਾਲੇ ਬਹੁਤ ਜਲਦੀ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ ਉਹਨਾਂ ਲਈ ਨਿੰਬੂ ਪਾਣੀ ਅੰਮ੍ਰਿਤ ਹੈ। ਕਿਉਂਕਿ ਇਹ ਡਰਿੰਕ ਦਿਮਾਗ ਦੀ ਸੋਚਣ ਸ਼ਕਤੀ ਵਧਾਉਂਦੀ ਹੈ।

ਤੁਸੀਂ ਹੈਰਾਨ ਹੋਵੋਗੇ ਕਿ ਨਿੰਬੂ ਕੈਂਸਰ ਵਰਗੇ ਭਿਆਨਕ ਰੋਗਾਂ ਨੂੰ ਰੋਕਣ ਲਈ ਵੀ ਮੱਦਦ ਕਰਦਾ ਹੈ। ਕੈਂਸਰ ਰੋਗ ਤੇਜ਼ਾਬੀ ਹਾਲਤਾਂ ਵਿੱਚ ਹੀ ਪ੍ਰਫੁੱਲਤ ਹੁੰਦਾ ਹੈ ਤੇ ਨਿੰਬੂ ਐਸਿਡਿਟੀ ਨੂੰ ਦੂਰ ਕਰਦਾ ਹੈ। ਇਹੀ ਕਾਰਨ ਹੈ ਕਿ ਜੋ ਲੋਕ ਨਿੰਬੂ ਬਹੁਤ ਵਰਤਦੇ ਹਨ ਉਹਨਾਂ ਨੂੰ ਪਹਿਲੀ ਗੱਲ ਤਾਂ ਕੈਂਸਰ ਦੀ ਸੰਭਾਵਨਾ ਬਹੁਤ ਘਟ ਜਾਂਦੀ ਹੈ ਮਗਰ ਜੇ ਹੋ ਵੀ ਜਾਵੇ ਤਾਂ ਬਹੁਤ ਜਲਦੀ ਕੈਂਸਰ ਰੋਕਣ ਵਿੱਚ ਨਿੰਬੂ ਸਹਾਇਤਾ ਕਰ ਸਕਦਾ ਹੈ।

ਨਿੰਬੂ ਪਾਣੀ ਬਣਾਉਣ ਦਾ ਤਰੀਕਾ : ਪਾਣੀ ਸਿਰਫ਼ ਕੋਸਾ ਹੀ ਲੈਣਾ ਹੈ ਨਾ ਤਾਂ ਇਹ ਜ਼ਿਆਦਾ ਗਰਮ ਨਾ ਹੀ ਠੰਡਾ ਹੋਣਾ ਚਾਹੀਦਾ ਹੈ ਕਿਉਂਕਿ ਗਰਮ ਜਾਂ ਠੰਡਾ ਪਾਣੀ ਸਾਡੇ ਸਰੀਰ ਤੇ ਵਾਧੂ ਬੋਝ ਪਾਉਂਦਾ ਹੈ। ਇੱਕ ਗਲਾਸ ਗੁਣਗੁਣੇ ਪਾਣੀ ਵਿੱਚ ਅੱਧਾ ਨਿੰਬੂ ਨਿਚੋੜਨ ਤੋਂ ਬਾਅਦ ਹੌਲੀ ਹੌਲੀ ਪੀਓ। ਇਹ ਬਹੁਤ ਹੀ ਆਸਾਨ ਤੇ ਸਾਦਾ ਤਰੀਕਾ ਹੈ।

ਪ੍ਰਧਾਨ (ਹੈਲਥੀ ਲਾਈ.ਫਸਟਾਈਲ ਨੌਲੇਜ਼ ਫਾਊਂਡੇਸ਼ਨ ਕੈਲਗਰੀ )



# ਅਮਰਨਾਥ ਯਾਤਰਾ ’ਤੇ ਹਮਲਾ ਅਤੇ ਸੰਘ ਪਰਿਵਾਰ

-ਬੂਟਾ ਸਿੰਘ ਨਵਾਂਸ਼ਹਿਰ
94634-74342

10 ਜੁਲਾਈ ਨੂੰ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਅਮਰਨਾਥ ਯਾਤਰੀਆਂ ਦੀ ਇਕ ਬੱਸ ਉੱਪਰ ‘ਦਹਿਸ਼ਤਗਰਦ’ ਹਮਲੇ ਵਿਚ ਪੰਜ ਔਰਤਾਂ ਸਮੇਤ ਸੱਤ ਸ਼ਰਧਾਲੂਆਂ ਦਾ ਮਾਰੇ ਜਾਣਾ ਬਹੁਤ ਦਰਦਨਾਕ ਹੈ। ਇਕ ਜ਼ਖ਼ਮੀ ਔਰਤ ਬਾਦ ਵਿਚ ਜ਼ਖ਼ਮਾਂ ਦੀ ਤਾਬ ਨਾ ਝੱਲਦੀ ਹੋਈ ਚਲ ਵਸੀ। ਇਸ ਕਾਂਡ ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਇਨਸਾਨੀਅਤ ਦੀਆਂ ਦੁਸ਼ਮਣ ਹਨ ਅਤੇ ਇਨ੍ਹਾਂ ਹੱਤਿਆਵਾਂ ਦੀ ਹਰ ਮਨੁੱਖਤਾ ਦਰਦੀ ਨੂੰ ਨਿਖੇਧੀ ਕਰਦੀ ਚਾਹੀਦੀ ਹੈ। ਇਹ ਤਸੱਲੀ ਦੀ ਗੱਲ ਹੈ ਕਿ ਕਸ਼ਮੀਰੀਆਂ ਨੇ ਇਸ ਘਿਣਾਉਣੇ ਕਾਰੇ ਦੀ ਸਖ਼ਤ ਨਿਖੇਧੀ ਕਰਦੇ ਹੋਏ ਕਸ਼ਮੀਰੀਅਤ ਦੀ ਸਾਂਝੀਵਾਲਤਾ ਦੀ ਰਵਾਇਤ ਨੂੰ ਬੁਲੰਦ ਕੀਤਾ ਹੈ ਜਿਸ ਤੋਂ ਇਹ ਸਾਬਤ ਹੋ ਗਿਆ ਹੈ ਕਿ ਇਸ ਕਾਂਡ ਪਿੱਛੇ ਹੋਰ ਕਿਸੇ ਵੀ ਤਾਕਤ ਦਾ ਹੱਥ ਹੋਵੇ, ਕਸ਼ਮੀਰ ਦੇ ਅਵਾਮ ਦਾ ਸਾਂਝੀਵਾਲਤਾ ਵਿਚ ਅਡੋਲ ਵਿਸ਼ਵਾਸ ਹੈ। ਹਿੰਦੁਸਤਾਨੀ ਰਾਜ ਵਲੋਂ ਕੀਤੀ ਜਾ ਰਹੀ ਫਿਰਕੂ ਨਸਲਕੁਸ਼ੀ ਅਤੇ ਆਰ.ਐੱਸ.ਐੱਸ. ਵਰਗੀਆਂ ਫਿਰਕੂ ਤਾਕਤਾਂ ਦੀਆਂ ਜ਼ਹਿਰੀਲੀਆਂ ਪਾਟਕ ਪਾਊ ਮੁਹਿੰਮਾਂ ਦੇ ਬਾਵਜੂਦ ਉਹ ਮਜ਼ਬੀ ਜਨੂੰਨੀ ਤਾਕਤਾਂ ਦਾ ਅਸਰ ਨਹੀਂ ਕਬੂਲ ਰਹੇ। ਦੂਜੇ ਪਾਸੇ, ਸੱਤਾਧਾਰੀ ਸੰਘ ਬਰਗੇਡ ਸਮੇਤ ਤਮਾਮ ‘ਮੁੱਖਧਾਰਾ’ ਸਿਆਸੀ ਧਿਰਾਂ ਹਮੇਸ਼ਾ ਐਸੇ ਮੌਕਿਆਂ ਦੀ ਤਾਕ ਵਿਚ ਰਹਿੰਦੀਆਂ ਹਨ ਜਿਨ੍ਹਾਂ ਦਾ ਸੌੜੇ ਮੁਫ਼ਾਦਾਂ ਲਈ ਸਿਆਸੀ ਲਾਹਾ ਲਿਆ ਜਾ ਸਕੇ ਅਤੇ ਕਸ਼ਮੀਰ ਦੇ ਅਵਾਮ ਦਾ ਅਕਸ ਵਿਗਾੜਨ ਲਈ ਉਨ੍ਹਾਂ ਵਿਰੁੱਧ ਜ਼ਹਿਰ ਉਗਲੀ ਜਾ ਸਕੇ। ਆਰ.ਐੱਸ.ਐੱਸ./ਸੰਘ ਬਰਗੇਡ ਦੇ ਸਾਧ ਸਾਧਵੀਆਂ ਅਤੇ ਹੋਰ ਆਗੂ ਇਸ ਕਾਂਡ ਦੇ ਬਹਾਨੇ ਸ਼ਰੇਆਮ ਫਿਰਕੂ ਜ਼ਹਿਰ ਉਗਲ ਰਹੇ ਹਨ ਅਤੇ ਕਸ਼ਮੀਰ ਵਿਚ ਹੱਤਿਆਵਾਂ ਦੇ ਬਦਲੇ ਹਿੰਦੁਸਤਾਨ ਵਿਚ ਮੁਸਲਮਾਨਾਂ ਨੂੰ ਕਤਲ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਇਨ੍ਹਾਂ ਦਹਿਸ਼ਤੀ ਧਮਕੀਆਂ ਬਾਰੇ ਖ਼ਾਮੋਸ਼ ਹਨ।

ਅਮਰਨਾਥ ਯਾਤਰਾ ਇਕ ਤੀਰਥ-ਯਾਤਰਾ ਨਾ ਰਹਿਕੇ ਇਕ ਜ਼ਾਹਰਾ ਸਿਆਸੀ ਮੁਹਿੰਮ ਬਣ ਚੁੱਕੀ ਹੈ। ਦੇਖਣ ਨੂੰ ਧਾਰਮਿਕ ਜਾਪਦੀ ਇਸ ਮੁਹਿੰਮ ਦੇ ਓਹਲੇ ਆਰ.ਐੱਸ.ਐੱਸ. ਅਤੇ ਹੋਰ ਰਾਸ਼ਟਰਵਾਦੀ ਤਾਕਤਾਂ ਸਰਗਰਮ ਹਨ ਜਿਨ੍ਹਾਂ ਦਾ ਮਨੋਰਥ ਇਸ ਨੂੰ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਉਣ ਅਤੇ ਫਿਰਕੂ ਪਾਲਾਬੰਦੀ ਕਰਨ ਲਈ ਵਰਤਣ ਤੋਂ ਬਿਨਾ ਕੁਝ ਨਹੀਂ। ਦਰ ਅਸਲ ਕੇਂਦਰ ਵਿਚ ਚਾਹੇ ਹਿੰਦੂਤਵੀ ਸਰਕਾਰ ਹੋਵੇ ਜਾਂ ‘ਧਰਮਨਿਰਪੱਖ’ ਕਾਂਗਰਸ ਦੀ, ਹਿੰਦੁਸਤਾਨੀ ਸਟੇਟ ਇਕ ਖ਼ਾਸ ਤਰ੍ਹਾਂ ਦੇ ‘ਰਾਸ਼ਟਰਵਾਦ’ ਨੂੰ ਹੱਲਾਸ਼ੇਰੀ ਦੇਣ ਲਈ ਢਾਈ ਦਹਾਕਿਆਂ ਤੋਂ ਅਮਰਨਾਥ ਯਾਤਰਾ ਦਾ ਥੋਕ ਇਸਤੇਮਾਲ ਕਰਦਾ ਆ ਰਿਹਾ ਹੈ। ਇਸ ਦੇ ਬਹਾਨੇ ਕਸ਼ਮੀਰ ਦੇ ਮੂਲ ਮਸਲੇ ਨੂੰ ਦਬਾਇਆ ਜਾ ਰਿਹਾ ਹੈ ਅਤੇ ਧਾਰਮਿਕ ਸੈਰਸਪਾਟੇ ਦੇ ਬਹਾਨੇ ਕਸ਼ਮੀਰ ਦੀ ਜ਼ਮੀਨ ਤੇ ਪਾਣੀ ਵਰਗੇ ਵਸੀਲਿਆਂ ਨੂੰ ਹਿੰਦੁਸਤਾਨ ਸੱਤਾ ਦੇ ਅਦਾਰਿਆਂ ਦੇ ਕਬਜ਼ੇ ’ਚ ਲੈ ਕੇ ਕਸ਼ਮੀਰ ਉਪਰ ਕਬਜ਼ਾ ਪੱਕਾ ਕੀਤਾ ਜਾ ਰਿਹਾ ਹੈ। ਇਸਦੇ ਬਾਵਜੂਦ, ਕਸ਼ਮੀਰੀ ਅਵਾਮ ਨੇ ਸ਼ਰਧਾਲੂਆਂ ਨੂੰ ਹਮੇਸ਼ਾ ਆਪਣੇ ਮਹਿਮਾਨ ਸਮਝਕੇ ਉਨ੍ਹਾਂ ਦਾ ਸਵਾਗਤ ਕੀਤਾ ਹੈ। ਇਹ ਵੀ ਤੱਥ ਹੈ ਕਿ ਅੱਜ ਤਕ ਯਾਤਰੀਆਂ ਉੱਪਰ ਇਕ ਵੀ ਹਮਲੇ ਵਿਚ ਕਸ਼ਮੀਰੀਆਂ ਦੀ ਸ਼ਮੂਲੀਅਤ ਸਾਬਤ ਨਹੀਂ ਕੀਤੀ ਜਾ ਸਕੀ ਹੈ। 1994 ਵਿਚ ਪਾਕਿਸਤਾਨ ਪੱਖੀ ਗਰੁੱਪ ਹਰਕਤ ਉਲ ਅੰਸਾਰ ਨੇ ਯਾਤਰਾ ’ਤੇ ਪਾਬੰਦੀ ਲਗਾ ਦਿੱਤੀ ਸੀ ਪਰ ਉਸ ਸਾਲ ਵੀ ਯਾਤਰਾ ਨਿਰਵਿਘਨ ਨੇਪਰੇ ਚੜ੍ਹੀ ਸੀ। ਸਥਾਨਕ ਖਾੜਕੂ ਗਰੁੱਪਾਂ ਵਲੋਂ ਹਰਕਤ ਗਰੁੱਪ ਦੇ ਐਲਾਨ ਨੂੰ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ ਸੀ। ਅਗਸਤ 2000 ਵਿਚ ਅਮਰਨਾਥ ਯਾਤਰਾ ਕੈਂਪ ਉੱਪਰ ‘ਦਹਿਸ਼ਤਗਰਦ’ ਹਮਲੇ ਵਿਚ 25 ਲੋਕਾਂ ਦੀ ਹੱਤਿਆ ਹੋਈ ਸੀ। ਉਹ ਕਿਸੇ ਪਾਕਿਸਤਾਨ ਪੱਖੀ ਦਹਿਸ਼ਤਗਰਦ ਗਰੁੱਪ ਦਾ ਕਾਰਾ ਸੀ ਜਾਂ ਕਿਸੇ ਸਰਕਾਰੀ ਏਜੰਸੀ ਦਾ, ਇਹ ਹੁਣ ਤਕ ਵੀ ਸਪਸ਼ਟ ਨਹੀਂ ਹੋਇਆ ਪਰ ਓਦੋਂ ਵੀ ਆਮ ਕਸ਼ਮੀਰੀਆਂ ਨੇ ਉਸ ਕਾਰਵਾਈ ਦਾ ਡੱਟਕੇ ਵਿਰੋਧ ਕੀਤਾ ਸੀ। ਗ਼ੌਰਤਲਬ ਹੈ ਕਿ ਓਦੋਂ ਜੰਮੂ-ਕਸ਼ਮੀਰ ਸਰਕਾਰ ਨੇ ਸਪਸ਼ਟ ਕਿਹਾ ਸੀ ਕਿ ਹਮਲੇ ਦਾ ਨਿਸ਼ਾਨਾ ਅਮਰਨਾਥ ਯਾਤਰੀ ਨਹੀਂ ਸਗੋਂ ਸੁਰੱਖਿਆ ਤਾਕਤਾਂ ਸਨ, ਯਾਤਰੀ ਤਾਂ ਹਮਲੇ ਦੀ ਲਪੇਟ ਵਿਚ ਆਕੇ ਮਾਰੇ ਗਏ ਸਨ। ਇਹ ਗੱਲ ਹਿੰਦੁਸਤਾਨੀ ਹਾਕਮ ਜਮਾਤ ਦੇ ਹਿਤ ਵਿਚ ਨਾ ਹੋਣ ਕਾਰਨ ਇਸ ਦੀ ਥਾਂ ਪੂਰਾ ਤਾਣ ਯਾਤਰੀਆਂ ਉੱਪਰ ਦਹਿਸ਼ਤਗਰਦ ਹਮਲੇ ਦੀ ਕਹਾਣੀ ਪ੍ਰਚਾਰਨ ’ਤੇ ਲਾ ਦਿੱਤਾ ਗਿਆ।

ਕਸ਼ਮੀਰ ਦੇ ਹਾਲਾਤ ਬਹੁਤ ਹੀ ਤਣਾਉਪੂਰਨ ਹੋਣ ਦੇ ਬਾਵਜੂਦ ਇਸ ਵਾਰ ਵੀ ਕਿਸੇ ਕਸ਼ਮੀਰੀ ਖਾੜਕੂ ਗਰੁੱਪ ਵਲੋਂ ਅਮਰਨਾਥ ਯਾਤਰਾ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਸਾਹਮਣੇ ਨਹੀਂ ਆਈ ਸੀ। ਹੁਣ ਤਕ ਵੀ ਕਿਸੇ ਜਥੇਬੰਦੀ ਨੇ ਇਸ ਹਮਲੇ ਦੀ ਬਾਕਾਇਦਾ ਜ਼ਿੰਮੇਵਾਰੀ ਨਹੀਂ ਲਈ ਹੈ। ਇਹ ਖ਼ੁਫ਼ੀਆ ਏਜੰਸੀਆਂ ਅਤੇ ਮੀਡੀਆ ਦੀ ਆਪਣੀ ਕਾਢ ਹੈ ਜਿਨ੍ਹਾਂ ਨੇ ਕਿਸੇ ਜਾਂਚ ਤੋਂ ਬਗ਼ੈਰ ਹੀ ਇਸ ਲਈ ਹਿਜਬੁੱਲ ਮੁਜਾਹਿਦੀਨ ਅਤੇ ਲਸ਼ਕਰ-ਏ-ਤਾਇਬਾ ਨੂੰ ਸਾਂਝੇ ਤੌਰ ’ਤੇ ਜ਼ਿੰਮੇਵਾਰ ਕਰਾਰ ਦੇ ਦਿੱਤਾ ਹੈ। ਇਹ ਹਿੰਦੁਸਤਾਨੀ ਖ਼ੁਫ਼ੀਆ ਏਜੰਸੀਆਂ ਹਨ ਜੋ ਹਮੇਸ਼ਾ ਯਾਤਰਾ ਸ਼ੁਰੂ ਹੋਣ ਦੇ ਮੌਕੇ ਅਮਰਨਾਥ ਯਾਤਰੀਆਂ ਉੱਪਰ ਦਹਿਸ਼ਤਗਰਦ ਹਮਲਿਆਂ ਦੇ ਖ਼ਦਸ਼ੇ ਜ਼ਾਹਰ ਕਰਦੀਆਂ ਹਨ ਅਤੇ ਇਸ ਅਧਾਰ ’ਤੇ ਸੁਰੱਖਿਆ ਦੇ ਵੱਡੇ-ਵੱਡੇ ਇੰਤਜ਼ਾਮ ਕੀਤੇ ਜਾਂਦੇ ਹਨ। ਇਸ ਵਾਰ ਵੀ ਫ਼ੌਜ, ਬੀ.ਐੱਸ.ਐੱਫ., ਸੀ.ਆਰ.ਪੀ.ਐੱਫ., ਇੰਡੋ ਤਿੱਬਤਨ ਬਾਰਡਰ ਪੁਲਿਸ ਅਤੇ ਜੰਮੂ-ਕਸ਼ਮੀਰ ਪੁਲਿਸ ਦੀ 35000 ਤੋਂ ਉੱਪਰ ਨਫ਼ਰੀ ਲਗਾਕੇ “ਆਹਲਾ ਮਿਆਰੀ ਬਹੁਪਰਤੀ ਸੁਰੱਖਿਆ” ਮੁਹੱਈਆ ਕਰਵਾਈ ਗਈ। ਕਸ਼ਮੀਰ ਵਿਚ ਡੇਢ ਕੁ ਸੌ ਖਾੜਕੂਆਂ ਨਾਲ ਲੜਨ ਲਈ 5 ਲੱਖ ਤੋਂ ਉੱਪਰ ਫ਼ੌਜ-ਨੀਮ ਫ਼ੌਜ ਤਾਇਨਾਤ ਹੈ। ਪੁਲਿਸ, ਖ਼ੁਫ਼ੀਆ ਏਜੰਸੀਆਂ, ਗ਼ੈਰਕਾਨੂੰਨੀ ਚੌਕਸੀ ਗਰੋਹ ਇਸ ਤੋਂ ਵੱਖਰੇ ਹਨ। ਐਨੀ ਸਖ਼ਤ ਸੁਰੱਖਿਆ ਦੇ ਬਾਵਜੂਦ ਹਮਲਾ ਕਿਵੇਂ ਸੰਭਵ ਹੋਇਆ, ਇਸ ਸਵਾਲ ਦਾ ਜਵਾਬ ਕੋਈ ਨਹੀਂ ਦੇ ਰਿਹਾ ਅਤੇ ਦੇਵੇਗਾ ਵੀ ਨਹੀਂ। ਪਹਿਲੀ ਗੱਲ, ਹਮਲਾ ਗੁਜਰਾਤ ਦੇ ਸ਼ਰਧਾਲੂਆਂ ਦੀ ਬੱਸ ਉੱਪਰ ਹੀ ਕਿਉਂ ਹੋਇਆ? ਜਿਸ ਬੱਸ ਉੱਪਰ ਹਮਲਾ ਹੋਇਆ ਉਸਦੀ ਮਾਲਕੀ ਦੇ ਤਬਾਦਲੇ ਦੇ ਕਾਗ਼ਜ਼ਾਤ ਤਸੱਲੀਬਖ਼ਸ਼ ਨਹੀਂ। ਇਹ ਬੱਸ ਯਾਤਰਾ ਦੇ ਇੰਤਜ਼ਾਮਾਂ ਲਈ ਜ਼ਿੰਮੇਵਾਰ ਇੰਤਜ਼ਾਮੀਆ ਬੋਰਡ, ਅਮਰਨਾਥ ਯਾਤਰਾ ਬੋਰਡ, ਕੋਲ ਰਜਿਸਟਰਡ ਨਹੀਂ ਸੀ ਫਿਰ ਇਹ ਬਸ ਯਾਤਰਾ ਪਰਮਿਟ ਅਤੇ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਸਹੀ ਪੇਪਰਾਂ ਤੋਂ ਬਿਨਾ ਹੀ ‘ਬਹੁਤ ਹੀ ਸੰਵੇਦਨਸ਼ੀਲ’ ਇਲਾਕੇ ਵਿਚ ਕਿਵੇਂ ਚੱਲ ਰਹੀ ਸੀ? ਜਿਸ ਇਲਾਕੇ ਵਿਚ ਫ਼ੌਜ ਦੀ ਇਜਾਜ਼ਤ ਤੋਂ ਬਿਨਾ ਕੋਈ ਵਾਹਨ ਸੌ ਮੀਟਰ ਵੀ ਨਹੀਂ ਚੱਲ ਸਕਦਾ ਕਿਉਂਕਿ ਚੱਪੇ-ਚੱਪੇ ’ਤੇ ਸੁਰੱਖਿਆ ਨਾਕੇ ਹਨ ਉੱਥੇ ਯਾਤਰਾ ਦੇ ਮੁੱਖ ਕਾਫ਼ਲੇ ਤੋਂ ਅਲੱਗ ਹੋਕੇ ਇਸ ਬੱਸ ਦਾ ਛੇ ਨਾਕੇ ਪਾਰ ਕਰਨਾ ਅਤੇ ਬਿਨਾ ਸੁਰੱਖਿਆ ਤੋਂ ਅਤੇ ਯਾਤਰਾ ਲਈ ਮਿਥੇ ਸਮੇਂ ਤੋਂ ਬਾਦ ਸਵਾ ਅੱਠ ਵਜੇ ਤਕ ਸਫ਼ਰ ਕਰਨਾ ਕਿਵੇਂ ਸੰਭਵ ਹੋਇਆ? ਬੱਸ ਦੇ ਲੇਟ ਸਫ਼ਰ ਕਰਨ ਦਾ ਕਾਰਨ ਸ਼ੁਰੂ ਵਿਚ ਹੋਰ ਦੱਸਿਆ ਗਿਆ ਸੀ ਪਰ ਬਾਦ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਕਿ ਟਾਇਰ ਪੰਕਚਰ ਹੋਣ ਕਾਰਨ ਬਸ ਲੇਟ ਹੋਈ। ਸ਼ੁਰੂ ਵਿਚ ਜੰਮੂ-ਕਸ਼ਮੀਰ ਪੁਲਿਸ ਨੇ ਇਹ ਬਿਆਨ ਵੀ ਦਿੱਤਾ ਕਿ ਬੱਸ ਉੱਪਰ ਹਮਲਾ ਨਹੀਂ ਹੋਇਆ, ਇਹ ਉਸ ਦੁਵੱਲੀ ਗੋਲੀਬਾਰੀ ਦੀ ਲਪੇਟ ਵਿਚ ਆ ਗਈ ਜਿਥੇ ਪਹਿਲਾਂ ਹੀ ਕਸ਼ਮੀਰੀ ਖਾੜਕੂਆਂ ਅਤੇ ਸਪੈਸ਼ਲ ਓਪਰੇਸ਼ਨ ਗਰੁੱਪ ਦਰਮਿਆਨ ਮੁਕਾਬਲਾ ਚੱਲ ਰਿਹਾ ਸੀ। ਕੀ ਫਿਰ ਇਸ ਜਵਾਬਦੇਹੀ ਤੋਂ ਬਚਣ ਅਤੇ ਸਿਆਸੀ ਲਾਹਾ ਲੈਣ ਲਈ ਦਹਿਸ਼ਤਗਰਦ ਹਮਲੇ ਦੀ ਕਹਾਣੀ ਘੜ ਲਈ ਗਈ? ਕੁਝ ਵੀ ਹੋਵੇ, ਇਹ ਹਮਲਾ ਪੂਰੀ ਤਰ੍ਹਾਂ ਸਵਾਲਾਂ ਦੇ ਘੇਰੇ ਵਿਚ ਹੈ ਅਤੇ ਮੋਦੀ ਦੇ ਰਾਜ ਵਿਚ ਤਾਂ ਇਹ ਸੰਭਵ ਹੀ ਨਹੀਂ ਕਿ ਇਸਦੇ ਅਸਲ ਤੱਥ ਕਦੇ ਸਾਹਮਣੇ ਆ ਸਕਣਗੇ।



ਸਭ ਤੋਂ ਅਹਿਮ ਸਵਾਲ ਇਹ ਹੈ ਕਿ ਭਾਜਪਾ ਦੇ ਰਾਜ ਵਿਚ ਹੀ ਐਸੇ ਘਿਣਾਉਣੇ ਹਮਲੇ ਕਿਉਂ ਹੁੰਦੇ ਹਨ? ਸੰਘ ਬਰਗੇਡ ਦਾ ਆਮ ਕਰਕੇ, ਮੋਦੀ-ਅਮਿਤ ਸ਼ਾਹ ਦਾ ਖ਼ਾਸ ਕਰਕੇ, ਐਸੇ ਕਾਂਡਾਂ ਨਾਲ ਜੁੜੇ ਹੋਣ ਦਾ ਲੰਮਾ ਇਤਿਹਾਸ ਹੈ। ਮਾਰਚ 2000 ਵਿਚ ਚਿੱਠੀਸਿੰਘ ਪੁਰਾ ਕਾਂਡ ਵੀ ਅਮਰੀਕੀ ਰਾਸ਼ਟਰਪਤੀ ਦੀ ਫੇਰੀ ਤੋਂ ਐਨ ਪਹਿਲਾਂ ਭਾਜਪਾ ਦੇ ਰਾਜ ਦੌਰਾਨ ਹੋਇਆ ਸੀ ਜਿਸ ਬਾਰੇ ਬਾਦ ਵਿਚ ਸਾਹਮਣੇ ਆਇਆ ਕਿ ਇਹ ਹਿੰਦੁਸਤਾਨੀ ਫ਼ੌਜ ਦਾ ਕੰਮ ਸੀ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਅਮਰੀਕਨ ਰਾਸ਼ਟਰਪਤੀ ਬਿੱਲ ਕਲਿੰਟਨ ਪ੍ਰਸ਼ਾਸਨ ਨੇ ਉਸ ਕਾਂਡ ਨੂੰ ‘ਹਿੰਦੂ ਖਾੜਕੂਆਂ’ ਦੀ ਕਾਰਵਾਈ ਕਰਾਰ ਦਿੱਤਾ ਸੀ। (ਅਮਰੀਕੀ ਬਦੇਸ਼ ਮੰਤਰੀ ਮੈਡੇਲਿਨ ਅਲਬਰਾਈਟ ਦੀ ਕਿਤਾਬ “The Mighty and the Almighty : Reflections on America, God, and World Affairs ਦੀ ਬਿਲ ਕਲਿੰਟਨ ਵਲੋਂ ਲਿਖੀ ਭੂਮਿਕਾ ਵਿਚ ਇਹ ਤੱਥ ਦਿੱਤਾ ਗਿਆ ਸੀ। ਨਵੇਂ ਐਡੀਸ਼ਨ ਵਿੱਚੋਂ ਇਹ ਹਵਾਲਾ ਹਟਾ ਦਿੱਤਾ ਗਿਆ।) ਅਗਸਤ 2000 ਵਿਚ ਅਮਰਨਾਥ ਯਾਤਰਾ ਉੱਪਰ ਹਮਲਾ ਵੀ ਭਗਵੇਂ ਰਾਜ ਵਿਚ ਹੀ ਹੋਇਆ। ਦਸੰਬਰ 2001 ਵਿਚ ਪਾਰਲੀਮੈਂਟ ਉੱਪਰ ਦਹਿਸ਼ਤਗਰਦ ਹਮਲਾ ਵੀ ਭਾਜਪਾ ਦੇ ਰਾਜ ਵਿਚ ਹੋਇਆ। 2002 ਦਾ ਗੋਧਰਾ ਅੱਗਜ਼ਨੀ ਕਾਂਡ ਵੀ ਮੋਦੀ ਦੇ ਰਾਜ ਵਿਚ ਵਾਪਰਿਆ। ਉਸੇ ਸਾਲ 2002 ਵਿਚ ਗੁਜਰਾਤ ਵਿਚ ਅਕਸ਼ਰਧਾਮ ਮੰਦਰ ਉੱਪਰ ਹਮਲਾ ਵੀ ਮੋਦੀ ਦੇ ਰਾਜ ਵਿਚ ਹੀ ਹੋਇਆ ਸੀ।

ਜ਼ਿਆਦਾਤਰ ਸਿਆਸੀ ਮਾਹਰ 2002 ਦੇ ਕਾਂਡਾਂ ਦੀ ਤਰ੍ਹਾਂ ਅਮਰਨਾਥ ਯਾਤਰੀਆਂ ਉੱਪਰ ਹਾਲੀਆ ਹਮਲੇ ਨੂੰ ਵੀ ਗੁਜਰਾਤ ਚੋਣਾਂ ਨਾਲ ਜੋੜਕੇ ਵੇਖ ਰਹੇ ਹਨ। ਉਨ੍ਹਾਂ ਦੀ ਦਲੀਲ ਵਿਚ ਵਜ਼ਨ ਹੈ। 2002 ਵਿਚ ਅਕਸ਼ਰਧਾਮ ਮੰਦਰ (ਜੋ ਕਿ ਸਵਾਮੀਨਰੈਣ ਸੰਪਰਦਾਇ ਦਾ ਮੰਦਰ ਹੈ) ਉੱਪਰ ਹਮਲੇ ਦਾ ਇਸਤੇਮਾਲ ਮੋਦੀ ਵਲੋਂ ਪਟੇਲ ਭਾਈਚਾਰੇ ਨੂੰ ਸਾਬਕਾ ਮੁੱਖ ਮੰਤਰੀ ਕੇਸ਼ੂਭਾਈ ਪਟੇਲ ਤੋਂ ਅਲੱਗ ਕਰਨ ਲਈ ਬਾਖ਼ੂਬੀ ਕੀਤਾ ਗਿਆ ਸੀ। ਕੇਸ਼ੂਭਾਈ ਦੀ ਮੋਦੀ ਨਾਲ ਅਣਬਣ ਚਲ ਰਹੀ ਸੀ ਅਤੇ ਉਸਦਾ ਸਵਾਮੀਨਰੈਣ ਸੰਪਰਦਾਇ ਦੇ ਪੈਰੋਕਾਰ ਪਟੇਲ ਭਾਈਚਾਰੇ ਵਿਚ ਚੋਖਾ ਸਿਆਸੀ ਰਸੂਖ ਸੀ। ਉਸਦੇ ਹੁੰਦਿਆਂ ਮੋਦੀ ਦਾ ਮੁੱਖ ਮੰਤਰੀ ਬਣ ਸਕਣਾ ਸੰਭਵ ਨਹੀਂ ਸੀ। ਉਸ ਹਮਲੇ ਤੋਂ ਬਾਦ ਮੋਦੀ ਹਿੰਦੂਤਵ ਦੇ ਨਾਂ ’ਤੇ ਪਟੇਲ ਭਾਈਚਾਰੇ ਦੀ ਵੋਟ ਹਾਸਲ ਕਰਨ ਵਿਚ ਕਾਮਯਾਬ ਰਿਹਾ ਸੀ।

ਇਸ ਵਾਰ ਸਿਆਸੀ ਹਾਲਾਤ ਮੋਦੀ ਲਈ ਪਹਿਲਾਂ ਤੋਂ ਵੀ ਜ਼ਿਆਦਾ ਚੁਣੌਤੀਪੂਰਨ ਹਨ। ਨਾ ਕੇਵਲ ਪਟੇਲ ਭਾਈਚਾਰਾ ਮੋਦੀ ਮਾਡਲ ਤੋਂ ਪੂਰੀ ਤਰ੍ਹਾਂ ਬਦਜ਼ਨ ਹੈ ਸਗੋਂ ਗੁਜਰਾਤ ਦੇ ਕਾਰੋਬਾਰੀ/ਵਪਾਰੀ ਲੋਕ ਜੀ.ਐੱਸ.ਟੀ. (ਗੁਡਜ਼ ਐਂਡ ਸਰਵਿਸਿਜ਼ ਟੈਕਸ) ਵਿਰੁੱਧ ਸੜਕਾਂ ਉੱਪਰ ਉੱਤਰੇ ਹੋਏ ਹਨ। ਦਸ ਦਿਨ ਤੋਂ ਵਪਾਰੀਆਂ ਨੇ ਲਗਾਤਾਰ ਦੁਕਾਨਾਂ ਬੰਦ ਰੱਖੀਆਂ ਹਨ ਅਤੇ ਸੂਰਤ ਵਿਚ ਮੋਦੀ ਦੇ ਨਵੇਂ ਟੈਕਸ ਵਿਰੁੱਧ ਰੈਲੀ ਵਿਚ ਡੇਢ ਲੱਖ ਲੋਕਾਂ ਦੇ ਸ਼ਾਮਲ ਹੋਣ ਅਤੇ ਲਗਾਤਾਰ ਕੀਤੇ ਜਾ ਰਹੇ ਵਿਰੋਧ ਨੇ ਸੰਘ ਬਰਗੇਡ ਦੀ ਨੀਂਦ ਉਡਾ ਦਿੱਤੀ ਹੈ। ਉੱਧਰ ਦਲਿਤ ਅਤੇ ਮੁਸਲਮਾਨ ਸੰਘ ਬਰਗੇਡ ਦੇ ਧੌਂਸਬਾਜ਼ ਹਮਲਿਆਂ ਨੂੰ ਜਥੇਬੰਦ ਹੋਕੇ ਬੇਮਿਸਾਲ ਚੁਣੌਤੀ ਦੇ ਰਹੇ ਹਨ। ਇਹ ਮਹਿਜ਼ ਇਤਫ਼ਾਕ ਨਹੀਂ ਕਿ ਅਮਰਨਾਥ ਯਾਤਰਾ ਉੱਪਰ ਹਮਲੇ ਵਿਚ ਮਾਰੇ ਗਏ ਅਤੇ ਜ਼ਖ਼ਮੀ ਜ਼ਿਆਦਾਤਰ ਵਿਅਕਤੀ ਵਲਸਾੜ ਅਤੇ ਸੂਰਤ ਤੋਂ ਹਨ ਜੋ ਪਟੇਲ ਅੰਦੋਲਨ ਦੇ ਮਜ਼ਬੂਤ ਕੇਂਦਰ ਹਨ। ਜੇ ਸੰਘ ਬਰਗੇਡ ਆਪਣੇ ਸੱਤਾ ਉੱਪਰ ਕਾਬਜ ਹੋਣ ਦੇ ਮੁਫ਼ਾਦ ਲਈ ਗੁਜਰਾਤ ਵਿਚ 2000 ਮੁਸਲਮਾਨਾਂ ਨੂੰ ਸ਼ਰੇਆਮ ਸੜਕਾਂ ਉੱਪਰ ਕਤਲ ਕਰਵਾ ਸਕਦਾ ਹੈ ਅਤੇ ਗਊ ਹੱਤਿਆ ਦੇ ਨਾਂ ਕਾਤਲ ਗਰੋਹਾਂ ਨੂੰ ਮੁਸਲਮਾਨਾਂ ਦੀਆਂ ਹੱਤਿਆਵਾਂ ਕਰਨ ਦੀ ਖੁੱਲ੍ਹੀ ਛੁੱਟੀ ਦੇ ਸਕਦਾ ਹੈ ਤਾਂ ਅਮਰਨਾਥ ਯਾਤਰੀਆਂ ਦੀਆਂ ਹੱਤਿਆਵਾਂ ਇਨ੍ਹਾਂ ਲਈ ਕੋਈ ਖ਼ਾਸ ਗੱਲ ਨਹੀਂ। ਇਸ ਮੁੱਦੇ ਨੂੰ ਭੜਕਾਕੇ ਗੁਜਰਾਤ ਵਿਚ ਹਿੰਦੂ ਜਨੂੰਨ ਭੜਕਾਇਆ ਜਾ ਸਕਦਾ ਹੈ ਅਤੇ ਸੰਘ ਬਰਗੇਡ ਵਿਰੁੱਧ ਚੱਲ ਰਹੇ ਅੰਦੋਲਨਾਂ ਨੂੰ ਸੱਟ ਮਾਰੀ ਜਾ ਸਕਦੀ ਹੈ।







HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 350 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com